SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ
# ਦੇਸ਼ ਦੁਆਬਾ
VOL -10 ISSUE - 11
June 23, 2021
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਅਦਾਰਾ 'ਦੇਸ਼ ਦੁਆਬਾ' ਵੱਲੋਂ ਵਿਸ਼ਵ ਭਰ ਵਿਚ ਮਨਾਏ ਜਾ ਰਹੇ ਸ਼ਰਧਾ ਪੂਰਵਕ ਸਤਿਗੁਰੂ ਕਬੀਰ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ।
*(ਪ੍ਰੋ. ਐਚ. ਐਲ. ਕਪੂਰ ਦਾ ਵਿਸ਼ੇਸ਼ ਲੇਖ ਅੰਦਰ ਦੇਖੋ)*

## ਕੈਪਟਨ-ਸਿੱਧੂ ਦੀ ਖਾਨਾਜੰਗੀ ਵਿਚਕਾਰ ਅਮਰਿੰਦਰ ਸਿੰਘ ਨੂੰ ਮਿਲੀ 2022 ਦੀ ਕਪਤਾਨੀ

**ਚੰਡੀਗੜ੍ਹ (ਬਿਊਰੋ)–** ਪੰਜਾਬ ਕਾਂਗਰਸ ਦੇ ਅੰਦਰੂਨੀ ਕਲੇਸ਼ ਨੂੰ ਖਤਮ ਕਰਨ ਲਈ ਮਲਿਕਅਰਜੁਨ ਖੜਗੇ ਦੀ ਅਗਵਾਈ 'ਚ ਬਣੀ ਕਮੇਟੀ ਨਾਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਬੈਠਕ ਹੋਈ। ਬੈਠਕ ਤੋਂ ਬਾਅਦ ਖੜਗੇ ਨੇ ਐਲਾਨ ਕੀਤਾ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ 'ਚ ਲੜੀਆਂ ਜਾਣਗੀਆਂ। ਉੱਥੇ ਸੀਐੱਮ ਅਹੁਦੇ ਦੇ ਉਮੀਦਵਾਰ ਹੋਣਗੇ। ਸਿੱਧੂ ਲੈ ਕੇ ਕੋਈ ਵੀ ਫ਼ੈਸਲਾ ਬਾਅਦ 'ਚ ਹੋਵੇਗਾ। ਦੂਜੇ ਪਾਸੇ ਪੰਜ ਮੰਤਰੀ ਅਤੇ ਸੱਤ ਵਿਧਾਇਕ ਰਾਹੁਲ ਗਾਂਧੀ ਨਾਲ ਮੁਲਾਕਾਤ ਕਰ ਰਹੇ ਹਨ। ਇਹਨਾਂ 'ਚੋਂ ਜ਼ਿਆਦਾਤਰ ਕੈਪਟਨ ਵਿਰੋਧੀ ਮੰਨੇ ਜਾ ਰਹੇ ਹਨ।ਇਸ ਤੋਂ ਪਹਿਲਾਂ ਹਾਈਕਮਾਨ ਦੇ ਸੱਦੇ 'ਤੇ ਦੁਬਾਰਾ ਮੰਗਲਵਾਰ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਇਕ ਦਰਜਨ ਵਿਧਾਇਕ, ਜਿਹਨਾਂ ਵਿਚ ਛੇ ਮੰਤਰੀ ਵੀ ਸ਼ਾਮਲ ਹਨ, ਫਿਰ ਦਿੱਲੀ ਹਾਈਕਮਾਨ ਕੋਲ ਪੇਸ਼ ਹੋਏ। ਅਹਿਮ ਗੱਲ ਇਹ ਹੈ ਕਿ ਮੁੱਖ ਮੰਤਰੀ ਕੈਪਟਨ



ਅਮਰਿੰਦਰ ਸਿੰਘ ਨੂੰ ਤਿੰਨ ਮੈਂਬਰੀ ਖੜਗੇ ਕਮੇਟੀ ਨੇ ਬੁਲਾਇਆ ਹੈ ਜਦਕਿ ਮੰਤਰੀਆਂ ਤੇ ਵਿਧਾਇਕਾਂ ਨੂੰ ਰਾਹੁਲ ਗਾਂਧੀ ਨੇ ਬੁਲਾਇਆ ਹੈ। ਸੂਤਰਾਂ ਮੁਤਾਬਕ ਮੰਗਲਵਾਰ ਨੂੰ ਰਾਹੁਲ ਗਾਂਧੀ ਨਾਲ ਮਾਝੇ ਦੇ ਤਿੰਨ ਮੰਤਰੀਆਂ ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ , ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਮਕਾਨ ਉਸਾਰੀ ਮੰਤਰੀ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਤੋਂ ਇਲਾਵਾ ਟਰਾਂਸਪੋਰਟ ਮੰਤਰੀ ਰਜ਼ੀਆ ਸੁਲਤਾਨਾ ਤੇ ਖ਼ੁਰਾਕ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਬੁਲਾਇਆ ਗਿਆ ਹੈ। ਇਸ ਤੋਂ ਇਲਾਵਾ ਉਹਨਾਂ ਪੰਜ ਵਿਧਾਇਕਾਂ ਨੂੰ ਵੀ ਰਾਹੁਲ ਗਾਂਧੀ ਦੇ ਦਫ਼ਤਰ ਤੋਂ ਫੋਨ ਗਏ ਹਨ, ਜਿਹਨਾਂ ਨੂੰ ਪਿਛਲੇ ਸਮੇਂ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣਾ ਸਲਾਹਕਾਰ ਨਿਯੁਕਤ ਕੀਤਾ ਸੀ। ਇਹਨਾਂ ਵਿਚ ਵਿਧਾਇਕ ਕੁਲਜੀਤ ਸਿੰਘ ਨਾਗਰਾ, ਇੰਦਰਬੀਰ ਸਿੰਘ

**(ਬਾਕੀ ਸਫਾ 3 'ਤੇ)**



ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ (ਕੈਲੇਫੋਰਨੀਆ) ਵੱਲੋਂ ਮਨਾਏ ਜਾ ਰਹੇ ਗੁਰੂ ਘਰ ਦ 36ਵੇਂ ਸਥਾਪਨਾ ਦਿਵਸ ਦੀਆਂ ਅਦਾਰਾ 'ਦੇਸ਼ ਦੁਆਬਾ' ਵੱਲੋਂ ਲੱਖ-ਲੱਖ ਵਧਾਈਆਂ। ਹੋਰ ਜਾਣਕਾਰੀ ਲਈ ਖਬਰ ਅਤੇ ਇਸ਼ਤਿਹਾਰ ਅੰਦਰ ਦੇਖੋ।

## ਪਿੰਡ ਭਰੋ ਮਜਾਰਾ ਦੇ 36 ਡਾਕਟਰਾਂ ਨੇ ਸਿਰਜਿਆ ਸੁਨਹਿਰੀ ਇਤਿਹਾਸ

(ਰਿਪੋਰਟ ਦੇਖੋ ਸਫਾ 15,16,17 'ਤੇ)








MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
MANDEEP SANDHU
ਵੀਜ਼ਾ
3222 PENELOPE DR. STOCKTON, CA- 95212
(NEAR HWY 99 ON MORADA LANE)
Note: I am not an Immigration Attorney.
(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

GINNY WALIA Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

THINKING ABOUT BUYING, SELLING, OR INVESTING IN REAL ESTATE? CALL ME!
JOHN SINGH BANGA
916-271-5404
banga.realtor@gmail.com
www.banga.bhhser.com
BERKSHIRE HATHAWAY
TRUST of a professional
CALBRE #01397975
When it comes to Buying, Selling or Investing in real estate, it's important to Trust in a Real Estate Agent who cares about your neighborhood as as much as you do. When you are ready to buy or sell, give me a call.

Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ (ਕੈਲੇਫੋਰਨੀਆ) ਦਾ 36ਵਾਂ ਸਥਾਪਨਾ ਦਿਵਸ 27 ਨੂੰ ਮਨਾਇਆ ਜਾਵੇਗਾ



ਸੰਤ ਅਨੂਪ ਸਿੰਘ ਜੀ 'ਊਨਾ ਵਾਲੇ'




ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ (ਕੈਲੇਫੋਰਨੀਆ)

**ਪਿਟਸਬਰਗ (ਬਿਊਰੋ)-** ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਦਾ 36ਵਾਂ ਸਥਾਪਨਾ ਦਿਵਸ 27 ਜੂਨ 2021 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਮਨਾਇਆ ਜਾ ਰਿਹਾ ਹੈ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ 25 ਜੂਨ 2021 ਨੂੰ ਸਵੇਰੇ 10 ਵਜੇ ਆਰੰਭ ਹੋਣਗੇ, ਜਿਹਨਾਂ ਦੇ ਭੋਗ 27 ਜੂਨ 2021 ਨੂੰ ਪਾਏ ਜਾਣਗੇ।

ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰਾਂ ਦੀ ਸੇਵਾ ਸਮੂਹ ਗੁਰੂ ਪਿਆਰੀ ਸਾਧ ਸੰਗਤ ਅਤੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਕੀਤੀ ਜਾਵੇਗੀ। ਇਸ ਮੌਕੇ ਸੰਤ ਅਨੂਪ ਸਿੰਘ ਜੀ 'ਊਨਾ ਵਾਲੇ' ਗੁਰਬਾਣੀ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਘਰ ਦਾ ਰਾਗੀ ਜਥਾ ਗਿਆਨੀ ਓਮਪਾਲ ਸਿੰਘ ਜੀ ਅਤੇ ਗਿਆਨੀ ਗੁਰਨਾਮ ਸਿੰਘ ਜੀ ਇਸ ਮੌਕੇ ਸੰਗਤਾਂ ਨੂੰ ਰਬਾਣੀ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਨਿਸ਼ਾਨ ਸਾਹਿਬ ਦੀ ਸੇਵਾ 26 ਜੂਨ 2021 ਨੂੰ ਭਾਈ ਧਨਵੰਤ ਸਿੰਘ ਮੱਲੀ ਅਤੇ ਸਮੂਹ ਮੱਲੀ ਪਰਿਵਾਰ ਵੱਲੋਂ ਕੀਤੀ ਜਾਵੇਗੀ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤਾਂ ਨੂੰ ਇਸ ਮੌਕੇ ਕੋਵਿਡ 19 ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਗੁਰੂ ਘਰ ਵਿਖੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।

# 4 ਜੁਲਾਈ ਤੱਕ 70% ਅਮਰੀਕਨਾਂ ਦੇ ਟੀਕਾਕਰਣ ਸੰਭਵ ਨਹੀਂ- ਬਾਇਡਨ ਪ੍ਰਸ਼ਾਸਨ ਨੇ ਮੰਨਿਆ

**ਸੈਕਰਾਮੈਂਟੋ 23 ਜੂਨ (ਹੁਸਨ ਲੜੋਆ ਬੰਗਾ)-** ਬਾਇਡਨ ਪ੍ਰਸ਼ਾਸਨ ਨੇ ਸਵਿਕਾਰ ਕੀਤਾ ਹੈ ਕਿ ਰਾਸ਼ਟਰਪਤੀ ਜੋ ਬਾਇਡਨ ਵੱਲੋਂ 4 ਜੁਲਾਈ ਤੱਕ 70% ਬਾਲਗ ਆਬਾਦੀ ਨੂੰ ਕੋਵਿਡ-19 ਵੈਕਸੀਨ ਦਾ ਘੱਟੋ ਘੱਟ ਇਕ ਟੀਕਾ ਲਾਉਣ ਦਾ ਨਿਰਧਾਰਤ ਟੀਚਾ ਪ੍ਰਾਪਤ ਕਰਨਾ ਸੰਭਵ ਨਹੀਂ ਹੈ। ਵਾਈਟ ਹਾਊਸ ਦੇ ਕੋਰੋਨਾਵਾਇਰਸ ਰੈਸਪਾਂਸ ਕੋਆਰਡੀਨੇਟਰ ਜੈਫ ਜੀਨਟਸ ਨੇ ਇਹ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ 16 ਰਾਜ ਤੇ ਡਿਸਟ੍ਰਿਕਟ ਆਫ ਕੋਲੰਬੀਆ ਪਹਿਲਾਂ ਹੀ 70% ਬਾਲਗ ਆਬਾਦੀ ਦੇ ਟੀਕਾਕਰਣ ਕਰਨ ਦਾ ਟੀਚਾ ਪ੍ਰਾਪਤ ਕਰ ਚੁੱਕੇ ਹਨ ਪਰੰਤੂ ਕੁਝ ਰਾਜਾਂ ਵਿਚ 50% ਤੋਂ ਘੱਟ ਬਾਲਗ ਅਮਰੀਕਨਾਂ ਦੇ ਟੀਕਾਕਰਣ ਹੋਇਆ ਹੈ। ਵਾਈਟ ਹਾਊਸ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨਾਂ ਕਿਹਾ ਕਿ 30 ਸਾਲ ਤੋਂ ਉਪਰ 70% ਬਾਲਗ ਆਬਾਦੀ ਦੇ ਘੱਟੋ ਘੱਟ ਇਕ ਟੀਕਾ ਲੱਗ ਚੁੱਕਾ ਹੈ ਤੇ 27 ਸਾਲ ਤੋਂ ਉਪਰ 70% ਆਬਾਦੀ ਦੇ 4 ਜੁਲਾਈ ਤੱਕ ਕੋਵਿਡ ਵੈਕਸੀਨ ਲਗਾਉਣ ਦਾ ਟੀਚਾ ਪ੍ਰਾਪਤ ਕਰ ਲਿਆ ਜਾਵੇਗਾ। ਉਨਾਂ ਕਿਹਾ ਕਿ ਸਮੁੱਚੀ 70% ਬਾਲਗ ਆਬਾਦੀ ਦੇ ਟੀਕਾਕਰਣ ਲਈ ਕੁਝ ਹਫਤੇ ਹੋਰ ਲੱਗਣਗੇ। ਇਸ ਦੇ ਨਾਲ ਹੀ ਉਨਾਂ ਕਿਹਾ ਕਿ ਹੁਣ ਤੱਕ ਜਿਸ ਰਫਤਾਰ ਨਾਲ ਟੀਕਾਕਰਣ ਹੋਇਆ ਹੈ, ਉਹ ਹੈਰਾਨ ਕਰਨ ਵਾਲੀ ਪ੍ਰਾਪਤੀ ਹੈ।

# ਕੈਪਟਨ-ਸਿੱਧੂ ਦੀ ਖਾਨਾਜੰਗੀ ਵਿਚਕਾਰ ਅਮਰਿੰਦਰ ਸਿੰਘ ਨੂੰ ਮਿਲੀ 2022 ਦੀ ਕਪਤਾਨੀ

(ਸਫਾ 1 ਦੀ ਬਾਕੀ)

ਬੁਲਾਰੀਆ, ਅਮਰਿੰਦਰ ਸਿੰਘ ਰਾਜਾ ਵੜਿੰਗ, ਸੰਗਤ ਸਿੰਘ ਗਿਲਜੀਆਂ, ਕੁਸ਼ਲਦੀਪ ਢਿੱਲੋਂ ਤੇ ਪਰਗਟ ਸਿੰਘ ਸ਼ਾਮਲ ਹਨ। ਵੱਡੀ ਗੱਲ ਇਹ ਹੈ ਕਿ ਮਾਝੇ ਦੇ ਤਿੰਨੋਂ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਸੁਖਜਿੰਦਰ ਸਿੰਘ ਰੰਧਾਵਾ ਤੇ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਤੇ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਕੈਪਟਨ ਅਮਰਿੰਦਰ ਸਿੰਘ ਦੇ ਕਰੀਬੀ ਮੰਨੇ ਜਾਂਦੇ ਰਹੇ ਹਨ ਪਰ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਹਾਈ ਕੋਰਟ ਵੱਲੋਂ ਰੱਦ ਕੀਤੇ ਜਾਣ ਤੋਂ ਬਾਅਦ ਪਾਰਟੀ ਵਿਚ ਬਗ਼ਾਵਤੀ ਸੁਰਾਂ ਉੱਠੀਆਂ ਹਨ। ਮਾਝੇ ਦੇ ਇਹਨਾਂ ਵਿਧਾਇਕਾਂ ਨੇ ਹੀ ਪੰਜਾਬ ਸਰਕਾਰ ਖ਼ਿਲਾਫ਼ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਦੀ ਅਗਵਾਈ ਹੇਠ ਲਗਾਏ ਗਏ ਬਰਗਾੜੀ ਮੋਰਚੇ ਨੂੰ ਉਠਾਉਣ ਵਿਚ ਅਹਿਮ ਭੂਮਿਕਾ ਨਿਭਾਈ ਸੀ। ਹੁਣ ਮੁਤਵਾਜ਼ੀ ਜਥੇਦਾਰ ਤੇ ਪੰਥਕ ਧਿਰਾਂ ਮਾਝੇ ਦੇ ਇਹਨਾਂ ਕਾਂਗਰਸੀ ਆਗੂਆਂ 'ਤੇ ਦਬਾਅ ਬਣਾ ਰਹੇ ਹਨ, ਜਿਸ ਕਰ ਕੇ ਪੰਥਕ ਖ਼ਾਸ ਕਰਕੇ ਸਿੱਖ ਵੋਟ ਖੁਰਦੀ ਦੇਖ ਕੇ ਇਹਨਾਂ ਆਗੂਆਂ ਨੇ ਕੈਪਟਨ ਅਮਰਿੰਦਰ ਸਿੰਘ ਦੇ ਖ਼ਿਲਾਫ਼ ਝੰਡਾ ਚੁੱਕਿਆ ਹੈ। ਪਾਰਟੀ ਵਿਚ ਚੱਲ ਰਹੀ ਉਥਲ-ਪੁਥਲ ਅਜੇ ਖ਼ਤਮ ਨਹੀਂ ਹੋਈ ਸੀ ਕਿ ਪਿਛਲੇ ਦਿਨੀਂ ਪੰਜਾਬ ਵਜ਼ਾਰਤ ਵੱਲੋਂ ਕਾਂਗਰਸ ਦੇ ਦੋ ਵਿਧਾਇਕਾਂ ਦੇ ਪੁੱਤਰਾਂ ਨੂੰ ਨੌਕਰੀ ਦੇਣ ਤੋਂ ਬਾਅਦ ਮਾਮਲਾ ਹੋਰ ਭਖ ਗਿਆ ਹੈ।

ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਸਮੇਤ ਕਈ ਵਿਧਾਇਕਾਂ ਨੇ ਖੁੱਲ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਆਲੋਚਨਾ ਕਰਦਿਆਂ ਇਹ ਫ਼ੈਸਲਾ ਵਾਪਸ ਲੈਣ ਦੀ ਮੰਗ ਕੀਤੀ ਹੈ। ਸੂਤਰ ਦੱਸਦੇ ਹਨ ਕਿ ਰਾਹੁਲ ਗਾਂਧੀ ਨੇ ਇਹਨਾਂ ਆਗੂਆਂ ਨਾਲ ਪਾਰਟੀ ਦੇ ਜਥੇਬੰਦਕ ਢਾਂਚੇ ਅਤੇ ਸਰਕਾਰ ਵਿਚ ਫੇਰਬਦਲ ਦੀਆਂ ਸੰਭਾਵਨਾਵਾਂ ਨੂੰ ਲੈ ਕੇ ਗੱਲਬਾਤ ਕਰਨੀ ਹੈ। ਦੂਜੇ ਪਾਸੇ ਕੈਪਟਨ ਅਮਰਿੰਦਰ ਸਿੰਘ ਮਲਿਕਾਰਜੁਨ ਖੜਗੇ ਕਮੇਟੀ ਸਾਹਮਣੇ ਪੇਸ਼ ਹੋ ਕੇ ਪੰਜਾਬ ਕਾਂਗਰਸ ਵਿਚ ਚੱਲ ਰਹੀ ਉਥਲ ਪੁਥਲ ਨੂੰ ਲੈ ਕੇ ਆਪਣਾ ਪੱਖ ਰੱਖਣਗੇ। ਇਹ ਵੀ ਦੱਸਿਆ ਜਾਂਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਰਾਹੁਲ ਗਾਂਧੀ ਨਾਲ ਵੀ ਮੁਲਾਕਾਤ ਕਰ ਸਕਦੇ ਹਨ।ਅੰਮ੍ਰਿਤਸਰ ਤੋਂ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ, ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਵਿਧਾਇਕ ਰਾਜ ਕੁਮਾਰ ਵੇਰਕਾ ਨੇ ਵੀ ਸੋਮਵਾਰ ਨੂੰ ਰਾਹੁਲ ਗਾਂਧੀ ਨਾਲ ਮੀਟਿੰਗ ਕੀਤੀ ਹੈ। ਮੀਟਿੰਗ ਵਿਚ ਹੋਈ ਗੱਲਬਾਤ ਦੇ ਵੇਰਵੇ ਅਜੇ ਤਕ ਨਸ਼ਰ ਨਹੀਂ ਹੋਏ ਹਨ।


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਗ਼ਦਰ ਹਾਲ ਸਨਫਰਾਸਿਕੋ ਦੀ ਨਵ ਉਸਾਰੀ ਲਈ ਵਫ਼ਦ ਭਾਰਤੀ ਕੌਂਸਲਰ ਜਰਨਲ ਸਨਫਰਾਸਿਸਕੋ ਨੂੰ ਮਿਲਿਆ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**
**ਸਨਫਰਾਸਿਸਕੋ (ਕੈਲੀਫੋਰਨੀਆਂ) 18 ਜਨ 2021–** ਸ਼ਹੀਦ ਊਧਮ ਸਿੰਘ ਫਾਊਡੇਸਨ ਨੌਕਥ ਅਮਰੀਕਾ ਦਾ ਇਕ ਵਫ਼ਦ ਜਿਸ ਵਿੱਚ ਪ੍ਰਧਾਨ ਗੁਲਿੰਦਰ ਗਿੱਲ , ਸੈਕਟਰੀ ਜਨਕ ਦਾ ਸਿੱਧਰਾ, ਬਲਵਿੰਦਰ ਡੁਲਕੂ , ਜਸਮੀਤ ਸਿੰਘ ਹੁੰਦਲ਼ , ਸੁਮੀਤ ਸਿੰਘ ਤੇ ਸਲਾਹਕਾਰ ਚਰਨ ਸਿੰਘ ਜੱਜ, ਜੂਨ 16 2021 ਨੂੰ ਗ਼ਦਰ ਹਾਲ 5 ਵਿੱਚ ਭਾਰਤੀ ਦੂਤਾਵਾਸ ਦੇ ਮੁਖੀ ਡਾਕਟਰ ਨਗਿਦਰਾ ਪ੍ਰਸਾਦ ਤੇ ਡਿਪਟੀ ਰਾਜੇਸ ਨਾਇਕ ਨੂੰ ਮਿਲੇ। ਜਿਸ ਵਿੱਚ ਗ਼ਦਰ ਹਾਲ ਦੀ ਮੁੜ ਉਸਾਰੀ ਦੇ ਵਿੱਚ ਆ ਰਹੀ ਦੇਰੀ ਵਾਰੇ ਖੁੱਲ ਕਿ ਵਿਚਾਰ ਕੀਤੇ ਗਏ। ਪ੍ਰਧਾਨ ਗੁਲਿੰਦਰ ਗਿੱਲ ਨੇ ਗ਼ਦਰ ਹਾਲ ਦੀ ਨਵੀਂ ਉਸਾਰੀ ਲਈ ਫੰਡ ਜੋ ਕਿ ਸੀਤਾਰਾਮ ਜ਼ੇਚਰੀ ਦੇ ਜਤਨਾਂ ਸਦਕਾ ਉਸ ਸਮੇਂ ਦੇ ਪ੍ਰਾਈਮ ਮਨਿਸਟਰ ਡਾਕਟਰ ਮਨਮੋਹਨ ਸਿੰਘ ਨੇ ਕੋਚੀ ਵਿੱਚ ਪਰਵਾਸੀ ਭਾਰਤੀ ਦਿਵਸ ਤੇ 8 ਜਨਵਰੀ 2013. $4,000,000 ਗ਼ਦਰ ਹਾਲ ਸਨਫਰਾਸਿਸਕੋ ਦੀ ਨਵੀਂ ਉਸਾਰੀ ਲਈ ਭਾਰਤ ਸਰਕਾਰ ਵੱਲੋਂ ਮਨਜੂਰ ਕਰ ਦਿੱਤੇ। ਜੋ ਕਿ ਪਿਛਲੇ ਅੱਠ ਸਾਲ ਤੋਂ ਭਾਰਤ ਸਰਕਾਰ ਕੋਲ ਪਏ ਹਨ। ਇਸ ਸਮੇਂ ਚ ਤਿੰਨ ਭਾਰਤੀ ਦੂਤਾਵਾਸ ਦੇ ਮੁਖੀ ਆਏ ਤੇ ਹਰ ਇਕ ਨੇ ਹਾਲ ਨੂੰ ਜਲਦੀ ਮੁੜ ਉਸਾਰਨ ਦਾ ਪਰਣ ਕੀਤਾ। ਪਰ ਕਿਸੇ ਨਾਂ ਕਿਸੇ ਕਾਰਨ ਕੰਮ ਸੂਰੂ ਨਹੀਂ ਹੋ ਸੱਕਿਆ। ਇਸ ਗੱਲ ਤੇ ਚਰਨ ਸਿੰਘ ਜੱਜ ਨੇ ਬਹੁਤ ਦੁੱਖ ਦਾ ਪ੍ਰਗਟਾਵਾ ਕੀਤਾ।




ਜੱਜ ਸਹਿਬ ਨੇ ਇਹ ਵੀ ਦੱਸਿਆ ਕਿ ਉਹ ਤਿੰਨ ਵਾਰ ਇਸ ਮਸਲੇ ਚ ਭਾਰਤ ਵੀ ਜਾ ਕੇ ਵਿਦੇਸ਼ ਮੰਤਰਾਲੇ ਦੇ ਉਚ ਅਧਿ–ਕਾਰੀਆਂ ਨੂੰ ਮਿਲੇ ਹਨ। ਜਿਨਾ ਚ ਵਿਦੇਸ਼ ਮੰਤਰਾਲੇ ਦੇ ਸੈਕ–ਟਰੀ ਮਹੇਸਵਰੀ ਤੇ ਜਿਆਇਟ ਸੈਕਟਰੀ ਬਾਨੀ ਰਾਓ ਨੂੰ ਦਿੱਲੀ ਮਿਲੇ ਹਰ ਇਕ ਨੇ ਜਲਦ ਪੈਸੇ ਭੇਜ ਕਿ ਕੰਮ ਸੂਰੂ ਕਰਨ ਦਾ ਭਿਰੋਸਾ ਦਿੱਤਾ। ਪਰ ਕੰਮ ਜਿਓ ਦਾ ਤਿੱਓ ਹੀ ਰਿਹਾ। ਪਰ ਇਸ ਸਮੇਂ ਮੁੱਖ ਦੂਤਾਵਾਸ ਡਾਕਟਰ ਰਜਿਦਰਾ ਪ੍ਰਸਾਦ ਨੇ ਇਸ ਮੁੜ ਉਸਾਰੀ ਨੂੰ 2022 ਦੇ ਪਹਿਲੇ ਮਹੀਨੇ ਚ ਸੂਰੂ ਕਰਨ ਦਾ ਭਰੋਸਾ ਦਿੱਤਾ। ਜਿਹੜਾ ਕੰਮ ਦੋ ਸਾਲ ਤੋਂ ਆਰੇਟੀਟਿਕ ਨੇ ਕੀਤਾ ਜਾਂ ਕਰ ਰਹੇ ਨੇ ਉਸ ਵਾਰੇ ਖੁੱਲ ਕਿ ਦੱਸਿਆ ਤੇ ਕੰਮ ਨੂੰ ਤੇਜ ਰਫ਼ਤਾਰ ਨਾਲ ਕਰਨ ਲਈ ਕਮੇਟੀ ਦੀ ਭਾਗੇਦਾਰੀ ਦੀ ਸਲਾਹ ਦਿੱਤੀ। ਇਸ ਦੋ ਘੰਟੇ ਚੱਲੀ ਮੀਟਿੰਗ ਚ ਜਨਕ ਰਾਜ ਸਿੱਧਰਾ ਨੇ ਫਾਊਡੇਸਨ ਦੇ 1999 ਤੋਂ ਗਦਰੀ ਬਾਬਿਆਂ ਦੀ ਯਾਦ ਵਿੱਚ ਕੀਤੇ ਕੰਮ ਤੇ ਗਦਰੀ ਬਾਬਿਆਂ ਦੀਆ ਕੈਲੇਫੋਰਨੀਆ ਚ ਲੱਭਈਆਂ ਯਾਦਾਂ ਜਿਨਾ ਚ ਕਬਰਾਂ, ਗਦਰੀ ਬਾਬਿਆਂ ਦਾ ਹੋਲਟ ਫ਼ਾਰਮ ਤੇ ਪੋਸਟ ਆਫ਼ਸਿ ਚ ਪਏ ਮਨੀਆਰਡਰਾਂ ਦੇ ਰਜਿਸਟਰ ਲੱਭਣ ਤੱਕ ਦੇ ਕੰਮ ਤੇ ਵਿਸਥਾਰ ਨਾਲ ਚਾਨਣਾ ਪਾਇਆ।

ਜਿਸ ਨੂੰ ਨਾਲ ਡਾਕਟਰ ਨਗਿਦਰਾ ਪ੍ਰਸਾਦ ਤੇ ਡਿਪਟੀ ਰਜੇਸ ਨਾਇਕ ਸਹਿਬ ਨੇ ਬਹੁਤ ਧਿਆਨ ਨਾਲ ਸੁਣਿਆ ਤੇ ਗਦਰੀਆਂ ਦੇ ਪਾਏ ਅਜ਼ਾਦੀ ਦੇ ਯੋਗਦਾਨ ਦੀ ਬਹੁਤ ਸਲਾਂਗਾ ਵੀ ਕੀਤੀ।

# ਪੰਜਾਬ ਦੀ ਧੀ ਸਬਰੀਨਾ ਸਿੰਘ ਦੀ ਅਮਰੀਕੀ ਫੌਜ਼ ਵਿੱਚ ਬਤੌਰ ਕੈਮੀਕਲ ਅਫਸਰ ਨਿਯੁਕਤੀ







**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**
**ਸਨਫਰਾਸਿਸਕੋ (ਕੈਲੀਫੋਰਨੀਆਂ)** ਕੈਲੀਫੋਰਨੀਆਂ ਦੀ ਐਪਲਵੈਲੀ ਤੋਂ ਪੰਜਾਬ ਦੀ ਧੀ ਸਬਰੀਨਾ ਸਿੰਘ ਦੀ ਅਮਰੀਕੀ ਫੌਜ਼ ਵਿੱਚ ਬਤੌਰ ਕੈਮੀਕਲ ਅਫਸਰ (2) ਨਿਯੁਕਤੀ ਹੋਈ ਹੈ। ਸਬਰੀਨਾ ਹੋਣਹਾਰ ਅਤੇ ਅਗਾਂਹਵਧੂ ਖਿਆਲਾਂ ਦੀ ਮਾਲਕ ਹੈ। ਜਿਸ ਦੀ ਅਮਰੀਕੀ ਫੌਜ਼ ਵਿੱਚ ਨਿਯੁਕਤੀ 'ਤੇ ਉਸਦੇ ਪਿਤਾ ਸ. ਕੇਵਲ ਸਿੰਘ ਗਿੱਲ ਅਤੇ ਮਾਤਾ ਲੌਰਡਸ ਸਿੰਘ ਮਾਣ ਮਹਿਸੂਸ ਕਰਦੇ ਹਨ।

ਜਿਸ ਦੀਆਂ ਪਰਿਵਾਰ ਨੂੰ ਦੋਸ਼ਤਾ, ਰਿਸ਼ਤੇਦਾਰਾ ਅਤੇ ਭਾਈਚਾਰੇ ਦੁਆਰਾ ਵਧਾਈਆਂ ਮਿਲ ਰਹੀਆਂ ਹਨ। ਸ. ਕੇਵਲ ਸਿੰਘ ਗਿੱਲ ਪੰਜਾਬ ਤੋਂ ਪਿੰਡ ਦੇਸਲਪੁਰ, ਜ਼ਿਲ੍ਹਾ ਜਲੰਧਰ ਨਾਲ ਸੰਬੰਧ ਰੱਖਦੇ ਹਨ।

ਵਿਦੇਸ਼ਾਂ ਵਿੱਚ ਆ ਕੇ ਜਿੱਥੇ ਪੰਜਾਬੀ ਭਾਈਚਾਰੇ ਨੇ ਵੱਖ–ਵੱਖ ਵਪਾਰਕ ਅਤੇ ਹੋਰ ਖੇਤਰਾਂ ਵਿੱਚ ਮੱਲਾ ਮਾਰੀਆਂ, ਉੱਥੇ ਬੱਚਿਆ ਨੇ ਉੱਚ ਵਿੱਦਿਆ ਪ੍ਰਾਪਤ ਕਰਕੇ ਸਰਕਾਰੀ ਅਤੇ ਗੈਰ–ਸਰਕਾਰੀ ਅਦਾਰਿਆਂ ਵਿੱਚ ਚੰਗੀਆਂ ਨੌਕਰੀਆਂ ਕਰ ਨਾਂਮ ਰੌਸ਼ਨ ਕੀਤੇ।

ਜਿਸ ਦੀ ਮਿਸਾਲ ਸਬਰੀਨਾ ਸਿੰਘ ਅਤੇ ਸਾਡੇ ਹੋਰ ਸਾਰੇ ਬੱਚੇ ਹਨ, ਜੋ ਵਿਦੇਸ਼ਾਂ ਵਿੱਚ ਆਪਣੇ ਮਾਂ–ਬਾਪ ਤੋਂ ਇਲਾਵਾ ਪੰਜਾਬ ਅਤੇ ਪੰਜਾਬੀਅਤ ਦਾ ਮਾਣ ਵਧਾ ਰਹੇ ਹਨ।







# ਭਾਰਤੀ ਮੂਲ ਦੀ ਅਮਰੀਕੀ ਕੈਮਿਸਟ ਸੁਮਿਤਾ ਮਿਤਰਾ ਦਾ 'ਯੂਰਪੀਅਨ ਇਨਵੈਨਟਰ ਐਵਾਰਡ ਨਾਲ ਸਨਮਾਨ

**ਸੈਕਰਾਮੈਂਟੋ 20 ਜੂਨ (ਹੁਸਨ ਲੜੋਆ ਬੰਗਾ)–** ਨੈਨੋ ਤਕਨੀਕ ਦੀ ਵਰਤੋਂ ਰਾਹੀਂ ਦੰਦਾਂ ਦੀ ਸਮੱਗਰੀ ਨੂੰ ਹੋਰ ਮਜਬੂਤ ਤੇ ਸੁਖਾਵੀਂ ਬਣਾਉਣ ਲਈ ਭਾਰਤੀ ਮੂਲ ਦੀ ਅਮਰੀਕੀ ਕੈਮਿਸਟ ਸੁਮਿਤਾ ਮਿਤਰਾ ਨੂੰ 'ਯੂਰਪੀਅਨ ਪੇਟੈਂਟ ਦਫਤਰ' ਵੱਲੋਂ 'ਯੂਰਪੀਅਨ ਇਨਵੈਨਟਰ ਐਵਾਰਡ-2021' ਨਾਲ ਨਿਵਾਜਿਆ ਗਿਆ ਹੈ। ਮਿਤਰਾ ਜਿਨਾਂ ਦਾ ਨਾਂ ਪਿਛਲੇ ਮਹੀਨੇ ਅੰਤਿਮ ਸੂਚੀ ਵਿਚ ਵਿਚ ਸ਼ਾਮਿਲ ਕੀਤਾ ਗਿਆ ਸੀ, ਨੇ ਸਫਲਤਾ ਪੂਰਵਕ ਨੈਨੋ ਤਕਨੀਕ ਰਾਹੀਂ ਦੰਦਾਂ ਦੀ ਸਮੱਗਰੀ ਨੂੰ ਬੇਹਤਰ ਬਣਾਇਆ ਜਿਸ ਦੀ ਅੱਜ ਵਿਸ਼ਵ ਭਰ ਵਿਚ ਦੰਦਾਂ ਦੇ ਡਾਕਟਰ ਵਰਤੋਂ ਕਰ ਰਹੇ ਹਨ। ਯੁਰਪੀਅਨ ਪੇਟੈਂਟ ਦਫਤਰ ਦੇ ਪ੍ਰਧਾਨ ਐਨ-ਟੋਨੀਓ ਕੈਮਪਿਨੋਸ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ "ਸੁਮਿਤਾ ਮਿਤਰਾ ਨੇ ਆਪਣੇ ਖੇਤਰ ਵਿਚ ਨਵਾਂ ਰਾਹ ਚੁਣਿਆ ਤੇ ਸਾਬਤ ਕੀਤਾ ਕਿ ਕਿਸ ਤਰਾਂ ਪੇਟੈਂਟ ਦੁਆਰਾ ਸੁਰੱਖਿਅਤ ਤਕਨੀਕ ਰਾਹੀਂ ਇਕ ਅਜਿਹਾ ਖੇਤਰ ਵਿਕਸਤ ਕੀਤਾ ਜਾ ਸਕਦਾ ਹੈ ਜਿਸ ਨਾਲ ਲੱਖਾਂ ਕਰੋੜਾਂ ਦੰਦਾਂ ਦੇ ਰੋਗੀਆਂ ਨੂੰ ਫਾਇਦਾ ਪੁੱਜਾ ਸਕਦਾ ਹੈ। ਉਨਾਂ ਦੀ ਖੋਜ਼ ਜਾਰੀ ਹੋਣ ਦੇ ਤਕਰੀਨਬਨ 20 ਸਾਲ ਬਾਅਦ ਵੀ ਸਫਲ ਹੈ। ਇਸ ਕਾਰਨ ਹੀ ਉਹ ਵਿਗਿਆਨੀਆਂ ਦੀ ਅਗਲੀ ਪੀੜੀ ਲਈ ਪ੍ਰੇਰਨਾ ਸਰੋਤ ਹੈ।" ਜਾਰੀ ਬਿਆਨ ਅਨੁਸਾਰ 1990 ਵਿਆਂ ਦੇ ਆਖਿਰ ਵਿਚ ਯੂ ਐਸ ਮਲਟੀਨੈਸ਼ਨਲ 3 ਐਮ ਦੀ ਓਰਲ ਕੇਅਰ ਡਵੀਜ਼ਨ ਵਿਚ ਕੰਮ ਕਰਦਿਆਂ ਮਿਤਰਾ ਸਮਝ ਗਈ ਸੀ ਕਿ ਦੰਦਾਂ ਦੀਆਂ ਖੋੜਾਂ ਭਰਨ ਲਈ ਵਰਤੀ ਜਾਂਦੀ ਸਮੱਗਰੀ ਦੀਆਂ ਆਪਣੀਆਂ ਹੱਦਾਂ ਹਨ। ਇਹ ਕਮਜੋਰ ਹੈ ।




ਇਸ ਲਈ ਮਿਤਰਾ ਨੇ ਨੈਨੋਤਕਨੀਕ ਦੀ ਵਰਤੋਂ ਨਾਲ ਦੰਦਾਂ ਦੀ ਮਜਬੂਤੀ ਲਈ ਕੁਝ ਨਵਾਂ ਕਰਨ ਦੀ ਠਾਣੀ ਜਿਸ ਵਿਚ ਉਹ ਸਫਲ ਰਹੀ।

# ਕੈਲੀਫੋਰਨੀਆ ਦੇ ਗਵਰਨਰ ਗੇਵਿਨ ਨਿਊਸਮ ਉੱਪਰ ਬੇਘਰੇ ਵਿਅਕਤੀ ਨੇ ਸੁੱਟੀ ਪਾਣੀ ਦੀ ਬੋਤਲ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ), 19 ਜਨ 2021–** ਕੈਲੀਫੋਰ-ਨੀਆ ਦੇ ਗਵਰਨਰ ਗੈਵਿਨ ਨਿਊਸਮ ਨੂੰ ਆਪਣੇ ਓਕਲੈਂਡ ਦੌਰੇ ਦੌਰਾਨ ਇੱਕ ਬੇਘਰ ਵਿਅਕਤੀ ਦੇ ਰੋਸ ਦਾ ਸਾਹਮਣਾ ਕਰਨਾ ਪਿਆ ਹੈ। ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ੁੱਕਰਵਾਰ ਨੂੰ ਓਕਲੈਂਡ ਵਿੱਚ ਛੋਟੇ ਕਾਰੋਬਾਰਾਂ ਦੇ ਦੌਰੇ ਦੌਰਾਨ ਇੱਕ ਹਮਲਾਵਰ ਬੇਘਰੇ ਵਿਅਕਤੀ ਨੇ ਕੈਲੀਫੋਰਨੀਆ ਦੇ ਗੈਵਿਨ ਨਿਊਸਮ 'ਤੇ ਇੱਕ ਪਾਣੀ ਦੀ ਬੋਤਲ ਨਾਲ ਹਮਲਾ ਕੀਤਾ। ਨਿਊਸਮ ਇਸ ਟਾਈਮ ਐੱਨ.ਐੱਫ.ਐੱਲ. ਸਟਾਰ ਮਾਰਸ਼ੌਨ ਲਿੰਚ ਦੇ ਬੀਸਟਮੌਡ ਸਥਿਤ ਇੱਕ ਬਾਰਬਰ ਸ਼ਾਪ ਅਤੇ ਪੀਜ਼ਾ ਸਟੋਰ ਵੱਲ ਜਾ ਰਹੇ ਸਨ ਜਦੋਂ ਇੱਕ ਅਣਪਛਾਤੇ ਵਿਅਕਤੀ ਨੇ ਇਸ



ਕਾਰਵਾਈ ਨੂੰ ਅੰਜਾਮ ਦਿੱਤਾ। ਨਿਊਸਮ ਦੇ ਨਾਲ ਓਕਲੈਂਡ ਦੇ ਮੇਅਰ ਲਿਬੀ ਸਕਾਫ ਵੀ ਸਨ। ਪੁਲਿਸ ਅਨੁਸਾਰ 54 ਸਾਲਾਂ ਹਮਲਾਵਰ ਵਿਅਕਤੀ ਬਰਕਲੇ ਦਾ ਰਹਿਣ ਵਾਲਾ ਸੀ ਨੂੰ ਇਸ ਘਟਨਾ ਦੇ ਬਾਅਦ ਗ੍ਰਿਫਤਾਰ ਕਰ ਲਿਆ ਗਿਆ। ਨਿਊਸਮ ਨੇ ਬਾਅਦ ਵਿੱਚ ਇਸ ਹਮਲੇ ਬਾਰੇ ਬੋਲਦਿਆਂ ਕਿਹਾ ਕਿ ਇਹ ਆਦਮੀ ਦਾ ਹੈਲੋ ਕਹਿਣ ਦਾ ਇੱਕ ਗੈਰ-ਰਵਾਇਤੀ ਢੰਗ ਸੀ। ਇਸ ਬੇਘਰ ਵਿਅਕਤੀ ਨੂੰ ਇੱਕ ਕਾਰਜਕਾਰੀ ਅਧਿਕਾਰੀ ਦਾ ਵਿਰੋਧ ਕਰਨ ਅਤੇ ਇੱਕ ਸਰਕਾਰੀ ਅਧਿਕਾਰੀ ਉੱਤੇ ਹਮਲਾ ਕਰਨ ਲਈ ਸੈਂਟਾ ਰੀਟਾ ਜੇਲ੍ਹ ਵਿੱਚ ਭੇਜਿਆ ਗਿਆ ਸੀ। ਕੈਲੀਫੋਰਨੀਆ ਦੇ ਓਕਲੈਂਡ ਵਰਗੇ ਸ਼ਹਿਰ ਬੇਘਰਿਆਂ ਦੀ ਗਿਣਤੀ ਦਾ ਸਾਹਮਣਾ ਕਰ ਰਹੇ ਹਨ।

# ਵਰਿਆਣਾ ਦੇ ਸਰੋਆ ਪਰਿਵਾਰ ਨੂੰ ਸਦਮਾ, ਮਾਤਾ ਦਾ ਦੇਹਾਂਤ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਸਿਆਟਲ ਦੇ ਜਗਤਾਰ ਸਿੰਘ ਸਰੋਆ ਦੇ ਪੂਜਨੀਕ ਮਾਤਾ ਜੀ ਸੁਰਜੀਤ ਕੌਰ ਸਰੋਆ (90) ਦਾ ਲੰਮੀ ਬਿਮਾਰੀ ਬਾਅਦ ਦੇਹਾਂਤ ਹੋ ਗਿਆ। ਵ-ਰਆਣਾ ਦੇ ਸਵ: ਗੁਰ-ਬਖਸ਼ ਸਿੰਘ ਦੀ ਧਰਮ ਪਤਨੀ ਸੁਰਜੀਤ ਕੌਰ ਆਪਣੇ ਪਿੱਛੇ 7 ਲੜਕੇ ਅਵਤਾਰ ਸਿੰਘ, ਜਗਤਾਰ ਸਿੰਘ ਸਰੋਆ, ਇਕਬਾਲ ਸਿੰਘ, ਜਸਵਿੰਦਰ ਸਿੰਘ ਸ ਰ ਪ ਂ ਚ ਵਰਿਆਣਾ, ਸਰਬਜੀਤ ਸਿੰਘ, ਸੁਖਵਿੰਦਰ ਸਿੰਘ ਸੁੱਖੀ ਤੇ ਪਰਮਜੀਤ ਸਿੰਘ ਅਤੇ ਇਕ ਲੜਕੀ ਸਤਿੰਦਰ ਕੌਰ ਪਰਮਾਰ ਛੱਡ ਗਏ ਹਨ। ਕੁਲਵੰਤ ਸਿੰਘ ਮਿਨਹਾਸ ਨੇ ਦੱਸਿਆ ਕਿ ਮਾਤਾ ਸੁਰਜੀਤ ਕੌਰ ਸਰੋਆ ਬਹੁਤ ਮਿਨਤੀ, ਮਿਲਣਸਾਰ ਤੇ ਧਾਰਮਿਕ ਖਿਆਲਾਂ ਦੇ ਸਨ, ਜਿਹਨਾਂ ਆਪਣੇ ਆਪਣੇ ਬੱਚਿਆਂ ਨੂੰ ਅਮਰੀਕਾ ਤੇ ਕੈਨੇਡਾ ਸੈਟ ਕਰਨ ਲਈ ਜੱਦੋ ਜਹਿਦ ਤੇ ਲੰਮੀ ਘਾਲਣਾ ਘਾਲੀ। ਤੇ ਕੁਲਵੰਤ ਸਿੰਘ ਮਿਨਹਾਸ ਅਤੇ ਮਾਂਟੀਰੀਅਲ ਤੋਂ ਜਸਇੰਦਰ ਸਿੰਘ ਸਰੋਆ, ਜਲੰਧਰ ਦੇ ਜਗਜੀਤ ਸਿੰਘ ਸਰੋਆ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਮਾਤਾ ਸੁਰਜੀਤ ਕੌਰ ਦਾ ਸਸਕਾਰ 26 ਜੂਨ ਨੂੰ ਫਾਈਵ ਰਿਵਰ ਕੀਤਾ ਜਾਵੇਗਾ।



# ਜਾਰਜੀਆ ਵਿਚ ਇਕ ਲੱਖ ਤੋਂ ਵਧ ਵੋਟਰਾਂ ਦੇ ਨਾਂ ਵੋਟਰ ਸੂਚੀ ਵਿਚੋਂ ਕੱਢੇ

**ਸੈਕਰਾਮੈਂਟੋ 22 ਜੂਨ (ਹੁਸਨ ਲੜੋਆ ਬੰਗਾ)** ਜਾਰਜੀਆ ਦੇ ਰਿਪਬਲੀਕਨ ਸਕੱਤਰ ਬਰਾਡ ਰਾਫਨ-ਸਪਰਜਰ ਨੇ ਜਾਰਜੀਆ ਦੀ ਵੋਟਰ ਸੂਚੀ ਵਿਚੋਂ 1,01,789 ਵੋਟਰਾਂ ਦੇ ਨਾਂ ਕੱਟ ਦੇਣ ਦਾ ਐਲਾਨ ਕੀਤਾ ਹੈ। ਉਨਾਂ ਕਿਹਾ ਹੈ ਕਿ "ਚੋਣਾਂ ਦੀ ਨਿਰਪੱਖਤਾ ਬਣਾਈ ਰਖਣ ਲਈ ਵੋਟਰ ਸੂਚੀ ਵਿਚ ਸੁਧਾਈ ਹੋਣੀ ਜਰੂਰੀ ਹੈ। ਅਯੋਗ ਵੋਟਰਾਂ ਨੂੰ ਵੋਟਰ ਸੂਚੀਆਂ ਵਿਚ ਸ਼ਾਮਿਲ ਕਰਨ ਦਾ ਕੋਈ ਵੀ ਕਾਨੂੰਨੀ ਕਾਰਨ ਮੌਜੂਦ ਨਹੀਂ ਹੈ। ਇਸ ਲਈ ਅਯੋਗ ਵੋਟਰਾਂ ਦੇ ਨਾਂ ਸੂਚੀ ਵਿਚੋਂ ਹਟਾਉਣ ਦਾ ਫੈਸਲਾ ਲਿਆ ਗਿਆ ਹੈ।" ਜੋਅ ਬਾਇਡਨ ਦੀ ਰਾਸ਼ਟਰਪਤੀ ਵਜੋਂ ਜਿੱਤ ਉਪਰੰਤ ਰਿਪਬਲੀਕਨ ਦੀ ਸੱਤਾ ਵਾਲੇ ਰਾਜਾਂ ਵੱਲੋਂ ਨਵੀਆਂ ਵੋਟਿੰਗ ਪਾਬੰਦੀਆਂ ਲਾਗੂ ਕਰਨ ਦੀਆਂ ਸੰਭਾਵਨਾਵਾਂ ਦਰਮਿਆਨ ਜਾਰਜੀਆ ਪਹਿਲਾ ਰਾਜ ਹੈ ਜਿਸ ਨੇ ਨਵੀਆਂ ਵੋਟਿੰਗ ਪਾਬੰਦੀਆਂ ਲਾਗੂ ਕੀਤੀਆਂ ਹਨ।

ਇਥੇ ਜਿਕਰਯੋਗ ਹੈ ਕਿ ਪਿਛਲੇ ਸਾਲ ਰਾਸ਼ਟਰਪਤੀ ਚੋਣਾਂ ਦੇ ਨਤੀਜੇ ਨੂੰ ਉਲਟਾਉਣ ਦੇ ਮਾਮਲੇ ਵਿਚ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਮੱਦਦ ਕਰਨ ਤੋਂ ਇਨਕਾਰ ਕਰਨ ਕਾਰਨ ਰਾਫਨਸਪਰਜਰ ਦੀ ਜਾਰਜੀਆ ਦੇ ਰਿਪਬਲੀਕਨ ਸੰਸਦ ਮੈਂਬਰਾਂ ਦੀ ਇਸ ਮਹੀਨੇ ਦੇ ਸ਼ੁਰੂ ਵਿਚ ਹੋਈ ਕਨਵੈਨਸ਼ਨ ਵਿਚ ਸਖਤ ਅਲੋਚਨਾ ਕੀਤੀ ਗਈ ਸੀ। ਰਾਫਨਸਪਰਜਰ ਤੇ ਉਸ ਦੇ ਪਰਿਵਾਰ ਨੂੰ ਮਾਰ ਦੇਣ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ ਸਨ।

# ਕਰਮਨ ਨਿਵਾਸੀ ਸ. ਚਰਨ ਸਿੰਘ ਸਿੱਧੂ ਦੇ ਅਕਾਲ ਚਲਾਣੇ 'ਤੇ ਪਰਿਵਾਰ ਨੂੰ ਸਦਮਾ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਬੀਤੇ ਦਿਨੀ ਕਰਮਨ ਨਿਵਾਸੀ ਸ. ਚਰਨ ਸਿੰਘ ਸਿੱਧੂ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ ਸਨ। ਉਹ ਪਿਛੋਕੜ ਪੰਜਾਬ ਤੋਂ ਪਿੰਡ ਮੱਲ੍ਹਾਂ,ਨਜ਼ਦੀਕ ਜਗਰਾਉਂ ਦੇ ਰਹਿਣ ਵਾਲੇ ਸਨ। ਉਹ ਪਿਛਲੇ 22 ਸਾਲਾ ਤੋਂ ਕਰਮਨ ਵਿਖੇ ਰਹਿ ਰਹੇ ਸਨ। ਉਨਾਂ ਦਾ ਅੰਤਮ ਸੰਸਕਾਰ 20 ਜੂਨ, 2021 ਦਿਨ ਐਤਵਾਰ ਨੂੰ 'ਸਾਂਤ ਭਵਨ ਪੰਜਾਬੀ ਫਿਊਨਰਲ ਹੋਮ' ਵਿਖੇ 11 ਤੋਂ 1 ਵਜੇ ਤੱਕ ਹੋਵੇਗਾ। ਇਸ ਉਪਰੰਤ ਅੰਤਮ ਅਰਦਾਸ 'ਗੁਰਦੁਆਰਾ ਅਨੰਦਗੜ ਸਾਹਿਬ' ਕਰਮਨ ਵਿਖੇ 1:30 ਤੋਂ 3 ਵਜੇ ਤੱਕ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਨ੍ਹਾਂ ਦੇ ਸਪੁੱਤਰ ਜਗਰੂਪ ਸਿੰਘ ਨਾਲ ਫ਼ੋਨ ਨੰਬਰ (559) 846-7469 (ਘਰ) ਜਾਂ (559) 567-4566 (ਸੈਲੂਅਰ) 'ਤੇ ਸੰਪਰਕ ਕੀਤਾ ਜਾਂ ਸਕਦਾ ਹੈ।



# ਅਮਰੀਕਾ ਦੀਆਂ ਮੈਕਸੀਕੋ ਅਤੇ ਕੈਨੇਡਾ ਨਾਲ ਲਗਦੀਆਂ ਸਰਹੱਦਾਂ ਇੱਕ ਹੋਰ ਮਹੀਨੇ ਲਈ ਬੰਦ ਰਹਿਣਗੀਆਂ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

ਫਰਿਜ਼ਨੋ (ਕੈਲੀਫੋਰਨੀਆ), 22 ਜੂਨ 2021- ਮੈਕਸੀਕੋ ਅਤੇ ਕੈਨੇਡਾ ਨਾਲ ਲੱਗਦੀਆਂ ਅਮਰੀਕਾ ਦੀਆਂ ਸਰਹੱਦਾਂ ਨੂੰ ਕੋਰੋਨਾ ਵਾਇਰਸ ਦੇ ਪ੍ਰਸਾਰ ਨੂੰ ਰੋਕਣ ਲਈ ਘੱਟੋ ਘੱਟ ਇੱਕ ਹੋਰ ਮਹੀਨੇ ਲਈ ਸਾਰੀਆਂ ਗੈਰ-ਜ਼ਰੂਰੀ ਯਾਤਰਾਵਾਂ ਲਈ ਬੰਦ ਰੱਖਿਆ ਜਾਵੇਗਾ।

ਮਾਰਚ 2020 ਤੋਂ ਲਾਗੂ ਇਹਨਾਂ ਪਾਬੰਦੀਆਂ ਵਿੱਚ ਵਾਧੇ ਦੀ ਘੋਸ਼ਣਾ ਹੋਮਲੈਂਡ ਸਿਕਿਓਰਿਟੀ ਵਿਭਾਗ (ਡੀ ਐੱਚ ਐੱਸ) ਨੇ ਟਵਿੱਟਰ 'ਤੇ ਕੀਤੀ। ਡੀ ਐੱਚ ਐੱਸ ਨੇ ਆਪਣੀ ਘੋਸ਼ਣਾ ਵਿੱਚ ਦੱਸਿਆ ਕਿ ਕੋਵਿਡ-19 ਦੇ ਫੈਲਣ ਨੂੰ ਘਟਾਉਣ ਲਈ,&; ਅਮਰੀਕਾ 21 ਜੁਲਾਈ ਤੱਕ ਗੈਰ ਜਰੂਰੀ ਯਾਤਰਾ ਸੰਬੰਧੀ ਕੈਨੇਡਾ ਅਤੇ ਮੈਕਸੀਕੋ ਸਰਹੱਦ ਨਾਲ ਪਾਬੰਦੀਆਂ ਨੂੰ ਵਧਾ ਰਿਹਾ ਹੈ, ਜਦਕਿ ਜ਼ਰੂਰੀ ਵਪਾਰ ਅਤੇ ਯਾਤਰਾ ਲਈ ਪਹੁੰਚ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ। ਇਸਦੇ ਇਲਾਵਾ ਏਜੰਸੀ ਅਨੁਸਾਰ ਅਮਰੀਕੀ ਅਧਿਕਾਰੀ ਦੋਵੇਂ ਸਰਹੱਦੀ ਦੇਸ਼ਾਂ ਦੇ ਅਧਿਕਾਰੀਆਂ ਨਾਲ ਦੁਬਾਰਾ ਸਰਹੱਦੀ ਰਣਨੀਤੀਆਂ ਬਾਰੇ ਵਿਚਾਰ ਵਟਾਂਦਰਾ ਕਰ ਰਹੇ ਹਨ।

ਪਿਛਲੇ ਹਫਤੇ, ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਕਿਹਾ ਸੀ ਕਿ 75% ਕੈਨੇਡੀਅਨਾਂ ਨੂੰ ਕੋਰੋਨਾ ਵਾਇਰਸ ਟੀਕੇ ਦੀ ਪਹਿਲੀ ਅਤੇ 20 ਪ੍ਰਤੀਸ਼ਤ ਲੋਕਾਂ ਨੂੰ ਪੂਰੀ ਖੁਰਾਕ ਮਿਲਣ ਤੱਕ ਸਰਹੱਦ ਬੰਦ ਰਹੇਗੀ।

## Change of Name

I, Amrit Singh Sidhu s/o Gulzar Singh
Residing at: 2182 Royal Wood Ln
Turlock, California, USA-95380
Now I have Changed my name

**From: Amrit Singh Sidhu**
**To: Amrit Singh**

All Concerned Kindly note it




NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813
www.nsbinsures.com
1519 Gary CT., Rohnert Park, CA 94928

ਦੇਸ਼ ਦੁਆਬਾ

# REMEMBERING DALIT SAVIOURS

Prem K. Chumber Editor-In-Chief:
Ambedkar Times & Desh Doaba Weeklies Newspapers

Mahatma Jyotirao Phule, E.V. Ramasamy Naicker (Periyar), Babasaheb Dr. B. R. Ambedkar, Narayan Swami Guru, Achutananda, Babu Mangu Ram Mugowalia are among the forerunners of Dalit saviors who devoted their entire lives for the emancipation and empowerment of the downtrodden. During their life-times they had to struggle very hard to articulate as well as build a 'counter public' for reclaiming the long lost Dalit space. Braving untold sufferings and persistent opposition from all the possible quarters, they remained steadfast in their mission to prepare a solid base for grooming the cause of the community. Despite the innumerable hardships, they succeeded in their bold endeavours to pave the way for Dalit liberation leading to 'equality, liberty, fraternity'. Of late their struggle as well as vision/philosophy started getting recognition even in the political circles of their opponents. Almost all of them now feel proud of owning/appropriating them as and when they deem so fit. The recent praises showered on Babasaheb Dr. B.R. Ambedkar by almost all the mainstream political forces in India is a case in point. Year-long preparation by the ruling as well as opposition parties for the celebration of his 130th Birth anniversary are being reported in almost all the national newspapers.

During the 1920s, a large number of Adi movements took roots in different parts of India. Ad Dharm movement of Punjab is one of them. It born in the background of series of political developments in the region. It was founded and led by Great Gadarite Babu Mangu Ram Mugowalia, who wanted that his people should have their own separate identity and the wherewithal to lead dignified life. He was convinced of the fact that the only way through which his people can live with dignity and self-respect was to form their own exclusive Dalit identity, political party and religion. He succeeded on all these crucial accounts. He got recognition from the British Government in 1931 for a separate religion for the lower castes of Punjab (Ad Dharm), contested provincial assembly elections and pleaded meticulously for the rights of his people at all the plat forums available during his struggle.


Now when all the major political parties in India are promising to follow and implement the thinking of Babasaheb Dr. B.R. Ambedkar, it would be in fitness of things that the Punjab government should rename one of the coming up institutes of higher education in the state after the name of Babu Mangu Ram Mugowalia who was among the pioneers of the Dalit freedom fighters, founders of Dalit movement in Punjab, visionaries and educationists in the state on the occasion of 95th anniversary of first annual convention of the Ad Dharm movement held on June 11-12, 1926.

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# MOTHER NATURE AND THE FIGHT AGAINST COVID -19

**Prem K. Chumber**
**Editor-In-Chief: Ambedkar Times & Desh Doaba**

Nature behaves uniformly in its wider reach and does not tolerate any hindrance in its natural flow of well-coordinated universal operations. It has its own grammar and fundamental principles that govern life on Earth – so far the only known habitable planet. It expects that for human beings, to live a healthy and comfortable life, synchronization with the inherent laws of nature is must. Symbiosis is its mantra for happy and healthy living. Covid-19 threw an indomitable challenge before the whole human race to come together to bring equilibrium in its insatiable lust for fleeting comforts and to put an end to man-made caste boundaries of social exclusion.Nature is the mother of life on earth: the only so far known planet of habitation in our cosmos. Human beings occupy the top position among all living creatures on this rare planet of life. It has been equipped, in its own unique ways, with all that is required for the sustenance of life on it. All living organisms on its surface and underneath are equally endowed with self-sustaining system to grow and expand in a well-balanced way without creating any dysfunctional relationship between themselves and their life generative earth planet and its life-supporting atmosphere. It is rightly said that Earth has enough for every ones' needs, but could not satisfy the greed of any one of its inmates! Happiness is imbedded in its very existence but with a strict rider of self-restraint. Self-restraint is also central to the recently put into practice 'new normal mantra' of self-reliant existence! Happiness emanates from disease free life, meaningful source of livelihood opportunities, job satisfaction, community living endorsed with liberty, equality and fraternity, and global brotherhood based on the principles of panchsheel and peaceful methods of conflict resolution.



It is a common knowledge that no living creature on this planet stores provisions of living necessaries except human beings. It is also evident, that all other living creatures continue to live on whatever offered by this planet. It is only we, the human beings, who stung by the wasp of greed remained engrossed throughout our life-span in storing or looking after whatever we have accumulated to satiate our unending lust for having more and more provisions for our use/misuse. It seems, we invented technology not to supplement our given happiness in the bounty of nature but to circumvent the same in the long run of mind-boggling accumulation. In our mad rush for acquiring more and more, we have created wide fissures in our life- supporting eco-system. Since the advent of the enlightenment phase in Europe, a sort of unethical war has been going on between man and nature. Nature has been around since the birth of our solar system and it was this nature that gave shape to the Earth planet where we happened to evolve at one of its innumerable evolutionary time intervals. Nature has its own pace to move on, nevertheless with certain identifiable patterns.

There was a time in the life of human beings when they used to believe in supernatural powers of nature as and when they confronted any devastating natural phenomenon nay calamities. They socially constructed various myths to appease the angry nature that eventually became an interesting area of study in the domain of cultural anthropology to delve deep into the folk psyche of our forefathers to critically interpret our current lives. However, with the passage of time when Europe entered the age of enlightment, a new beginning was made in the evolutionary phase of human society. It was for the first time that man thought and practiced to tame nature to his convenience. Thus the tug of war started between man and nature at that stage in the life of human beings. Covid 19 is one of various consequences of this ongoing belligerent interaction between the nature and us. It has heavily divested us of all, at the global level, of our most precious living property what called happiness. The oldest man-made institution of religious places of all nomenclatures showed their inability to help at this crucial stage of life. Nevertheless, the most valuable human feeling of having faith in the overall benefactive stance of Kudrat(nature) remains the only solace to get across this most pernicious malady afflicted us all irrespective of class, caste, race, creed, ethnicity and region. Along with its disastrous effect, it also reminds us that there is nothing as valuable as the feeling of being happy in this world. And for that we need to live moderately with a deep sense of regard for our mother nature, so that we could create a conducive environment on our living planet where such pandemics like Covid-19 are not only controlled effectively but also precluded in the future too.


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ


ਗੁਰਿੰਦਰਜੀਤ ਨੀਟਾ ਮਾਛੀਕੇ

## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ


ਕੁਲਵੰਤ ਧਾਲੀਆਂ

# ਅਮਰੀਕਾ ਦੀਆਂ ਮੈਕਸੀਕੋ ਅਤੇ ਕੈਨੇਡਾ ਨਾਲ ਲਗਦੀਆਂ ਸਰਹੱਦਾਂ ਇੱਕ ਹੋਰ ਮਹੀਨੇ ਲਈ ਬੰਦ ਰਹਿਣਗੀਆਂ

**ਫਰਿਜ਼ਨੋ (ਕੈਲੀ- ਫੋਰਨੀਆ), 22 ਜਨ 2021-** ਮੈਕਸੀਕੋ ਅਤੇ ਕੈਨੇਡਾ ਨਾਲ ਲੱਗ- ਦੀਆਂ ਅਮਰੀਕਾ ਦੀਆਂ ਸਰਹੱਦਾਂ ਨੂੰ ਕੋਰੋਨਾ ਵਾਇਰਸ ਦੇ ਪ੍ਰਸਾਰ ਨੂੰ ਰੋਕਣ ਲਈ ਘੱਟੋ ਘੱਟ ਇੱਕ ਹੋਰ ਮਹੀਨੇ ਲਈ ਸਾਰੀਆਂ ਗੈਰ-ਜ਼ਰੂਰੀ ਯਾਤਰਾਵਾਂ ਲਈ ਬੰਦ ਰੱਖਿਆ ਜਾਵੇਗਾ। ਮਾਰਚ 2020 ਤੋਂ ਲਾਗੂ ਇਹਨਾਂ ਪਾਬੰਦੀਆਂ ਵਿੱਚ ਵਾਧੇ ਦੀ ਘੋਸ਼ਣਾ ਹੋਮਲੈਂਡ ਸਿਕਿਓਰਿਟੀ ਵਿਭਾਗ (ਡੀ ਐੱਚ ਐੱਸ) ਨੇ ਟਵਿੱਟਰ 'ਤੇ ਕੀਤੀ। ਡੀ ਐੱਚ ਐੱਸ ਨੇ ਆਪਣੀ ਘੋਸ਼ਣਾ ਵਿੱਚ ਦੱਸਿਆ ਕਿ ਕੋਵਿਡ-19 ਦੇ



ਫੈਲਣ ਨੂੰ ਘਟ- ਾਉਣ ਲਈ, ਅਮਰੀਕਾ 21 ਜੁਲਾਈ ਤੱਕ ਗੈਰ ਜ਼ਰੂਰੀ ਯਾਤਰਾ ਸੰਬੰਧੀ ਕੈਨੇਡਾ ਅਤੇ ਮੈਕਸੀਕੋ ਸਰਹੱਦ ਨਾਲ ਪਾਬੰਦੀਆਂ ਨੂੰ ਵਧਾ ਰਿਹਾ ਹੈ, ਜਦਕਿ ਜ਼ਰੂਰੀ ਵਪਾਰ ਅਤੇ ਯਾਤਰਾ ਲਈ ਪਹੁੰਚ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ। ਇਸਦੇ ਇਲਾਵਾ ਏਜੰਸੀ ਅਨੁਸਾਰ ਅਮਰੀਕੀ ਅਧਿਕਾਰੀ ਦੋਵੇਂ ਸਰਹੱਦੀ ਦੇਸ਼ਾਂ ਦੇ ਅਧਿਕਾਰੀਆਂ ਨਾਲ ਦੁਬਾਰਾ ਸਰਹੱਦੀ ਰਣਨੀਤੀਆਂ ਬਾਰੇ ਵਿਚਾਰ ਵਟਾਂਦਰਾ ਕਰ ਰਹੇ ਹਨ।

ਪਿਛਲੇ ਹਫਤੇ, ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਕਿਹਾ ਸੀ ਕਿ 75% ਕੈਨੇਡੀਅਨਾਂ ਨੂੰ ਕੋਰੋਨਾ ਵਾਇਰਸ ਟੀਕੇ ਦੀ ਪਹਿਲੀ ਅਤੇ 20 ਪ੍ਰਤੀਸ਼ਤ ਲੋਕਾਂ ਨੂੰ ਪੂਰੀ ਖੁਰਾਕ ਮਿਲਣ ਤੱਕ ਸਰਹੱਦ ਬੰਦ ਰਹੇਗੀ।

# ਨਿਊਜਰਸੀ ਵਿੱਚ ਜਾਰਜ ਫਲਾਇਡ ਦੇ ਵਿਸ਼ਾਲ ਕਾਂਸੀ ਦੇ ਬੁੱਤ ਦਾ ਕੀਤਾ ਉਦਘਾਟਨ

**ਫਰਿਜ਼ਨੋ (ਕੈਲੀਫੋਰਨੀਆ), 19 ਜਨ 2021-** ਅਮਰੀਕਾ ਦੀ ਸਟੇਟ ਨਿਊ- ਜਰਸੀ ਵਿੱਚ ਕਾਲੇ ਮੂਲ ਦੇ ਵਿਅਕਤੀ ਜਾਰਜ ਫਲਾਇਡ ਦੀ ਇੱਕ ਕਾਂਸੀ ਦੀ ਮੂਰਤੀ ਦਾ ਉਦਘਾਟਨ ਕੀਤਾ ਗਿਆ ਹੈ। 48 ਸਾਲਾਂ ਫਲਾਇਡ ਨੂੰ ਸਮਰਪਿਤ ਇਹ ਮੂਰਤੀ ਨੇਵਾਰਕ ਸ਼ਹਿਰ ਵਿੱਚ ਬੁੱਧਵਾਰ ਨੂੰ ਪਹਿਲੀ ਵਾਰ ਜਨਤਾ ਲਈ ਸਥਾਪਤ ਕੀਤੀ ਗਈ। ਜਾਰਜ ਫਲਾਇਡ ਨੂੰ ਪਿਛਲੇ ਸਾਲ 25 ਮਈ ਨੂੰ ਮਿਨੀਸੋਟਾ ਦੇ ਮਿਨੀਐਪੋਲਿਸ ਵਿੱਚ ਕਤਲ ਕੀਤਾ ਗਿਆ ਸੀ, ਅਤੇ ਉਸਦੀ ਮੌਤ ਨੇ ਵਿਸ਼ਵ ਭਰ ਵਿੱਚ ਬਲੈਕ ਲਾਈਵਜ਼ ਮੈਟਰ ਦੇ ਵਿਰੋਧ ਪ੍ਰਦਰਸ਼ਨ ਨੂੰ ਪ੍ਰੇਰਿਤ ਕੀਤਾ ਸੀ। ਫਲਾਇਡ ਦੀ ਮੌਤ ਅਮਰੀਕੀ ਸਰਕਾਰ ਦੁਆਰਾ ਪੁਲਿਸ ਸੁਧਾਰ ਕਾਨੂੰਨ ਬਣਾਉਣ ਦੇ ਨਾਲ ਨਾਲ ਅਮਰੀਕਾ ਵਿੱਚ ਨਸਲੀ



ਘੱਟ ਗਿਣਤੀਆਂ ਲਈ ਬਰਾਬਰਤਾ ਵਧਾਉਣ ਦੀ ਵੀ ਮੰਗ ਕਰਦੀ ਸੀ। ਫਲਾਇਡ ਦੀ ਮੂਰਤੀ ਦਾ ਭਾਰ ਲੱਗਭਗ 700 ਪੌਂਡ (ਤਕਰੀਬਨ 317 ਕਿਲੋਗਰਾਮ) ਹੈ ਅਤੇ ਘੱਟੋ ਘੱਟ ਇੱਕ ਸਾਲ ਲਈ ਇਸਦੇ ਨੇਵਾਰਕ ਦੇ ਸਿਟੀ ਹਾਲ ਵਿੱਚ ਰਹਿਣ ਦੀ ਉਮੀਦ ਹੈ।

ਸ਼ਹਿਰ ਦੇ ਮੇਅਰ ਰਸ ਬਰਾਕਾ ਅਨੁਸਾਰ ਉਨ੍ਹਾਂ ਨੂੰ ਉਮੀਦ ਹੈ ਕਿ ਇਹ ਮੂਰਤੀ ਵਸਨੀਕਾਂ ਨੂੰ ਨਸਲੀ ਨਿਆਂ ਲਈ ਲੜਨ ਲਈ ਪ੍ਰੇਰਿਤ ਕਰੇਗੀ। ਇਸ ਬੁੱਤ ਨੂੰ ਲਿਓਨ ਪਿਕਨੇ ਦੁਆਰਾ ਕਮਿਸ਼ਨ ਅਤੇ ਕਲਾਕਾਰ ਸਟੈਨਲੇ ਵਾਟਸ ਦੁਆਰਾ ਡਿਜ਼ਾਇਨ ਕੀਤਾ ਗਿਆ ਸੀ।

# ਅਲਾਬਮਾ 'ਚ ਹੋਏ ਭਿਆਨਕ ਹਾਦਸੇ ਨੇ 9 ਬੱਚਿਆਂ ਸਮੇਤ ਲਈ 10 ਦੀ ਜਾਨ

**ਫਰਿਜ਼ਨੋ (ਕੈਲੀਫੋਰਨੀਆ), 21 ਜੂਨ 2021-** ਅਮਰੀਕਾ ਦੇ ਅਲਾਬਮਾ ਵਿੱਚ ਇੰਟਰਸਟੇਟ 65 'ਤੇ ਸ਼ਨੀਵਾਰ ਨੂੰ ਹੋਏ ਇੱਕ ਭਿਆਨਕ ਹਾਦਸੇ ਨੇ 10 ਲੋਕਾਂ ਦੀ ਜਾਨ ਲਈ ਹੈ, ਜਿਹਨਾਂ ਵਿੱਚ 9 ਬੱਚੇ ਸ਼ਾਮਲ ਸਨ। ਅਧਿਕਾਰੀਆਂ ਨੇ ਦੱਸਿਆ ਕਿ ਇਸ ਦੁਰਘਟਨਾ ਵਿੱਚ 18 ਵਾਹਨ ਟਕਰਾਏ ਹਨ, ਜਿਹਨਾਂ ਵਿੱਚ ਦੋ ਟਰੈਕਟਰ-ਟ੍ਰੇਲਰ ਅਤੇ ਇੱਕ ਕੁੜੀਆਂ ਦੇ ਆਸ਼ਰਮ ਦੀ ਇੱਕ ਬੱਸ ਵੀ ਸ਼ਾਮਲ ਸੀ। ਇਹ ਹਾਦਸਾ ਅਲਾਬਮਾ ਦੀ ਬਟਲਰ ਕਾਊਂਟੀ ਵਿੱਚ ਇੰਟਰਸਟੇਟ 65 'ਤੇ ਦੁਪਹਿਰ 2:30 ਵਜੇ ਦੇ ਕਰੀਬ ਵਾਪਰਿਆ। ਪੁਲਿਸ ਅਧਿਕਾਰੀ ਬਾਂਡ ਅਨੁਸਾਰ ਇਸ ਘਟਨਾ ਵਿੱਚ ਦੋ 18 ਪਹੀਆ ਵਾਲੇ ਵਾਹਨਾਂਨੇ ਕੁੜੀਆਂ ਦੀ ਇੱਕ ਬੱਸ ਨੂੰ ਹਾਦਸੇ ਉਪਰੰਤ ਆਪਣੀ ਲਪੇਟ ਵਿੱਚ ਲੈ ਲਿਆ ਅਤੇ ਇਸਦੇ ਨਾਲ ਹੀ ਇੱਕ ਐਸ ਯੂ ਵੀ ਅਤੇ ਹੋਰ ਵਾਹਨ ਹਾਦਸਾਗ੍ਰਸਤ ਹੋ ਗਏ। ਹਾਦਸੇ ਵਿੱਚ ਐਸ ਯੂ ਵੀ ਪਲਟਣ ਨਾਲ, ਇਸ ਵਿੱਚ ਸਵਾਰ 29 ਸਾਲਾ ਕੋਡੀ ਫੌਕਸ



ਅਤੇ ਉਸਦੀ 9 ਮਹੀਨੇ ਦੀ ਬੇਟੀ, ਏਰੀਆਨਾ ਫੌਕਸ ਦੀ ਮੌਤ ਹੋ ਗਈ। ਕੋਡੀ ਫੌਕਸ ਨੂੰ ਘਟਨਾ ਸਥਾਨ 'ਤੇ ਮ੍ਰਿਤਕ ਘੋਸ਼ਿਤ ਕੀਤਾ ਗਿਆ ਸੀ, ਅਤੇ ਏਰੀਆਨਾ ਦੀ ਇੱਕ ਹਸਪਤਾਲ ਵਿੱਚ ਮੌਤ ਹੋ ਗਈ। ਜਦਕਿ 8 ਹੋਰ ਮੌਤਾਂ 4 ਤੋਂ 17 ਸਾਲ ਦੇ ਬੱਚਿਆਂ ਦੀਆਂ ਹੋਈਆਂ ਜੋ ਕਿ ਟੈਲਾਪੂਸਾ ਕਾਊਂਟੀ ਗਰਲਜ਼ ਦੀ ਬੱਸ ਵਿੱਚ ਸਵਾਰ ਸਨ। ਅਧਿਕਾਰੀਆਂ ਨੇ ਦੱਸਿਆ ਕਿ ਇਸ ਹਾਦਸੇ ਵਿੱਚ ਬਚ ਗਏ ਹੋਰ ਲੋਕਾਂ ਵਿਚੋਂ ਕਿਸੇ ਨੂੰ ਵੀ ਜਾਨਲੇਵਾ ਸੱਟਾਂ ਨਹੀਂ ਲੱਗੀਆਂ ਪਰ ਇੱਕ ਔਰਤ ਨੂੰ ਟੁੱਟੀਆਂ ਹੱਡੀਆਂ ਨਾਲ ਮੋਂਟਗੁਮਰੀ ਹਸਪਤਾਲ ਲਿਜਾਇਆ ਗਿਆ।

ਅਲਾਬਮਾ ਦੇ ਗਵਰਨਰ ਕੇ ਆਈਵੇ ਨੇ ਇਸ ਵਿਨਾਸ਼ਕਾਰੀ ਹਾਦਸੇ ਨੂੰ ਇੱਕ ਦੁਖਦਾਈ ਦਿਨ ਦੱਸਿਆ ਹੈ ਅਤੇ ਨੈਸ਼ਨਲ ਟ੍ਰਾਂਸ- ਪੋਰਟੇਸ਼ਨ ਸੇਫਟੀ ਬੋਰਡ ਅਲਾਬਮਾ ਹਾਈਵੇ ਪੈਟਰੋਲ ਦੇ ਤਾਲਮੇਲ ਨਾਲ ਹਾਦਸੇ ਦੀ ਜਾਂਚ ਕਰ ਰਿਹਾ ਹੈ।

# ਡੇਨਵਰ 'ਚ ਹੋਈ ਗੋਲੀਬਾਰੀ ਨੇ ਲਈ ਇੱਕ ਪੁਲਿਸ ਅਧਿਕਾਰੀ ਸਮੇਤ 3 ਲੋਕਾਂ ਦੀ ਜਾਨ

**ਫਰਿਜ਼ਨੋ (ਕੈਲੀਫੋਰਨੀਆ), 22 ਜੂਨ 2021-** ਡੇਨਵਰ ਵਿੱਚ ਸੋਮਵਾਰ ਨੂੰ ਇੱਕ ਸ਼ਾਪਿੰਗ ਖੇਤਰ ਵਿੱਚ ਹੋਈ ਗੋਲੀਬਾਰੀ ਨਾਲ ਇੱਕ ਪੁਲਿਸ ਅਧਿਕਾਰੀ ਸਣੇ ਤਿੰਨ ਲੋਕ ਮਾਰੇ ਗਏ। ਪੁਲਿਸ ਵਿਭਾਗ ਅਨੁਸਾਰ ਇਹ ਘਟਨਾ ਦੁਪਹਿਰ ਮੌਕੇ ਅਰਵਾਡਾ ਦੇ ਓਲਡੇ ਟਾਊਨ ਚੌਕ ਵਿੱਚ ਵਾਪਰੀ ਜਿੱਥੇ ਪੁਲਿਸ ਨੇ 911 ਕਾਲ ਤੋਂ ਬਾਅਦ ਕਾਰਵਾਈ ਕੀਤੀ।

ਇਸ ਗੋਲੀਬਾਰੀ ਵਿੱਚ ਇੱਕ ਪੁਲਿਸ ਅਧਿਕਾਰੀ ਅਤੇ ਇੱਕ ਸ਼ੱਕੀ ਬੰਦੂਕਧਾਰੀ ਦੀ ਵੀ ਮੌਤ ਹੋਈ ਹੈ ਅਤੇ ਇੱਕ ਹੋਰ ਆਦਮੀ ਜਿਸ ਨੂੰ ਮੰਨਿਆ ਜਾਂਦਾ ਹੈ ਕਿ ਬੰਦੂਕਧਾਰੀ ਨੇ ਗੋਲੀ ਮਾਰ ਦਿੱਤੀ ਸੀ, ਨੂੰ ਹਸਪਤਾਲ ਲਿਜਾਇਆ ਗਿਆ , ਜਿੱਥੇ ਉਸਦੀ ਮੌਤ ਹੋ ਗਈ। ਪੁਲਿਸ ਦੁਆਰਾ ਮਾਰੇ ਗਏ ਅਧਿਕਾਰੀ ਦੀ ਪਛਾਣ ਗੋਰਡਨ ਬੀਸਲੇ ਵਜੋਂ ਕੀਤੀ ਗਈ ਹੈ।




ਫਿਲਹਾਲ ਪੀੜਤਾਂ ਅਤੇ ਸ਼ੱਕੀ ਵਿਅਕਤੀਆਂ ਦੇ ਨਾਮ ਜਾਰੀ ਨਹੀਂ ਕੀਤੇ ਗਏ ਹਨ ਅਤੇ ਅਧਿਕਾਰੀਆਂ ਨੇ ਗੋਲੀਬਾਰੀ ਦੇ ਕਾਰਨਾਂ ਬਾਰੇ ਵੀ ਜਾਣਕਾਰੀ ਨਹੀਂ ਦਿੱਤੀ ਹੈ। ਇਹ ਗੋਲੀਬਾਰੀ ਸ਼ਹਿਰ ਦੇ ਇੱਕ ਸ਼ਾਪਿੰਗ ਖੇਤਰ ਵਿੱਚ ਹੋਈ ਜਿੱਥੇ ਦੁਕਾਨਾਂ, ਰੈਸਟੋਰੈਂਟਾਂ, ਅਤੇ ਹੋਰ ਕਾਰੋਬਾਰ ਸਨ। ਇਸ ਗੋਲੀਬਾਰੀ ਤੋਂ ਤਕਰੀਬਨ ਤਿੰਨ ਮਹੀਨੇ ਪਹਿਲਾਂ ਇੱਕ ਬੰਦੂਕਧਾਰੀ ਨੇ ਬੋਲਡਰ ਵਿੱਚ ਕਿੰਗ ਸੋਪਰਜ਼ ਸਟੋਰ 'ਤੇ ਹਮਲਾ ਕਰਕੇ ਇੱਕ ਅਧਿਕਾਰੀ ਸਮੇਤ 10 ਨੂੰ ਮਾਰ ਦਿੱਤਾ ਸੀ ਜੋ ਕਿ ਅਰਵਾਡਾ ਤੋਂ 20 ਮੀਲ ਦੀ ਦੂਰੀ 'ਤੇ ਹੈ। ਇਸ ਗੋਲੀਬਾਰੀ ਦੀ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

# ਕੈਲੀਫੋਰਨੀਆ ਨੇ ਕੀਤੀ ਕੋਰੋਨਾ ਵਾਇਰਸ ਵੈਕਸੀਨ ਦੇ ਡਿਜੀਟਲ ਰਿਕਾਰਡ ਦੀ ਪੇਸ਼ਕਸ਼


**ਫਰਿਜ਼ਨੋ (ਕੈਲੀਫੋਰਨੀਆ), 18 ਜਨ 2021-** ਕੈਲੀਫੋਰਨੀਆ ਸਟੇਟ ਨੇ ਸ਼ੁੱਕਰਵਾਰ ਨੂੰ ਵਸਨੀਕਾਂ ਨੂੰ ਕੋਰੋਨਾ ਵਾਇਰਸ ਵੈਕਸੀਨ ਲਗਵਾਉਣ ਦੇ ਸਬੂਤ ਵਜੋਂ ਇੱਕ ਡਿਜੀਟਲ ਰਿਕਾਰਡ ਦੇਣ ਦੀ ਸ਼ੁਰੂਆਤ ਕੀਤੀ ਹੈ। ਜਿਸਦੀ ਵਰਤੋਂ ਲੋਕਾਂ ਦੁਆਰਾ ਵੈਕਸੀਨ ਲੱਗੀ ਹੋਣ ਦੇ ਸਬੂਤ ਵਜੋਂ ਅਲੱਗ ਅਲੱਗ ਮੌਕਿਆਂ 'ਤੇ ਕੀਤੀ ਜਾ ਸਕਦੀ ਹੈ। ਕੈਲੀਫੋਰਨੀਆ ਦੇ ਪਬਲਿਕ ਹੈਲਥ ਐਂਡ ਟੈਕਨੋਲੋਜੀ ਵਿਭਾਗ ਅਨੁਸਾਰ ਨਵੀ ਯੋਜਨਾ ਕੈਲੀਫੋਰਨੀਆ ਦੇ ਲੋਕਾਂ ਨੂੰ ਰਾਜ ਦੀ ਟੀਕਾਕਰਨ ਰਜਿਸਟਰੀ ਤੋਂ ਉਨ੍ਹਾਂ ਦੇ ਕੋਵਿਡ -19 ਟੀਕਾਕਰਨ ਦੇ ਰਿਕਾਰਡ ਤੱਕ ਪਹੁੰਚ ਦੀ ਆਗਿਆ ਦਿੰਦੀ ਹੈ ਅਤੇ ਬਿਮਾਰੀ ਕੰਟਰੋਲ ਅਤੇ ਰੋਕਥਾਮ ਕੇਂਦਰ (ਸੀ ਡੀ ਸੀ) ਦੁਆਰਾ ਜਾਰੀ ਕੀਤੇ ਗਏ ਪੇਪਰ ਕਾਰਡਾਂ ਵਾਂਗ ਉਸੇ ਤਰ੍ਹਾਂ ਦੀ ਹੀ ਜਾਣਕਾਰੀ ਪ੍ਰਦਾਨ ਕਰਦੀ ਹੈ। ਇਸ ਡਿਜੀਟਲ ਜਾਣਕਾਰੀ ਅਤੇ ਰਿਕਾਰਡ ਤੱਕ ਪਹੁੰਚਣ ਲਈ, ਕੈਲੀਫੋਰਨੀਆ ਦੇ ਲੋਕਾਂ ਨੂੰ ਸਟੇਟ ਦੀ ਵੈਬਸਾਈਟ ਵਿੱਚ ਉਨ੍ਹਾਂ ਦਾ ਨਾਮ, ਜਨਮ ਮਿਤੀ ਅਤੇ




ਈਮੇਲ ਦੇ ਨਾਲ ਆਪਣੇ ਟੀਕੇ ਦੇ ਰਿਕਾਰਡ ਨਾਲ ਜੁੜੇ ਫੋਨ ਨੰਬਰ ਦੀ ਡਿਟੇਲ ਦਾਖਲ ਕਰਨੀ ਹੋਵੇਗੀ। ਇਸਦੇ ਨਾਲ ਹੀ ਉਨ੍ਹਾਂ ਨੂੰ ਚਾਰ-ਅੰਕਾਂ ਵਾਲਾ ਪਿੰਨ ਬਣਾਉਣ ਲਈ ਵੀ ਕਿਹਾ ਜਾਵੇਗਾ ਅਤੇ ਇਸ ਰਿਕਾਰਡ ਵਿੱਚ ਇੱਕ ਕਿਊਆਰ ਕੋਡ ਵੀ ਸ਼ਾਮਲ ਹੋਵੇਗਾ ਜੋ ਉਪਭੋਗਤਾ ਆਪਣੇ ਮੋਬਾਈਲ ਫੋਨਾਂ ਵਿੱਚ ਸੇਵ ਕਰ ਸਕਦੇ ਹਨ। ਮਹਾਂਮਾਰੀ ਵਿਗਿਆਨੀ ਡਾ. ਏਰਿਕਾ ਪੈਨ ਨੇ ਦੱਸਿਆ ਕਿ ਕੈਲੀਫੋਰਨੀਆ ਵਿੱਚ ਤਕਰੀਬਨ 20 ਮਿਲੀਅਨ ਲੋਕਾਂ ਨੂੰ ਪੂਰੀ ਤਰ੍ਹਾਂ ਟੀਕਾ ਲਗਾਇਆ ਗਿਆ ਹੈ ਅਤੇ ਯਾਤਰਾ ਵਰਗੇ ਕੁੱਝ ਹਾਲਤਾਂ ਵਿੱਚ ਟੀਕਾਕਰਨ ਦੇ ਸਬੂਤ ਦੇਣੇ ਪਹਿਲਾਂ ਹੀ ਜ਼ਰੂਰੀ ਹਨ। ਇਸ ਸਬੰਧੀ ਜਿਆਦਾ ਜਾਣਕਾਰੀ ਲਈ ਸਟੇਟ ਦੀ ਵੈੱਬਸਾਈਟ ਵੇਖੀ ਜਾ ਸਕਦੀ ਹੈ।

# ਅਮੈਰੀਕਨ ਅਕੈਡਮੀ ਆਫ ਯੋਗਾ ਐਂਡ ਮੈਡੀਟੇਸ਼ਨ ਦੁਆਰਾ ਭਾਰਤ ਨੂੰ ਕੀਤੀ ਜਾਵੇਗੀ ਵੈਂਟੀਲੇਟਰਾਂ ਦੀ ਸਪਲਾਈ

**ਫਰਿਜ਼ਨੋ (ਕੈਲੀਫੋਰਨੀਆ), 22 ਜੂਨ 2021-** ਅਮਰੀਕਾ ਵਿੱਚ ਯੋਗਾ ਐਂਡ ਮੈਡੀਟੇਸ਼ਨ ਸੰਗਠਨ ਨੇ ਕੋਵਿਡ -19 ਮਹਾਂਮਾਰੀ ਦੌਰਾਨ ਵੈਂਟੀਲੇਟਰਾਂ ਦੀ ਸਪਲਾਈ ਕਰਕੇ ਭਾਰਤ ਦੀ ਸਹਾਇਤਾ ਕਰਨ ਦਾ ਐਲਾਨ ਕੀਤਾ ਹੈ। ਇਸ ਅਮਰੀਕੀ ਅਕੈਡਮੀ ਫਾਰ ਯੋਗਾ ਐਂਡ ਮੈਡੀਟੇਸ਼ਨ (ਏ ਏ ਵਾਈ ਐੱਮ ) ਨੇ ਅੰਤਰ ਰਾਸ਼ਟਰੀ ਯੋਗਾ ਦਿਵਸ ਦੇ ਜਸ਼ਨਾਂ ਦੌਰਾਨ ਇਹ ਐਲਾਨ ਕੀਤਾ, ਜਿਸ ਵਿੱਚ ਵਿਦੇਸ਼ੀ ਮਾਮਲਿਆਂ ਦੇ ਰਾਜ ਮੰਤਰੀ ਵੀ. ਮੁਰਲੀਧਰਨ ਨੇ ਵੀ ਸ਼ਿਰਕਤ ਕੀਤੀ



ਸੀ। ਏ ਏ ਵਾਈ ਐਮ ਦੇ ਚੇਅਰਮੈਨ ਡਾ. ਇੰਦਰਨੀਲ ਬਾਸੂ-ਰੇ ਨੇ ਕਿਹਾ ਕਿ ਭਾਰਤ ਵਿੱਚ ਕੋਰੋਨਾ ਦੀ ਤੀਜੀ ਲਹਿਰ ਆ ਸਕਦੀ ਹੈ ਇਸ ਲਈ ਸੰਸਥਾ ਦੁਆਰਾ ਵੈਂਟੀਲੇਟਰਾਂ ਨਾਲ ਭਾਰਤ ਦੀ ਸਹਾਇਤਾ ਕੀਤੀ ਜਾ ਰਹੀ ਹੈ।

ਇਸਦੇ ਇਲਾਵਾ ਏ ਏ ਵਾਈ ਐੱਮ ਦੇ ਉਪ-ਚੇਅਰਮੈਨ, ਡਾ. ਅਮਿਤ ਚਕਰਬੋਰਤੀ ਨੇ ਯੋਗਾ ਕੋਨ ਯੂ ਐਸ ਏ 2021 ਵਰਚੂਅਲ ਕਾਨਫਰੰਸ ਵਿੱਚ ਕਿਹਾ ਕਿ ਡੈਲਟਾ ਵਾਇਰਸ ਦੀ ਘਾਤਕ ਸਥਿਤੀ ਨੂੰ ਵੇਖਦੇ ਹੋਏ, ਵੈਂਟੀਲੇਟਰਾਂ ਦੀ ਵਧੇਰੇ ਜ਼ਰੂਰਤ ਹੈ। ਇਸ ਯੋਗਾ ਪ੍ਰੋਗਰਾਮ ਦਾ ਉਦਘਾਟਨ ਵਿਸ਼ਵ ਦੀ ਸਭ ਤੋਂ ਵੱਡੇ ਯੋਗਾ ਯੂਨੀਵਰਸਿਟੀ ਅਤੇ ਹਸਪਤਾਲ ਐਸ ਵੀ ਵਾਈ ਏ ਐਸ ਏ ਦੇ ਵਾਈਸ-ਚਾਂਸਲਰ ਡਾ. ਐਚ ਆਰ ਨਾਗੇਂਦਰ ਦੁਆਰਾ ਦੀਵੇ ਦੀ ਰੋਸ਼ਨੀ ਜਗ੍ਹਾ ਕੇ ਕੀਤਾ ਗਿਆ। ਮੁਰਲੀਧਰਨ ਨੇ ਕਿਹਾ ਕਿ ਦੁਨੀਆ ਨੂੰ ਸਕਾਰਾਤਮਕ ਰਹਿਣ ਅਤੇ ਮਜ਼ਬੂਤ ਮਨ ਦੇ ਸਿਹਤਮੰਦ ਸਰੀਰ ਲਈ ਯੋਗ ਦੀ ਜ਼ਰੂਰਤ ਹੈ। ਇਸ ਮੌਕੇ ਹੋਈ ਕਾਨਫ਼ਰੰਸ ਨੂੰ ਲੇਖਕ ਦੀਪਕ ਚੋਪੜਾ, ਡੇਵਿਡ ਫਰੌਲੀ, ਅਤੇ ਐਲੀਸਾ ਵਰਸਲ, ਇੰਟਰਨੈਸ਼ਨਲ ਐਸੋਸੀਏਸ਼ਨ ਆਫ ਯੋਗਾ ਥੈਰੇਪਿਸਟਸ (ਆਈ.ਏ ਵਾਈ.ਟੀ.) ਦੇ ਸੀ ਈ ਓ ਨੇ ਵੀ ਸੰਬੋਧਨ ਕੀਤਾ।

# ਅੱਗ ਲੱਗਣ ਕਾਰਨ ਹੋਈ ਇੱਕ ਹੀ ਪਰਿਵਾਰ ਦੇ ਤਿੰਨ ਜੀਆਂ ਦੀ ਮੌਤ

**ਫਰਿਜ਼ਨੋ (ਕੈਲੀਫੋਰਨੀਆ), 22 ਜੂਨ 2021-** ਪੈਨਸਿਲਵੇਨੀਆਂ ਵਿੱਚ ਸੋਮਵਾਰ ਨੂੰ ਵਾਪਰੇ ਇੱਕ ਅਗਨੀ ਕਾਂਡ ਨੇ ਇੱਕ ਹੀ ਘਰ ਦੇ ਤਿੰਨ ਮੈਂਬਰਾਂ ਦੀ ਜਾਨ ਲੈ ਲਈ ਹੈ। 21 ਜੂਨ ਨੂੰ ਸਵੇਰੇ ਤਕਰੀਬਨ 2 ਵਜੇ ਪੋਟਸਟਾਊਨ ਜੋ ਕਿ ਫਿਲਾਫੇਲਫਿਆ ਤੋਂ ਲੱਗਭਗ 40 ਮੀਲ ਉੱਤਰ ਪੱਛਮ ਵਿੱਚ ਸਥਿਤ ਹੈ ਦੇ ਇੱਕ ਘਰ ਵਿੱਚ ਅੱਗ ਲੱਗਣ ਕਾਰਨ ਇੱਕ 14 ਸਾਲਾਂ ਬੱਚੇ ਦੀ ਉਸਦੇ ਮਾਤਾ ਪਿਤਾ ਸਮੇਤ ਮੌਤ ਹੋਈ ਹੈ। ਇਸ ਪਰਿਵਾਰ ਦੇ ਇੱਕ



ਗੁਆਂਢੀ ਘਰ ਵੱਲੋਂ ਲੱਗੀ ਅੱਗ ਵੇਖ ਕੇ, ਇੱਕ ਪੁਲਿਸ ਅਧਿਕਾਰੀ ਨੂੰ ਇਸਦੀ ਸੂਚਨਾ ਦਿੱਤੀ ਗਈ। ਜਿਸ ਉਪਰੰਤ ਅੱਗ ਬੁਝਾਊ ਕਰਮਚਾਰੀਆਂ ਨੇ ਜਲਦੀ ਹੀ ਘਟਨਾ ਸਥਾਨ 'ਤੇ ਪਹੁੰਚਦਿਆਂ ਅੱਗ ਨਾਲ ਸੜ ਰਹੇ ਘਰ ਦੇ ਅੰਦਰ ਪਰਿਵਾਰ ਨੂੰ ਬਚਾਉਣ ਦੀ ਕੋਸਿਸ਼ ਕੀਤੀ ਪਰ ਅਧਿਕਾਰੀ ਅਸਫਲ ਰਹੇ। ਇਸ ਘਟਨਾ ਵਿੱਚ ਮਰਨ ਵਾਲੇ ਵਿਅਕਤੀ ਦੀ ਪਛਾਣ 48 ਸਾਲਾ ਜੋਸੇਫ ਨੋਰਟਨ ਵਜੋਂ ਕੀਤੀ ਗਈ ਹੈ, ਜਿਸਨੂੰ ਪੋਟਸਟਾਊਨ ਹਸਪਤਾਲ ਵਿੱਚ ਮ੍ਰਿਤਕ ਘੋਸ਼ਿਤ ਕੀਤਾ ਗਿਆ। ਜਦਕਿ ਪੁਲਿਸ ਵੱਲੋਂ ਅਜੇ ਉਸ ਦੇ 14 ਸਾਲ ਦੇ ਬੇਟੇ ਦੇ ਨਾਲ ਮਾਤਾ ਦਾ ਨਾਮ ਅਜੇ ਜਾਰੀ ਨਹੀਂ ਕੀਤਾ ਗਿਆ ਹੈ। ਇਸ ਘਰ ਨੂੰ ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਚੱਲ ਰਹੀ ਹੈ।

# ਚਰਨਜੀਤ ਸਿੰਘ ਬਾਠ ਅਤੇ ਜੋਗਾ ਸਿੰਘ ਮਾਹਿਲ ਵੱਲੋਂ ਕਾਂਗਰਸਮੈਨ ਜਿੰਮ ਕੋਸਟਾ ਲਈ ਫੰਡ ਇਕੱਤਰ










**ਫਰਿਜ਼ਨੋ (ਕੈਲੀਫੋਰਨੀਆਂ) 21 ਜੀਨ 2021–** ਫਰਿਜਨੋ ਏਰੀਏ ਦੀਆਂ ਜਾਣੀਆਂ ਪਹਿਚਾਣੀਆਂ ਸ਼ਖ਼ਸੀਅਤਾਂ ਫਾਰਮਰ ਚਰਨਜੀਤ ਸਿੰਘ ਬਾਠ ਅਤੇ ਫਾਰਮਰ ਜੋਗਾ ਸਿੰਘ ਮਾਹਿਲ ਵੱਲੋਂ ਮਾਹਿਲ ਫ਼ਾਰਮ ਤੇ ਤੇਜ ਸਿੰਘ ਮਾਹਿਲ ਦੇ ਯਤਨਾਂ ਸਦਕੇ ਕਾਗਰਸਮੈਨ ਜਿੰਮ ਕੌਸਟਾ ਲਈ ਫੰਡ ਰੇਜ਼ਰ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਬਾਠ ਪਰਵਾਰ ਅਤੇ ਮਾਹਿਲ ਪਰਵਾਰ ਦੇ ਤਮਾਮ ਦੋਸਤਾਂ ਮਿੱਤਰਾ ਅਤੇ ਪਰਵਾਰਾਂ ਨੇ ਸ਼ਰਿਕਤ ਕੀਤੀ, ਅਤੇ ਪੰਜਾਬੀ ਭਾਈਚਾਰੇ ਦੇ ਹਮਦਰਦ ਕਾਂਗਰਸਮੈਨ ਜਿੰਮ ਕੌਸਟਾ ਲਈ ਫੰਡ ਇਕੱਤਰ ਕੀਤਾ।

ਇਸ ਮੌਕੇ ਕਾਂਗਰਸਮੈਨ ਜਿੰਮ ਕੌਸਟਾ ਨੇ ਕਿਹਾ ਕਿ ਪਰਵਾਸੀ ਪੰਜਾਬੀਆਂ ਨੇ ਮਿਹਨਤ ਕਰਕੇ ਜੋ ਯੋਗਦਾਨ ਅਮਰੀਕਾ ਦੀ ਇਕੋਨਵੀਂ ਵਿੱਚ ਪਾਇਆ, ਉਸਦੀ ਸਿਫ਼ਤ ਕਰਨੀ ਬਣਦੀ ਹੈ। ਉਹਨਾਂ ਪ੍ਰੈਜ਼ੀਡੈਂਟ ਬਾਈਡਿਨ ਦੇ ਕੰਮ ਦੀ ਸਿਫ਼ਤ ਕਰਦਿਆਂ ਕਿਹਾ ਕਿ ਜੇ ਅੱਜ ਅਮਰੀਕਾ ਕੋਵਿੱਡ ਵਰਗੀ ਭਿਆਨਕ ਬਿਮਾਰੀ ਚੋਂ ਉੱਭਰਿਆ ਇਹ ਸਭ ਬਾਈਡਿਨ ਪ੍ਰਸ਼ਾਸਨ ਦੀ ਚੰਗੀ ਵਿਓਂਤਬੰਦੀ ਦਾ ਹੀ ਨਤੀਜਾ ਹੈ 'ਤੇ ਸ਼ਾਇਦ ਇਸੇ ਕਰਕੇ ਅੱਜ ਅਸੀਂ ਮਾਸਕ ਤੋਂ ਬਿਨਾਂ ਪਬਲੀਕਲੀ ਵਿਚਰ ਰਹੇ ਹਾਂ। ਉਹਨਾਂ ਕੈਲੀਫੋਰਨੀਆਂ ਦੇ ਪਾਣੀ ਦੇ ਸੰਕਟ ਦਾ ਮੁੱਦਾ ਵੀ ਛੋਇਆ ਤੇ ਅਖੀਰ ਵਿੱਚ ਉਹਨਾਂ ਕਿਹਾ ਕਿ ਮੈ ਪੰਜਾਬੀ ਭਾਈਚਾਰੇ ਨਾਲ ਹਮੇਸ਼ਾਂ ਖੜਾ ਹਾਂ ਅਤੇ ਖੜਾ ਰਹਾਂਗਾ ।

ਇਸ ਮੌਕੇ ਹੋਰਨਾਂ ਤੋ ਇਲਾਵਾ ਬਹਾਦਰ ਸਿੰਘ ਮਾਹਿਲ, ਦਵਿੰਦਰ ਮਾਹਿਲ, ਗੈਰੀ ਚਾਹਲ, ਸੁਰਿੰਦਰ ਸਿੰਘ ਨਿੱਝਰ ,ਅੰਮ੍ਰਿਤਪਾਨ ਨਿੱਝਰ, ਅਵਤਾਰ ਸਿੰਘ ਗਿੱਲ , ਰੇਡੀਓ ਪੰਜਾਬ ਟੂਡੇ ਤੋਂ ਗੁਰਪ੍ਰੀਤ ਨਿੱਜਰ, ਸਾਧੂ ਸਿੰਘ ਸੰਘਾ, ਨਿਰਮਲ ਗਿੱਲ, ਸੰਤੋਖ ਢਿਲ ਤੇ ਰਣਜੀਤ ਗਿੱਲ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਮਡੇਰਾ ਕਾਉਂਟੀ ਸੁਪਰਵਾਈਜ਼ਰ- ਬਰੇਟ ਫਰੇਜ਼ੀਅਰ, ਸਾਬਕਾ ਮਡੇਰਾ ਸਿਟੀ ਕੌਂਸਲਮੈਨ – ਵਿਲ ਓਲੀਵਰ, ਕੈਲੀਫੋਰਨੀਆ ਫਾਰਮ ਬਿਊਰੋ ਦੇ ਪ੍ਰਧਾਨ–ਜੈਮੇ ਜੋ–ਹਾਨਸਨ, ਫ੍ਰੀਐਂਟ ਵਾਟਰ ਅਥਾਰਟੀ ਦੇ ਸੀਈਓ – ਜੇਸਨ ਫਿਲਿਪ, ਮਡੇਰਾ ਕਾਲਜ ਦੇ ਪ੍ਰਧਾਨ – ਐਂਜਲ ਰੇਯਨਾ ਮਡੇਰਾ ਸਿੰਚਾਈ ਜ਼ਲ੍ਹਿ. ਨਿਰਦੇਸ਼ਕ – ਰਿਕ ਕੋਸਿੰਸ ਮਡੇਰਾ ਕਮਿਊਂਨਿਟੀ ਹਸਪਤਾਲ ਦੇ ਪ੍ਰਧਾਨ – ਕੈਰਨ ਪਾਓ–ਲੀਨੇਲੀ ਆਦਿ ਵੀ ਮਜੂਦ ਰਹੇ।

ਉਪਰੰਤ ਸਾਰੇ ਮਹਿਮਾਨਾਂ ਨੇ ਹਰਮਨਦੀਪ ਬਾਵਾ ਦੇ ਪੰਜਾਬੀ ਰੈਸਟੋਰੈਂਟ , ਨੌਰਥ ਪੁਆਇੰਟ ਇਵੈਂਟ ਸੈਂਟਰ ਵੱਲੋਂ ਸਰਵ ਕੀਤੇ, ਲਾਜੀਜ਼ ਖਾਣਿਆਂ ਦਾ ਆਨੰਦ ਮਾਣਿਆਂ।

# ਗੈਰ-ਬ੍ਰਾਹਮਣ ਪੁਜਾਰੀਆਂ ਦੀ ਨਿਯੁਕਤੀ 'ਤੇ ਸਟਾਲਿਨ ਸਰਕਾਰ ਅਤੇ ਭਾਜਪਾ ਵਿਚ ਤਕਰਾਰ

ਚੇਨਈ– ਤਾਮਿਲਨਾਡੂ ਦੀ ਐਮ. ਕੇ. ਸਟਾਲਿਨ ਸਰਕਾਰ ਨੇ 100 ਦਿਨਾਂ ਵਿਚ 200 ਗੈਰ ਬ੍ਰਾਹਮਣ ਪੁਜਾਰੀਆਂ ਦੀ ਨਿਯੁਕਤੀ ਦਾ ਐਲਾਨ ਕੀਤਾ ਹੈ। ਜਲਦੀ ਹੀ 100 ਦਿਨ ਦਾ ਸ਼ੈਵ ਅਚੰਕ ਕੋਰਸ ਆਰੰਭ ਹੋਵੇਗਾ, ਜਿਸਨੂੰ ਕਰਨ ਤੋਂ ਬਾਅਦ ਕੋਈ ਵੀ ਪੁਜਾਰੀ ਬਣ ਸਕਦਾ ਹੈ। ਨਿਯੁਕਤੀਆਂ ਤਾਮਿਲਨਾਡੂ ਹਿੰਦੂ ਰਿਲੀਜੀਅਸ ਐਂਡ ਚੈਰੀਟੇਬਲ ਇੰਡਾਮੇਟ ਡਿਪਾਰਟਮੈਂਟ ਦੇ ਅਧੀਨ ਆਉਣ ਵਾਲੇ 36000 ਮੰਦਰਾਂ ਵਿਚ ਹੋਵੇਗੀ। ਕੁਝ ਦਿਨਾਂ ਵਿਚ 70–100 ਗੈਰ ਬ੍ਰਾਹਮਣ ਪੁਜਾਰੀਆਂ ਦੀ ਪਹਿਲੀ ਲਿਸਟ ਜਾਰੀ ਹੋਵੇਗੀ। ਦੂਜੇ ਪਾਸੇ ਇਹ ਫੈਸਲਾ ਸਿਆਸੀ ਰੰਗ ਲੈਂਦਾ ਜਾ ਰਿਹਾ ਹੈ। ਭਾਜਪਾ ਨੇ ਕਿਹਾ ਕਿ ਡੀ. ਐਮ. ਕੇ. ਪਾਰਟੀ ਦੀ ਨੀਂਹ ਹਿੰਦੂ ਵਿਰੋਧ ਦ ਮੂਲ ਵਿਚਾਰ 'ਤੇ ਪਈ ਹੈ। ਕੀ ਸਰਕਾਰ ਕਿਸੇ ਮਸਜਿਦ ਜਾਂ ਚਰਚ ਨੂੰ ਕੰਟਰੋਲ ਵਿਚ ਲਵੇਗੀ? ਉਥੇ ਹੀ ਡੀ. ਐਮ. ਕੇ. ਸਾਂਸਦ ਕੰਨੀਮੋਝੀ ਨੇ ਕਿਹਾ ਕਿ ਖੁਦ ਨੂੰ ਹਿੰਦੂਆਂ ਦੀ ਰੱਖਿਅਕ ਦੱਸਣ ਵਾਲੀ ਭਾਜਪਾ ਇਕ ਹੀ ਵਰਗ ਦੇ ਨਾਲ ਕਿਉਂ ਖੜ੍ਹੀ ਹੈ?

ਇਸੇ ਵਿਚਕਾ ਤਾਮਿਲਨਾਡੂ ਦੇ ਧਰਮ ਮਾਮਲਿਆਂ ਦੇ ਮੰਤਰੀ ਪੀ. ਕੇ. ਸ਼ੇਖਰ ਬਾਬੂ ਨੇਕਿਹਾ ਕਿ ਮੰਤਰਾਲੇ ਦੇ ਅਧੀਨ ਆਉਣ ਵਾਲੇ ਮੰਦਰਾਂ ਵਿਚ ਪੂਜਾ ਤਮਿਲ ਵਿਚ ਹੋਵੇਗੀ। ਪ੍ਰਮੁੱਖ ਭਾਜਪਾ ਨੇਤਾ ਨਰਾਇਣਨ ਤਿਰੂਪਤੀ ਕਹਿੰਦੇ ਹਨ ਕਿ ਤਾਮਿਲਨਾਡੂ ਦੇ ਮੰਦਰਾਂ ਵਿਚ ਹਜ਼ਾਰਾਂ ਸਾਲ ਪੁਰਾਣੀ ਪ੍ਰੰਪਰਾ ਹੈ। ਮੰਦਰਾਂ ਵਿਚ ਪਹਿਲਾਂ ਤੋਂ ਗੈਰ ਬ੍ਰਾਹਮਣ ਪੁਜਾਰੀ ਹੈ। ਪ੍ਰਦੇਸ਼ ਭਾਜਪਾ ਉਪ ਪ੍ਰਧਾਨ ਕੇ. ਟੀ. ਰਾਘਵਨ ਨੇ ਕਿਹਾ, ਸਰਕਾਰ ਚਾਹੁੰਦੀਹੈ ਕਿ ਮੰਤਰ ਤਮਿਲ ਵਿਚ ਬੋਲੇ ਜਾਣ। ਇਹ ਕਿਵੇਂ ਹੋ ਸਕਦਾ ਹੈ?

# ਦਲਿਤ ਮਹਿਲਾ ਸਰਪੰਚ ਸਮੇਤ 6 ਨੇਤਾਵਾਂ ਦੀ ਜਮਾਨਤ ਅਤੇ ਜੇਲ੍ਹ ਤੋਂ ਰਿਹਾਈ

**ਨਾਭਾ–** ਇੱਥੇ ਡੀ. ਐਸ. ਪੀ. ਦਫਤਰ ਵਿਚ ਇਕ ਸਬ ਇੰ–ਸਪੈਕਟਰ ਪੁਲਿਸ ਅਤੇ ਚੌਂਕੀ ਇੰਚਾਰਜ ਹਰਭਜਨ ਸਿੰਘ ਦੀ ਵਰਦੀ 'ਤੇ ਹੱਥ ਪਾ ਕੇ ਮਾਰਕੁੱਟ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਦਲਿਤ ਔਰਤ ਸਰਪੰਚ ਭਿੰਦਰ ਕੌਰ, ਜਬਰ ਜੁਲਮ ਵਿਰੋਧੀ ਫਰੰਟ ਦੇ ਸੂਬਾ ਪ੍ਰਧਾਨ ਰਾਜ ਸਿੰਘ ਟੋਡਰਵਾਲ ਅਤੇ ਚਾਰ ਹੋਰ ਦਲਿਤ ਨੇਤਾਵਾਂ ਨੂੰ ਅਦਾਲਤ ਵਿਚ ਜਮਾਨਤ ਮਿਲਣ 'ਤੇ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਹੈ। ਇਹਨਾਂ ਨੂੰ ਕੋਤਵਾਲੀ ਪੁਲਿਸ ਨੇ 1 ਜੂਨ ਨੂੰ ਗ੍ਰਿਫਤਾਰ ਕੀਤਾ ਸੀ।

ਰਾਜ ਸਿੰਘ ਟੋਡਰਵਾਲ ਨੇ ਦੋਸ਼ ਲਗਾਇਆ ਕਿ ਮੇਰੀ ਪਤਨੀ ਅਤੇ ਸਾਡੇ 'ਤੇ ਸਦਰ ਥਾਣੇ ਵਿਚ ਕਈ ਘੰਟ ਤੱਕ ਗੈਰ ਮਨੁੱਖੀ ਜੁਲਮ ਕੀਤੇ ਗਏ ਸਨ। ਇਸ ਸਬੰਧੀ ਅਸੀਂ ਕੌਮੀ ਐਸ. ਸੀ. ਕਮਿਸ਼ਨ ਚੇਅਰਮੈਨ ਨੂੰ ਇਨਸਾਫ ਦੀ ਫਰਿਆਦ ਕਰਦੇ ਹੋਏ ਦੋ ਸਬ–ਇੰਸਪੈਕਟਰਾਂ ਦੇ ਖਿਲਾਫ ਜਾਤੀ ਸੂਚਕ ਸ਼ਬਦ ਕਹਿਣ ਦੇ ਲਈ ਐਸ. ਸੀ. ਐਕਟ ਦੇ ਤਹਿਤ ਕਾਰਵਾਈ ਦੀ ਮੰਗ ਕੀਤੀ ਹੈ। ਉਹਨਾਂ ਨੇ ਦੱਸਿਆ ਕਿ ਇਕ ਦਰਜਨ ਦਲਿਤ ਸੰਗਠਨਾਂ ਦੁਆਰਾ ਪੁਲਿਸ ਦੇ ਖਿਲਾਫ ਡਿਪਟੀ ਕਮਿਸ਼ਨਰ ਦਫਤਰ ਦਾ ਘਿਰਾਓ ਕੀਤਾ ਗਿਆ, ਜਿਸ ਵਿਚ ਭੀਮ ਆਰਮੀ ਦੇ ਕੌਮੀ ਪ੍ਰਧਾਨ ਚੰਦਰਸ਼ੇਖਰ ਅਤੇ ਨਰੇਗਾ ਫਰੰਟ ਦੇ ਕੌਮੀ ਪ੍ਰਧਾਨ ਰੇਸ਼ਮ ਸਿੰਘ ਕਾਹਲੋਂ ਸਮੇਤ ਦਲਿਤ ਨੇਤਾਵਾਂ ਨੂੰ ਝੂਠੇ ਕੇਸਾਂ ਵਿਚ ਫਸਾ ਕੇ ਪੁਲਿਸ ਟਾਰਚਰ ਕੀਤਾ ਗਿਆ ਹੈ। ਦੂਜੇ ਪਾਸੇ ਡੀ. ਐਸ. ਪੀ. ਰਾਜੇਸ਼ ਛਿੱਬੜ ਨੇ ਸਾਰੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ। ਇਹਨਾਂ ਦੇ ਖਿਲਾਫ ਧਾਰਾ 353, 186, 332, 188, 148, 149 ਆਈ. ਪੀ. ਐਸ. ਅਤੇ 51 ਡਿਜਾ–ਸਟਰ ਮੈਨੇਜਮੈਂਟ ਐਕਟ ਅਧੀਨ ਮਾਮਲਾ ਦਰਜ ਹੋਇਆ ਸੀ।

# ਨਰੇਗਾ ਵਰਕਰ ਫਰੰਟ ਅਤੇ ਮਜ਼ਦੂਰ ਕਿਸਾਨ ਦਲਿਤ ਫਰੰਟ ਦੀ ਮੀਟਿੰਗ

**ਖਰੜ–** ਨਰੇਗਾ ਵਰਕਰ ਫਰੰਟ ਅਤੇ ਮਜ਼ਦੂਰ ਕਿਸਾਨ ਦਲਿਤ ਫਰੰਟ ਦੀ ਸਾਂਝੀ ਮੀਟਿੰਗ ਖਰੜ ਵਿਖੇ ਨਰੇਗਾ ਵਰਕਰ ਫਰੰਟ ਇੰਡੀਆ ਦੇ ਪ੍ਰਧਾਨ ਸ. ਰੇਸ਼ਮ ਸਿੰਘ ਕਾਹਲੋਂ ਅਤੇ ਕਾਮਰੇਡ ਲਸ਼ਕਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ ਉਹਨਾਂ ਦੱਸਿਆ ਕਿ ਪੁਲਿਸ ਵੱਲੋਂ ਕੀਤੇ ਝੂਠੇ ਸ. ਬਿੱਕਰ ਸਿੰਘ ਬਡਵਾਲੀ ਨੂੰ ਨਰੇਗਾ ਫਰੰਟ ਜ਼ਿਲਾਂ ਰੋਪੜ ਪ੍ਰਧਾਨ ਅਤੇ ਸ. ਰਘਵੀਰ ਸਿੰਘ ਰੈਲੋਂ ਨੂੰ ਸ੍ਰੀ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ।

ਇਸ ਮੌਕੇ ਸ. ਰਾਜ ਸਿੰਘ ਟੋਡਰਵਾਲ ਪ੍ਰਧਾਨ ਜਬਰ ਜ਼ੁਲਮ



ਪਰਚਿਆਂ ਵਿਰੁੱਧ ਪਟਿਆਲਾ ਵਿਖੇ ਬੱਸ ਸਟੈਂਡ ਨੇੜੇ 24 ਜੂਨ ਨੂੰ ਦਿੱਤੇ ਜਾ ਰਹੇ ਧਰਨੇ ਵਿਚ ਅਕਾਲੀ ਦਲ ਸੰਯੁਕਤ ਦੇ ਪ੍ਰਧਾਨ ਅਤੇ ਰਾਜ ਸਭਾ ਮੈਂਬਰ ਸ. ਸੁਖਦੇਵ ਸਿੰਘ ਢੀਂਡਸਾ ਅਤੇ ਸਾਬਕਾ ਕੇਂਦਰੀ ਮੰਤਰੀ ਸ. ਬਲਵੰਤ ਸਿੰਘ ਰਾਮੂਵਾਲੀਆ ਵਿਸ਼ੇਸ਼ ਤੌਰ'ਤੇ ਸ਼ਿਰਕਤ ਕਰਨਗੇ।

ਮੀਟਿੰਗ ਵਿਚ ਹਾਊਸ ਦੀ ਸਹਿਮਤੀ ਨਾਲ ਸ. ਕੁਲਵੰਤ ਸਿੰਘ ਸੈਣੀ ਰੋਪੜ ਨੂੰ ਮਜ਼ਦੂਰ ਕਿਸਾਨ ਦਲਿਤ ਫਰੰਟ ਪੰਜਾਬ ਦਾ ਮੀਤ ਪ੍ਰਧਾਨ, ਵਿਰੋਧੀ ਫਰੰਟ, ਬੀਬੀ ਭਿੰਦਰ ਕੋਰ ਸਰਪੰਚ, ਸ. ਗੁਰਮੁਖ ਸਿਘ ਢੋਲਣਮ–ਾਜਰਾ ਜਨਰਲ ਸਕੱਤਰ, ਬਲਜੀਤ ਸਿੰਘ ਕਕਰਾਲੀ, ਲਖਵੀਰ ਸਿੰਘ ਬੌਬੀ, ਮਨਜੀਤ ਸਿੰਘ ਸੂਬਾ ਪ੍ਰਧਾਨ (ਟੀ. ਐਮ. ਸੀ.), ਕਰਮਵੀਰ ਸਿੰਘ ਲਾਲੀ ਮੁਹਾਲੀ, ਬੀਰ ਦਵਿੰਦਰ ਸਿੰਘ, ਸੰਦੀਪ ਬਿੱਟੂ, ਡਾ. ਮੋਨੂਅਲ ਮਸੀਹ, ਰਣਜੀਤ ਸਿੰਘ, ਅਸ਼ੋਕ ਕੁਮਾਰ, ਬੀਬੀ ਜਸਬੀਰ ਕੌਰ, ਰਮਨਪ੍ਰੀਤ ਕੌਰ, ਭੁਪਿੰਦਰ ਸਿੰਘ ਨੇ ਵੀ ਸੰਬੋਧਨ ਕੀਤਾ।

# ਕਾਰ-ਕੰਟੇਨਰ ਦੀ ਟੱਕਰ 'ਚ ਮਾਂ-ਪੁੱਤਰ ਦੀ ਮੌਤ



**ਕਰਤਾਰਪੁਰ–** ਜਲੰਧਰ ਤੋਂ ਅੰਮ੍ਰਿਤਸਰ ਜਾ ਰਹੀ ਆਲਟੋ ਕਾਰ ਸਵਾਰ ਮਾਂ–ਪੁੱਤਰ ਤੇ ਧੀ ਦੀ ਕਾਰ ਕੰਟੇਨਰ ਨਾਲ ਟਕਰਾਉਣ 'ਤੇ ਕਾਰ ਚਾਲਕ ਅਮਨਦੀਪ ਕੌਰ ਪਤਨੀ ਨਵਨੀਤ ਕੁਮਾਰ ਉਮਰ 40 ਸਾਲ, ਤੇਜਸ ਉਮਰ 11 ਸਾਲ ਪੁੱਤਰ ਨਵਨੀਤ ਕੁਮਾਰ ਦੀ ਮੌਕੇ ਤੇ ਹੀ ਮੌਤ ਹੋ ਗਈ ਜਦਕਿ ਪਿਛਲੀ ਸੀਟ ਉਪਰ ਬੈਠੀ ਸੀਰਤ ਉਮਰ 8 ਸਾਲ ਗੰਭੀਰ ਜ਼ਖਮੀ ਹੋ ਗਈ। ਇਸ ਸਬੰਧੀ ਏ. ਐਸ. ਆਈ. ਗੁਰਦੀਪ ਸਿੰਘ ਨੇ ਦੱਸਿਆ ਕਿ ਦੇਰ ਸ਼ਾਮ ਅਮਨਦੀਪ ਕੌਰ ਆਪਣੇ ਬੱਚਿਆਂ ਨਾਲ ਜਲੰਧਰ ਤੋਂ ਦਿਆਲਪੁਰ ਵੱਲ ਆ ਰਹੀ ਸੀ ਕਿ ਉਹਨਾਂ ਦੀ ਆਲਟੋ ਕਾਰ ਪਿੱਛੋਂ ਇਕ ਕੰਟੇਨਰ ਨਾਲ ਜ਼ੋਰਦਾਰ ਟਕਰਾਅ ਗਈ, ਜਿਸ ਨਾਲ ਕਾਰ ਚਾਲਕ ਅਮਨਦੀਪ ਦੀ ਮੌਕੇ 'ਤੇ ਹੀ ਮੌਤ ਹੋ ਗਈ ਤੇ ਜ਼ਖਮੀ ਉਸ ਦੇ ਬੇਟੇ ਅਤੇ ਬੇਟੀ ਨੂੰ ਦਿਆਲਪੁਰ ਦੇ ਇਕ ਨਿੱਜੀ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਵੱਲੋਂ ਬੇਟੇ ਤੇਜਸ ਨੂੰ ਵੀ ਮ੍ਰਿਤਕ ਕਰਾਰ ਦੇ ਦਿੱਤਾ ਗਿਆ, ਜਦਕਿ ਜ਼ਖਮੀ ਬੇਟੀ ਸੀਰਤ ਨੂੰ ਜਲੰਧਰ ਰੈਫਰ ਕਰ ਦਿੱਤਾ ਗਿਆ।

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# 5 ਮਹੀਨਿਆਂ ਵਿਚ 30 ਕਰੋੜ ਅਮਰੀਕੀਆਂ ਦੇ ਟੀਕਾਕਰਣ ਹੋਇਆ-ਬਾਇਡਨ


**ਸੈਕਰਾਮੈਂਟੋ 19 ਜੁਲਾਈ –** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਐਲਾਨ ਕੀਤਾ ਹੈ ਕਿ ਅਮਰੀਕਾ ਨੇ 5 ਮਹੀਨਿਆਂ ਵਿਚ 30 ਕਰੋੜ ਅਮਰੀਕੀਆਂ ਦੇ ਕੋਵਿਡ-19 ਟੀਕਾਕਰਣ ਕੀਤਾ ਹੈ। ਉਨਾਂ ਕਿਹਾ ਕਿ ਕੋਵਿਡ ਮਹਾਂਮਾਰੀ ਉਪਰ ਕਾਬੂ ਪਾਉਣ ਦੇ ਯਤਨਾਂ ਵਿਚ ਇਹ ਇਕ ਮੀਲ ਪੱਥਰ ਹੈ। ਰਾਸ਼ਟਰ-ਪਤੀ ਵਾਇਟ ਹਾਊਸ ਵਿਖੇ ਕੋਵਿਡ-19 ਬਾਰੇ ਗੱਲਬਾਤ ਕਰ ਰਹੇ ਸਨ। ਉਨਾਂ ਕਿਹਾ ਕਿ " 65% ਬਾਲਗ ਅਮਰੀਕੀਆਂ ਦੇ ਘੱਟੋ ਘੱਟ ਇਕ ਟੀਕਾ ਲੱਗ ਚੱਕਾ ਹੈ। ਇਨਾਂ ਵਿਚ 87% ਸਾਡੇ ਸੀਨੀਅਰ ਨਾਗਰਿਕ ਸ਼ਾਮਿਲ ਹਨ। 5 ਮਹੀਨੇ ਪਹਿਲਾਂ ਕੇਵਲ 5% ਅਮਰੀਕੀਆਂ ਦੇ ਇਕ ਟੀਕਾ ਲੱਗਾ ਸੀ।" ਬਾਇਡਨ ਨੇ ਹੋਰ ਕਿਹਾ ਕਿ ਟੀਕਾਕਰਣ ਨੇ ਨਸਲੀ ਭੇਦਭਾਵ ਦੇ ਪਾੜੇ ਨੂੰ ਖਤਮ ਕਰ ਦਿੱਤਾ ਹੈ। ਉਨਾਂ ਕਿਹਾ 58% ਤੋਂ ਵਧ ਟੀਕੇ ਸਿਆਹਫਾਮ ਲੋਕਾਂ ਦੇ ਲੱਗੇ ਹਨ। ਪਿਛਲੇ ਮਹੀਨੇ ਵਿਚ ਅਧਿਉਂ ਵਧ ਟੀਕੇ ਸਿਆਹਫਾਮ ਲੋਕਾਂ ਦੇ ਲਾਏ ਗਏ ਹਨ। ਉਨਾਂ ਕਿਹਾ ਕਿ ਵੈਕਸੀਨੇਸ਼ਨ ਰਾਹੀਂ ਨਸਲੀ ਪਾੜਾ ਘਟਾ ਕੇ ਜਿੰਦਗੀਆਂ ਨੂੰ ਬਚਾਇਆ ਜਾ ਸਕਦਾ ਹੈ। ਬਾਇਡਨ ਨੇ ਚਿਤਾਵਨੀ ਦਿੱਤੀ ਕਿ ਕੋਵਿਡ-19 ਡੈਲਟਾ ਵੇਰੀਐਂਟ ਤੋਂ ਬਚਣ ਦੀ ਲੋੜ ਹੈ ਜਿਸ ਨੇ ਪਿਛਲੇ ਮਹੀਨੇ ਭਾਰਤ ਵਿਚ ਭਾਰੀ ਤਬਾਹੀ ਮਚਾਈ ਹੈ। ਉਨਾਂ ਕਿਹਾ ਕਿ ਇਸ ਦਾ ਇਕੋ ਇਕ ਹੱਲ ਸਮੁੱਚੇ ਅਮਰੀਕੀਆਂ ਦਾ ਟੀਕਾਕਰਣ ਹੈ। ਇਸ ਲਈ ਰਹਿ ਗਏ ਅਮਰੀਕੀਆਂ ਨੂੰ ਤੁਰੰਤ ਟੀਕਾਕਰਣ ਕਰਵਾਉਣਾ ਚਾਹੀਦਾ ਹੈ। ਸਮੁੱਚੇ ਅਮਰੀਕੀ ਦੇ ਮੁਕੰਮਲ ਟੀਕਾਕਰਣ ਕਰਕੇ ਹੀ ਇਸ ਵੇਰੀਐਂਟ ਤੋਂ ਬਚਿਆ ਜਾ ਸਕਦਾ ਹੈ। ਰਾਸ਼ਟਰਪਤੀ ਨੇ ਕਿਹਾ ਕਿ ਸੱਚਾਈ ਇਹ ਹੈ ਕਿ ਜਿਥੇ ਟੀਕਾਕਰਣ ਹੋ ਚੁੱਕਾ ਹੈ ਉਥੇ ਮੌਤਾਂ ਦੀ ਗਿਣਤੀ ਤੇ ਮਰੀਜਾਂ ਦੀ ਗਿਣਤੀ ਬਹੁਤ ਤੇਜੀ ਨਾਲ ਘਟੀ ਹੈ ਪਰੰਤੂ ਮੰਦੇਭਾਗੀ ਜਿਨਾਂ ਰਾਜਾਂ ਵਿਚ ਵੈਕਸੀਨੇਸ਼ਨ ਦਰ ਘੱਟ ਹੈ, ਉਥੇ ਕੋਵਿਡ ਮਾਮਲੇ ਤੇ ਹਸਪਤਾਲ ਵਿਚ ਦਾਖਲ ਹੋਣ ਵਾਲੇ ਮਰੀਜ਼ਾਂ ਨਹੀਂ ਘੱਟ ਰਹੇ। ਰਾਸ਼ਟਰਪਤੀ ਨੇ ਕਿਹਾ ਕਿ ਹਸਪਤਾਲਾਂ ਵਿਚ ਉਹ ਲੋਕ ਆ ਰਹੇ ਹਨ ਜਿਨਾਂ ਦੇ ਟੀਕਾਕਰਣ ਨਹੀਂ ਹੋਇਆ। ਉਨਾਂ ਕਿਹਾ ਕਿ 4 ਜੁਲਾਈ ਨੂੰ ਅਸੀਂ ਆਜ਼ਾਦੀ ਦੇ ਜਸ਼ਨ ਮਨਾਉਣ ਜਾ ਰਹੇ ਹਾਂ ਇਸ ਲਈ ਹਰ ਹਾਲਤ ਵਿਚ ਕੋਵਿਡ ਟੀਕਾਕਰਣ ਜ਼ੂਰਰੀ ਹੈ। ਉਨਾਂ ਕਿਹਾ ਕਿ ਆਓ ਆਪਾਂ ਸਾਰੇ ਮਿਲ ਕੇ ਆਜ਼ਾਦੀ ਦੇ ਜਸ਼ਨਾਂ ਦੇ ਨਾਲ ਕੋਵਿਡ ਉਪਰ ਫਤਿਹ ਦੇ ਵੀ ਜਸ਼ਨ ਮਨਾਈਏ। ਇਥੇ ਜਿਕਰਯੋਗ ਹੈ ਕਿ ਰਾਸ਼ਟਰਪਤੀ ਨੇ 4 ਜੁਲਾਈ ਤੱਕ 70% ਬਾਲਗ ਅਮਰੀਕੀਆਂ ਦੇ ਟੀਕਾਕਰਣ ਕਰਨ ਦਾ ਟੀਚਾ ਮਿਥਿਆ ਹੈ। ਉਨਾਂ ਪਿਛਲੇ ਮਹੀਨੇ ਐਲਾਨ ਕੀਤਾ ਸੀ ਕਿ 4 ਜੁਲਾਈ ਤੱਕ 70% ਬਾਲਗ ਅਮਰੀਕੀਆਂ ਦੇ ਘੱਟੋ ਘੱਟ ਇਕ ਟੀਕਾ ਜਰੂਰ ਲੱਗ ਜਾਣਾ ਚਾਹੀਦਾ ਹੈ। ਸੈਂਟਰ ਫਾਰ ਡਸੀਜ਼ ਕੰਟਰੋਲ ( ਸੀ ਡੀ ਸੀ) ਅਨੁਸਾਰ ਸ਼ੁੱਕਰਵਾਰ ਸਵੇਰ ਤੱਕ ਤਕਰੀਬਨ 31 ਕਰੋੜ 50 ਲੱਖ ਟੀਕੇ ਲੱਗ ਚੁੱਕੇ ਹਨ। ਹੁਣ ਤੱਕ 18 ਸਾਲ ਤੋਂ ਉਪਰ 65% ਅਮਰੀਕੀ ਆਬਾਦੀ ਦੇ ਇਕ ਟੀਕਾ ਲੱਗ ਚੁੱਕਾ ਹੈ। ਇਸ ਮਹੀਨੇ ਦੇ ਸ਼ੁਰੂ ਵਿਚ ਰਾਸ਼ਟਰਪਤੀ ਨੇ ਐਲਾਨ ਕੀਤਾ ਸੀ ਕਿ ਅਮਰੀਕੀਆਂ ਨੂੰ ਟੀਕਾ ਲਵਾਉਣ ਲਈ ਰਾਜੀ ਕਰਨ ਵਾਸਤੇ ਇਕ ਮੁਹਿੰਮ ਵਿੱਢੀ ਜਾਵੇਗੀ। ਉਨਾਂ ਨੇ 'ਦੁਕਾਨਾਂ ਉਪਰ ਟੀਕਾਕਰਣ' ਕਰਨ ਦਾ ਐਲਾਨ ਕੀਤਾ ਸੀ। ਇਸ ਮੁਹਿੰਮ ਸਦਕਾ ਸਿਆਹਫਾਮ ਲੋਕਾਂ ਦੀਆਂ 1000 ਨਾਈ ਦੀਆਂ ਦੁਕਾਨਾਂ ਤੇ ਬਿਊਟੀ ਸੈਲੂਨਾਂ ਵਿਚ ਟੀਕਕਰਣ ਸ਼ੁਰੂ ਹੋਇਆ ਸੀ। ਜੌਹਨ ਹੋਪਕਿਨਜ ਯੂਨੀਵਰਸਿਟੀ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਅਮਰੀਕਾ ਵਿਚ ਲੰਘੇ ਮੰਗਲਵਾਰ ਤੱਕ 6 ਲੱਖ ਲੋਕਾਂ ਦੀ ਕੋਵਿਡ ਕਾਰਨ ਮੌਤ ਹੋ ਚੁੱਕੀ ਹੈ ਤੇ ਪੁਸ਼ਟੀ ਹੋਏ ਮਾਮਲੇ 33 ਕਰੋੜ ਨੂੰ ਪਾਰ ਕਰ ਚੱਕੇ ਹਨ।

# ਭਾਰਤੀ ਮੂਲ ਦੇ ਅਮਰੀਕੀ ਨੇ ਮੈਡੀਕਲ ਕਾਰੋਬਾਰ ਦੇ ਖਰੀਦਦਾਰਾਂ ਨਾਲ ਮਾਰੀ 50 ਲੱਖ ਡਾਲਰ ਦੀ ਠੱਗੀ

**ਸੈਕਰਾਮੈਂਟੋ 18 ਜੂਨ–** ਮਿਸ਼ੀਗਨ ਵਾਸੀ ਭਾਰਤੀ ਮੂਲ ਦੇ ਇਕ ਅਮਰੀਕੀ ਨੇ ਮੈਡੀਕਲ ਨਾਲ ਸਬੰਧਤ ਕਾਰੋਬਾਰ ਅਵਸਰਾਂ ਦੀ ਵਿਕਰੀ ਦੀ ਇਸ਼ਤਿਹਾਰਬਾਜੀ ਕਰਕੇ 70 ਦੇ ਕਰੀਬ ਲੋਕਾਂ ਨਾਲ 50 ਲੱਖ ਡਾਲਰਾਂ ਦੀ ਠੱਗੀ ਮਾਰੀ ਹੈ। ਮਿਲਨ (ਮਿਸ਼ੀਗਨ) ਦੇ ਰਹਿਣ ਵਾਲੇ ਇਸ ਭਾਰਤੀ ਮੂਲ ਦੇ ਅਮਰੀਕੀ ਵਿਜੇ ਰੈਡੀ (45) ਨੇ ਅਦਾਲਤ ਵਿਚ ਆਪਣਾ ਗੁਨਾਹ ਕਬੂਲ ਕਰ ਲਿਆ ਹੈ। ਇਹ ਜਾਣਕਾਰੀ ਨਿਆਂ ਵਿਭਾਗ ਵੱਲੋਂ ਜਾਰੀ ਪ੍ਰੈਸ ਬਿਆਨ ਵਿਚ ਕਾਰਜਕਾਰੀ ਯੂ ਐਸ ਅਟਾਰਨੀ ਰਚੇਲ ਏ ਹੋਨਿਗ ਨੇ ਦਿੱਤੀ ਹੈ। ਡਿਸਟ੍ਰਿਕਟ ਜੱਜ ਰਾਬਰਟ ਬੀ ਕੁਗਲਰ ਦੀ ਅਦਾਲਤ ਵਿਚ ਪੇਸ਼ ਕੀਤੇ ਗਏ ਦਸਤਾਵੇਜਾਂ ਅਨੁਸਾਰ ਰੈਡੀ ਦੇ ਉਸ ਦੇ ਸਾਜਿਸ਼ਕਾਰਾਂ ਡੇਵਿਡ ਵੀਨਸਟੀਨ ਤੇ ਕੈਵਿਨ ਬਰਾਊਨ ਨੇ ਦਸੰਬਰ 2015 ਤੋਂ ਨਵੰਬਰ 2020 ਤੱਕ ਵੱਖ ਵੱਖ ਵੈਬਸਾਈਟਾਂ ਉਪਰ ਡਾਕਟਰੀ ਖੇਤਰ ਵਿਚ ਕਾਰੋਬਾਰੀ ਅਵਸਰਾਂ ਸਬੰਧੀ ਇਸ਼ਤਿਹਾਰ ਦਿੱਤੇ ਜਿਨਾਂ ਵਿਚ ਕਿਹਾ ਗਿਆ ਸੀ ਕਿ ਉਹ ਮੈਡੀਕਲ ਪ੍ਰੋਵਾਈਡਰਾਂ ਸਮੇਤ ਠੇਕਿਆਂ ਦੇ 'ਬਲਾਕ' ਦੀ ਵਿਕਰੀ ਕਰਨਗੇ। ਇਨਾਂ ਬਲਾਕ ਦੇ ਖਰੀਦਦਾਰ&; ਠੇਕੇ ਦੀਆਂ ਸੇਵਾਵਾਂ ਮੈਡੀਕਲ ਪ੍ਰੋਵਾਈਡਰਾਂ ਨੂੰ ਦੇਣਗੇ ਤੇ ਮੁਨਾਫਾ ਕਮਾਉਣਗੇ। ਇਹ ਵੀ ਵਾਅਦਾ ਕੀਤਾ ਗਿਆ ਸੀ ਕਿ ਉਹ ਖਰੀਦਦਾਰਾਂ ਨੂੰ ਪੱਕੇ ਗਾਹਕ ਵੀ ਮੁਹੱਈਆ ਕਰਵਾਉਣਗੇ ਜਦ ਕਿ ਹਕੀਕਤ ਵਿਚ ਅਜਿਹਾ ਕੁੱਝ ਵੀ ਨਹੀਂ ਸੀ। ਸਭ ਕੁਝ ਝੂਠ ਸੀ। ਪੀੜਤਾਂ ਨੇ 15000 ਡਾਲਰ ਤੋਂ ਲੈ ਕੇ 2,40,000 ਡਾਲਰਾਂ ਦੀ ਅਦਾਇਗੀ ਵੀਨਸਟੀਨ ਤੇ ਬਰਾਊਨ ਦੇ ਕੰਟਰੋਲ ਵਾਲੇ ਖਾਤਿਆਂ ਵਿਚ ਕੀਤੀ। ਇਸ ਤਰਾਂ ਇਨਾਂ ਨੇ ਘੱਟੋ ਘੱਟ 50 ਲੱਖ ਡਾਲਰ ਦੀ ਠੱਗੀ ਮਾਰੀ। ਇਹ ਪੈਸਾ ਇਨਾਂ ਨੇ ਖਾਣ ਪੀਣ ਤੇ ਐਸ਼ੋ ਅਰਾਮ ਉਪਰ ਖਰਚ ਕਰ ਦਿੱਤਾ। ਜਾਰੀ ਰਲੀਜ ਅਨੁਸਾਰ ਰੈਡੀ ਨੇ 50 ਲੱਖ ਡਾਲਰ ਵਾਪਿਸ ਮੋੜਨ ਉਪਰ ਸਹਿਮਤੀ ਦਿੱਤੀ ਹੈ। ਉਸ ਨੂੰ 20 ਅਕਤੂਬਰ 2021 ਨੂੰ ਸਜਾ ਸੁਣਾਈ ਜਾਵੇਗੀ। ਰਲੀਜ ਅਨੁਸਾਰ ਵੀਨਸਟੀਨ ਤੇ ਬਰਾਊਨ ਵਿਰੁੱਧ ਸ਼ਿਕਾਇਤ ਵਿਚ ਕੇਵਲ ਦੋਸ਼ ਲਾਏ ਗਏ ਹਨ ਤੇ ਸਮਝਿਆ ਜਾਂਦਾ ਹੈ ਕਿ ਉਹ ਨਿਰਦੋਸ਼ ਹਨ।

# ਮੈਟਰੋ ਫੋਨਿਕਸ ਵਿਚ 8 ਥਾਵਾਂ 'ਤੇ ਚੱਲੀਆਂ ਗੋਲੀਆਂ, 1 ਮੌਤ 12 ਜ਼ਖਮੀ

**ਸੈਕਰਾਮੈਂਟੋ 18 ਜੂਨ–** ਮੈਟਰੋ ਫੋਨਿਕਸ ਦੇ ਪੱਛਮੀ ਵਾਦੀ ਖੇਤਰ ਵਿਚ 8 ਥਾਵਾਂ ਉਪਰ ਹੋਈਆਂ ਗੋਲੀਬਾਰੀ ਦੀਆਂ ਘਟਨਾਵਾਂ ਵਿਚ ਘੱਟੋ ਘੱਟ 1 ਵਿਅਕਤੀ ਮਾਰਿਆ ਗਿਆ ਤੇ 12 ਹੋਰ ਜਖਮੀ ਹੋ ਗਏ। ਫੋਨਿਕਸ ਦੇ ਉਤਰ ਪੱਛਮ ਵਿਚ ਇਕ ਬੰਦੂਕਧਾਰੀ ਨੇ 4 ਵਿਅਕਤੀਆਂ ਨੂੰ ਗੋਲੀਆਂ ਮਾਰੀਆਂ ਜਿਨਾਂ ਵਿਚੋਂ ਇਕ ਦੀ ਮੌਤ ਹੋ ਗਈ। ਸਾਰਜੈਂਟ ਬਰੈਂਡਨ ਸ਼ੈਫਰਟ ਅਨੁਸਾਰ 9 ਹੋਰ ਲੋਕ ਹੋਰ ਘਟਨਾਵਾਂ ਵਿਚ ਜ਼ਖਮੀ ਹੋਏ ਹਨ। ਉਨਾਂ ਕਿਹਾ ਕਿ ਗੋਲੀਬਾਰੀ ਦੀਆਂ 8 ਘਟਨਾਵਾਂ ਇਕ ਘੰਟੇ ਦੇ ਸਮੇ ਵਿਚ ਹੋਈਆਂ ਹਨ। ਇਹ ਘਟ-ਨਾਵਾਂ ਗਲੈਨਡੇਲ, ਪੀਓਰੀਆ ਤੇ ਫੋਨਿਕਸ ਦੇ ਉਤਰ ਪੱਛਮੀ ਤਿੰਨ ਸ਼ਹਿਰਾਂ ਵਿਚ ਹੋਈਆਂ ਹਨ।



ਪੁਲਿਸ ਨੇ ਖੇਤਰ ਵਿਚ ਇਕ ਸ਼ੱਕੀ ਵਾਹਣ ਘੰਮਦਿਆਂ ਵੇਖਿਆ ਜਿਸ ਵਿਚੋਂ ਸ਼ੱਕੀ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਿਸ ਅਨੁਸਾਰ ਸ਼ੱਕੀ ਦੋਸ਼ੀ ਨੇ ਗ੍ਰਿਫਤਾਰੀ ਵੇਲੇ ਕੋਈ ਅੜਿਕਾ ਨਹੀਂ ਪਾਇਆ। ਉਸ ਦੇ ਵਾਹਣ ਵਿਚੋਂ ਇਕ ਹਥਿਆਰ ਵੀ ਬਰਾਮਦ ਹੋਇਆ ਹੈ। ਮਾਮਲੇ ਦੀ ਜਾਂਚ ਲਈ ਪੁਲਿਸ ਦੀ ਐਫ ਬੀ ਆਈ ਮੱਦਦ ਕਰ ਰਹੀ ਹੈ।

# ਅਲਾਬਾਮਾ ਵਿਚ ਆਏ ਜਬਰਦਸਤ ਤੂਫਾਨ ਕਾਰਨ ਹੋਏ ਹਾਦਸੇ ਵਿਚ 9 ਬੱਚਿਆਂ ਸਮੇਤ 10 ਮੌਤਾਂ








**ਸੈਕਰਾਮੈਂਟੋ 21 ਜੂਨ–** ਅਲਾਬਾਮਾ ਵਿਚ ਆਏ ਤੇਜ ਤੂਫਾਨ, ਝਖੜ ਤੇ ਮੀਂਹ ਕਾਰਨ ਵਾਪਰੇ ਹਾਦਸੇ ਵਿਚ 9 ਸਕੂਲੀ ਬੱਚਿਆਂ ਸਮੇਤ 10 ਲੋਕਾਂ ਦੀ ਮੌਤ ਹੋ ਗਈ ਜਦ ਕਿ ਇਕ ਹੋਰ ਘਟਨਾ ਵਿਚ ਘਰ ਉਪਰ ਦਰੱਖਤ ਡਿੱਗਣ ਕਾਰਨ 24 ਸਾਲਾ ਪਿਤਾ ਤੇ ਉਸ ਦੇ 3 ਸਾਲਾ ਪੁੱਤਰ ਦੀ ਮੌਤ ਹੋ ਗਈ। ਨੈਸ਼ਨਲ ਹੁਰੀਕੇਨ ਸੈਂਟਰ ਨੇ ਚਿਤਾਵਨੀ ਦਿੱਤੀ ਹੈ ਕਿ ਅਗਲੇ ਇਕ ਦੋ ਦਿਨਾਂ ਦੌਰਾਨ ਤੂਫਾਨ ਦੁਬਾਰਾ ਗਤੀ ਫੜ ਸਕਦਾ ਹੈ ਤੇ ਤੇਜ ਝਖੜ ਨਾਲ ਮੀਂਹ ਪੈ ਸਕਦਾ ਹੈ। ਹੁਰੀਕੇਨ ਸੈਂਟਰ ਅਨੁਸਾਰ ਫਲੋਰੀਡਾ ਪੈਨਹੈਂਡਲ ਦੇ ਪੂਰਬੀ ਹਿੱਸੇ, ਉਤਰੀ ਫਲੋਰੀਡਾ, ਦੱਖਣੀ ਜਾਰ-ਜੀਆ, ਕੇਂਦਰੀ ਤੇ ਤੱਟੀ ਦੱਖਣੀ ਕੈਰੋਲੀਨਾ, ਪੂਰਬੀ ਤੇ ਉਤਰੀ ਕੈਰੋਲੀਨਾ ਵਿਚ ਤੂਫਾਨ ਦੇ ਨਾਲ ਨਾਲ ਭਾਰੀ ਬਾਰਿਸ਼ ਹੋ ਸਕਦੀ ਹੈ। ਬਟਲਰ ਕਾਊਂਟੀ ਦੇ ਸ਼ੈਰਿਫ ਡੈਨੀ ਬੌਂਡ ਅਨੁਸਾਰ ਹਾਦਸਾ ਇੰਟਰ ਸਟੇਟ 65 ਉਪਰ ਦੁਪਹਿਰ ਬਾਅਦ 2.30 ਵਜੇ ਵਾਪਰਿਆ।

ਹਾਦਸੇ ਵਿਚ 18 ਗੱਡੀਆਂ ਇਕ ਦੂਜੀ ਨਾਲ ਟਕਰਾਅ ਗਈਆਂ। ਬੱਚੇ ਰੀਟਟਾਊਨ ਹਾਈ ਸਕੂਲ ਤੋਂ ਵਾਪਿਸ ਆ ਰਹੇ ਸਨ ਕਿ ਰਾਹ ਵਿਚ ਹਾਦਸਾ ਵਾਪਰ ਗਿਆ। ਇਸ ਹਾਦਸੇ ਵਿਚ ਅਨੇਕਾਂ ਲੋਕ ਜਖਮੀ ਵੀ ਹੋਏ ਹਨ। ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਹਾਦਸੇ ਦੀ ਜਾਂਚ ਕਰ ਰਿਹਾ ਹੈ।

# ਪਿਤਾ ਦਿਵਸ 'ਤੇ ਜਿਲ ਬਾਇਡਨ ਨੇ ਜੋਅ ਬਾਇਡਨ ਨੂੰ ਪਰਿਵਾਰ ਦਾ ਧੁਰਾ ਕਰਾਰ ਦਿੱਤਾ

**ਸੈਕਰਾਮੈਂਟੋ 21 ਜੂਨ–** ਪਿਤਾ ਦਿਵਸ ਵਿਸ਼ਵ ਭਰ ਵਿਚ ਵੱਖ ਵੱਖ ਢੰਗ ਤਰੀਕਿਆਂ ਨਾਲ ਮਨਾਇਆ ਗਿਆ ਤੇ ਬਹੁਤੇ ਬੱਚਿਆਂ ਨੇ ਰਸਮੀ ਤੌਰ 'ਤੇ ਫੋਨ ਉਪਰ ਆਪਣੇ ਪਿਤਾ ਨੂੰ ਪਿਤਾ ਦਿਵਸ ਦੀ ਵਧਾਈ ਦਿੱਤੀ। ਕਈਆਂ ਨੇ ਪਾਰਟੀਆਂ ਕਰਕੇ ਇਸ ਦਿਵਸ ਨੂੰ ਅਹਿਮ ਬਣਾਊਣ ਦੀ ਕੋਸ਼ਿਸ਼ ਕੀਤੀ।

ਅਮਰੀਕਾ ਦੀ ਪਹਿਲੀ ਔਰਤ ਜਿਲ ਬਾਇਡਨ ਨੇ ਆਪਣੇ ਪਤੀ ਰਾਸ਼ਟਰਪਤੀ ਜੋਅ ਬਾਇਡਨ ਨੂੰ ਪਰਿਵਾਰ ਦਾ ਧੁਰਾ ਕਰਾਰ ਦਿੱਤਾ । ਉਨਾਂ ਨੇ ਸ਼ੋਸਲ ਮੀਡੀਆ ਉਪਰ ਪਾਈ ਪੋਸਟ ਵਿਚ ਕਿਹਾ ਹੈ " ਮੇਰੇ ਬੱਚਿਆਂ ਦੇ ਪਿਤਾ ਤੁਹਾਡਾ ਅਸੀਮਿਤ ਪਿਆਰ ਸਾਡੇ ਲਈ ਚਾਨਣ ਮੁਨਾਰਾ ਹੈ ਤੁਸੀਂ ਪਰਿਵਾਰ ਦਾ ਧੁਰਾ ਹੋ ,ਜੋਅ ਅਸੀਂ ਤੈਨੂੰ ਪਿਆਰ ਕਰਦੇ ਹਾਂ 'ਹੈਪੀ ਫਾਦਰ'ਜ ਡੇਅ'।

"ਜਿਲ ਬਾਇਡਨ ਨੇ ਆਪਣੇ ਪਿਤਾ ਸਵਰਗੀ ਡੋਨਲਡ ਜੈਕੋਬਸ ਜਿਨਾਂ ਨੇ ਦੂਸਰੀ ਵਿਸ਼ਵ ਜੰਗ ਵਿਚ ਹਿੱਸਾ ਲਿਆ ਸੀ, ਨੂੰ ਵੀ ਯਾਦ ਕੀਤਾ ਤੇ ਕਿਹਾ ਉਹ ਮੇਰੇ ਪਹਿਲੇ ਹੀਰੋ ਸਨ।

ਉਨਾਂ ਲਿਖਿਆ ਹੈ " ਮੈ ਜਦੋਂ ਅੱਖਾਂ ਬੰਦ ਕਰਦੀ ਹਾਂ ਤਾਂ ਮੇਰੇ ਪਿਤਾ ਦੀ ਹੌਂਸਲਾ ਦੇਣ ਵਾਲੀ ਅਵਾਜ਼ ਸੁਣਾਈ ਦਿੰਦੀ ਹੈ ' ਗੁੱਡ ਫਾਰ ਯੂ ਜਿਲੀ-ਬੀਨ" ਮੈ ਉਨਾਂ ਨੂੰ ਹਮੇਸ਼ਾਂ ਖਾਸ ਕਰਕੇ ਪਿਤਾ ਦਿਵਸ ਮੌਕੇ ਯਾਦ ਕਰਦੀ ਹਾਂ। ਅੱਜ ਮੇਰਾ ਦਿੱਲ ਉਨਾਂ ਲਈ ਵੀ ਧੜਕ ਰਿਹਾ ਹੈ ਜਿਨਾਂ ਦੇ ਪਿਤਾ ਨਹੀਂ ਰਹੇ।

# ਕੋਲੋਰਾਡੋ ਵਿਚ ਹੋਈ ਗੋਲੀਬਾਰੀ ਵਿਚ ਇਕ ਪੁਲਿਸ ਅਧਿਕਾਰੀ ਸਮੇਤ 3 ਮਰੇ

**ਸੈਕਰਾਮੈਂਟੋ 22 ਜੂਨ–** ਕੋਲੋਰਾਡੋ ਵਿਚ ਗੋਲੀਬਾਰੀ ਦੀ ਵਾਪਰੀ ਇਕ ਘਟਨਾ ਵਿਚ ਇਕ ਪੁਲਿਸ ਅਧਿਕਾਰੀ ਤੇ ਸ਼ੱਕੀ ਹਮਲਾਵਰ ਸਮੇਤ 3 ਵਿਅਕਤੀ ਮਾਰੇ ਗਏ। ਗੋਲੀਬਾਰੀ ਦੀ ਇਹ ਘਟਨਾ ਸ਼ਾਪਿੰਗ ਜਿਲੇ ਵਿਚ ਡੈਨਵਰ ਦੇ ਨੀਮ ਸ਼ਹਿਰੀ ਖੇਤਰ ਵਿਚ ਵਾਪਰੀ। ਅਰਵਾਡਾ ਪੁਲਿਸ ਵਿਭਾਗ ਦੇ ਉਪ ਮੁਖੀ ਐਡ ਬਰਾਡੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਸਿਆ ਕਿ ਦੁਪਹਿਰ ਬਾਅਦ ਪੁਲਿਸ ਨੂੰ ਅਰਵਾਡਾ ਦੇ ਓਲਡ ਟਾਊਨ ਸਕੁਏਅਰ ਵਿਚ ਗੋਲੀ ਚੱਲਣ ਦੀ ਸੂਚਨਾ ਮਿਲੀ ਸੀ।



ਇਸ ਗੋਲੀਬਾਰੀ ਵਿਚ ਇਕ ਪੁਲਿਸ ਅਫਸਰ ਤੇ ਸ਼ੱਕੀ ਬੰਦੂਕਧਾਰੀ ਮਾਰਿਆ ਗਿਆ। ਤੀਸਰੇ ਮ੍ਰਿਤਕ ਦੀ ਪਛਾਣ ਇਕ ਸਮਾਰੀਟਨ ਵਿਅਕਤੀ ਵਜੋਂ ਹੋਈ ਹੈ ਜਿਸ ਨੂੰ ਸਮਝਿਆ ਜਾਂਦਾ ਹੈ ਕਿ ਸ਼ੱਕੀ ਵਿਅਕਤੀ ਨੇ ਗੋਲੀ ਮਾਰੀ ਸੀ। ਪੁਲਿਸ ਨੇ ਘਟਨਾ ਬਾਰੇ ਹੋਰ ਕੋਈ ਖੁਲਾਸਾ ਨਹੀਂ ਕੀਤਾ ਹੈ ਤੇ ਕੇਵਲ ਏਨਾ ਹੀ ਕਿਹਾ ਹੈ ਕਿ ਘਟਨਾ ਵਿਚ ਹੋਰ ਕੋਈ ਵਿਅਕਤੀ ਸ਼ਾਮਿਲ ਨਹੀਂ ਹੈ।

# ਅਮਰੀਕਾ ਵਿਚ ਵੱਖ ਵੱਖ ਥਾਵਾਂ 'ਤੇ ਗੋਲੀਬਾਰੀ ਦੀਆਂ ਦੋ ਘਟਨਾਵਾਂ ਵਿਚ 3 ਮੌਤਾਂ.8 ਜ਼ਖਮੀ

**ਸੈਕਰਾਮੈਂਟੋ 22 ਜੂਨ–** ਸੈਕਰਾਮੈਂਟੋ 20 ਜੂਨ- ਬੈਟਨ ਰੌਗ ( ਲੋਇਸੀਆਨਾ) ਵਿਚ ਅਣਪਛਾਤੇ ਬੰਦੂਕਧਾਰੀਆਂ ਵੱਲੋਂ ਗੋਲੀਆਂ ਮਾਰ ਕੇ 2 ਵਿਅਕਤੀਆਂ ਦੀ ਹੱਤਿਆ ਕਰ ਦਿੱਤੀ ਗਈ ਤੇ 4 ਹੋਰਨਾਂ ਨੂੰ ਜ਼ਖਮੀ ਕਰ ਦਿੱਤਾ। ਗੋਲਬਾਰੀ ਦੀ ਇਹ ਘਟਨਾ ਲੰਘੇ ਦਿਨ ਤੜਕਸਾਰ ਵਾਪਰੀ। ਪੁਲਿਸ ਅਨੁਸਾਰ ਪਾਰਕਿੰਗ ਲਾਟ ਵਿਚ ਅਣਪਛਾਤੇ ਵਿਅਕਤੀਆਂ ਤੇ ਪਾਰਟੀ ਕਰ ਰਹੇ ਕੁਝ ਲੋਕਾਂ ਵਿਚਾਲੇ ਹੋਏ ਤਕਰਾਰ ਤੋਂ ਬਾਅਦ ਅਣਪਛਾਤਿਆਂ ਵੱਲੋਂ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ। ਕੁਲ 6 ਵਿਅਕਤੀ ਗੋਲੀਆਂ ਵੱਜਣ ਕਾਰਨ ਜ਼ਖਮੀ ਹੋਏ ਜਿਨਾਂ ਵਿਚੋਂ ਬਾਅਦ ਵਿਚ 2 ਦਮ ਤੋੜ ਗਏ ਤੇ ਬਾਕੀ ਅਜੇ ਇਲਾਜ਼ ਅਧੀਨ ਹਨ। ਪੁਲਿਸ ਨੇ ਦੋਸ਼ੀਆਂ ਦੀ ਭਾਲ ਲਈ ਲੋਕਾਂ ਤੋਂ ਮੱਦਦ ਮੰਗੀ ਹੈ। ਇਕ ਹੋਰ ਰਿਪੋਰਟ ਅਨੁਸਾਰ ਗੋਲੀਆਂ ਚੱਲਣ ਦੀ ਇਹ ਘਟਨਾ ਕੈਪੀਟਲ ਪਾਰਕ ਬਾਰ ਐਂਡ ਗਰਿਲ ਵਿਚ ਚੱਲ ਰਹੀ ਪਾਰਟੀ ਦੌਰਾਨ ਵਾਪਰੀ।

ਆਂਚਓਰੇਜ (ਅਲਾਸਕਾ) ਵਿਚ ਗੋਲੀਬਾਰੀ ਦੀ ਇਕ ਹੋਰ ਘਟਨਾ ਵਿਚ ਇਕ ਔਰਤ ਮਾਰੀ ਗਈ ਤੇ 5 ਹੋਰ ਜ਼ਖਮੀ ਹੋ ਗਏ। ਪੁਲਿਸ ਅਨੁਸਾਰ ਮੌਕੇ ਉਪਰ ਪੁੱਜਣ 'ਤੇ ਵੇਖਿਆ ਕਿ 3 ਮਰਦ ਤੇ 2 ਔਰਤਾਂ ਜ਼ਖਮੀ ਸਨ ਜਿਨਾਂ ਵਿਚੋਂ ਬਾਅਦ ਵਿਚ ਇਕ ਔਰਤ ਦਮ ਤੋੜ ਗਈ। ਪੁਲਿਸ ਮਾਮਲੇ ਦੀ ਬਰੀਕੀ ਨਾਲ ਜਾਂਚ ਕਰ ਰਹੀ ਹੈ ਪਰ ਅਜੇ ਤੱਕ ਕੋਈ ਸੁਰਾਗ ਨਹੀਂ ਮਿਲਿਆ ਹੈ।

# ਨਿਊਜ਼ੀਲੈਂਡ ਆਰਮੀ 'ਚ ਇਕ ਹੋਰ ਦਸਤਾਰਧਾਰੀ ਸਿੱਖ ਨੌਜਵਾਨ ਮਨਸਿਮਰਤ ਸਿੰਘ ਸ਼ਾਮਿਲ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**– ਨਿਊਜ਼ੀਲੈਂਡ ਦੇ ਵਿਚ 176 ਸਾਲ ਪਹਿਲਾਂ ਹੋਂਦ ਦੇ ਵਿਚ ਆਈ ਦੇਸ਼ ਦੀ ਧਰਾਤਲ ਫੌਜ ਦਾ ਸਫਰ ਬੜਾ ਲੰਬਾ ਹੈ ਅਤੇ ਇਸ ਵੇਲੇ ਇਸ ਨੂੰ 'ਨਿਊਜ਼ੀਲੈਂਡ ਆਰਮੀ' ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਫੌਜ ਦੇ ਵਿਚ ਦੇਸ਼ ਦੀ ਆਬਾਦੀ ਦੇ ਮੁਤਾਬਿਕ ਕਾਫੀ ਫੌਜ ਹੈ ਅਤੇ ਪੂਰੀ ਤਰ੍ਹਾਂ ਆਧੁਨਿਕ ਹੈ। ਨਿਊਜ਼ੀਲੈਂਡ ਫੌਜ ਦੇ ਵਿਚ 2009 ਦੇ ਵਿਚ ਪਹਿਲੇ ਦਸਤਾਰਧਾਰੀ ਸਿੱਖ ਅਫਸਰ ਚਰਨਜੀਤ ਸਿੰਘ (ਨੀਲੋਖੇੜੀ ਨੇੜੇ ਕਰਨਾਲ) ਦੀ ਆਮਦ ਹੋਈ ਸੀ। ਇਸ ਵੇਲੇ ਉਹ ਕਾਫੀ ਵੱਡੇ ਰੈਂਕ ਉਤੇ ਹਨ। ਇਸ ਤੋਂ ਬਾਅਦ ਕੁਝ ਹੋਰ ਨੌਜਵਾਨ ਵੀ ਆਏ ਅਤੇ ਇਕ ਪੰਜਾਬੀ ਕੁੜੀ ਵੀ ਸ਼ਾਮਿਲ ਹੋਈ। ਪਿਛਲੇ ਸਾਲ ਜੁਲਾਈ ਮਹੀਨੇ ਇਕ ਅੰਮ੍ਰਿਤਧਾਰੀ ਗੋਰਾ ਨੌਜਵਾਨ ਲੂਈਸ ਸਿੰਘ ਖਾਲਸਾ ਵੀ ਫੌਜ ਵਿਚ ਸ਼ਾਮਿਲ ਹੋਇਆ ਸੀ।



ਇਕ ਹੋਰ ਦਸਤਾਰ: ਬੀਤੇ ਕੱਲ੍ਹ ਨਿਊਜ਼ੀਲੈਂਡ ਆਰਮੀ ਦੀ ਫੌਜ ਨੇ ਨਵੀਂ ਭਰਤੀ ਹੋਈ ਟੁਕੜੀ ਨੰਬਰ 401 ਦੀ ਪਾਸਿੰਗ ਪ੍ਰੇਡ ਦੀ ਫੋਟੋ ਆਪਣੇ ਫੇਸ ਬੁੱਕ ਸਫੇ ਉਤੇ ਪਾਈ। ਕੱਲ੍ਹ ਹੀ ਮਿਲਟ੍ਰੀ ਕੈਂਪ ਦੇ ਟ੍ਰੇਨਿੰਗ ਸੈਂਟਰ 'ਵਾਇਊਰੂ' ਵਿਖੇ ਇਸ ਟੁਕੜੀ ਦੀ ਪਾਸਿੰਗ ਪ੍ਰੇਡ ਹੋਈ ਹੈ ਅਤੇ ਇਕ ਹੋਰ ਸਿੱਖ ਨੌਜਵਾਨ ਮਨਸਿਮਰਤ ਸਿੰਘ ਸਲਾਮੀ ਦਿੰਦਾ ਹੋਇਆ ਅਤੇ ਇਕ ਫੋਟੋ ਦੇ ਵਿਚ ਟੁਕੜੀ ਦੀ ਅਗਵਾਈ ਕਰਦਾ ਹੋਇਆ ਵਿਖਾਈ ਦੇ ਰਿਹਾ ਹੈ। ਇਹ ਨੌਜਵਾਨ ਹੁਣ ਆਪਣੀ ਡਿਊਟੀ ਲਈ ਤਿਆਰ ਹੋ ਗਿਆ ਹੈ।

ਕੌਣ ਹੈ ਮਨਸਿਮਰਤ ਸਿੰਘ? 18 ਸਾਲਾ ਮਨਸਿਮਰਤ ਸਿੰਘ ਦੇ ਮਾਤਾ ਪਿਤਾ ਬੱਕਲੈਂਡ ਬੀਚ ਵਿਖੇ ਰਹਿੰਦੇ ਹਨ। ਇਸ ਪਰਿਵਾਰ ਦਾ ਜੱਦੀ ਪਿੰਡ ਬੌੜ ਤਹਿਸੀਲ ਖਮਾਣੋ ਜਿਲ੍ਹਾ ਫਤਹਿਗੜ੍ਹ ਸਾਹਿਬ ਹੈ। 1998 ਦੇ ਵਿਚ ਇਹ ਪਰਿਵਾਰ ਇਥੇ ਆਇਆ ਸੀ। ਇਸ ਨੌਜਵਾਨ ਨੇ ਮੌਕਲੀਨ ਕਾਲਜ ਦੇ ਵਿਚ ਪੜ੍ਹਾਈ ਸ਼ੁਰੂ ਕੀਤੀ ਅਤੇ ਫਿਰ ਸਕਾਲਰਸ਼ਿੱਪ ਦੇ ਨਾਲ ਇਕ ਵਕਾਰੀ ਕਾਲਜ ਸੇਂਟ ਕੇਂਟੀਗਰਨ ਪਾਕੂਰੰਗਾ ਵਿਖੇ ਬਾਕੀ ਦੀ ਪੜ੍ਹਾਈ ਪੂਰੀ ਕੀਤੀ। ਮਨਸਿਮਰਤ ਸਿੰਘ ਨੇ 5 ਸਾਲ ਦੀ ਉਮਰ ਦੇ ਵਿਚ ਹੀ ਅੰਮ੍ਰਿਤ ਛੱਕ ਲਿਆ ਸੀ। ਉਹ ਅੰਡਰ 18 ਦੇ ਵਿਚ ਔਕਲੈਂਡ ਲਈ ਖੇਡ ਚੁੱਕਿਆ ਹੈ। ਉਹ ਪ੍ਰੀਮੀਅਰ ਹਾਕੀ ਟੀਮ ਹੌਵਿਕ-ਪਾਕੂਰੰਗਾ ਅਤੇ ਸੇਂਟ ਕੇਂਟਸ ਦੀ ਹਾਕੀ ਟੀਮ ਦਾ ਹਿੱਸਾ ਰਿਹਾ। ਇਹ ਨੌਜਵਾਨ ਗਤਕਾ ਵੀ ਸੋਹਣਾ ਖੇਡਦਾ ਹੈ ਤੇ ਨਿਊਜ਼ੀਲੈਂਡ ਦੀ ਗਤਕਾ ਟੀਮ ਦੇ ਵਿਚ ਕੈਨੇਡਾ, ਆਸਟਰੇਲੀਆ, ਇੰਡੀਆ ਗਿਆ ਸੀ। ਇਹ ਨੌਜਵਾਨ ਗੁਰਬਾਣੀ ਕੀਰਤਨ ਵੀ ਕਰ ਲੈਂਦਾ ਹੈ। ਨਿਊਜ਼ੀਲੈਂਡ ਫੌਜ ਦੇ ਵਿਚ ਭਰਤੀ ਹੋਣ ਬਾਅਦ ਇਸਦੀ ਡਿਊਟੀ ਸਿਸਟਮ ਇੰਜੀਨੀਅਰ ਵਜੋਂ ਲਗਾਈ ਜਾਣੀ ਹੈ ਜੋ ਕਿ ਨੌਕਰੀ ਦੌਰਾਨ ਤਕਨੀਕੀ ਪੜ੍ਹਾਈ ਪੂਰੀ ਕਰਨ ਬਾਅਦ ਸ਼ੁਰੂ ਹੋਵੇਗੀ। ਫੌਜ ਦੀ ਟ੍ਰੇਨਿੰਗ ਦੇ ਵਿਚ ਇਹ ਅੱਵਲ ਆਇਆ ਹੈ ਅਤੇ ਇਸਨੇ ਕਈ ਹੋਰ ਇਨਾਮ ਹਾਸਿਲ ਕੀਤੇ।

ਫੌਜ ਦੇ ਅਫਸਰ ਵਿਸ਼ੇਸ਼ ਤੌਰ ਉਤੇ ਇਸਦੇ ਮਾਪਿਆਂ ਨੂੰ ਪਾਸਿੰਗ ਪ੍ਰੇਡ ਵੇਲੇ ਇਸ ਗੱਲ ਦੀ ਵਧਾਈ ਦੇਣ ਸਾਹਮਣੇ ਆਏ। ਇਸ ਨੌਜਵਾਨ ਨੂੰ ਆਪਣੇ ਜੀਵਨ ਦਾ ਪੇਸ਼ੇਵਾਰਾਨਾ ਸਫਰ ਨਿਊਜ਼ੀਲੈਂਡ ਆਰਮੀ ਦੇ ਵਿਚ ਸ਼ੁਰੂ ਕਰਨ ਉਤੇ ਮੁਬਾਰਕਬਾਦ। ਇਸਦੇ ਜਾਣ ਨਾਲ ਨਿਊਜ਼ੀਲੈਂਡ ਫੌਜ 'ਚ ਸੋਂਹਦੀਆਂ ਦਸਤਾਰਾਂ ਦੇ ਵਿਚ ਇਕ ਹੋਰ ਦਸਤਾਰ ਸ਼ਾਮਿਲ ਹੋਈ ਹੈ, ਇਹ ਨੌਜਵਾਨ ਵੀ ਦਸਤਾਰ ਦੀ ਸ਼ਾਨ ਵਧਾਈ ਰੱਖੇ, ਉਸਦੀ ਚੜ੍ਹਦੀ ਕਲਾ ਲਈ ਅਰਦਾਸ। ਪਰਿਵਾਰ ਨੂੰ ਸਮੁੱਚੇ ਭਾਈਚਾਰੇ ਦੀ ਤਰਫ਼ ਤੋਂ ਵਧਾਈਆਂ ਮਿਲ ਰਹੀਆਂ ਹਨ।

## ਸਿਮਰਜੀਤ ਨੇ ਇਟਲੀ ਵਿਖੇ ਗੋਲ਼ਡ ਮੈਡਲ ਜਿੱਤ ਕਿ ਪਿੰਡ ਦਾ ਨਾਮ ਰੋਸ਼ਨ ਕੀਤਾ

**ਭੁਲੱਥ, (ਗੋਗਨਾ)** ਬੀਤੇਂ ਦਿਨ ਭੁਲੱਥ ਦੇ ਨੇੜਲੇ ਪਿੰਡ ਤਲਵਾੜਾ ਦੇ ਨੋਜਵਾਨ ਸਿਮਰਜੀਤ ਸਿੰਘ ਪੁੱਤਰ ਦਵਿੰਦਰ ਸਿੰਘ ਅਤੇ ਮਾਤਾ ਨਰਿੰਦਰ ਕੌਰ ਦੇ ਕੁੱਖੋਂ ਜਨਮੇ ਪਿੰਡ ਤਲਵਾੜਾ, ਤਹਿਸੀਲ ਭੁਲੱਥ ਦਾ ਨਾਮ ਉਸ ਵੇਲੇ ਰੋਸ਼ਨਾਅ ਗਿਆ ਜਦੋਂ ਉਸ ਨੇ ਇਟਲੀ ਵਿੱਚ ਸਿਮਰਜੀਤ ਸਿੰਘ ਨੇ ਸੀ. ਆਈ .ਪੀ . ਪੀ (ਕੋਪਾ) ਇਟ–ਾਲੀਆ ਬਾਡੀ ਬਿਲਡਿੰਗ ਕੱਪ ਦੀ ਪ੍ਰਤੀਯੋਗਤਾ ਵਿੱਚ ਗੋਲ਼ਡ ਮੈਡਲ ਜਿੱਤਿਆ। ਇਸ ਮੈਡਲ ਦੇ ਨਾਲ ਜਿੱਥੇ ਸਿਮਰਜੀਤ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਜਿੱਥੇ ਮਾਂ -ਬਾਪ ਦਾ



ਨਾਮ ਰੋਸ਼ਨ ਕੀਤਾ ਉੱਥੇ ਪੰਜਾਬ , ਪੰਜਾਬੀਅਤ , ਪਿੰਡ , ਅਤੇ ਇਲਾਕੇ ਦਾ ਨਾਮ ਵੀ ਰੋਸ਼ਨ ਕੀਤਾ ਹੈ।ਇਸ ਸਮੇਂ ਵੱਡੀ ਗਿਣਤੀ ਵਿੱਚ ਪਿੰਡ ਦੇ ਅਤੇ ਇਲਾਕੇ ਦੇ ਲੋਕਾਂ ਨੇ ਪਰਿਵਾਰ ਨੂੰ ਵਧਾਈਆਂ ਦਿੱਤੀਆਂ ਜਿੰਨਾਂ ਵਿੱਚੋਂ ਪ੍ਰਮੁੱਖ ਤੌਰ ਤੇ ਜਿੰਨਾਂ ਵਿੱਚ ਚੰਨਾਂ ਧਾਲੀਵਾਲ (ਭਗਵਾਨਪੁਰ) ਕੈਨੇਡਾ, ਅਜੈ ਗੋਗਨਾ (ਭੁਲੱਥ) ਅੰਤਰਰਾਸ਼ਟਰੀ ਪਾਵਰਲਿਫਟਰ, ਕਾਲਾ ਬਾਗੜੀਆਂ ਉੱਘੇ ਖੇਡ ਪ੍ਰਮੋਟਰ, ਧਰਮਿੰਦਰ ਸਿੰਘ ਚੀਮਾ, ਅਤੇ ਪ੍ਰਭਜੋਤ ਸਿੰਘ ਘੁੰਮਣ ਆਦਿ ਦੇ ਨਾਂ ਵੀ ਪ੍ਰਮੁੱਖ ਤੌਰ ਤੇ ਸ਼ਾਮਿਲ ਹਨ।

## ਭਾਜਪਾ ਪੰਜਾਬ ਵੱਲੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਮਾਝੇ ਵਿਚ ਦਿੱਤਾ ਵੱਡਾ ਝਟਕਾ



**ਚੰਡੀਗੜ੍ਹ–** ਸ. ਗਗਨਦੀਪ ਸਿੰਘ ਐਡਵੋਕੇਟ ਮੈਂਬਰ ਜਰਨਲ ਡੈਲੀਕੇਟ ਸ਼ੋਮਣੀ ਅਕਾਲੀ ਦਲ (ਬਾਦਲ) ਸਾਬਕਾ ਕੌਮੀ ਮੀਤ ਪ੍ਰਧਾਨ ਯੂਥ ਵਿੰਗ ਅਕਾਲੀ ਦਲ, ਜਿਹਨਾ ਨੇ ਅੱਜ ਭਾਰਤੀ ਜਨਤਾ ਪਾਰਟੀ ਦੀ ਮੈਂਬਰਸ਼ਿਪ ਜੋਇਨ ਕੀਤੀ. ਇਹਨਾਂ ਦੇ ਪਿਤਾ ਜੀ ਸਰਦਾਰ ਮਲਕੀਤ ਸਿੰਘ ਸਾਬਕਾ ਐੱਮ. ਐੱਲ. ਏ ਅਤੇ ਦਾਦਾ ਜੀ ਜੱਥੇਦਾਰ ਤਾਰਾ ਸਿੰਘ ਸਾਬਕਾ ਐੱਮ.ਐੱਲ.ਏ ਸ਼੍ਰੀ ਅਰਵਿੰਦ ਸ਼ਰਮਾ ਭਾਜਪਾ ਨੇਤਾ ਦੀ ਪ੍ਰੇਰਨਾ ਸਦਕਾ ਸਰਦਾਰ ਗਗਨਦੀਪ ਸਿੰਘ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਿਲ ਹੋਏ। ਇਸ ਮੌਕੇ ਡਾ. ਨਰਿੰਦਰ ਸਿੰਘ ਰਾਸ਼ਟਰੀ ਸਕੱਤਰ ਭਾਰਤੀ ਜਨਤਾ ਪਾਰਟੀ ਤੇ ਸਹਿ ਪ੍ਰਭਾਰੀ ਭਾਜਪਾ ਪੰਜਾਬ ਅਤੇ ਸ਼੍ਰੀ ਅਸ਼ਵਨੀ ਸ਼ਰਮਾ ਜੀ ਭਾਜਪਾ ਸੂਬਾ ਪ੍ਰਧਾਨ ਪੰਜਾਬ, ਸ਼੍ਰੀ ਦਿਨੇਸ਼ ਜੀ ਸਗਠੰਨ ਮਹਾਂ ਮੰਤਰੀ ਪੰਜਾਬ, ਸੁਭਾਸ਼ ਸ਼ਰਮਾ ਜੀ, ਜੀਵਨ ਗੁਪਤਾ ਜੀ ਦੋਨੋ ਸੂਬਾ ਜਰਨਲ ਸਕਤਰ, ਰਾਜੇਸ਼ ਬਾਘਾ ਸੂਬਾ ਉਪ ਪ੍ਰਧਾਨ ਪੰਜਾਬ ਸ. ਜਸਵੀਰ ਸਿੰਘ ਮਹਿਤਾ ਪ੍ਰਦੇਸ਼ ਕਾਰਜਕਾਰਣੀ ਮੈਂਬਰ ਪੰਜਾਬ ਆਦਿ ਮੌਜੂਦ ਸਨ।







# ਜਰਖੜ ਵਾਲਿਆਂ ਨੇ ਜਿਉਂਦੇ ਜੀਅ ਉਡੱਣਾ ਸਿੱਖ ਮਿਲਖਾ ਨਾਲ ਨਿਭਾਈ ਯਾਰੀ

## ਅੱਜ ਜਰਖੜ ਹਾਕੀ ਅਕੈਡਮੀ ਨੇ ਸਵਰਗੀ ਮਿਲਖਾ ਸਿੰਘ ਨੂੰ ਕੀਤੇ ਸ਼ਰਧਾ ਦੇ ਫੁੱਲ ਭੇਟ









**ਲੁਧਿਆਣਾ-** ਉੱਡਣਾ ਸਿੱਖ ਮਿਲਖਾ ਸਿੰਘ ਜੋ 93 ਸਾਲ ਦੀ ਉਮਰ ਭੋਗ ਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ ਅੱਜ ਜਰਖੜ ਹਾਕੀ ਅਕੈਡਮੀ ਦੇ ਸਮੂਹ ਪ੍ਰਬੰਧਕਾਂ ਅਤੇ ਖਿਡਾਰੀਆਂ ਨੇ ਉਡਣਾ ਸਿੱਖ ਮਿਲਖਾ ਸਿੰਘ ਦੇ ਆਦਮਕੱਦ ਉੱਤੇ ਫੁੱਲਮਾਲਾ ਭੇਂਟ ਕਰ ਕੇ ਉਨ੍ਹਾਂ ਦੀ ਆਤਮਕ ਸ਼ਾਂਤੀ ਲਈ ਅਰਦਾਸ ਕੀਤੀ। ਜਰਖੜ ਖੇਡਾਂ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਜਰਖੜ ਖੇਡਾਂ ਵਾਲਿਆਂ ਨੇ ਉਡਣਾ ਸਿੱਖ ਮਿਲਖਾ ਸਿੰਘ ਨਾਲ ਜਿਊਂਦੇ ਜੀਅ ਯਾਰੀ ਨਿਭਾਈ ਹੈਉਸ ਦੀਆਂ ਮਹਾਨ ਪ੍ਰਾਪਤੀਆਂ ਨੂੰ ਦਰਸਾਉਂਦਾ 27 ਫੁੱਟ ਉੱਚਾ ਬੁੱਤ ਸਥਾਪਤ ਕੀਤਾ ਸੀ। ਉਨ੍ਹਾਂ ਦੱਸਿਆ ਕਿ ਮਾਤਾ ਸਾਹਿਬ ਕੌਰ ਖੇਡ ਸਟੇਡੀਅਮ ਜਰਖੜ ਭਾਰਤ ਦਾ ਇੱਕੋ ਇੱਕ ਅਜਿਹਾ ਸਟੇਡੀਅਮ ਹੈ ਜਿੱਥੇ ਉੱਡਣਾ ਸਿੱਖ ਮਿਲਖਾ ਸਿੰਘ ਦਾ ਜਿਊਂਦੇ ਜੀਅ ਆਦਮਕੱਦ ਬੁੱਤ ਲਗਾਇਆ ਗਿਆ ਸੀ ਇਸ ਬੁੱਤ ਦਾ ਉਦਘਾਟਨ ਖੁਦ ਉੱਡਣਾ ਮਿਲਖਾ ਸਿੰਘ ਨੇ 17 ਜਨਵਰੀ 2014 ਨੂੰ ਕੀਤਾ ਸੀ ਉਹ 28ਵੇਂ ਸਾਲ 2014 ਦੇ ਜਰਖੜ ਖੇਡ ਮੇਲੇ ਉਤੇ ਬਤੌਰ ਮੁੱਖ ਮਹਿਮਾਨ ਪਹੁੰਚੇ ਸਨ ਇਸ ਮੌਕੇ ਉਨ੍ਹਾਂ ਨੇ ਜਦੋਂ ਆਪਣੀ ਜਿੰਦਗੀ ਦੀ ਤਰਸਯੋਗ ਹਾਲਤ, ਘਾਲਣਾ, ਗਰੀਬੀ, ਸੰਘਰਸ਼ ਦਾ ਵਰਣਨ ਕੀਤਾ ਸੀ ਤਾਂ ਹਰ ਖੇਡ ਪ੍ਰੇਮੀ ਦੀ ਅੱਖ ਨਮ ਹੋਈ ਸੀ,ਅੱਜ ਉਨ੍ਹਾਂ ਦੇ ਤੁਰ ਜਾਣ ਤੋਂ ਬਾਅਦ ਫੇਰ ਉਸੇ ਤਰ੍ਹਾਂ ਖਿਡਾਰੀਆਂ ਦੀਆਂ ਅੱਖਾਂ ਨਮ ਹੋਈਆਂ ਹਨ ਉਹ ਉੱਭਰਦੇ ਖਿਡਾਰੀਆਂ ਲਈ ਇਕ ਪ੍ਰੇਰਨਾ ਸਰੋਤ ਹਨ। ਉਡੱਣਾ ਸਿੱਖ ਮਿਲਖਾ ਸਿੰਘ ਨੇ ਏਸ਼ੀਅਨ ਖੇਡਾਂ, ਰਾਸ਼ਟਰਮੰਡਲ ਖੇਡਾਂ ਅਤੇ ਹੋਰ ਅੰਤਰਰਾਸ਼ਟਰੀ ਪੱਧਰ ਦੇ ਟੂਰਨਾਮੈਂਟਾਂ ਵਿੱਚ ਭਾਰਤ ਲਈ ਅਥਾਹ ਗੋਲਡ ਮੈਡਲ ਜਿੱਤੇ ਹਨ। ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿੱਚ 80 ਅੰਤਰਰਾਸ਼ਟਰੀ ਪੱਧਰ ਦੀਆਂ ਕੁੱਲ ਦੌੜਾਂ ਦੌੜੀਆਂ ਜਿਨ੍ਹਾਂ ਵਿੱਚੋਂ 77 ਜਿੱਤੀਆਂ ਪਾਕਿਸਤਾਨ ਦੇ ਰਾ-ਸ਼ਟਰਪਤੀ ਸ੍ਰੀ ਅਯੂਬ ਖ਼ਾਨ ਨੇ ਉਨ੍ਹਾਂ ਨੂੰ ਉਡਣਾ ਸਿੱਖ ਦਾ ਖ਼ਿਤਾਬ ਦਿੱਤਾ ਪਰ ਉਨ੍ਹਾਂ ਨੂੰ ਰੋਮ ਓਲੰਪਿਕ ਵਿੱਚ 400 ਮੀਟਰ ਦੌੜ ਵਿੱਚ 45:6 ਸੈਕਿੰਡ ਦਾ ਨਵਾਂ ਰਿਕਾਰਡ ਬਣਾਉਣ ਦੇ ਬਾਵਜੂਦ ਵੀ ਤਗ਼ਮਾ ਨਾ ਜਿੱਤਣ ਦਾ ਬੜਾ ਦੁੱਖ ਸੀ ਤੇ ਦੂਸਰਾ ਉਹ ਚਾਹੁੰਦੇ ਸਨ ਕਿ ਜਿਊਂਦੇ ਜੀਅ ਪੰਜਾਬ ਦਾ ਕੋਈ ਅਥਲੀਟ ਮਿਲਖਾ ਸਿੰਘ ਦਾ ਰਿਕਾਰਡ ਤੋੜੇ ਪਰ ਉਨ੍ਹਾਂ ਦਾ ਇਹ ਸੁਪਨਾ ਸਾਕਾਰ ਨਹੀਂ ਹੋ ਸਕਿਆ ਅੱਜ ਜਰਖੜ ਸਟੇਡੀਅਮ ਵਿਖੇ ਉਨ੍ਹਾਂ ਦੇ ਆਦਮਕੱਦ ਬੁੱਤ ਉਤੇ ਖਿਡਾਰੀਆਂ ਵੱਲੋਂ ਸ਼ਰਧਾ ਦੇ ਫੁੱਲ ਭੇਟ ਕਰਨ ਇਸ ਮੌਕੇ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ, ਕੋਚ ਗੁਰਸਤਿੰਦਰ ਸਿੰਘ ਪਰਗਟ, ਯਾਦਵਿੰਦਰ ਸਿੰਘ ਤੂਰ, ਸੰਦੀਪ ਸਿੰਘ ਪੰਧੇਰ, ਪਹਿਲਵਾਨ ਹਰਮੇਲ ਸਿੰਘ ਕਾਲਾ, ਸਾਹਿਬਜੀਤ ਸਿੰਘ ਸਾਬੀ,ਰਵਿੰਦਰ ਸਿੰਘ ਕਾਲਾ ਘਵੱਦੀ, ਠਾਕੁਰਜੀਤ ਸਿੰਘ ਦਾਦ,ਤਜਿੰਦਰ ਸਿੰਘ ਜਰਖੜ, ਰਾਜਿੰਦਰ ਸਿੰਘ ਜਰਖੜ, ਗੁਰਵਿੰਦਰ ਸਿੰਘ ਦਿੱਲੀ , ਰਣਜੀਤ ਸਿੰਘ ਆਲਮਗੀਰ, ਜਗਦੇਵ ਸਿੰਘ ਜਰਖੜ ਗੁਰਦੀਪ ਸਿੰਘ ਟੀਟੂ ਕਿਲ੍ਹਾ ਰਾਏਪਰ, ਲਵਜੀਤ ਸਿੰਘ , ਵਿਨੋਦ ਕੁਮਾਰ ਆਦਿ ਹੋਰ ਸ਼ਖ਼ਸੀਅਤਾਂ ਅਤੇ ਖਿਡਾਰੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਕਿਸਾਨ ਸੰਘਰਸ਼ ਦੇ ਸਾਹਿਤ/ਸਭਿਆਚਾਰ ਨਾਲ ਅੰਤਰ-ਸਬੰਧ ਅਤੇ ਪ੍ਰਭਾਵ ਸਬੰਧੀ ਵਿਚਾਰ-ਚਰਚਾ 11 ਜੁਲਾਈ ਨੂੰ

**ਜਲੰਧਰ-** ਦੇਸ਼ ਭਗਤ ਯਾਦਗਾਰ ਕਮੇਟੀ ਦੇ ਬੋਰਡ ਆਫ਼ ਟਰੱਸਟ ਦੀ ਮੀਟਿੰਗ 'ਚ ਗੰਭੀਰ ਵਿਚਾਰ-ਚਰਚਾ ਉਪਰੰਤ ਇਹ ਤੱਤ ਕੱਢਿਆ ਕਿ ਕਾਲ਼ੇ ਖੇਤੀ ਕਾਨੂੰਨ ਰੱਦ ਕਰਾਉਣ ਲਈ ਸੱਤ ਮਹੀਨੇ ਤੋਂ ਦਿੱਲੀ ਬਾਰਡਰਾਂ, ਪੰਜਾਬ ਅਤੇ ਵੱਖ-ਵੱਖ ਸੂਬਿਆਂ ਅੰਦਰ ਲੜੇ ਜਾ ਰਹੇ ਸਿਰੜੀ ਕਿਸਾਨ ਅੰਦੋਲਨ ਨੇ ਸਾਹਿਤਕ ਅਤੇ ਸਭਿਆਚਾਰਕ ਪਿੜ੍ਹ ਅੰਦਰ ਹਲਚਲ ਛੇੜਨ ਅਤੇ ਨਰੋਈਆਂ, ਅਗਾਂਹਵਧੂ ਕਦਰਾਂ ਕੀਮਤਾਂ ਦੀ ਅਮਿੱਟ ਮੋਹਰ ਛਾਪ ਲਾਉਣ ਦਾ ਜੋ ਇਤਿਹਾਸਕ ਕਾਰਜ਼ ਨਿਭਾਇਆ ਇਹ ਗੰਭੀਰ ਵਿਚਾਰ-ਚਰਚਾ ਦੀ ਲੋੜ ਉਭਾਰਦਾ ਹੈ। ਇਹ ਵਿਚਾਰ ਪ੍ਰੈਸ ਨਾਲ ਸਾਂਝੇ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਇਸ ਇਤਿਹਾਸਕ ਕਿਸਾਨ ਅੰਦੋਲਨ ਦੇ ਸਮਾਜਕ ਸਭਿਆਚਾਰਕ ਪੱਖਾਂ, ਜਨ-ਜੀਵਨ ਅਤੇ ਮੁੱਲਵਾਨ ਸਭਿਆਚਾਰਕ ਪ੍ਰਾਪਤੀਆਂ, ਚੁਣੌਤੀਆਂ ਅਤੇ ਅੰਤਰ ਸਬੰਧਾਂ ਬਾਰੇ 11 ਜੁਲਾਈ ਦਿਨ ਐਤਵਾਰ ਦਿਨੇ 11 ਵਜੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿੱਚ ਵਿਚਾਰ-ਚਰਚਾ ਹੋਏਗੀ। ਉਹਨਾਂ ਦੱਸਿਆ ਕਿ ਨਾਮਵਰ ਵਿਦਵਾਨ ਅਤੇ ਆਲੋਚਕ ਡਾ.ਸੁਖਦੇਵ ਸਿੰਘ ਸਿਰਸਾ, 'ਕਿਸਾਨ ਸੰਘਰਸ਼ ਅਤੇ ਸਾਹਿਤ/ਸਭਿਆਚਾਰ ਦੇ ਅੰਤਰ-ਸਬੰਧ', ਜਾਣੇ-ਪਹਿਚਾਣੇ ਪ੍ਰਤੀਬੱਧਤ ਕਵੀ ਪ੍ਰੋ.ਸੁਰਜੀਤ ਜੱਜ, 'ਕਿਸਾਨ ਸੰਘਰਸ਼ ਦੇ ਸਾਹਿਤ/ਸਭਿਆਚਾਰ 'ਤੇ ਪ੍ਰਭਾਵ' ਵਿਸ਼ੇ ਉਪਰ ਵਿਚਾਰ-ਚਰਚਾ 'ਚ ਮੁੱਖ ਵਕਤਾ ਹੋਣਗੇ।

ਕਮੇਟੀ ਨੇ ਸਮੂਹ ਸਾਹਿਤਕ/ਸਭਿਆਚਾਰਕ ਅਤੇ ਜਨਤਕ ਜਮਹੂਰੀ ਸੰਸਥਾਵਾਂ ਅਤੇ ਵਿਅਕਤੀਆਂ ਨੂੰ ਸਮਾਗਮ 'ਚ ਪੁੱਜਣ ਦੀ ਜ਼ੋਰਦਾਰ ਅਪੀਲ ਕੀਤੀ ਹੈ। ਅੱਜ ਦੀ ਮੀਟਿੰਗ 'ਚ ਕਵੀ ਮਹਿੰਦਰ ਸਾਥੀ, ਮੁਲਾਜ਼ਮ ਆਗੂ ਸੁਖਦੇਵ ਸਿੰਘ 'ਬੜੀ' ਅਤੇ ਮਿਲਖ਼ਾ ਸਿੰਘ ਦੇ ਵਿਛੋੜੇ 'ਤੇ ਦੁੱਖ਼ ਦਾ ਇਜ਼ਹਾਰ ਕਰਦਿਆਂ ਸ਼ਰਧਾਂਜ਼ਲੀ ਭੇਂਟ ਕੀਤੀ ਗਈ। ਮੀਟਿੰਗ 'ਚ ਮਿਊਜ਼ੀਅਮ, ਲਾਇਬ੍ਰੇਰੀ, ਇਤਿਹਾਸ ਅਤੇ ਸਭਿਆਚਾਰਕ ਸਰਗਰਮੀਆਂ ਬਾਰੇ ਵੀ ਵਿਚਾਰਾਂ ਹੋਈਆਂ।

**- ਅਮੋਲਕ ਸਿੰਘ**


Law Office of
NIRWAN & ASSOCIATES
www.nirwanlaw.com



Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831



A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics





Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਗਠਜੋੜ ਦੀਆਂ 117 ਸੀਟਾਂ ਜਿੱਤਣ ਲਈ ਤਾਲਮੇਲ ਬਣਾਕੇ ਕੰਮ ਦੀ ਨੀਤੀ ਉਲੀਕੀ - ਬੈਨੀਵਾਲ

## ਦਲਿਤਾਂ ਵਿਰੋਧੀ ਮਾਨਸਿਕਤਾ ਤਹਿਤ ਰਵਨੀਤ ਬਿੱਟੂ ਦਾ ਬਿਆਨ ਖਾਨਾਜੰਗੀ ਦਾ ਸੱਦਾ- ਜਸਵੀਰ ਸਿੰਘ ਗੜ੍ਹੀ





*ਕਲਗੀਧਰ ਨਿਵਾਸ ਚੰਡੀਗੜ੍ਹ ਵਿਖੇ ਬਹੁਜਨ ਸਮਾਜ ਪਾਰਟੀ ਪੰਜਾਬ ਦੀ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਮੁੱਖ ਮਹਿਮਾਨ ਮਾਨਯੋਗ ਰਣਧੀਰ ਸਿੰਘ ਬੇਨੀਵਾਲ ਇੰਚਾਰਜ ਬਹੁਜਨ ਸਮਾਜ ਪਾਰਟੀ ਪੰਜਾਬ , ਹਰਿਆਣਾ ਤੇ ਚੰਡੀਗੜ੍ਹ ਜੀ ਦਾ ਸੁਆਗਤ ਕਰਦਿਆਂ ਸ ਹਰਜੀਤ ਸਿੰਘ ਲੌਂਗੀਆ ਮੀਤ ਪਰਧਾਨ ਬੀ ਐਸ ਪੀ ਪੰਜਾਬ, ਲਾਲ ਸਿੰਘ ਸੁਲਹਾਣੀ ਜਰਨਲ ਸਕੱਤਰ ਬਸਪਾ ਪੰਜਾਬ ਸ ਮਨਜੀਤ ਸਿੰਘ ਅਟਵਾਲ ਜਨਰਲ ਸਕੱਤਰ ਬਸਪਾ ਪੰਜਾਬ ਤੇ ਹੋਰ ਆਗੂ।*

**ਚੰਡੀਗੜ੍ਹ–** ਬਹੁਜਨ ਸਮਾਜ ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਚੰਡੀਗੜ੍ਹ ਗੁਰੂਦਵਾਰਾ ਕਲਗੀਧਰ ਨਿਵਾਸ ਵਿਖੇ ਹੋਈ ਜਿਸ ਵਿੱਚ ਪੰਜਾਬ ਦੇ ਇੰਚਾਰਜ ਰਣਧੀਰ ਸਿੰਘ ਬੈਨੀਵਾਲ ਅਤੇ ਸੂਬਾ ਪ੍ਰਧਾਨ ਸ ਜਸਵੀਰ ਸਿੰਘ ਗੜ੍ਹੀ ਸਾਮਿਲ ਹੋਏ। ਮੀਟਿੰਗ ਵਿੱਚ ਪੰਜਾਬ ਭਰ ਤੋਂ ਸੂਬਾ ਜਨਰਲ ਸਕੱਤਰ, ਸੂਬਾ ਸਕੱਤਰ ਤੇ ਕੋਰ ਕਮੇਟੀ ਸ਼ਾਮਿਲ ਹੋਈ। ਗਠਜੋੜ ਤੋਂ ਬਾਅਦ ਬਸਪਾ ਦੀ ਪਲੇਠੀ ਮੀਟਿੰਗ ਵਿਚ ਬੋਲਦਿਆਂ ਸ੍ਰੀ ਬੈਨੀਵਾਲ ਨੇ ਕਿਹਾ ਕਿ ਬਸਪਾ ਪੰਜਾਬ ਵਿੱਚ 117 ਸੀਟਾਂ ਨੂੰ ਜਿੱਤਣ ਲਈ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਨਾਲ ਤਾਲਮੇਲ ਕਮੇਟੀਆਂ ਬਣਾਉਣ ਦਾ ਕੰਮ ਵਿਧਾਨ ਸਭਾ ਪੱਧਰ ਤੱਕ ਆਉਂਦੇ ਦਿਨਾਂ ਵਿੱਚ ਪੂਰਾ ਕਰ ਲਵੇਗੀ। ਸ੍ਰੀ ਬੈਨੀਪਾਲ ਨੇ ਪੰਜਾਬ ਦੀ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕੀਤਾ ਜਿਹਨਾਂ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦੇ ਗੱਠਜੋੜ ਦੇ ਫੈਸਲੇ ਦਾ ਖੁਸ਼ੀਆਂ, ਲੱਡੂਆ ਤੇ ਢੋਲ ਵਜਾਕੇ ਸਵਾਗਤ ਕੀਤਾ ਹੈ।

ਬਸਪਾ ਪੰਜਾਬ ਪ੍ਰਧਾਨ ਸ ਜਸਵੀਰ ਸਿੰਘ ਗੜ੍ਹੀ ਨੇ ਕਾਂਗਰਸ ਭਾਜਪਾ ਦੇ ਦੁਸ਼ਟਪ੍ਰਚਾਰ ਦਾ ਉੱਤਰ ਵਿਸਥਾਰਿਤ ਰੂਪ ਵਿੱਚ ਅੰਕੜਆ ਸਮੇਤ ਕੋਰ ਕਮੇਟੀ ਵਿੱਚ ਰੱਖਿਆ ਤੇ ਵਰਕਰਾਂ ਤੱਕ ਸਹੀ ਜਾਣਕਾਰੀ ਪਹੁੰਚਾਉਣ ਦਾ ਕੰਮ ਲੀਡਰਸਿਪ ਨੂੰ ਦਿੱਤਾ। ਸ ਗੜ੍ਹੀ ਨੇ ਰਵਨੀਤ ਬਿੱਟੂ ਦੇ ਬਿਆਨ ਨੂੰ ਕਾਂਗਰਸ ਪਾਰਟੀ ਦਾ ਅਧਿਕਾਰਿਤ ਬਿਆਨ ਦਸਦਿਆਂ ਕਿਹਾ ਕਿ ਦਲਿਤਾਂ ਦੇ ਅਪਮਾਨ ਵਿੱਚ ਪਵਿੱਤਰ ਅਪਵਿੱਤਰ ਦਾ ਮੁੱਦਾ ਚੁੱਕਣਾ ਕਾਂਗਰਸ ਦੀ ਖਾਲੀ ਬੋਧਿਕਤਾ ਦੀ ਨਿਸ਼ਾਨੀ ਹੈ ਅਤੇ ਦਲਿਤਾਂ ਨਾਲ ਖੁੱਲ੍ਹੀ ਖਾਨਾਜੰਗੀ ਦਾ ਸੱਦਾ ਹੈ, ਜਿਸਨੂੰ ਦਲਿਤਾਂ ਦੇ ਸਨਮਾਨ ਵਿੱਚ ਬਹੁਜਨ ਸਮਾਜ ਪਾਰਟੀ ਪ੍ਰਵਾਨ ਕਰਦੀ ਹੈ। ਇਸ ਮੌਕੇ ਉਪ ਪ੍ਰਧਾਨ ਹਰਜੀਤ ਸਿੰਘ ਲੌਂਗੀਆ, ਸੂਬਾ ਜਨਰਲ ਸਕੱਤਰ ਡਾ ਨਛੱਤਰ ਪਾਲ, ਲਾਲ ਸਿੰਘ ਸੁਲਹਾਣੀ, ਰਾਜਾ ਰਾਜਿੰਦਰ ਸਿੰਘ ਨਣਹੇੜੀਆ, ਕੁਲਦੀਪ ਸਿੰਘ ਸਰਦੂਲਗੜ੍ਹ, ਬਲਵਿੰਦਰ ਕੁਮਾਰ, ਚਮਕੌਰ ਸਿੰਘ ਬੀਰ, ਜੋਗਾ ਸਿੰਘ ਪਨੋਂਦੀਆਂ, ਬਲਦੇਵ ਮੇਹਰਾ, ਅਜੀਤ ਸਿੰਘ ਭੈਣੀ, ਮਨਜੀਤ ਸਿੰਘ ਅਟਵਾਲ, ਸਵਿੰਦਰ ਸਿੰਘ ਛੱਜਲਵੱਡੀ, ਰਣਜੀਤ ਕੁਮਾਰ, ਰੋਹਿਤ ਖੋਖਰ, ਹਰਭਜਨ ਸਿੰਘ ਬਜਹੇੜੀ , ਗੁਰਲਾਲ ਸੈਲਾ, ਰਮੇਸ਼ ਕੌਲ, ਰਾਮ ਸਿੰਘ ਗੋਗੀ , ਡਾ ਜਸਪ੍ਰੀਤ ਸਿੰਘ, ਡਾ ਸੁਖਬੀਰ ਸਿੰਘ ਸਲਾਰਪੁਰ, ਵਿਜੈ ਬੱਧਣ, ਦਲਜੀਤ ਰਾਏ, ਜਗਜੀਤ ਛਰਬਰ, ਸੰਤ ਰਾਮ ਮੱਲੀਆਂ, ਦਰਸ਼ਨ ਝਲੂਰ, ਸੁਖਦੇਵ ਸ਼ੀਰਾ, ਰਾਮ ਪਾਲ ਅਬਿਆਣਾ, ਇੰਜ ਮੋਹਿੰਦਰ ਸੰਧਰਾ, ਗੁਰਮੇਲ ਜੀਕੇ, ਜਸਵੰਤ ਰਾਏ, ਗੁਰਬਖਸ਼ ਸ਼ੇਰਗਿੱਲ, ਅਨਿਲ ਕੁਮਾਰ, ਅਵਤਾਰ ਕਿਸ਼ਨ, ਪਰਵੀਨ ਬੰਗਾ, ਪੀ ਡੀ ਸ਼ਾਂਤ, ਪਰਮਜੀਤ ਮੱਲ ਆਦਿ ਸਾਮਿਲ ਸਨ।

**–ਲਾਲ ਸਿੰਘ ਸੁਲਹਾਣੀ**
**ਜਰਨਲ ਸਕੱਤਰ ਬਸਪਾ ਪੰਜਾਬ**

# ਕਾਂਗਰਸ ਤੇ ਭਾਜਪਾ ਦੀ ਦਲਿਤਾਂ ਪ੍ਰਤੀ ਜਾਤੀਵਾਦੀ ਸੋਚ ਬੇਨਾਕਬ ਹੋਈ- ਜਸਵੀਰ ਸਿੰਘ ਗੜ੍ਹੀ

## ਹਰਦੀਪ ਪੁਰੀ ਤੇ ਢੀਂਡਸਾ ਦੇ ਸਿੱਖੀ ਸਰੂਪ ਵਿੱਚੋ ਗੰਗੂਵਾਦੀ ਸੋਚ ਉਜਾਗਰ ਹੋਈ

**ਚੰਡੀਗੜ੍ਹ–** ਪੰਜਾਬ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਵਿਧਾਨ ਸਭਾ ਸ੍ਰੀ ਅਨੰਦਪੁਰ ਸਾਹਿਬ ਤੇ ਸ੍ਰੀ ਚਮਕੌਰ ਸਾਹਿਬ ਨੂੰ ਲੈਕੇ ਕਾਂਗਰਸ ਦੇ ਰਵਨੀਤ ਬਿੱਟੂ ਦੇ ਪਵਿੱਤਰ ਅਪਵਿੱਤਰ ਬਿਆਨ ਨੂੰ ਲੈਕੇ ਕਾਂਗਰਸ ਪਾਰਟੀ ਦਾ ਸਾਥ ਦੇਣ ਲਈ ਭਾਰਤੀ ਜਨਤਾ ਪਾਰਟੀ ਅਤੇ ਸੰਯੁਕਤ ਅਕਾਲੀ ਦਲ ਵੀ ਸ਼ਾਮਿਲ ਹੋ ਚੁੱਕਾ ਹੈ। ਜਿਸ ਤਹਿਤ ਭਾਜਪਾ ਦੇ ਸ੍ਰੀ ਹਰਦੀਪ ਪੁਰੀ ਕਾਂਗਰਸ ਦਾ ਸਾਥ ਦਿੰਦੇ ਪੰਥਕ ਤੇ ਗੈਰ ਪੰਥਕ ਦੇ ਮੁਦੇ ਵਿੱਚ ਸ਼ਾਮਿਲ ਹੁੰਦਿਆ ਕਿਹਾ ਕਿ ਪੰਥਕ ਸੀਟਾਂ ਮਾਇਆਵਤੀ ਨੂੰ ਦਿੱਤੀਆਂ ਹਨ ਜਦੋਂ ਕਿ ਗੁਰੂਆ ਦੀ ਸੋਚ ਸੀ ਕਿ ਸੋ ਕਿਉ ਮੰਦਾ ਆਖਿਐ ਜਿਤੁ ਜੰਮਹਿ ਰਾਜਨੁ ਅਤੇ ਅਫਸੋਸ ਹੈ ਕਿ ਸ੍ਰੀ ਪੁਰੀ ਨੇ ਸਿੱਖੀ ਮਾਣ ਨਾਲ ਇਹ ਵਿਚਾਰ ਪ੍ਰਗਟਾਇਆ ਹੈ।

ਸ ਗੜ੍ਹੀ ਨੇ ਭਾਜਪਾ ਦੀ ਦਲਿਤ ਵਿਰੋਧੀ ਸੋਚ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਸ੍ਰੀ ਪੁਰੀ ਦੇ ਮਾਣ ਭਰੇ ਸਿੱਖੀ ਚੇਹਰੇ ਵਿੱਚੋ ਗੰਗੂਵਾਦੀ ਸੋਚ ਨਜ਼ਰ ਆਈ ਹੈ ਜੋਕਿ ਦਲਿਤ ਵਿਰੋਧੀ ਹੋਣ ਦੇ ਨਾਲ ਨਾਲ ਸਿੱਖੀ ਵਿਚਾਰਧਾਰਾ ਵਿਰੋਧੀ ਵੀ ਹੈ। ਸ੍ਰੀ ਪੁਰੀ ਨੇ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਤੇ ਸ੍ਰੀ ਚਮਕੌਰ ਸਾਹਿਬ ਵਿਖੇ ਸਿੱਖ ਸ਼ਰਧਾਲੂ ਵੱਧ ਆਉਂਦੇ ਹਨ।



ਸ ਗੜ੍ਹੀ ਨੇ ਪੁੱਛਿਆ ਕਿ ਸ. ਪੁਰੀ ਜੀ ਦੱਸਣ ਕਿ ਇਹਨਾਂ ਸੀਟਾਂ ਉਪਰ ਦਸ਼ਮੇਸ਼ ਪਿਤਾ ਨੇ ਦਲਿਤਾਂ ਨੂੰ ਰੰਘਰੇਟੇ ਗੁਰੂ ਕੇ ਬੇਟੇ ਅਤੇ ਦਲਿਤਾਂ ਦੇ ਸਿਰਾਂ ਤੇ ਕਲਗੀਆਂ ਸਜਾਈਆ ਸਨ, ਕੀ ਦਲਿਤ ਵਰਗ ਇਹਨਾਂ ਸੀਟਾਂ ਨੂੰ ਨਹੀਂ ਆਪਣੇ ਹਿੱਸੇ ਵਿੱਚ ਲੈ ਸਕਦਾ।

ਸ ਪੁਰੀ ਦੀ ਭਾਜਪਾ ਤੇ ਕਾਂਗਰਸ ਨੇ ਜਾਤੀਵਾਦੀ ਸੋਚ ਤਹਿਤ ਸਿੱਖ ਧਰਮ ਦੀਆਂ ਭਾਵਨਾਵਾਂ ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ ਦੇ ਸਿਧਾਂਤ ਦੇ ਉਲਟ ਬਿਆਨਬਾਜ਼ੀ ਲਾਕੇ ਧਾਰਮਿਕ ਭਾਵਨਾਵਾਂ ਨੂੰ ਭੜਕਾਇਆ ਹੈ। ਇਸ ਦੇ ਨਾਲ ਨਾਲ ਕਾਂਗਰਸ ਤੇ ਭਾਜਪਾ ਦੀ ਸਾਜ਼ਿਸ਼ ਵਿੱਚ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਵੀ ਸ਼ਾਮਿਲ ਹੈ। ਜਿਹੜੇ ਸ ਢੀਂਡਸਾ ਜੀ ਇੰਨਾ ਲੰਬਾ ਸਮਾਂ ਮਨੂੰਵਾਦ ਸੋਚ ਦਾ ਚੇਹਰਾ ਲੈਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਰਹੇ ਤੇ ਅੱਜ ਦਲਿਤਾਂ ਨੂੰ ਗੈਰ ਪੰਥਕ ਤੇ ਪੰਥਕ ਸੀਟਾਂ ਦੱਸ ਰਹੇ ਹਨ।

ਸ. ਗੜ੍ਹੀ ਨੇ ਕਿਹਾ ਬਹੁਜਨ ਸਮਾਜ ਪਾਰਟੀ ਇਸਦੀ ਨਿੰਦਾ ਕਰਦੀ ਹੈ ਅਤੇ ਸਿੱਖ ਧਰਮ ਦੇ ਸਿਧਾਂਤਾ ਦੇ ਖਿਲਾਫ਼ ਬਿਆਨਬਾਜੀ ਕਰਕੇ ਅਤੇ ਜਾਤੀਵਾਦੀ ਸੋਚ ਤਹਿਤ ਦਲਿਤਾਂ ਨੂੰ ਪਵਿੱਤਰ -ਅਪਵਿੱਤਰ ਤੇ ਗੈਰ ਪੰਥਕ ਦੱਸ ਕੇ ਜਾਣਬੁੱਝ ਅਪਮਾਨ ਕੀਤਾ ਹੈ ਜਿਸਦੇ ਖਿਲਾਫ਼ 21 ਜੂਨ ਨੂੰ ਬਸਪਾ ਪੰਜਾਬ ਸਮੁੱਚੇ ਪੰਜਾਬ ਵਿੱਚ ਡੀ.ਐਸ.ਪੀ ਪੱਧਰ ਤੇ ਸ੍ਰੀ ਰਵਨੀਤ ਬਿੱਟੂ, ਸ੍ਰੀ ਹਰਦੀਪ ਪੂਰੀ ਤੇ ਸ੍ਰੀ ਸੁਖਦੇਵ ਸਿੰਘ ਢੀਂਡਸਾ ਖਿਲਾਫ ਪੁਲਿਸ ਸਿਕਾਇਤ ਦਰਜ ਕਰਾਏਗੀ।

# ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਵੱਲੋ ਕੇਂਦਰ ਸਰਕਾਰ ਨੂੰ ਦੇਸ਼ ਵਿੱਚ ਐਸ ਸੀ ਪ੍ਰੀਵਾਰਾਂ ਦੀ 2.5 ਲੱਖ ਤੋ 8 ਲੱਖ ਰੁਪਏ ਆਮਦਨ ਹੱਦ ਵਧਾਉਣ ਦੀ ਅਪੀਲ

**ਚੰਡੀਗੜ੍ਹ–** ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ (ਐਨਐਸਸੀਏ) ਨੇ ਅੱਜ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਦੇਸ਼ ਦੀਆਂ ਅਨੁਸੂਚਿਤ ਜਾਤੀਆਂ ਲਈ ਉਨ੍ਹਾਂ ਦੀ ਮੌਜੂਦਾ ਦੁਰਦਸ਼ਾ ਨੂੰ ਧਿਆਨ ਵਿੱਚ ਰੱਖਦਿਆਂ ਆਮਦਨ ਹੱਦ ਵਿੱਚ ਤੁਰੰਤ ਵਾਧਾ ਕਰਨ ਦੀ ਅਪੀਲ ਕੀਤੀ। ਐਨਐਸਸੀਏ ਦੇ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਇਥੇ ਜਾਰੀ ਇੱਕ ਬਿਆਨ ਵਿੱਚ ਕੇਂਦਰ ਸਰਕਾਰ ਨੂੰ ਅਨੁਸੂਚਿਤ ਜਾਤੀਆਂ ਲਈ ਆਮਦਨ ਦੀ ਮੌਜੂਦਾ ਹੱਦ ਵਧਾਉਣ ਦੇ ਆਦੇਸ਼ ਕੀਤੇ ਜਾਣੇ ਚਾਹੀਦੇ ਹਨ। 2.5 ਲੱਖ ਸਾਲਾਨਾ ਹੱਦ ਤੋਂ ਵਧਾ ਕੇ ਅੱਠ ਲੱਖ ਰੁਪਏ ਮੌਜੂਦਾ ਹਲਾਤਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਆਮਦਨ ਦੀ ਹੱਦ ਨੂੰ ਵਧਾਉਣ ਚਾਹੀਦਾ ਹੈ ਤਾਂ ਜੋ ਅਨੁਸੂਚਿਤ ਜਾਤੀਆਂ ਦੇ ਪ੍ਰੀਵਾਰਾਂ ਨੂੰ ਸਰਕਾਰ ਵੱਲੋ ਚਲਾਈਆ ਜਾ ਰਹੀਆ ਭਾਲਾਈ ਸਕੀਮਾਂ ਦਾ ਲਾਭ ਮਿਲ ਸਕੇ। ਸ੍ਰ ਕੈਂਥ ਨੇ ਮੰਗ ਕੀਤੀ ਕਿ ਮੌਜੂਦਾ ਸਮੇਂ ਵਿਚ ਲੋੜੀਂਦੀਆਂ ਵਸਤਾਂ ਦੀਆਂ ਕੀਮਤਾਂ ਵਿਚ ਬਹੁਤ ਵੱਡਾ ਵਾਧਾ ਹੋ ਰਿਹਾ ਹੈ ਅਤੇ ਅਸਮਾਨ ਨੂੰ ਛੂਹ ਰਹੀਆਂ ਹਨ ਇੰਨਾ ਹਲਾਤਾਂ ਵਿਚ ਲੋਕਾਂ ਦਾ ਜੀਵਨ ਗੁਜ਼ਰਨਾ ਬਹੁਤ ਮੁਸ਼ਕਲ ਹੋ ਗਿਆ ਹੈ।



ਇਸ ਸਬੰਧ ਵਿੱਚ ਮਾਪਦੰਡ ਤੈਅ ਕਰਨ ਦੀ ਮੰਗ ਗੱਲ ਕਰਦਿਆਂ ਕੈਂਥ ਨੇ ਅੱਗੇ ਕਿਹਾ ਕਿ ਇਸ ਨੂੰ ਕੀਮਤ ਸੂਚਕਾਂਕ ਨਾਲ ਜੋੜੇ ਕੇ ਅਨੁਸੂਚਿਤ ਜਾਤੀਆਂ ਨੂੰ ਤੋਂ ਰਾਹਤ ਪ੍ਰਦਾਨ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਲਗਾਤਾਰ ਵੱਧ ਰਹੀਆਂ ਕੀਮਤਾਂ ਕਾਰਨ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਲੋਕਾਂ ਨੂੰ ਬਹੁਤ ਮੁਸ਼ਕਲ ਹਲਾਤਾਂ ਵਿੱਚ ਰਹਿਣਾ ਪੈ ਰਿਹਾ ਹੈ, ਇਸ ਲਈ ਕੇਂਦਰ ਸਰਕਾਰ ਦਾ ਸੰਵਿਧਾਨਕ ਫਰਜ਼ ਬਣਦਾ ਹੈ ਕਿ ਉਹ ਆਮਦਨ ਹੱਦ ਨੂੰ ਵਧਾ ਕੇ ਉਨ੍ਹਾਂ ਦੀ ਮਦਦ ਕਰੇ।

# ਵਿਧਾਇਕ ਦੇ ਪੁੱਤਰਾਂ ਨੂੰ ਨੌਕਰੀ ਦੇਣ ਨਾਲ ਕਾਗਰਸੀ ਭਾਈ-ਭਤੀਜਾਵਾਦ ਸਾਹਮਣੇ ਆਇਆ- ਜਸਵੀਰ ਸਿੰਘ ਗੜ੍ਹੀ

**ਚੰਡੀਗੜ੍ਹ–** ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਕਾਂਗਰਸ ਨੇ ਵਿਧਾਇਕਾਂ ਦੇ ਪੁੱਤਰਾਂ ਨੂੰ ਨੌਕਰੀ ਦੇਣ ਨਾਲ ਜਿੱਥੇ ਕਾਂਗਰਸੀ ਭਾਈ ਭਤੀਜਾਵਾਦ ਸਾਹਮਣੇ ਆਇਆ ਹੈ ਓਥੇ ਹੀ ਘਰ ਘਰ ਨੌਕਰੀ ਦੇਣ ਦੇ ਖੋਖਲੇ ਕਾਂਗਰਸੀ ਵਾਅਦੇ ਨਾਲ ਲੱਖਾਂ ਬੇਰੁਜਗਾਰਾ ਨਾਲ ਧੋਖਾ ਵੀ ਸਾਹਮਣੇ ਆਇਆ। ਤਾਜ਼ਾ ਘਟਨਾਕ੍ਰਮ ਵਿੱਚ ਲੁਧਿਆਣਾ ਉੱਤਰੀ ਵਿਧਾਨ ਸਭਾ ਦੇ ਛੇ ਵਾਰੀ ਦੇ ਵਿਧਾਇਕ ਸ੍ਰੀ ਰਾਕੇਸ ਪਾਂਡੇ ਦੇ ਪੁੱਤਰ ਭੀਸ਼ਮ ਪਾਂਡੇ ਨੂੰ ਨਾਇਬ-ਤਹਿਸੀਲਦਾਰ ਦੀ ਨੌਕਰੀ ਦੇਣਾ ਹੈ ਜਿਸਦੇ ਪਿੱਛੇ ਕਾਰਨ 34 ਸਾਲ ਪਹਿਲਾਂ 1987 ਚ ਉਸ ਦੇ ਦਾਦਾ ਸ੍ਰੀ ਜੋਗਿੰਦਰਪਾਲ ਪਾਂਡੇ ਦੀ ਗੋਲੀ ਲੱਗਣ ਨਾਲ ਹੋਈ ਮੌਤ ਹੈ। ਜਦੋਂਕਿ ਦੂਜੀ ਨੌਕਰੀ ਕਾਂਗਰਸ ਦੇ ਸਾਬਕਾ ਪ੍ਰਧਾਨ ਤੇ ਮੌਜੂਦਾ ਰਾਜ ਸਭਾ ਮੈਂਬਰ ਸ੍ਰੀ ਪ੍ਰਤਾਪ ਸਿੰਘ ਬਾਜਵਾ ਦੇ ਭਰਾ ਵਧਾਇਕ ਫਤਹਿਜੰਗ ਸਿੰਘ ਬਾਜਵਾ ਦੇ ਪੁੱਤਰ ਅਰਜਨ ਪ੍ਰਤਾਪ ਸਿੰਘ ਬਾਜਵਾ ਨੂੰ ਇੰਸਪੈਕਟਰ ਦੀ ਨੌਕਰੀ ਦੇਣ ਦਾ ਮਾਮਲਾ ਹੈ ਜੋ ਕਿ ਭਾਈ-ਭਤੀਜਾਵਾਦ ਦਾ ਮੁਜ਼ਾਹਰਾ ਹੈ।

ਸ. ਗੜ੍ਹੀ ਨੇ ਕਿਹਾ ਕਿ ਇਸ ਤੋਂ ਪਹਿਲਾ ਕਾਂਗਰਸ ਸਰਕਾਰ ਨੇ 2017 ਵਿੱਚ ਮਰਹੂਮ ਮੁੱਖ ਮੰਤਰੀ ਸ. ਬੇਅੰਤ ਸਿੰਘ ਦੇ ਪੋਤਰੇ ਅਤੇ ਮੌਜੂਦਾ ਵਿਵਾਦਮਈ ਸਾਂਸਦ ਸ੍ਰੀ ਰਵਨੀਤ ਸਿੰਘ ਬਿੱਟੂ ਦੇ ਸਕੇ ਭਰਾ ਗੁਰਇਕਬਾਲ ਸਿੰਘ ਨੂੰ ਡੀਐੱਸਪੀ ਦੀ ਨੌਕਰੀ ਦਿੱਤੀ ਸੀ। ਸ ਗੜ੍ਹੀ ਨੇ ਕਿਹਾ ਕਿ ਕਾਂਗਰਸ ਨੇ ਘਰ ਘਰ ਨੌਕਰੀ ਕਾਂਗਰਸੀ ਪਰਿਵਾਰਾਂ ਨੂੰ ਹੀ ਦਿੱਤੀ ਹੈ ਜਦੋਂ ਕਿ ਲੱਖਾਂ ਬੇਰੁਜ਼ਗਾਰ ਪੰਜਾਬੀ ਨੌਜਵਾਨ ਟੈਂਕੀਆਂ, ਪੁੱਲਾਂ ਤੇ ਬਿਲਡਿੰਗਾ ਉੱਤੇ ਚੜੇ ਹੋਏ ਪੰਜਾਬ ਪੁਲਿਸ ਤੋਂ ਕੁੱਟ ਖਾਕੇ ਬੇਪਤ ਹੋ ਰਹੇ ਹਨ। ਬਸਪਾ ਦੇ ਪੰਜਾਬ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਸਾਡਾ ਗਠਜੋੜ 2022 ਵਿੱਚ ਸੱਤਾ ਪ੍ਰਾਪਤੀ ਲਈ ਜੇਤੂ ਲੜਾਈ ਲੜੇਗਾ ਅਤੇ ਲੱਖਾਂ ਬੇਰੁਜ਼ਗਾਰਾ ਨੂੰ ਨੌਕਰੀ ਦੇਣ ਦਾ ਕੰਮ ਕਰੇਗਾ ਅਤੇ ਨਾਲ ਹੀ ਅਜਿਹੀਆ ਕਾਂਗਰਸੀ ਪਰਿਵਾਰਾਂ ਨੂੰ ਦਿੱਤੀਆਂ ਨੌਕਰੀਆਂ ਰੱਦ ਕੀਤੀਆਂ ਜਾਣਗੀਆਂ।

# ਵਿਧਾਨ ਸਭਾ ਗੜ੍ਹਸ਼ੰਕਰ ਵਿਖੇ ਬਹੁਜਨ ਸਮਾਜ ਪਾਰਟੀ ਵਲੋਂ ਵਿਸ਼ਾਲ ਰੋਸ ਮਾਰਚ ਕੱਢਿਆ, ਸ੍ਰੀ ਰਵਨੀਤ ਬਿੱਟੂ ਦਾ ਪੁਤਲਾ ਫੂਕਿਆ

ਪੂਰੇ ਪੰਜਾਬ ਵਿਚ ਅੱਜ 117 ਵਿਧਾਨ ਸਭਾ ਪੱਧਰ ਉਪਰ ਸ੍ਰੀ ਰਵਨੀਤ ਬਿੱਟੂ ਖਿਲਾਫ ਪਵਿੱਤਰ/ਅੱਪਵਿਤੱਰ ਖਿਲਾਫ ਪੁਲਿਸ ਥਾਣਿਆਂ ਵਿਚ ਸਿਕਾਇਤ ਦਰਜ ਕਰਵਾਈ ਗਈ।

ਵਿਧਾਨ ਸਭਾ ਗੜ੍ਹਸ਼ੰਕਰ ਵਿਖੇ ਸ੍ਰੀ ਗੁਰਲਾਲ ਸੈਲਾ ਜੀ ਸੂਬਾ ਜਨਰਲ ਸਕੱਤਰ ਪੰਜਾਬ ਦੀ ਅਗਵਾਈ ਵਿਚ ਬਹੁਜਨ ਸਮਾਜ ਪਾਰਟੀ ਵਲੋਂ ਵਿਸ਼ਾਲ ਰੋਸ ਮਾਰਚ ਕੱਢਿਆ, ਸ੍ਰੀ ਰਵਨੀਤ ਬਿੱਟੂ ਦਾ ਪੁਤਲਾ ਫੂਕਿਆ। ਪੂਰੇ ਪੰਜਾਬ ਵਿਚ ਅੱਜ 117 ਵਿਧਾਨ ਸਭਾ ਪੱਧਰ ਉਪਰ ਸ੍ਰੀ ਰਵਨੀਤ ਬਿੱਟੂ ਖਿਲਾਫ ਪਵਿੱਤਰ/ਅੱਪਵਿਤੱਰ ਖਿਲਾਫ ਪੁਲਿਸ ਥਾਣਿਆਂ ਵਿਚ ਸਿਕਾਇਤ ਦਰਜ ਕਰਵਾਈ



ਗਈ। ਪਿਛਲੇ ਦਿਨੀਂ ਸ੍ਰੀ ਰਵਨੀਤ ਬਿੱਟੂ ਦੇ ਬਿਆਨ ਉਪਰ ਬਸਪਾ ਪੰਜਾਬ ਵਲੋਂ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਦਾ ਸਖਤ ਪ੍ਰਤੀਕਰਮ ਆਇਆ ਸੀ। ਜਿਸ ਨਾਲ ਵਿਵਾਦ ਭੱਖ ਗਿਆ ਸੀ। ਸ੍ਰੀ ਬਿੱਟੂ ਨੇ ਪ੍ਰਤੀਉੱਤਰ ਵਿਚ ਸ ਜਸਵੀਰ ਸਿੰਘ ਗੜ੍ਹੀ ਖਿਲਾਫ ਧਮਕੀਆ ਦੇਣ ਲਈ ਸ਼ਕਿਾਇਤ ਦਰਜ ਕਰਾਉਣ ਦਾ ਬਿਆਨ ਦਿੱਤਾ ਸੀ, ਜਿਸ ਤੋਂ ਬਸਪਾ ਵਰਕਰ ਹੋਰ ਭੜਕ ਗਏ। ਇਸ ਤਰ੍ਹਾਂ ਬਸਪਾ ਵਰਕਰਾਂ ਨੇ 117 ਜਗ੍ਹਾ ਉਪਰ ਸ੍ਰੀ ਰਵਨੀਤ ਬਿੱਟੂ ਅਤੇ ਸ੍ਰੀ ਹਰਦੀਪ ਸਿੰਘ ਭਾਜਪਾ ਦੇ ਖਿਲਾਫ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਦੀ ਸਿਕਾਇਤ ਦਰਜ ਕਰਵਾਈ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਲੋੜਵੰਦਾਂ ਦੀ ਮਦਦ ਕਰਨਾ ਹੀ ਸਾਡੇ ਟਰੱਸਟ ਦਾ ਮੁੱਖ ਮਕਸਦ- ਓਬਰਾਏ









**ਲਸਾੜਾ/ਉੜਾਪੜ (ਬੱਗਾ ਸੇਲਕੀ-ਆਣਾ-** ਜੋ ਵੀ ਇਨਸਾਨ ਇਸ ਦੁਨੀਆ ਤੇ ਆਇਆ ਉਸ ਨੂੰ ਅਕਾਲ ਪੁਰਖ ਨੇ ਇਸ ਦੁਨੀਆਂ ਚ ਕੁਝ ਚੰਗਾ ਕਰਨ ਲਈ ਭੇਜਿਆ ਅਸੀਂ ਬੜੇ ਭਾਗਾਂ ਵਾਲੇ ਹਾਂ ਕਿ ਸਾਨੂੰ ਇਨਸਾਨੀ ਜਾਮਾ ਮਿਲਿਆ ਤੇ ਸਾਡਾ ਫਰਜ ਹੈ ਸਮਾਜ ਚ ਵਿਚਰਿਦਆਂ ਹਰੇਕ ਦੇ ਦੁਖ ਸੁੱਖ ਚ ਭਾਈਵਾਲ ਬਣੀਏ ਪਰ ਮੇਰੀ ਹਮੇਸ਼ਾਂ ਇਹੋ ਸੋਚ ਰਹੀ ਹੈ ਕਿ ਅਸੀਂ ਔਖੀ ਵੇਲੇ ਲੋੜਬੰਦਾਂ ਦੇ ਕੰਮ ਆ ਸਕੀਏ ਤੇ ਲੋੜਬੰਦਾਂ ਦੀ ਮਦਦ ਕਰਨਾਂ ਹੀ ਸਾਡੇ ਟਰੱਸਟ ਦਾ ਮੁਖ ਮਕਸਦ ਹੈ ਇਨਾਂ ਵਿਚਾਰਾਂ ਦਾ ਪ੍ਰਗਟਾਵਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਤੇ ਉਘੇ ਸਮਾਜ ਸੇਵੀ ਡਾ.ਸ੍ਰ ਐਸ.ਪੀ ਸਿੰਘ ਓਬਰਾਏ ਪਿੰਡ ਲਸਾੜਾ ਵਿਖੇ ਸਮੂੰਹ ਗ੍ਰਾਮ ਪੰਚਾਇਤ ਅਤੇ ਸਟੂਡੈਂਟ ਚੈਰੀਟੇਬਲ ਐਂਡ ਵੈਲਫੇਅਰ ਟਰੱਸਟ ਦੇ ਸਹਿਜੋਗ ਨਾਲ ਕਾਮਰੇਡ ਕੁਲਦੀਪ ਸਿੰਘ ਮਾਣਕ ਦੇ ਪਰਿਵਾਰ ਵਲੋਂ ਆਪਣੇ ਪਿਤਾ ਸੁਤੰਤਰਤਾ ਸੰਗਰਾਮੀ ਕਾਮਰੇਡ ਕਰਮ ਸਿੰਘ ਦੀ ਯਾਦ ਚ ਬਣਾਈ ਇਮਾਰਤ ਚ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 33ਵੀਂ ਲੈਬਰੋਟਰੀ ਦਾ ਉਦਘਾਟਨ ਕਰਨ ਸਮੇਂ ਕੀਤਾ ਇਸ ਮੋਕੇ ਓਬਰਾਏ ਨੇ ਆਖਿਆ









ਕਿ ਸਾਡੇ ਟਰੱਸਟ ਵਲੋਂ ਅਨੇਕਾਂ ਸੇਹਤ ਸੇਵਾਵਾਂ ਚ ਡਾਇਲਸੈਸ, ਲੈਬਾਂ, ਸਰੀਰਕ ਟੈਸਟ ਜੋ ਸਸਤੇ ਰੇਟਾਂ ਚ ਕੀਤੇ ਜਾਂਦੇ ਹਨ ਇਸ ਤੋਂ ਇਲਾਵਾ ਕਰੋਨਾ ਕਾਲ ਲੋੜਬੰਦਾਂ ਨੂੰ ਰਾਸ਼ਣ ਕਿੱਟਾਂ,ਦਵਾਈਆਂ ਤੇ ਹੋਰ ਸਮਾਨ ਵੰਡਿਆ ਗਿਆ ਤੇ ਜੋ ਕਿਸਾਨ ਅੰਦੋਲਨ ਦੋਰਾਨ ਸ਼ਹੀਦ ਹੋਏ ਉਨਾਂ ਦੇ ਪਰਿਵਾਰਾਂ ਦੀ ਆਰਥਿਕ ਮਦਦ ਵੀ ਕੀਤੀ ਗਈ ਕਿਉਕਿ ਦੇਸ਼ ਚ ਸਿੱਖਿਆ ਅਤੇ ਸੇਹਤ ਸੇਵਾਵਾਂ ਦਾ ਬਿਲਕੁਲ ਬੁਰਾ ਹਾਲ ਹੈ ਤੇ ਸਾਡੇ ਟਰੱਸਟ ਇਨਾਂ ਸਮੱਸਿਆਵਾਂ ਨੂੰ ਦੇਖਦੇ ਹੋਏ ਲੋੜਬੰਦਾਂ ਵਿਸੇਸ਼ ਉਪਰਾਲਾ ਕੀਤਾ ਤਾਂ ਕਿਉਕਿ ਕਰੋਨਾ ਕਾਰਨ ਲੋਕ ਆਰਥਿਕ ਪੱਖੋ ਕਮਜੋਰ ਹੋ ਚੁੱਕੇ ਸਨ ਤਾਂ ਜੋ ਪ੍ਰਾਈਵੇਟ ਹਸਪਤਾਲਾ ਹੋ ਟੈਸਟਾਂ ਦੀ ਅਤੇ ਇਲਾਜ ਦੀ ਲੁੱਟ ਖਸੁੱਟ ਤੋ ਲੋਕਾ ਬਚਾਇਆ ਜਾ ਸਕੇ ਤੇ ਟਰੱਸਟ ਵਲੋਂ ਆਉਣ ਵਾਲੇ ਸਮੇਂ ਚ ਇਸ ਤਰਾਂ ਦਾ ਉਪਰਾਲੇ ਜਾਰੀ ਰਹਿਣਗੇ ਇਸ ਮੋਕੇ ਸਤਨਾਮ ਸਿੰਘ ਮਾਣਕ ਅਤੇ ਚੇਅਰਮੈਨ ਦਵਿੰਦਰ ਸਿੰਘ ਲਸਾੜਾ ਨੇ ਆਖਿਆ ਕਿ ਦੁਨੀਆਂ ਦੇ ਉਘੇ ਸਮਾਜ ਸੇਵੀ ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਡਾ.ਐਸ.ਪੀ ਸਿੰਘ ਓਬਰਾਏ ਵਲੋਂ ਮਨੁੱਖਤਾ ਦੀ ਭਲਾਈ ਅਤੇ ਸਮਾਜ ਸੇਵੀ ਕਾਰਜਾਂ ਚ ਪਾਏ ਜਾਂਦੇ ਵੱਡਮੁੱਲੇ ਯੋਗਦਾਨ ਦੀ ਭਰਪੂਰ ਸਲਾਘਾ ਕੀਤੀ ਤੇ ਉਨਾਂ ਕਿ ਇਸ ਤਰਾਂ ਦੇ ਇਨਸਾਨ ਦੁਨੀਆਂ ਵਿੱਚ ਬਹੁਤ ਘੱਟ ਹੁੰਦੇ ਜੋ ਆਪਣੀ ਕਿਰਤ ਕਮਾਈ ਦਾ ਦਸਵੰਧ ਕੱਢ ਕੇ ਨੇਕ ਕਾਰਜਾਂ ਵਿੱਚ ਲਗਾਕੇ ਆਪਣੀ ਕਮਾਈ ਨੂੰ ਸਫਲਾ ਬਣਾਉਦੇ ਹਨ ਇਸ ਮੋਕੇ ਡਾ. ਐਸ. ਪੀ ਸਿੰਘ ਓਬਾਰਏ ਦੀ ਹੱਥੀ ਬਣਾਈ ਗਈ ਤਸਵੀਰ ਤੇ ਲੋਈ ਦੇਕੇ ਉਨਾਂ ਨੂੰ ਟਰੱਸਟ, ਪੰਚਾਇਤ ਤੇ ਪਿੰਡ ਵਾਸੀਆਂ ਵਲੋਂ ਵਿਸੇਸ਼ ਸਨਮਾਨਤ ਕੀਤਾ ਗਿਆ ਇਸ ਮੋਕੇ ਡਾ. ਅਮਨਜੋਤ ਸਿੰਘ, ਡਾ.ਦਲਜੀਤ ਸਿੰਘ ਗਿੱਲ ਪਟਿਆਲਾ, ਸਤਨਾਮ ਸਿੰਘ ਮਾਣਕ, ਚੇਅਰਮੈਨ ਦਵਿੰਦਰ ਸਿੰਘ ਲਸਾੜਾ, ਹਰਮੇਸ਼ ਲਾਲ ਜਿਲਾ ਪ੍ਰੀਸਦ ਮੈਂਬਰ,ਸਰਪੰਚ ਬੀਬੀ ਰੇਸ਼ਮੋਂ, ਟਰੱਸਟ ਚੇਅਰਮੈਨ ਮਾਸਟਰ ਮੰਗਲ ਦਾਸ, ਐਚ. ਐਸ ਪਾਬਲਾ ਸੇਵਾ ਮੁਕਤ ਆਈ ਏ ਐਸ, ਪੰਚ ਕੁਲਦੀਪ ਸਿੰਘ ਮਾਣਕ,ਮਾਸਟਰ ਮੰਗਲ ਦਾਸ,ਪੰਚ ਕੁਲਦੀਪ ਸਿੰਘ ਮਾਣਕ, ਸੁਰਿੰਦਰ ਕੋਰ, ਲੱਜਿਆ, ਹਰਬੰਸ ਲ਼ਾਲ, ਬਚਿੱਤਰ ਸਿੰਘ, ਦਲਜੀਤ ਸਿੰਘ ਸਾਰੇ ਪੰਚ, ਅਵਤਾਰ ਸਿੰਘ, ਸਹਿਕਾਰੀ ਸਭਾ ਦੇ ਪ੍ਰਧਾਨ ਗੁਰਚਰਨ ਸਿੰਘ, ਗੁਰਮੀਤ ਰਾਮ, ਡਾ. ਬੀਡੀ ਐਸ ਕਾਹਲੋ, ਡਾ ਹਰਦਿਆਲ ਸਿੰਘ, ਡਾ. ਜਗਦੀਸ਼ ਸਿੰਘ, ਰਵੀਇੰਦਰ ਸਿੰਘ, ਰਣਜੀਤ ਸਿੰਘ ਆਦਿ ਹਾਜਰ ਸਨ।

# ਉਡਣ ਸਿੱਖ ਮਿਲਖਾ ਸਿੰਘ ਦੀ ਧਰਮ ਪਤਨੀ ਨਿਰਮਲ ਕੌਰ ਦੇ ਜੱਦੀ ਪਿੰਡ ਕੁੱਢੇ ਫਿਰੋਜ਼ਪੁਰ ਪਠਾਨਕੋਟ 'ਚ ਛਾਇਆ ਮਾਤਮ

**ਪਠਾਨਕੋਟ:** ਭਾਰਤ ਦੇ ਮਸ਼ਹੂਰ ਅਥਲੀਟ ਉਡਣ ਸਿੱਖ ਮਿਲਖਾ ਸਿੰਘ ਅਤੇ ਉਨ੍ਹਾਂ ਦੀ ਧਰਮ ਪਤਨੀ ਨਿਰਮਲ ਕੌਰ ਚਾਹੇ ਅੱਜ ਸਾਡੇ ਵਿੱਚ ਨਹੀਂ ਹਨ ਪ੍ਰੰਤੂ ਉਨ੍ਹਾਂ ਦੀਆਂ ਯਾਦਾਂ ਭਾਰਤ ਦੇ ਖੇਡ ਜਗਤ ਵਿਚ ਧਰੂ ਤਾਰੇ ਵਾਂਗ ਹਮੇਸ਼ਾ ਚਮਕਦੀਆਂ ਰਹਿਣਗੀਆਂ ਸਵ: ਮਿਲਖਾ ਸਿੰਘ ਦਾ ਪਠਾਨਕੋਟ (ਪੰਜਾਬ) ਦੇ ਮਸ਼ਹੂਰ ਪਿੰਡ ਕੁੱਢੇ ਫਿਰੋਜ਼ਪੁਰ ਨਾਲ ਗਹਿਰਾ ਰਿਸ਼ਤਾ ਰਿਹਾ ਹੈ, ਉਹ ਇਸ ਪਿੰਡ ਵਿਚ ਵਿਆਹੇ ਅਤੇ ਅਨੇਕਾਂ ਵਾਰ ਇਸ ਪਿੰਡ ਵਿਚ ਆਉਂਦੇ ਜਾਂਦੇ ਰਹੇ ਇਨ੍ਹਾਂ ਦੀ ਧਰਮ ਪਤਨੀ ਸਵਰਗੀਆ ਨਿਰਮਲ ਕੌਰ ਇਸ ਪਿੰਡ ਦੇ ਪ੍ਰਮੁੱਖ ਜਿਮੀਦਾਰ ਅਤੇ ਐਡਵੋਕੇਟ ਮੇਹਰ ਚੰਦ ਪੱਤਨੀ ਬੀਬੀ ਰਾਮ ਪਿਆਰੀ ਦੀ ਸਪੁੱਤਰੀ ਸੀ। ਪਿੰਡ ਕੂੱਢੇ ਫਿਰੋਜ਼ਪੁਰ ਦੇ ਵਾਸੀਆਂ ਨੇ ਉਡਣ ਸਿੱਖ ਮਿਲਖਾ ਸਿੰਘ ਅਤੇ ਉਨ੍ਹਾਂ ਦੀ ਧਰਮ ਪਤਨੀ ਨਿਰਮਲ ਕੌਰ ਦੇ ਦਿਹਾਂਤ ਦੀ ਜਦੋਂ ਖ਼ਬਰ ਪੜ੍ਹੀ ਤਾਂ ਪੂਰੇ ਪਿੰਡ ਅੰਦਰ ਮਾਤਮ ਛਾ ਗਿਆ। ਫਿਰੋਜ਼ਪੁਰ ਕੁੰਡੇ ਪਿੰਡ ਦੇ ਮਸ਼ਹੂਰ ਸ਼ਾਇਰ ਅਤੇ ਬੈਂਕ ਵਿੱਚੋਂ ਸੇਵਾ ਮੁਕਤ ਮੈਨੇਜਰ ਜਨਾਬ ਬਿਸ਼ਨ ਦਾਸ ਬਿਸ਼ਨ ਹੁਣ ਵਾਸੀ ਬੈਂਕ ਕਲੋਨੀ ਪਠਾਨਕੋਟ ਨੇ ਸਵਰਗੀ ਮਿਲਖਾ ਸਿੰਘ ਅਤੇ ਸਵਰਗੀ ਨਿਰਮਲ ਕੌਰ ਦੇ ਦਿਹਾਂਤ ਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਦਿਆਂ ਆਪਣੀ ਸ਼ਾਇਰੀ ਵਿੱਚ ਕਿਹਾ

'ਮਿਲਖਾ ਸਿੰਘ ਜਵਾਈ ਪਿੰਡ ਦਾ ਹੈ,
ਏਸ ਰਿਸ਼ਤੇ ਦਾ ਰਹੇਗਾ ਮਾਣ ਪਿੰਡ ਨੂੰ'।

ਉਹਨਾਂ ਕਿਹਾ ਕਿ ਦੋਹਾਂ ਦਾ ਅਚਨਚੇਤ ਅੱਗੇ ਪਿੱਛੇ ਚਲੇ ਜਾਣਾ ਬੜਾ ਦੁਖਦਾਈ ਹੈ। ਪੰਜਾਬ ਦੇ ਇਸ ਪ੍ਰਸਿੱਧ ਸ਼ਾਇਰ ਬਿਸ਼ਨ ਦਾਸ ਬਿਸ਼ਨ ਨੇ ਇਹ ਵੀ ਦੱਸਿਆ ਕਿ ਸਵਰਗੀ ਮਿਲਖਾ ਸਿੰਘ ਦੀ ਧਰਮ ਪਤਨੀ ਸਵਰਗੀ ਨਿਰਮਲ ਕੌਰ ਬੜੇ ਨਿੱਘੇ ਸੁਭਾਅ ਵਾਲੀ ਔਰਤ ਸੀ। ਉਹ ਇਸ ਪਿੰਡ ਦੀ ਜੰਮਪਲ ਹੋਣ ਕਾਰਨ ਪਿੰਡ ਨਾਲ ਗੂੜ੍ਹਾ ਪਿਆਰ ਰੱਖਦੀ ਸੀ। ਉਨ੍ਹਾਂ ਦੱਸਿਆ ਕਿ ਮੈਂ ਆਪਣੇ ਪਿੰਡ ਕੁੱਢੇ ਫਿਰੋਜ਼ਪੁਰ ਤੇ ਇੱਕ ਕਵਿਤਾ ਲਿਖੀ ਜਿਸ ਦੀਆਂ ਕੁਝ ਸਤਰਾਂ ਇਸ ਤਰ੍ਹਾਂ ਹਨ।

ਮੇਹਰ ਚੰਦ ਬਾਬੂ ਦੀ ਮਿਹਰ ਸਦਕਾ,
ਅੱਜ ਪੜ੍ਹਿਆ ਲਿਖਿਆ ਹੈ ਪਿੰਡ ਸਾਰਾ।
ਕੱਚੀਆਂ ਫਿਰਨੀਆਂ ਬਣੀਆ ਗੋਲ ਸੜਕਾਂ,
ਮੁੱਕੀ ਸੇਮ ਤੇ ਸੁੱਕਿਆ ਗਿੱਲ ਗਾਰਾ।



ਸਵਰਗੀਆ ਐਡਵੋਕੇਟ ਮੇਹਰ ਚੰਦ ਵੱਲੋਂ ਪਿੰਡ ਵਿੱਚ ਕਰਵਾਏ ਗਏ ਵਿਕਾਸ ਕੰਮਾਂ ਦਾ ਕਵਿਤਾ ਵਿੱਚ ਕੀਤਾ ਜ਼ਕਿਰ ਜਦੋਂ ਕੁਝ ਅਖ਼ਬਾਰਾ ਵਿੱਚ ਛੱਪਿਆ ਤਾਂ ਮਿਲਖਾ ਸਿੰਘ ਅਤੇ ਉਨ੍ਹਾਂ ਦੀ ਧਰਮ ਪਤਨੀ ਨਿਰਮਲ ਕੌਰ ਨੇ ਪੱੜ੍ਹਕੇ ਮੈਨੂੰ ਫੋਨ ਕੀਤਾ ਕਿ ਕਵਿਤਾ ਵਿੱਚ ਸਾਡੇ ਪਿਤਾ ਜੀ ਦੀ ਤਾਰੀਫ਼ ਕਰਨ ਦਾ ਸੁਕਰੀਆ ਅਤੇ ਕਿਹਾ 'ਬਿਸ਼ਨ' ਕਦੇ ਆਉਣਾ ਚੰਡੀਗੜ੍ਹ ਪ੍ਰੰਤੂ ਕੋਰੋਨਾ ਮਹਾਂਮਾਰੀ ਅਤੇ ਕੁੱਝ ਹੋਰ ਰੁਝੇਵਿਆਂ ਕਰਕੇ ਮੈਂ ਜਾ ਨਾ ਸਕਿਆ। ਉਹਨਾਂ ਮਿਲਖਾ ਸਿੰਘ ਅਤੇ ਨਿਰਮਲ ਕੌਰ ਦੀ ਗੱਲ ਕਰਦਿਆਂ ਦੱਸਿਆ ਕਿ ਵਿਆਹ ਤੋਂ ਬਾਅਦ ਉਹ ਪਿੰਡ ਵਿੱਚ ਕਈ ਵਾਰ ਆਏ। ਸੰਨ 1962-63 ਦੇ ਕਰੀਬ ਉਹ ਪਿੰਡ ਕਈ ਵਾਰ ਆਏ ਅਤੇ ਅਗੇ ਵੀ ਆਉਂਦੇ ਰਹੇ। ਉਹਨਾਂ ਦੱਸਿਆ ਕਿ ਉਸ ਸਮੇਂ ਸਾਡੀ ਉਮਰ ਅੱਠ ਨੌਂ ਸਾਲ ਦੀ ਸੀ ਤੇ ਮਿਲਖਾ ਸਿੰਘ ਨੇ ਕਹਿਣਾ ਕੀ ਉਸ ਪੰਛੀ ਨੂੰ ਫੱੜ ਕੇ ਲਿਆਉ ਜਦੋਂ ਉਸ ਪੰਛੀ ਨੂੰ ਫੜ ਕੇ ਲਿਆਉਣਾ ਤਾਂ ਉਹਨਾਂ ਨੇ ਸਾਨੂੰ ਥਾਲ ਵਿੱਚ ਰੱਖੇ ਲੱਡੂ ਵੰਡ ਕੇ ਸਾਨੂੰ ਸਾਬਾਸੀ ਦੇਣਾਂ ਤਾਂ ਅਸੀਂ ਖ਼ੁਸ਼ੀ ਵਿੱਚ ਫੁੱਲਿਆ ਨਾ ਸਮਾਉਣਾ।

ਲੇਖਕ ਬਿਸ਼ਨ ਦਾਸ ਬਿਸ਼ਨ ਨੇ ਕਿਹਾ ਉੱਡਣ ਸਿੱਖ ਮਿਲਖਾ ਸਿੰਘ ਅਤੇ ਉਨ੍ਹਾਂ ਦੀ ਧਰਮ ਪਤਨੀ ਨਿਰਮਲ ਕੌਰ ਅੱਜ ਭਾਵੇਂ ਸਾਡੇ ਵਿੱਚ ਮੌਜੂਦ ਨਹੀਂ ਪ੍ਰੰਤੂ ਪਿੰਡ ਕੁੱਢੇ ਫਿਰੋਜ਼ਪੁਰ ਨੂੰ ਉਡਣ ਸਿੱਖ ਮਿਲਖਾ ਸਿੰਘ ਉਪਰ ਸਦਾ ਮਾਣ ਰਹੇਗਾ ਕਿ ਉਹ ਇਸ ਪਿੰਡ ਦੇ ਜਵਾਈ ਸਨ।

ਸਵਰਗੀਆ ਮਿਲਖਾ ਸਿੰਘ ਦੇ ਖੇਡ ਇਤਿਹਾਸ ਤੋਂ ਹਰ ਵਿਅਕਤੀ ਭਲੀਭਾਂਤ ਜਾਣੂ ਹੈਂ ਪ੍ਰੰਤੂ ਉਨ੍ਹਾਂ ਨੇ ਆਪਣੇ ਜੀਵਨ ਕਾਲ ਵਿਚ ਸੰਘਰਸ਼ ਕਰਕੇ ਜੋ ਮਿਹਨਤ ਦਾ ਫਲ ਪਾਇਆ, ਉਹ ਆਉਣ ਵਾਲੀ ਪੀੜ੍ਹੀ ਵਿਚ ਇਕ ਰਾਹ ਦਸੇਰਾ ਵੀ ਹੋਵੇਗਾ, ਜਿਵੇਂ ਕਿ ਸਵ: ਮਿਲਖਾ ਸਿੰਘ ਨੂੰ ਭਾਰਤ ਸਰਕਾਰ ਨੇ ਖੇਡਾਂ ਵਿੱਚ ਪਾਏ ਯੋਗਦਾਨ ਸਦਕਾ ਦੇਸ਼ ਦੇ ਸਰਬ-ਉੱਚ ਨਾਗਰਿਕ ਸਨਮਾਨ ਪਦਮ ਸ੍ਰੀ ਨਾਲ ਸਨਮਾਨਿਆ ਸੀ।

ਉੱਡਣਾ ਸਿੱਖ ਨਾਲ ਜਾਣੇ ਜਾਂਦੇ ਓਲੰਪਿਕ ਫਾਇਨਲ ਵਿਚ ਪੁੱਜਣ ਅਤੇ ਰਾਸ਼ਟਰ ਮੰਡਲ ਖੇਡਾਂ ਵਿੱਚ ਸੋਨ ਤਗਮਾ ਜਿੱਤਣ ਵਾਲੇ ਦੇਸ਼ ਦੇ ਪਹਿਲੇ ਅਥਲੀਟ ਸਨ, ਜਿੰਨਾ ਨੇ 1960 ਦੀਆਂ ਰੋਮ ਓਲੰਪਿਕ ਖੇਡਾਂ ਵਿੱਚ 400 ਮੀਟਰ ਦੌੜ 'ਚ' ਚੌਥਾ ਸਥਾਨ ਹਾਸਲ ਕੀਤਾ। 1958 ਦੀਆਂ ਕਾਰਡਿਟ ਰਾਸ਼ਟਰ ਮੰਡਲ ਖੇਡਾਂ ਵਿੱਚ ਸੋਨੇ ਦਾ ਤਮਗਾ ਜਿੱਤਣ ਤੋਂ ਇਲਾਵਾ 1958 ਦੀਆਂ ਟੋਕੀਓ ਏਸ਼ੀਆਈ ਖੇਡਾਂ ਅਤੇ 1962 ਜਕਾਰਤਾ ਏਸ਼ੀਆ ਖੇਡਾਂ ਵਿੱਚ ਦੋ ਦੋ ਸੋਨੇ ਦੇ ਤਮਗੇ ਜਿੱਤੇ। ਮਿਲਖਾ ਸਿੰਘ ਨੇ ਭਾਰਤ ਵੱਲੋਂ ਉਲੰਪਿਕ (1956 ਮੈਲਬਰਨ,1960 ਰੋਮ ਅਤੇ 1964 ਟੋਕੀਓ) ਵਿਚ ਹਿੱਸਾ ਲੈਕੇ ਸਮੇਂ ਸਮੇਂ ਭਾਰਤ ਦੇਸ਼ ਦਾ ਕੱਦ ਉਚਾ ਕੀਤਾ ਜੋ ਇਤਿਹਾਸ ਦੇ ਸੁਨਹਿਰੀ ਪੰਨਿਆ ਵਿੱਚ ਫਿਲਮ ਦੀ ਰੀਲ ਵਾਂਗ ਸਾਹਮਣੇ ਆਉਂਦਾ ਰਹੇਗਾ।

**- ਗਿਆਨੀ ਰਾਜਿੰਦਰ ਸਿੰਘ ਰਾਜਨ**
**91-94174-27656**
**ਉੱਤਮ ਗਾਰਡਨ ਕਲੋਨੀ ਮਨਵਾਲ ਪਠਾਨਕੋਟ**


# 2022 ਵਿੱਚ ਪੰਜਾਬ ਦੀ ਸੱਤਾ ਦੇ ਤਾਲੇ ਦੀ ਚਾਬੀ ਦਲਿਤ ਵੋਟਰਾਂ ਦੇ ਹੱਥ ਵਿੱਚ ਹੋਵੇਗੀ



ਕੁਲਦੀਪ ਚੰਦ
91-9417563054

ਪੰਜਾਬ ਵਿੱਚ ਦਲਿਤਾਂ ਦੀ ਜਨਸੰਖਿਆਂ ਦੇਸ਼ ਦੇ ਬਾਕੀ ਸੂਬਿਆਂ ਤੋਂ ਵੱਧ ਹੈ ਅਤੇ 2011 ਦੀ ਜਨਗਣਨਾ ਅਨੁਸਾਰ ਲੱਗਭੱਗ 32 ਫਿਸਦੀ ਜਨਸੰਖਿਆ ਦਲਿਤਾਂ ਦੀ ਹੀ ਹੈ। ਪੰਜਾਬ ਦੇ ਦਲਿਤ ਖਾਸ ਤੋਰ ਤੇ ਦੁਆਬਾ ਖੇਤਰ ਦੇ ਦਲਿਤ ਸਮਾਜਿਕ ਆਰਥਿਕ ਤੋਰ ਤੇ ਵਿਕਸਿਤ ਹਨ ਅਤੇ ਪੰਜਾਬ ਸਮੇਤ ਦੇਸ਼-ਵਿਦੇਸ਼ ਵਿੱਚ ਰਾਜਨੀਤਿਕ ਪ੍ਰਭਾਵ ਰੱਖਦੇ ਹਨ। ਜੇਕਰ ਪੰਜਾਬ ਦੇ ਦਲਿਤਾਂ ਦਾ ਰਾਜਨੀਤਿਕ ਪਿਛੋਕੜ ਵੇਖੀਏ ਤਾਂ 1926 ਵਿੱਚ ਜਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਮੂਗੋਵਾਲ ਵਿੱਚ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਿੱਚ ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ ਗਈ। ਇਸ ਆਦਿ ਧਰਮ ਮੰਡਲ ਨੇ ਦੇਸ਼ ਦੀ ਰਾਜਨੀਤੀ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ ਹੈ। 1937 ਵਿੱਚ ਹੋਈਆਂ ਚੋਣਾਂ ਵਿੱਚ ਉਸ ਵੇਲੇ ਦੇ ਗ੍ਰੇਟਰ ਪੰਜਾਬ ਦੀਆਂ 175 ਵਿੱਚੋਂ 08 ਸੀਟਾਂ ਰਾਖਵੀਆਂ ਰੱਖੀਆਂ ਗਈਆਂ ਸਨ ਅਤੇ ਆਦਿ ਧਰਮ ਮੰਡਲ ਨੇ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਿੱਚ ਯੂਨੀਅਨਿਸਟ ਪਾਰਟੀ ਨਾਲ ਰਲਕੇ ਚੋਣ ਲੜ੍ਹੀ ਅਤੇ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ ਅਤੇ 8ਵੀਂ ਸੀਟ ਜੋਕਿ ਸਿਰਫ 07 ਵੋਟਾਂ ਨਾਲ ਹਾਰੀ ਸੀ ਜਿੱਤਣ ਵਾਲਾ ਮੂਲਾ ਸਿੰਘ ਬਲਾਚੌਰ ਵੀ ਬਾਦ ਵਿੱਚ ਆਦਿ ਧਰਮ ਮੰਡਲ ਵਿੱਚ ਸ਼ਾਮਿਲ ਹੋ ਗਿਆ ਸੀ। 1942 ਵਿੱਚ ਦੂਜੀ ਸੰਸਾਰਿਕ ਜੰਗ ਹੋਣ ਕਾਰਨ ਚੋਣਾਂ ਨਹੀਂ ਹੋਈਆਂ ਸਨ। 1946 ਦੀਆਂ ਚੋਣਾਂ ਵਿੱਚ ਬਾਬੂ ਮੰਗੂ ਰਾਮ ਆਪਣੇ 04 ਹੋਰ ਸਾਥੀਆਂ ਨਾਲ ਵਿਧਾਇਕ ਬਣੇ ਸਨ। ਪੰਜਾਬ ਦੇ ਜਿਲ੍ਹਾ ਰੂਪਨਗਰ ਵਿੱਚ ਪੈਦਾ ਹੋਏ ਕਾਂਸ਼ੀ ਰਾਮ ਨੇ ਦੇਸ਼ ਵਿੱਚ ਦਲਿਤਾਂ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ ਇੱਕ ਪਲੇਟਫਾਰਮ ਤੇ ਇਕੱਠਾ ਕਰਕੇ ਸਮਾਜਿਕ ਅੰਦੋਲਨ ਚਲਾਇਆ ਅਤੇ 14 ਅਪ੍ਰੈਲ 1984 ਨੂੰ ਰਾਜਨੀਤਿਕ ਪਾਰਟੀ ਬਹੁਜਨ ਸਮਾਜ ਪਾਰਟੀ (ਬੀ ਐਸ ਪੀ) ਬਣਾਈ ਸੀ ਜੋਕਿ ਜਲਦੀ ਹੀ ਰਾਸ਼ਟਰੀ ਪਾਰਟੀ ਬਣ ਗਈ ਅਤੇ ਪਿਛਲੇ ਕਈ ਸਾਲਾਂ ਤੋਂ ਚਲਦੀਆਂ ਰਾਜਨੀਤਿਕ ਪਾਰਟੀਆਂ ਨੂੰ ਪਿੱਛੇ ਛੱਡਕੇ ਤੀਜੇ ਨੰਬਰ ਤੇ ਪਹੁੰਚ ਗਈ। ਪੰਜਾਬ ਵਿੱਚ ਅੱਤਵਾਦ ਦੌਰਾਨ ਸਾਲ 1992 ਵਿੱਚ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ ਇੱਕ ਵੱਡੀ ਰਾਜਨੀਤਿਕ ਪਾਰਟੀ ਵਜੋਂ ਸਾਹਮਣੇ ਆਈ ਜਿਸ ਵਿੱਚ 16.32 ਫਿਸਦੀ ਵੋਟਾਂ ਲੈਕੇ 9 ਵਿਧਾਇਕ ਚੁਣੇ ਗਏ ਅਤੇ ਪੰਜਾਬ ਵਿੱਚ ਮੁੱਖ ਵਿਰੋਧੀ ਪਾਰਟੀ ਬਣੀ। ਸਮੇਂ ਸਮੇਂ ਤੇ ਬਹੁਜਨ ਸਮਾਜ ਪਾਰਟੀ ਨੇ ਦੇਸ਼ ਦੀ ਰਾਜਨੀਤੀ ਵਿੱਚ ਅਹਿਮ ਭੂਮਿਕਾ ਨਿਭਾਈ ਹੈ ਅਤੇ ਉੱਤਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ ਕਈ ਵਾਰ ਸਰਕਾਰ ਬਣਾਈ। ਬੇਸ਼ੱਕ ਪਿਛਲੇ ਸਮੇਂ ਦੌਰਾਨ ਪੰਜਾਬ ਵਿੱਚ ਬੀ ਐਸ ਪੀ ਦਾ ਵੋਟ ਬੈਂਕ ਕਾਫੀ ਘੱਟ ਗਿਆ ਹੈ ਜੋਕਿ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਲੱਗਭੱਗ 1.5 ਫਿਸਦੀ ਹੀ ਰਹਿ ਗਿਆ ਹੈ ਅਤੇ ਕੋਈ ਵੀ ਉਮੀਦਵਾਰ ਜਿੱਤ ਨਾਂ ਸਕਿਆ ਅਤੇ ਕੁੱਝ ਸੀਟਾਂ ਨੂੰ ਛੱਡਕੇ ਬਾਕੀਆਂ ਤੇ ਬਹੁਤ ਬੁਰੀ ਹਾਰ ਹੋਈ ਹੈ। ਪੰਜਾਬ ਵਿੱਚ ਜੇਕਰ ਵੱਖ ਵੱਖ ਰਾਜਨੀਤਿਕ ਪਾਰਟੀਆਂ ਵਲੋਂ 2017 ਵਿੱਚ ਜਿੱਤੇ ਵਿਧਾਇਕਾਂ ਦੀ ਗੱਲ ਕਰੀਏ ਤਾਂ ਮੋਜੂਦਾ ਸਮੇਂ ਕਾਂਗਰਸ ਦੇ 77 ਵਿਧਾਇਕਾਂ ਵਿੱਚੋਂ 21 ਅਨੁਸੂਚਿਤ ਜਾਤਾਂ ਦੇ ਹਨ, ਸ਼੍ਰੋਮਣੀ ਅਕਾਲੀ ਦੱਲ ਦੇ 15 ਵਿੱਚੋਂ 03 ਵਿਧਾਇਕ ਅਨੁਸੂਚਿਤ ਜਾਤਾਂ ਦੇ ਹਨ, ਆਮ ਆਦਮੀ ਪਾਰਟੀ ਦੇ 20 ਵਿਧਾਇਕਾਂ ਵਿੱਚੋਂ 09 ਅਨੁਸੂਚਿਤ ਜਾਤਾਂ ਦੇ ਹਨ, ਭਾਰਤੀ ਜਨਤਾ ਪਾਰਟੀ ਦੇ 03 ਵਿਧਾਇਕਾਂ ਵਿੱਚੋਂ 01 ਅਨੁਸੂਚਿਤ ਜਾਤਾਂ ਦਾ ਹੈ। ਲੋਕ ਇਨਸਾਫ ਪਾਰਟੀ ਦੇ ਜਿੱਤੇ ਦੋਵੇਂ ਬੈਂਸ ਭਰਾ ਜਨਰਲ ਵਰਗ ਨਾਲ ਸਬੰਧਿਤ ਹਨ। ਮੋਜੂਦਾ ਰਾਜਨੀਤਿਕ ਉੱਥਲ ਪੁੱਥਲ ਕਾਰਨ ਪੰਜਾਬ ਵਿੱਚ 2022 ਵਿੱਚ ਹੋਣ ਜਾ ਰਹੀਆਂ ਚੋਣਾਂਲਈ ਦਲਿਤ ਵੋਟਰਾਂ ਦੀ ਭੁਮਿਕਾ ਅਹਿਮ ਮੰਨੀ ਜਾ ਰਹੀ ਹੈ ਅਤੇ ਸਾਰੀਆਂ ਰਾਜਨੀਤਿਕ ਪਾਰਟੀਆਂ ਦਲਿਤ ਵੋਟਰਾਂ ਨੂੰ ਭਰਮਾਉਣ ਲਈ ਕੰਮ ਕਰ ਰਹੀਆਂ ਹਨ। ਸਭ ਤੋਂ ਪਹਿਲਾਂ ਕੇਂਦਰ ਵਿੱਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੇ ਪੰਜਾਬ ਦੀ ਅਗਵਾਈ ਦੀ ਲਗਾਮ ਕਿਸੇ ਦਲਿਤ ਦੇ ਹੱਥ ਵਿੱਚ ਦੇਣ ਭਾਵ ਦਲਿਤ ਮੁੱਖ ਮੰਤਰੀ ਬਣਾਉਣ ਦਾ ਵਾਅਦਾ ਕੀਤਾ ਹੈ। ਕਿਸਾਨੀ ਬਿਲਾਂ ਦੇ ਮੁੱਦੇ ਤੇ ਸ਼੍ਰੋਮਣੀ ਅਕਾਲੀ ਦੱਲ ਅਤੇ ਭਾਜਪਾ ਦੇ ਖਤਮ ਹੋਏ ਗੱਠਜੋੜ੍ਹ ਤੋਂ ਬਾਦ ਭਾਰਤੀ ਜਨਤਾ ਪਾਰਟੀ ਨੇ ਦਲਿਤ ਵੋਟਰਾਂ ਨੂੰ ਨਾਲ ਤੋਰਨ ਲਈ ਇਹ ਵਾਅਦਾ ਕੀਤਾ ਹੈ। ਇਸ ਤੋਂ ਬਾਦ ਭਾਜਪਾ ਦੇ ਲੰਬਾ ਸਮਾਂ ਭਾਈਵਾਲ ਰਹੇ ਸ਼੍ਰੋਮਣੀ ਅਕਾਲੀ ਦੱਲ ਨੇ ਵੀ ਪੰਜਾਬ ਵਿੱਚ ਸਰਕਾਰ ਬਣਨ ਤੇ ਉੱਪ ਮੁੱਖ ਮੰਤਰੀ ਦਾ ਅਹੁੱਦਾ ਕਿਸੇ ਦਲਿਤ ਨੂੰ ਦੇਣ ਦਾ ਐਲਾਨ ਕਰ ਦਿਤਾ ਹੈ। 2022 ਲਈ ਸ਼੍ਰੋਮਣੀ ਅਕਾਲੀ ਦੱਲ ਅਤੇ ਬਹੁਜਨ ਸਮਾਜ ਪਾਰਟੀ ਦਾ ਗੱਠਜੋੜ੍ਹ ਕੀਤਾ ਗਿਆ ਹੈ ਅਤੇ ਇਸ ਵਿੱਚ ਬੀ ਐਸ ਪੀ ਨੂੰ 20 ਸੀਟਾਂ ਦਿੱਤੀਆਂ ਗਈਆਂ ਹਨ। ਇਸੇ ਤਰਾਂ ਦਿੱਲੀ ਵਿੱਚ 02 ਵਾਰ ਸਰਕਾਰ ਬਣਾਉਣ ਅਤੇ ਦਿੱਲੀ ਤੋਂ ਬਾਦ ਪੰਜਾਬ ਵਿੱਚ ਵੱਡੀ ਰਾਜਨੀਤਿਕ ਤਾਕਤ ਪ੍ਰਾਪਤ ਕਰਨ ਵਾਲੀ ਆਮ ਆਦਮੀ ਪਾਰਟੀ ਨੇ ਵੀ ਪੰਜਾਬ ਵਿੱਚ ਸਰਕਾਰ ਬਣਨ ਤੇ ਉੱਪ ਮੁੱਖ ਮੰਤਰੀ ਦੀ ਕੁਰਸੀ ਤੇ ਕਿਸੇ ਦਲਿਤ ਨੂੰ ਬੈਠਾਉਣ ਦਾ ਐਲਾਨ ਕੀਤਾ ਹੈ। ਮੋਜੂਦਾ ਸਮੇਂ ਪੰਜਾਬ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਸੱਤਾਧਾਰੀ ਕਾਂਗਰਸ ਪਾਰਟੀ ਜਿਸ ਤੇ ਉਸਦੀ ਅਪਣੀ ਪਾਰਟੀ ਦੇ ਹੀ ਕਈ ਆਗੂ, ਮੰਤਰੀ ਅਤੇ ਵਿਧਾਇਕ ਵੀ ਦਲਿਤ ਵਿਰੋਧੀ ਹੋਣ ਦੇ ਇਲਜਾਮ ਲਗਾਂਉਦੇ ਰਹੇ ਹਨ ਨੇ ਵੀ ਪਿਛਲੇ ਦਿਨੀਂ ਦਲਿਤਾਂ ਨੂੰ ਯੋਗ ਪ੍ਰਤੀਨਿਧਤਾ ਦੇਣ ਦਾ ਐਲਾਨ ਕਰ ਦਿਤਾ ਹੈ। ਕੁੱਲ ਮਿਲਾਕੇ ਇਸ ਵਾਰ ਹਰ ਰਾਜਨੀਤਿਕ ਪਾਰਟੀ ਸੱਤਾ ਹਥਿਆਉਣ ਲਈ ਦਲਿਤ ਵੋਟਰਾਂ ਦਾ ਸਹਾਰਾ ਭਾਲ ਰਹੀ ਹੈ। ਇਹ ਵੀ ਕੋੜ੍ਹਾ ਸੱਚ ਹੈ ਕਿ ਇਨ੍ਹਾਂ ਵਿੱਚੋਂ ਬਹੁਤੀਆਂ ਪਾਰਟੀਆਂ ਜਦੋਂ ਪੰਜਾਬ ਵਿੱਚ ਸੱਤਾ ਤੇ ਕਾਬਜ਼ ਰਹੀਆਂ ਹਨ ਉਸ ਵੇਲੇ ਉਨ੍ਹਾਂ ਦੇ ਆਗੂਆਂ ਨੇ ਕਦੇ ਵੀ ਦਲਿਤਾ ਨੂੰ ਯੋਗ ਪ੍ਰਤੀਨਿਧਤਾ ਨਹੀਂ ਦਿਤੀ ਹੈ। ਦਲਿਤਾਂ ਦੀ ਅਪਣੀ ਪਾਰਟੀ ਕਹਾਉਣ ਵਾਲੀ ਬਹੁਜਨ ਸਮਾਜ ਪਾਰਟੀ ਨੇ ਵੀ ਅਕਸਰ ਗੈਰ ਦਲਿਤਾਂ ਨੂੰ ਹੀ ਤਰਜੀਹ ਦਿਤੀ ਹੈ। ਕਾਂਗਰਸ ਪਾਰਟੀ ਜੋਕਿ ਦਲਿਤਾਂ ਨੂੰ ਅਪਣਾ ਵੱਡਾ ਵੋਟ ਬੈਂਕ ਸਮਝਦੀ ਹੈ ਵੀ ਦਲਿਤਾਂ ਨੂੰ ਪੂਰੀ ਪ੍ਰਤੀਨਿਧਤਾ ਦੇਣ ਵਿੱਚ ਨਾਕਾਮ ਰਹੀ ਹੈ। ਕਾਂਗਰਸ ਪਾਰਟੀ ਦੇ ਆਗੂ ਅਤੇ ਰਾਜ ਸਭਾ ਮੈਂਬਰ ਸ਼ਮਸੇਰ ਸਿੰਘ ਦੂਲੋਂ ਨੇ ਕਈ ਵਾਰ ਜਨਤਕ ਸਟੇਜਾਂ ਤੇ ਇਹ ਗੱਲ ਕਹੀ ਹੈ ਕਿ ਜਦੋਂ ਉਨ੍ਹਾਂ ਨੂੰ ਪੰਜਾਬ ਦੀ ਕਮਾਂਡ ਦਿਤੀ ਗਈ ਸੀ ਤਾਂ ਕਈ ਗੈਰ ਦਲਿਤ ਆਗੂਆਂ ਨੇ ਉਨ੍ਹਾਂ ਦੀ ਪ੍ਰਧਾਨਗੀ ਹੇਠ ਕੰਮ ਕਰਨ ਤੋਂ ਸਾਫ ਮਨ੍ਹਾਂ ਕਰ ਦਿਤਾ ਸੀ। ਪਿਛਲੀਆਂ ਚੋਣਾਂ ਤੋਂ ਪਹਿਲਾਂ ਕਾਂਗਰਸੀ ਆਗੂ ਅਤੇ ਪੰਜਾਬ ਦੀ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਨੇ ਵੀ ਟੈਲੀਵਿਜ਼ਨ ਚੈਨਲ ਤੇ ਇੱਕ ਇੰਟਰਵਿਉ ਵਿੱਚ ਸਾਫ ਅਤੇ ਸਪੱਸ਼ਟ ਕਿਹਾ ਸੀ ਕਿ ਪੰਜਾਬ ਵਿੱਚ ਜੇਕਰ ਕੋਈ ਜੱਟ ਮੁੱਖ ਮੰਤਰੀ ਨਹੀਂ ਬਣਦਾ ਹੈ ਤਾਂ ਜੱਟਾਂ ਨਾਲ ਧੱਕਾ ਹੋਵੇਗਾ। ਉਨ੍ਹਾਂ ਦੀ ਇਸ ਇੰਟਰਵਿਊ ਦਾ ਕਿਸੇ ਵੀ ਕਾਂਗਰਸੀ ਆਗੂ ਨੇ ਖੰਡਨ ਨਹੀਂ ਕੀਤਾ। ਸਾਲ 2017 ਦੀਆਂ ਚੋਣਾਂ ਵਿੱਚ ਅਨੁਸੂਚਿਤ ਜਾਤਾਂ ਲਈ ਰਾਖਵੀਆਂ 34 ਸੀਟਾਂ ਵਿੱਚੋਂ 21 ਕਾਂਗਰਸ ਨੇ ਹੀ ਜਿੱਤੀਆਂ ਹਨ ਪਰ ਕੈਬਿਨਟ ਵਿੱਚ 17 ਵਿੱਚੋਂ ਸਿਰਫ 03 ਮੰਤਰੀ ਹੀ ਬਣੇ ਹਨ। ਮੋਜੂਦਾ ਕਾਂਗਰਸ ਸਰਕਾਰ ਤੇ ਦਲਿਤ ਭਲਾਈ ਸਕੀਮਾਂ ਨੂੰ ਖੋਰਾ ਲਗਾਉਣ ਦੇ ਸ਼ਰੇਆਮ ਇਲਜ਼ਾਮ ਲੱਗਦੇ ਰਹੇ ਹਨ। ਸਰਕਾਰ ਵਿੱਚ ਦਲਿਤਾਂ ਨੂੰ ਪੂਰੀ ਪ੍ਰਤੀਨਿਧਤਾ ਨਾਂ ਮਿਲਣਾ, ਦਲਿਤਾਂ ਦੇ ਹਿੱਸੇ ਦੀ ਪੰਚਾਇਤੀ ਜ਼ਮੀਨ ਨਾਂ ਮਿਲਣਾਂ, ਦਲਿਤਾਂ ਨਾਲ ਵਾਪਰ ਰਹੀਆਂ ਅਤਿਆਚਾਰਾਂ ਦੀਆਂ ਘਟਨਾਵਾਂ ਅਤੇ ਸਰਕਾਰ ਵਲੋਂ ਦੋਸ਼ੀਆਂ ਖਿਲਾਫ ਜਿਨ੍ਹਾਂ ਵਿੱਚੋਂ ਬਹੁਤੇ ਕਾਂਗਰਸ ਪਾਰਟੀ ਨਾਲ ਹੀ ਜੁੜ੍ਹੇ ਹੋਏ ਹਨ ਖਿਲਾਫ ਕੋਈ ਠੋਸ ਕਾਰਵਾਈ ਨਾਂ ਕਰਨਾ, ਪੋਸਟ ਮੈਟਰਿਕ ਸਕ-ਾਲਰਸ਼ਿਪ ਸਕੀਮ ਅਧੀਨ ਸਮੇਂ ਸਿਰ ਫੰਡ ਜਾਰੀ ਨਾਂ ਕਰਨਾ ਅਤੇ ਇਸ ਸਕੀਮ ਵਿੱਚ ਹੋਈ ਘਪਲੇਬਾਜ਼ੀ ਵਿੱਚ ਕਾਂਗਰਸ ਦੇ ਮੰਤਰੀ ਦਾ ਨਾਮ ਆਣਾ, ਹਜਾਰਾਂ ਸਰਕਾਰੀ ਨੌਕਰੀਆਂ ਵਿੱਚ ਭਰਤੀ ਬੰਦ ਕਰਕੇ ਦਲਿਤਾਂ ਨੂੰ ਰੋਜਗਾਰ ਤੋਂ ਬਾਂਝੇ ਕਰਨਾ, ਸ਼੍ਰੀ ਗੁਰੂ ਰਵਿਦਾਸ ਦੀ ਚਰਨ ਛੋਹ ਧਰਤੀ ਸ਼੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸ਼ੁਰੂ ਕੀਤੇ ਗਏ ਅਜੂਬਾ ਮਿਨਾਰ ਏ ਬੇਗਮਪੁਰਾ ਦੇ ਨਿਰਮਾਣ ਲਈ ਫੰਡ ਸਮੇਂ ਸਿਰ ਜਾਰੀ ਨਾਂ ਕਰਨਾ, ਸੰਵਿਧਾਨ ਦੀ 85ਵੀਂ ਸੋਧ ਨੂੰ ਲਾਗੂ ਨਾਂ ਕਰਨਾ ਮੁੱਖ ਅਜਿਹੇ ਮੁੱਦੇ ਹਨ ਜਿਨ੍ਹਾਂ ਕਾਰਨ ਦਲਿਤ ਆਗੂ ਅਤੇ ਵੋਟਰ ਕਾਂਗਰਸ ਪਾਰਟੀ ਤੋਂ ਨਰਾਜ ਚੱਲ ਰਹੇ ਹਨ। ਪੰਜਾਬ ਵਿੱਚ ਲਗਾਤਾਰ 10 ਸਾਲ ਸੱਤਾ ਵਿੱਚ ਰਹੀ ਸ਼੍ਰੋਮਣੀ ਅਕਾਲੀ ਦੱਲ ਅਤੇ ਭਾਰਤੀ ਜਨਤਾ ਪਾਰਟੀ ਨੇ ਵੀ ਅਪਣੇ ਕਾਰਜਕਾਲ ਦੌਰਾਨ ਸੂੱਬੇ ਦੇ ਦਲਿਤਾਂ ਨਾਲ ਅਕਸਰ ਵਧੀਕੀਆਂ ਕੀਤੀਆਂ ਹਨ। ਇਨ੍ਹਾਂ ਵੀ ਅਪਣੇ ਕਾਰਜਕਾਲ ਦੌਰਾਨ ਸਰਕਾਰ ਵਿੱਚ ਦਲਿਤਾਂ ਨੂੰ ਯੋਗ ਹਿੱਸੇਦਾਰੀ ਨਹੀਂ ਦਿਤੀ। ਇਨ੍ਹਾਂ ਦੇ ਕਾਰਜਕਾਲ ਦੌਰਾਨ ਕਈ ਥਾਵਾਂ ਤੇ ਦਲਿਤਾਂ ਤੇ ਹਮਲੇ ਹੋਏ ਅਤੇ ਬਹੁਤੇ ਹਮਲਿਆਂ ਵਿੱਚ ਅਕਾਲੀ ਭਾਜਪਾ ਆਗੂਆਂ ਦੀ ਸ਼ਮੂਲੀਅਤ ਨਜਰ ਆਈ ਹੈ। ਪੰਜਾਬ ਵਿੱਚ ਅਨੁਸੂਚਿਤ ਜਾਤਾਂ ਲਈ ਰਾਖਵੀਆਂ ਸੀਟਾਂ ਦੀ ਦੋ ਵਰਗਾਂ ਵਿੱਚ ਵੰਡ ਲਈ ਵੀ ਮੁੱਖ ਤੋਰ ਤੇ ਅਕਾਲੀ ਭਾਜਪਾ ਸਰਕਾਰ ਨੂੰ ਹੀ ਜਿੰਮੇਵਾਰ ਮੰਨਿਆ ਜਾ ਰਿਹਾ ਹੈ, ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ ਨੂੰ ਸਹੀ ਲਾਗੂ ਨਾਂ ਕਰਨ ਕਾਰਨ ਲੱਖਾਂ ਵਿਦਿਆਰਥੀ ਪ੍ਰੇਸ਼ਾਨ ਹੁੰਦੇ ਰਹੇ ਹਨ। ਪੰਜਾਬ ਵਿੱਚ ਅਕਾਲੀ, ਭਾਜਪਾ ਅਤੇ ਕਾਂਗਰਸ ਪਾਰਟੀ ਦੀ ਅਸਫਲਤਾ ਦਾ ਪ੍ਰਚਾਰ ਅਤੇ ਦਿੱਲੀ ਵਿੱਚ ਕੀਤੇ ਗਏ ਵਿਕਾਸ ਕਾਰਜਾਂ ਨੂੰ ਅਧਾਰ ਬਣਾਕੇ ਪੰਜਾਬ ਵਿੱਚ ਸੱਤਾ ਤੇ ਕਬਜਾ ਕਰਨ ਲਈ ਆਮ ਆਦਮੀ ਪਾਰਟੀ ਵਲੋਂ ਵੀ ਪਿਛਲੀਆਂ ਚੋਣਾਂ ਵਾਂਗ ਹੀ ਇਸ ਵਾਰ ਵੀ ਦਲਿਤ ਵੋਟਰਾਂ ਨੂੰ ਨਾਲ ਜੋੜ੍ਹਣ ਲਈ ਉੱਪ ਮੁੱਖ ਮੰਤਰੀ ਬਣ-ਾਉਣ ਦਾ ਐਲਾਨ ਕੀਤਾ ਗਿਆ ਹੈ। ਦਲਿਤ ਵੋਟਰਾਂ ਨੂੰ ਰੁਝਾਣ ਲਈ ਕੀਤੇ ਗਏ ਇਸ ਐਲਾਨ ਨੂੰ ਪੰਜਾਬ ਦੇ ਦਲਿਤ ਬਾਕੀ ਪਾਰਟੀਆਂ ਦੇ ਲਾਰਿਆਂ ਵਾਂਗ ਹੀ ਇੱਕ ਝੂੱਠਾ ਲਾਰਾ ਮੰਨ ਰਹੇ ਹਨ ਕਿਉਂਕਿ ਆਮ ਆਦਮੀ ਪਾਰਟੀ ਨੇ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਸਾਲ 2015 ਵਿੱਚ ਹੋਈਆਂ ਚੋਣਾਂ ਵਿੱਚ ਲੱਗਭੱਗ 54.3 ਫੀਸਦੀ ਵੋਟਾਂ ਲੈਕੇ 70 ਵਿੱਚੋਂ 67 ਸੀਟਾਂ ਤੇ ਜਿੱਤ ਹਾਸਲ ਕੀਤੀ ਜਿਸ ਵਿੱਚ ਅਨੁਸੂਚਿਤ ਜਾਤਾਂ ਲਈ ਰਾਖਵੀਆਂ 12 ਸੀਟਾਂ ਵੀ ਸਾਮਿਲ ਹਨ ਪਰ ਮੋਜੂਦਾ ਸਮੇਂ ਕੈਬਿਨਟ ਦੇ 07 ਵਿੱਚ ਸਿਰਫ 01 ਵਿਧਾਇਕ ਰਾਜਿੰਦਰ ਪਾਲ ਗੌਤਮ ਨੂੰ ਹੀ ਲਿਆ ਗਿਆ ਹੈ।

ਪੰਜਾਬ ਦੀ ਸੱਤਾ ਤੇ ਕਾਬਜ਼ ਹੋਣ ਦੇ ਸੁਪਨੇ ਵੇਖਣ ਵਾਲੀਆਂ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਦਲਿਤਾਂ ਨੂੰ ਲਗਾਏ ਜਾ ਰਹੇ ਲਾਰੇ ਅਤੇ ਵਾਅਦੇ ਕਿੰਨੇ ਕੁ ਅਸਰ ਕਰਨਗੇ ਇਹ ਤਾਂ 2022 ਦੇ ਚੋਣ ਨਤੀਜੇ ਹੀ ਦੱਸਣਗੇ ਪਰ ਜਿਸ ਤਰਾਂ ਵੱਖ ਵੱਖ ਪਾਰਟੀਆਂ ਦਲਿਤ ਵੋਟਰਾਂ ਨੂੰ ਭਰਮਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ ਇਸਤੋਂ ਸਪੱਸ਼ਟ ਹੈ ਕਿ 2022 ਵਿੱਚ ਪੰਜਾਬ ਦੀ ਸੱਤਾ ਦੇ ਤਾਲੇ ਦੀ ਚਾਬੀ ਦਲਿੱਤ ਵੋਟਰਾਂ ਦੇ ਹੱਥ ਵਿੱਚ ਹੀ ਹੋਵੇਗੀ।




# ਅਨੁਸੂਚਿਤ ਜਾਤੀ ਕਮਿਸ਼ਨ ਅੱਗੇ ਪੇਸ਼ ਹੋਏ ਮੈਂਬਰ ਪਾਰਲੀਮੈਂਟ ਰਵਨੀਤ ਸਿੰਘ ਬਿੱਟੂ

**ਚੰਡੀਗੜ੍ਹ (ਬਿਊਰੋ)–** ਵਿਧਾਨ ਸਭਾ ਦੀਆਂ 'ਪਵਿੱਤਰ ਸੀਟਾਂ' ਦੇ ਮੁੱਦੇ 'ਤੇ ਅਨੁਸੂਚਿਤ ਜਾਤੀ ਵਰਗ ਦੇ ਨਿਸ਼ਾਨੇ 'ਤੇ ਆਏ



ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਸੋਮਵਾਰ ਨੂੰ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਅੱਗੇ ਪੇਸ਼ ਹੋਏ। ਬਿੱਟੂ ਨੇ ਕਮਿਸ਼ਨ ਅੱਗੇ ਪੇਸ਼ ਹੋ ਕੇ ਕਿਹਾ ਕਿ ਜੇਕਰ ਉਹਨਾਂ ਦੇ ਬਿਆਨ ਨਾਲ ਕਿਸੇ ਦੇ ਮਨ ਨੂੰ ਠੇਸ ਪੁੱਜੀ ਹੈ ਤਾਂ ਉਹ ਬਿਨਾਂ ਸ਼ਰਤ ਮਾਫ਼ੀ ਮੰਗਦੇ ਹਨ। ਉਧਰ ਕਮਿਸ਼ਨ ਨੇ ਬਿੱਟੂ ਦਾ ਪੱਖ ਸੁਣਨ ਤੋਂ ਬਾਅਦ ਉਹਨਾਂ ਨੂੰ ਦੋ ਦਿਨਾਂ ਦੇ ਅੰਦਰ ਆਪਣਾ ਲਿਖਤੀ ਜਵਾਬ ਦੇਣ ਲਈ ਕਿਹਾ ਹੈ। ਸੋਮਵਾਰ ਨੂੰ ਕਮਿਸ਼ਨ ਦੇ ਮੈਂਬਰਾਂ ਨੇ ਰਵਨੀਤ ਸਿੰਘ ਬਿੱਟੂ ਦਾ ਪੱਖ ਸੁਣਿਆ। ਕਮਿਸ਼ਨ ਦੀ ਚੇਅਰਪਰਸਨ ਤੇਜਿੰਦਰ ਕੌਰ ਨੇ ਦੱਸਿਆ ਕਿ ਪੇਸ਼ੀ ਦੌਰਾਨ ਬਿੱਟੂ ਵੱਲੋਂ ਆਪਣਾ ਪੱਖ ਰੱਖਦਿਆਂ ਕਿਹਾ ਗਿਆ ਕਿ ਉਹਨਾਂ ਦਾ ਕਦੀ ਵੀ ਇਸ ਤਰਾਂ ਦਾ ਮਕਸਦ ਨਹੀਂ ਸੀ ਕਿ ਉਹ ਦਲਿਤ ਸਮਾਜ ਪ੍ਰਤੀ ਕੋਈ ਗ਼ਲਤ ਭਾਵਨਾ ਵਾਲਾ ਬਿਆਨ ਦੇਣ ਅਤੇ ਜੇਕਰ ਉਹਨਾਂ ਦੇ ਬਿਆਨ ਨਾਲ ਕਿਸੇ ਦੇ ਮਨ ਨੂੰ ਠੇਸ ਪੁੱਜੀ ਹੈ ਤਾਂ ਉਹ ਬਿਨਾਂ ਸ਼ਰਤ ਮਾਫ਼ੀ ਮੰਗਦੇ ਹਨ ਜਿਸ 'ਤੇ ਕਮਿਸ਼ਨ ਨੇ ਉਹਨਾਂ ਨੂੰ ਦੋ ਦਿਨਾਂ ਵਿਚ ਆਪਣਾ ਪੱਖ ਲਿਖਤੀ ਤੌਰ 'ਤੇ ਪੇਸ਼ ਕਰਨ ਲਈ ਹੁਕਮ ਦਿੱਤੇ ਹਨ। ਕਮਿਸ਼ਨ ਦੇ ਇਤਿਹਾਸ ਵਿਚ ਪਹਿਲੀ ਵਾਰ ਹੈ ਕਿ ਲੋਕ ਸਭਾ ਮੈਂਬਰ ਉਸ ਅੱਗੇ ਪੇਸ਼ ਹੋਇਆ ਹੈ। ਉਧਰ ਬਹੁਜਨ ਸਮਾਜ ਪਾਰਟੀ ਤੇ ਅਕਾਲੀ ਦਲ ਨੇ ਸੋਮਵਾਰ ਨੂੰ ਸੂਬੇ ਦੇ 117 ਵਿਧਾਨ ਸਭਾ ਹਲਕਿਆਂ ਵਿਚ ਪੁਲਿਸ ਪ੍ਰਸ਼ਾਸਨ ਨੂੰ ਰਵਨੀਤ ਸਿੰਘ ਬਿੱਟੂ ਖ਼ਿਲਾਫ਼ ਕੇਸ ਦਰਜ ਕਰਨ ਦੀ ਮੰਗ ਨੂੰ ਲੈ ਕੇ ਸ਼ਿਕਾਇਤਾਂ ਦਿੱਤੀਆਂ ਹਨ।

ਬਸਪਾ ਪੰਜਾਬ ਦੇ ਪ੍ਰਧਾਨ ਜਸਬੀਰ ਸਿੰਘ ਗੜ੍ਹੀ ਦਾ ਕਹਿਣਾ ਹੈ ਕਿ ਬਸਪਾ ਦਾ ਅਕਾਲੀ ਦਲ ਨਾਲ ਸਮਝੌਤਾ ਹੋਣ ਤੋਂ ਬਾਅਦ ਬਿੱਟੂ ਨੇ ਬਸਪਾ ਦੇ ਹਿੱਸੇ ਆਈਆਂ ਸੀਟਾਂ ਬਾਰੇ ਗ਼ਲਤ ਬਿਆਨਬਾਜ਼ੀ ਕੀਤੀ। ਜਦੋਂ ਅਨੁਸੂਚਿਤ ਜਾਤੀ ਭਾਈਚਾਰੇ ਦੇ ਲੋਕਾਂ ਨੇ ਵਿਰੋਧ ਕੀਤਾ ਤਾਂ ਬਿੱਟੂ ਨੇ ਉਹਨਾਂ (ਗੜ੍ਹੀ) ਨੂੰ ਧਮਕੀਆਂ ਦਿੱਤੀਆਂ।

Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh
Cell : 530-870-6600
Fax : (530) 870-1429
532, Houston St.
West Sacramento, CA 95691




Email: myfuturetruck@gmail.com

# ਪੰਜਾਬ ਦੇ ਪਿੰਡ ਭਰੋ ਮਜਾਰਾ ਨੇ ਸਿਰਜਿਆ ਸੁਨਹਿਰੀ ਇਤਿਹਾਸ !!!

# ਪਿੰਡ ਦੇ 36 ਡਾਕਟਰਾਂ ਦੀਆਂ ਅੰਬਰਾਂ 'ਤੇ ਉਡਾਰੀਆਂ ਦੀ ਕਹਾਣੀ



**ਸੰਤੋਖ ਸਿੰਘ ਜੱਸੀ**
**91-70876-19800**

ਜੇ ਤੂੰ ਦਲਿਤਾ ਚਾਰ ਜਮਾਤਾਂ ਪੜ੍ਹੀਆਂ ਨੇ,
ਅੱਜ ਗੱਲਾਂ ਤੇਰੇ ਸਮਝਣ ਵਾਲੀਆਂ ਬੜੀਆਂ ਨੇ।
ਬੇਗ਼ਮਪੁਰਾ ਵਸਾਉਣ ਦੀਆਂ ਆਈਆਂ,
ਤੇਰੇ ਹੱਥ ਅੱਜ ਘੜੀਆਂ ਨੇ।

ਸਿਆਣੇ ਕਹਿੰਦੇ ਹਨ ਕਿ ਬਿਮਾਰੀ, ਗਰੀਬੀ ਤੇ ਜ਼ਹਿਮਤ ਕਿਸੇ ਦੇ ਘਰ ਆ ਵੜੇ ਤਾਂ ਫਿਰ ਉਸ ਘਰ ਦਾ ਰੱਬ ਹੀ ਰਾਖਾ ਹੈ। ਪਰ ਜਿਸ ਸਮਾਜ 'ਤੇ ਇਹ ਸਾਰੀਆਂ ਦੁਸ਼ਵਾਰੀਆਂ ਸਦੀਆਂ ਤੋਂ ਥੋਪੀਆਂ ਹੋਣ ਤੇ ਉਹ ਇਹ ਧੋਣਾਂ ਧੋਣ ਵਿੱਚ ਆਪਣੇ ਅੰਦਰ ਇੱਕ ਚੀਸ ਵੱਟ ਕੇ ਅੱਗੇ ਵਧਣ ਤਾਂ ਗੱਲ ਕਰਨੀ ਬਣਦੀ ਹੀ ਹੈ। ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੇ ਕਿਹਾ ਸੀ ਕਿ ਗਿਆਨ ਸ਼ੇਰਨੀ ਦਾ ਉਹ ਦੁੱਧ ਹੈ, ਜੋ ਪੀਏਗਾ ਉਹ ਦਹਾੜੇਗਾ ਵੀ। ਸ਼ਾਇਦ ਇਹ ਗੱਲ ਇਸ ਪਿੰਡ ਵਾਸੀਆਂ ਦੇ ਦਿਲਾਂ 'ਚ ਘਰ ਕਰ ਗਈ। ਸਦੀਆਂ ਤੋਂ ਬਿਮਾਰ ਰਹੇ ਸਮਾਜ ਨੇ ਕਿੱਤਾ ਵੀ ਉਹ ਚੁਣਿਆਂ ਕਿ "ਜਿਸ ਵਿਅਕਤੀ ਨੇ ਦਵਾਈਆਂ ਦੀ ਸਿਖਲਾਈ ਲਈ ਹੋਵੇ ਤੇ ਉਹ ਆਪਣੇ ਇਲਾਜ ਨਾਲ ਬਿਮਾਰ ਵਿਅਕਤੀ ਨੂੰ ਠੀਕ ਕਰ ਸਕਦਾ ਹੋਵੇ", ਭਾਵ ਕਿ ਡਾਕਟਰੀ ਪੇਸ਼ਾ। ਡਾਕਟਰੀ ਪੇਸ਼ਾ ਉਹ ਪਵਿੱਤਰ ਪੇਸ਼ਾ ਮੰਨਿਆ ਗਿਆ ਹੈ, ਜਿੱਥੇ ਮੌਤ ਦੇ ਬੇਹੱਦ ਕਰੀਬ ਪਹੁੰਚ ਚੁੱਕੇ ਮਰੀਜ਼ 'ਚ ਉਮੀਦ ਜਗਾਉਣ ਲਈ ਆਖਰੀ ਸਾਹਾਂ ਤੱਕ ਡਾਕਟਰ ਯਤਨਸ਼ੀਲ ਰਹਿੰਦੇ ਹਨ। ਇਸੇ ਕਰਕੇ ਦੁਨੀਆਂ ਭਰ 'ਚ ਡਾਕ-ਟਰਾਂ ਨੂੰ ਰੱਬ ਦਾ ਦੂਜਾ ਰੂਪ ਮੰਨਿਆ ਗਿਆ ਹੈ। ਹਰ ਮਾਂ-ਬਾਪ ਦਾ ਸੁਪਨਾ ਹੈ ਕਿ ਉਹਨਾਂ ਦਾ ਬੱਚਾ ਉਹਨਾਂ ਤੋਂ ਵੱਧ ਤਰੱਕੀ ਅਤੇ ਮਾਣ ਪ੍ਰਾਪਤ ਕਰੇ ਤੇ ਖੁਸ਼ਹਾਲ ਹੋਵੇ (ਮਾਧੋ ਅਬਿਦਿਆ ਹਿਤ ਕੀਨ।। ਬਿਬੇਕ ਦੀਪ ਮਲੀਨ।। ਬਾਣੀ ਗੁਰੂ ਰਵਿਦਾਸ ਜੀ)। ਪਰ ਜਿਹਨਾਂ ਮਾਪਿਆਂ ਕੋਲੋਂ ਵੱਡੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਸਾਧਨ ਹੀ ਨਾ ਹੋਣ, ਪੈਰ-ਪੈਰ 'ਤੇ ਅਤੇ ਪਲ-ਪਲ ਵਿਤਕਰਾ ਹੁੰਦਾ ਰਿਹਾ ਹੋਵੇ, ਅਜਿਹੇ ਹਾਲਾਤਾਂ ਵਿੱਚ ਜਿਹਨਾਂ ਅੰਦਰ ਜਨੂੰਨ ਹੋਵੇ ਕਿ ਜੋ ਵੀ ਮੁਸ਼ਕਿਲ ਹੋਵੇ, ਬੱਚਿਆਂ ਨੂੰ ਹਰ ਹਾਲਤ ਵਿੱਚ ਪੜ੍ਹਾਉਣਾ ਹੀ ਹੈ। ਚੰਗੀ ਵਿੱਦਿਆ ਦਿਵਾ ਕੇ ਸਮੇਂ ਦੇ ਹਾਣੀ ਬਣਾਉਣਾ ਹੈ। ਅਜਿਹੀ ਹੀ ਸਫ਼ਲਤਾ ਦੀ ਕਹਾਣੀ ਇੱਕ ਪਿੰਡ ਦੀ ਸਾਂਝੀ ਕਰ ਰਹੇ ਹਾਂ।

ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਦੀ ਤਹਿਸੀਲ ਤੇ ਬਲਾਕ ਬੰਗਾ ਦੇ ਮੁਕੰਦਪੁਰ ਰੋਡ 'ਤੇ ਸਥਿਤ ਇੱਕ ਪਿੰਡ ਹੈ ਭਰੋ ਮਜਾਰਾ (ਭਾਰੋਮਾਜ਼ਰਾ)। ਇਸ ਪਿੰਡ 'ਤੇ ਇੰਝ ਲੱਗਦਾ ਹੈ ਕਿ ਇੱਥੇ ਵਿੱਦਿਆ ਦੇ ਮੀਂਹ ਦੀਆਂ ਕਣੀਆਂ ਨਹੀਂ, ਸਗੋਂ ਭਾਰੀ ਅਹਿਣ ਪਈ ਲੱਗਦੀ ਹੈ। ਦੋ ਹਜਾਰ ਦੀ ਆਬਾਦੀ ਵਾਲੇ ਇਸ ਪਿੰਡ ਵਿੱਚ ਬਹੁ-ਗਿਣਤੀ ਦਲਿਤ (ਆਦਿ-ਧਰਮੀ) ਭਾਈਚਾਰੇ ਦੀ ਹੈ। ਪਿੰਡ ਵਿੱਚ 1365 ਵੋਟਾਂ ਹਨ ਅਤੇ 8 ਮੈਂਬਰੀ ਪੰਚਾਇਤ ਹੈ। ਇਸ ਪਿੰਡ ਵਿੱਚ 1, 2 ਜਾਂ 5 ਨਹੀਂ, ਸਗੋਂ 36 ਐੱਮ.ਬੀ.ਬੀ.ਐੱਸ., ਐੱਮ.ਡੀ., ਐੱਮ.ਡੀ.ਐੱਸ., ਬੀ.ਡੀ.ਐੱਸ. ਤੇ ਹੋਰ ਮਾਨਤਾ ਪ੍ਰਾਪਤ ਡਿਗਰੀਆਂ ਵਾਲੇ ਮਾਹਿਰ ਡਾਕਟਰ ਹਨ। ਜਿਹੜੇ ਕਿ ਸਾਰੇ ਦੇ ਸਾਰੇ ਦਲਿਤ (ਆਦਿ-ਧਰਮੀ) ਪਰਿਵਾਰਾਂ 'ਚੋਂ ਹਨ।

ਇਹਨਾਂ ਸਾਰੇ ਡਾਕਟਰ ਸਾਹਿਬਾਨਾਂ ਨੇ ਜਿੱਥੇ ਬੀਬੇ ਰਾਣੇ ਬਣ ਕੇ, ਦੀਵੇ ਅਤੇ ਬੱਤੀ ਦੀ ਲੋਏ ਦਿਨ-ਰਾਤ ਪੜ੍ਹ ਕੇ ਅਤੇ ਮਿਹਨਤ ਕਰਕੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਅਜਿਹੇ ਸਰਵਣ ਪੁੱਤਰ ਤੇ ਧੀਆਂ ਨੂੰ ਸਲਾਮ ਕਹਿਣ ਨੂੰ ਜੀਅ ਕਰਦਾ ਹੈ।

ਮੌਜੂਦਾ ਵਿਸ਼ਵ ਕੋਰੋਨਾ ਮਹਾਂਮਾਰੀ ਦੌਰਾਨ ਡਾਕਟਰਾਂ ਦੀਆਂ ਜਿੰਮੇਵਾਰੀਆਂ ਸਮਾਜ ਪ੍ਰਤੀ ਹੋਰ ਵੀ ਵੱਧ ਗਈਆਂ ਹਨ। ਹਰ ਵਿਅਕਤੀ ਨੂੰ ਇਸ ਮਹਾਂਮਾਰੀ ਦੌਰਾਨ ਸਿਰਫ ਤੇ ਸਿਰਫ ਡਾਕਟਰਾਂ 'ਚੋਂ ਜ਼ਿੰਦਗੀ ਲਈ ਆਸ ਦੀ ਕਿਰਨ ਦਿਖਾਈ ਦਿੰਦੀ ਹੈ।

ਇੱਥੇ ਹੀ ਬੱਸ ਨਹੀਂ ਬਲਕਿ ਇਸ ਪਿੰਡ ਵਿੱਚ ਹੋਰ ਬਹੁਤ ਅਹਿਮ ਸ਼ਖਸੀਅਤਾਂ ਹਨ, ਜਿਹਨਾਂ ਨੇ ਦੇਸ਼ ਦੇ ਵੱਖ-ਵੱਖ ਕੋਨਿਆਂ ਅਤੇ ਵਿਭਾਗਾਂ ਵਿੱਚ ਆਪਣੀ ਕਾਬਲੀਅਤ ਸਾਬਿਤ ਕੀਤੀ। ਜਿਹਨਾਂ ਵਿੱਚ ਸਵ: ਕਰਮਾ ਰਾਮ ਸੁੰਡਾ ਡੀ.ਸੀ.ਐੱਸ. (ਦਿੱਲੀ ਸਿਵਲ ਸਰਵਿਸਜ਼) ਜਾਇੰਟ ਡਾਇਰੈਕਟਰ ਕਮ-ਡਿਪਟੀ ਸਕੱਤਰ ਭਾਰਤ ਸਰਕਾਰ, ਸਵ: ਨਰੰਜਣ ਦਾਸ ਏ.ਜੀ. ਪੰਜਾਬ ਅਤੇ ਹਰਿਆਣਾ (ਪੈਨਸ਼ਨ ਵਿਭਾਗ), ਲਸ਼ਕਰ ਸਿੰਘ (ਪੋਸਟ ਮਾਸਟਰ), ਰਾਮ ਨਾਥ ਸੁੰਡਾ ਸੀਨੀਅਰ ਐਡੀਟਰ ਪੀ. ਐਂਡ ਟੀ., ਬਾਮਸੇਫ਼ ਦੇ ਸਿਰਕੱਢ ਆਗੂ ਤੇ ਐਡੀਟਰ ਪੰਦਰਵਾੜਾ ਮੈਗਜ਼ੀਨ ਮੂਲਨਿਵਾਸੀ, ਜੋਗਿੰਦਰ ਸਿੰਘ (ਐਕਸੀਅਨ ਬੀ.ਐੱਸ.ਐੱਨ.ਐੱਲ.), ਹਰਭਜਨ ਰਾਮ (ਐਸ.ਡੀ.ਓ. ਬੀ.ਐੱਸ.ਐੱਨ.ਐੱਲ.) ਭਜਨ ਰਾਮ (ਸੀਨੀਅਰ ਐਡੀਟਰ ਏ.ਜੀ. ਪੰਜਾਬ ਐਂਡ ਹਰਿਆਣਾ, ਚੰਡੀਗੜ੍ਹ), ਅਜੀਤ ਸਿੰਘ ਸੁੰਡਾ (ਸੇਵਾ ਮੁਕਤ ਸਟੇਸ਼ਨ ਮਾਸਟਰ ਰੇਲਵੇ ਵਿਭਾਗ), ਸੇਵਾ ਸਿੰਘ (ਸੇਵਾ ਮੁਕਤ ਮਕੈਨੀਕਲ ਰੇਲਵੇ ਵਿਭਾਗ), ਜੈ ਪਾਲ ਸੁੰਡਾ ਐੱਮ.ਏ. ਰਾਜਨੀਤੀ ਸ਼ਾਸਤਰ (ਸੇਵਾ ਮੁਕਤ ਸਪੈਸ਼ਲ ਸਹਾਇਕ ਯੂਕੋ ਬੈਂਕ), ਸੁਰਿੰਦਰ ਮੋਹਣ (ਸੇਵਾ ਮੁਕਤ ਅਫ਼ਸਰ ਸਟੇਟ ਬੈਂਕ ਆਫ ਇੰਡੀਆ), ਜੋਗਿੰਦਰ ਸਿੰਘ (ਪੰ-ਚਾਇਤ ਅਫ਼ਸਰ), ਹੰਸ ਰਾਜ (ਪਟਵਾਰੀ), ਲਛਮਣ ਦਾਸ (ਪਟਵਾਰੀ), ਬੇਲੀ ਰਾਮ (ਪਟਵਾਰੀ), ਭਾਗ ਸਿੰਘ (ਬੀ.ਈ.ਓ.), ਸੀਤਲ ਰਾਮ (ਮੁੱਖ ਅਧਿਆਪਕ), ਸ਼ਾਂਤੀ ਦੇਵੀ (ਮੁੱਖ ਅਧਿਆਪਕਾ), ਹਰਭਜਨ ਕੌਰ (ਅਧਿਆਪਕ), ਗੁਰਦੇਵ ਕੌਰ (ਅਧਿਆਪਕ), ਸੁਨੀਤਾ ਪੁੱਤਰੀ ਸੇਵਾ ਸਿੰਘ (ਐੱਮ.ਏ., ਬੀ.ਐੱਡ.), ਕੁਲਦੀਪ ਸਿੰਘ (ਐੱਮ.ਏ., ਬੀ.ਐੱਡ.), ਭੁਪਿੰਦਰ ਸਿੰਘ (ਅਧਿਆਪਕ), ਹਰਪ੍ਰੀਤ ਸਿੰਘ (ਅਧਿਆਪਕ), ਸੇਵਾ ਸਿੰਘ, ਸੱਤਪਾਲ ਸੁੰਡਾ (ਬੀ.ਐੱਸ.ਐੱਨ.ਐੱਲ.), ਜਸਵੀਰ ਸਿੰਘ (ਟੈਲੀਫੋਨ ਵਿਭਾਗ), ਮੋਹਣ ਲਾਲ ਸੁੰਡਾ (ਏ.ਜੀ.ਐੱਮ. ਨਵਾਂਸ਼ਹਿਰ ਸੈਂਟਰਲ ਕੋਆਪਰੇਟਿਵ ਬੈਂਕ ਨਵਾਂਸ਼ਹਿਰ), ਗੁਰਨਾਮ ਰਾਮ (ਅਧਿਆਪਕ), ਮਨਜਿੰਦਰ ਸਿੰਘ ਪੁੱਤਰ ਲਛਕਰ ਸਿੰਘ (ਇੰਜੀਨੀਅਰ), ਜਸਪਾਲ ਕੌਰ (ਐੱਮ.ਟੈੱਕ.), ਪ੍ਰਿੰਸ ਸੁੰਡਾ ਪੁੱਤਰ ਸੁਰਿੰਦਰ ਮੋਹਣ (ਕੰਪਿਊਟਰ ਇੰਜੀਨੀਅਰ), ਪੱਤਰਕਾਰ ਚਮਨ ਲਾਲ ਬੰਗਾ, ਮੋਨਿਕਾ ਪੁੱਤਰੀ ਚਮਨ ਲਾਲ (ਐੱਮ.ਸੀ.ਏ.), ਗੋਪਾਲ ਸਿੰਘ ਪੁੱਤਰ ਬਿਹਾਰੀ ਲਾਲ (ਐੱਮ.ਫਿੱਲ ਕੈਮਿਸਟਰੀ), ਪਵਨ ਕੁਮਾਰ (ਲੈਬੋਰਟਰੀ ਟੈਕਨੀਸ਼ੀਅਨ), ਬਿਹਾਰੀ ਲਾਲ (ਬਿਜਲੀ ਬੋਰਡ), ਗੁਰਦਿਆਲ ਚੰਦ (ਬਿਜਲੀ ਬੋਰਡ), ਬਲਵਿੰਦਰ ਸਿੰਘ, ਸਵ: ਅਮਰੀਕ ਸਿੰਘ, ਗੁਲਾਬ ਚੰਦ, ਰਾਜ ਕੁਮਾਰ ਅਤੇ ਦਮਨਜੀਤ ਸਿੰਘ (ਸਾਰੇ ਪੰਜਾਬ ਪੁਲਿਸ), ਸਵਰਨਾ ਰਾਮ (ਸੇਵਾ ਮੁਕਤ ਐੱਸ.ਡੀ.ਓ. ਬਿਜਲੀ ਬੋਰਡ), ਭਗਤ ਰਾਮ ਸੁੰਡਾ (ਸੇਵਾ ਮੁਕਤ ਐੱਸ.ਡੀ.ਓ. ਬਿਜਲੀ ਬੋਰਡ), ਸਤਨਾਮ ਚੰਦ (ਸੇਵਾ ਮੁਕਤ ਅਧਿਆਪਕ), ਧਰਮਿੰਦਰ ਸਿੰਘ (ਟੈਕਨੀਸ਼ੀਅਨ ਰੇਲਵੇ ਵਿਭਾਗ), ਕਮਲੇਸ਼ ਕੁਮਾਰੀ (ਪੀ.ਐੱਨ.ਬੀ.), ਵਿੱਦਿਆਵਤੀ (ਪੀ.ਐੱਨ.ਬੀ.), ਰਾਜ ਕੁਮਾਰੀ (ਸੇਵਾ ਮੁਕਤ ਇੰਡੀਅਨ ਬੈਂਕ ਮੁਲਾਜਮ), ਬਲਵੰਤ ਸਿੰਘ (ਸਮਾਜ ਸੇਵਕ), ਸੁਰਿੰਦਰ ਕੌਰ (ਅਧਿਆਪਕ), ਕੇਵਲ ਕ੍ਰਿਸ਼ਨ ਗੌੜ (ਸੈਕਸ਼ਨਲ ਅਫ਼ਸਰ), ਗਿਆਨ ਚੰਦ (ਅਧਿਆਪਕ), ਕਮਲਾ ਦੇਵੀ (ਅਧਿਆਪਕ), ਸੁਖਦੇਵ ਸ਼ਰਮਾ (ਮੈਨੇਜਰ ਸੈਂਟਰਲ ਕੋਆਪਰੇਟਿਵ ਬੈਂਕ), ਸੀਮਾ (ਅਧਿਆਪਕ), ਮੱਖਣ ਲਾਲ (ਅਧਿਆਪਕ), ਪ੍ਰਵੀਨ ਕੁਮਾਰੀ (ਅਧਿਆਪਕ), ਚਮਨ ਲਾਲ (ਅਧਿਆਪਕ), ਮਨਜੀਤ ਸਿੰਘ (ਅਧਿਆਪਕ), ਧਰਮਵੀਰ (ਬੀ.ਟੈੱਕ.), ਕੁਲਵਿੰਦਰ ਸੁੰਡਾ ਕਨੇਡਾ (ਗੀਤਕਾਰ), ਰਜਿੰਦਰ ਕੁਮਾਰੀ (ਅਧਿਆਪਕ), ਆਸ਼ਾ ਰਾਣੀ (ਅਧਿਆਪਕ), ਜਸਵੀਰ ਕੌਰ (ਮੰਗੂਵਾਲ) ਕਨੇਡਾ, ਮਨਦੀਪ ਮੀਰਾ (ਅਧਿਆਪਕ), ਸੁਖਵਿੰਦਰ ਸਿੰਘ ਸੁੰਡਾ (ਰੀਡਰ ਡੀ.ਸੀ. ਦਫ਼ਤਰ), ਜਗਦੀਸ਼ ਕੌਰ (ਰੀਡਰ ਐੱਸ.ਡੀ.ਐੱਮ. ਦਫ਼ਤਰ), ਰਾਜੇਸ਼ ਕੁਮਾਰ ਸੁੰਡਾ (ਐੱਮ.ਏ. ਹਿਸਟਰੀ), ਦਵਿੰਦਰ ਸਿੰਘ (ਗੋਪੀ) ਕਬੱਡੀ ਕੋਚ (ਅੰਤਰ-ਰਾਸ਼ਟਰੀ ਖਿਡਾਰੀ), ਅਮਰੀਕ ਸਿੰਘ ਏ.ਐੱਸ.ਆਈ, ਸਵ: ਦੇਵ ਰਾਜ ਲੈਬੋਰਟਰੀ ਟੈਕਨੀਸ਼ੀਅਨ, ਸ਼੍ਰੀ ਹਰੀ ਕਿਸ਼ਨ ਰਿਟਾਇਰਡ ਬਿਜਲੀ ਬੋਰਡ, ਕਰਤਾਰ ਸਿੰਘ ਸੇਵਾ ਮੁਕਤ ਬਿਜਲੀ ਬੋਰਡ, ਸਵ: ਤਰਲੋਚਨ ਸਿੰਘ ਪੀ. ਐਂਡ ਟੀ., ਸਵ: ਸੋਹਣ ਸਿੰਘ ਪੀ.ਐਂਡ ਟੀ. ਤੇ ਬੈਂਕ ਮੁਲਾਜ਼ਮ, ਗਿਆਨ ਸਿੰਘ ਕਬੱਡੀ ਖਿਡਾਰੀ, ਸਵ: ਬਲਵੰਤ ਸਿੰਘ (ਰਿੰਪੀ) ਵਾਲੀਬਾਲ ਖਿਡਾਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਸੁਰਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ (ਸੁਪਰਡੈਂਟ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ), ਰਾਜਵੀਰ ਕੌਰ ਪੁੱਤਰੀ ਸੁਰਿੰਦਰ ਸਿੰਘ (ਸੀ.ਏ.), ਹਰਮਨਦੀਪ ਸਿੰਘ ਪੁੱਤਰ ਸੁਰਿੰਦਰ ਸਿੰਘ (ਐੱਮ.ਐੱਸ.ਸੀ. ਕੈਮਿਸਟਰੀ), ਦਵਿੰਦਰ ਕੌਰ ਅਧਿਆਪਕਾ, ਸਵ: ਮੰਗਲ ਸਿੰਘ, ਸਵ: ਬਿਸ਼ਨ ਸਿੰਘ, ਗੁਰਦਿਆਲ ਸਿੰਘ, ਸੁਰਜੀਤ ਸਿੰਘ, ਸੱਤਪਾਲ ਸਿੰਘ, ਰਾਜ ਕੁਮਾਰ (ਸਾਰੇ ਫੌਜੀ), ਰਾਮ ਲੁਭਾਇਆ (ਸੇਵਾ ਮੁਕਤ ਨਗਰ ਕੌਂਸਲ ਮੁਲਾਜ਼ਮ), ਪੱਤਰਕਾਰ ਨਵਕਾਂਤ ਭਰੋ ਮਜਾਰਾ (ਮੈਡੀਕਲ ਪ੍ਰੈਕਟੀਸ਼ਨਰ), ਕਮਲਜੀਤ ਕੌਰ ਪਤਨੀ ਤੀਰਥ ਸਿੰਘ (ਸਾਬਕਾ ਬਲਾਕ ਸੰਮਤੀ ਮੈਂਬਰ), ਗਾਇਕ ਲੱਖਾ ਭਰੋ ਮਜਾਰਾ, ਸਵ: ਸੰਤ ਰਾਮ, ਗਿਆਨੀ ਬਿਸ਼ਨ ਦਾਸ ਅਤੇ ਲੱਗਭੱਗ 35 ਸਾਲ ਲਗਾਤਾਰ ਰਹਿ ਚੁੱਕੇ ਸਰਪੰਚ ਸਵ: ਬਿਸ਼ਨ ਸਿੰਘ ਆਦਿ ਪਿੰਡ ਦੀਆਂ ਪ੍ਰਮੁੱਖ ਸ਼ਖਸੀਅਤਾਂ ਵਿੱਚ ਸ਼ੁਮਾਰ ਹਨ। ਪਿੰਡ ਦੇ ਅਨੇਕਾਂ ਵਿਅਕਤੀ, ਨੌਜਵਾਨ ਲੜਕੇ, ਲੜਕੀਆਂ ਵਿਦੇਸ਼ਾਂ ਵਿੱਚ ਪੜ੍ਹਨ ਅਤੇ ਰੁਜ਼ਗਾਰ ਪ੍ਰਾਪਤੀ ਲਈ ਸੰਘਰਸ਼ਸ਼ੀਲ ਹਨ।

ਇਹਨਾਂ ਸਾਰੀਆਂ ਉਪਲੱਬਧੀਆਂ ਵਾਰੇ ਪਿੰਡ ਦੇ ਨੌਜਵਾਨ ਸਰਪੰਚ ਰਾਮ ਸਿੰਘ, ਜੈ ਪਾਲ ਸੁੰਡਾ (ਪ੍ਰਧਾਨ ਬੀ.ਐਸ.ਪੀ. ਹਲਕਾ ਬੰਗਾ), ਜਗਤਾਰ ਸਿੰਘ (ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਗੁਰਦਵਾਰਾ), ਬੈਂਕ ਅਧਿਕਾਰੀ ਰਹੇ ਸੁਰਿੰਦਰ ਮੋਹਣ ਤੇ ਪਿੰਡ ਦੀਆਂ ਹੋਰ ਪ੍ਰਮੁੱਖ ਸ਼ਖਸੀਅਤਾਂ ਨੇ ਦੱਸਿਆ ਕਿ ਸਾਡੇ ਪਿੰਡ ਦੇ ਮਿਸ਼ਨਰੀ ਤੇ ਮਿਹਨਤੀ ਬਜੁਰਗ ਸ਼੍ਰੀ ਅਮਰ ਚੰਦ ਕਲਕੱਤਾ ਵਿਖੇ ਚਮੜੇ ਦਾ ਕੰਮ ਕਰਨ ਵਾਸਤੇ ਗਏ। ਕਲਕੱਤਾ ਵਿਖੇ ਦਲਿਤਾਂ ਦੇ ਗੜ੍ਹ ਵਿੱਚ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਸੰਵਿਧਾਨ ਸਭਾ ਲਈ ਚੁਣਨ ਵਾਸਤੇ ਚੋਣ ਮੁਹਿੰਮ ਚੱਲ ਰਹੀ ਸੀ ਅਤੇ ਉਸ ਵੇਲੇ ਬਾਬਾ ਸਾਹਿਬ ਦੇ ਵਿਰੋਧੀ ਬਾਬਾ ਸਾਹਿਬ ਨੂੰ ਹਰਾਉਣ ਲਈ ਪੂਰਾ ਜ਼ੋਰ ਲਗਾ ਰਹੇ ਸਨ। ਬਾਬਾ ਸਾਹਿਬ ਦੀ ਚੋਣ ਕਾਨਫ਼ਰੰਸ ਵਾਲੇ ਸਥਾਨ 'ਤੇ ਬਾਕੀ ਸਾਥੀਆਂ ਨਾਲ ਬਤੌਰ ਸੁਰੱਖਿਆ ਦਸਤੇ ਵਜੋਂ ਡਿਊਟੀ ਨਿਭਾਈ ਤਾਂ ਜੋ ਕੋਈ ਗੜਬੜ ਨਾ ਕਰ ਸਕੇ। ਇਸ ਕਾਨਫ਼ਰੰਸ ਦੇ ਇਕੱਠ ਵਿੱਚ ਬਾਬਾ ਸਾਹਿਬ ਦੇ ਭਾਸ਼ਣ ਤੋਂ ਬਹੁਤ ਪ੍ਰਭਾਵਿਤ ਹੋਏ। ਇਸ ਤੋਂ ਥੋੜ੍ਹੀ ਦੇਰ ਬਾਅਦ ਅਮਰ ਚੰਦ ਨੇ ਵਾਪਿਸ ਆਪਣੇ ਪਿੰਡ ਆ ਕੇ ਚਮੜੇ ਦਾ ਕੰਮ ਸ਼ੁਰੂ ਕਰ ਦਿੱਤਾ ਅਤੇ ਪਿੰਡ ਵਿੱਚ ਬਾਕੀ ਸਾਥੀਆਂ ਨੂੰ ਬਾਬਾ ਸਾਹਿਬ ਦੀ ਲਹਿਰ ਅਤੇ ਸ਼ਖਸੀਅਤ ਤੋਂ ਜਾਣੂੰ ਕਰਵਾਇਆ। ਸੰਨ 1951 ਵਿੱਚ ਬਾਬਾ ਸਾਹਿਬ ਡਾ. ਅੰਬੇਡਕਰ ਜੀ ਜਦੋਂ ਬੂਟਾ ਮੰਡੀ, ਜਲੰਧਰ ਵਿਖੇ ਕਾਨਫ਼ਰੰਸ ਕਰਨ ਆਏ। ਜਿਸ ਵਿੱਚ ਅਮਰ ਚੰਦ, ਚੰਨਣ ਰਾਮ, ਮੁਣਸ਼ੀ ਰਾਮ, ਭੁੱਲਾ ਰਾਮ, ਮਹਿੰਗਾ ਰਾਮ ਸਾਇਕਲਾਂ ਰਾਹੀਂ ਕਾਨਫ਼ਰੰਸ ਵਿੱਚ ਸ਼ਾਮਿਲ ਹੋਏ ਅਤੇ ਬਾਬਾ ਸਾਹਿਬ ਜੀ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋਏ। ਇਸ ਕਾਨਫ਼ਰੰਸ ਦੌਰਾਨ ਬਾਬਾ ਸਾਹਿਬ ਨੇ ਕਿਹਾ ਸੀ ਕਿ ਮੈਂ ਬਹੁਤ ਕਠਿਨਾਈਆਂ ਦਾ ਸਾਹਮਣਾ ਕਰਕੇ ਤੁਹਾਨੂੰ ਹੱਕ ਲੈ ਕੇ ਦਿੱਤੇ ਹਨ। ਤੁਸੀਂ ਬੇਸ਼ੱਕ ਇੱਕ ਵੇਲੇ ਰੋਟੀ ਨਾ ਖਾਇਓ, ਭੁੱਖੇ ਰਹਿ ਲਿਓ, ਪਰ ਆਪਣੇ ਬੱਚਿਆਂ ਨੂੰ ਸਕੂਲ ਵਿੱਚ ਜਰੂਰ ਭੇਜਣਾ ਤਾਂ ਜੋ ਪੜ੍ਹ ਸਕਣ। ਇਸ ਤੋਂ ਬਾਅਦ ਸੁੱਖ ਸਹੂਲਤਾਂ ਪ੍ਰਾਪਤ ਕਰੋਗੇ। ਇਹੋ ਸੁਨੇਹਾ ਇਹਨਾਂ ਬਜੁਰਗਾਂ ਨੇ ਪਿੰਡ ਆ ਕੇ ਭਾਈਚਾਰੇ ਨੂੰ ਦਿੱਤਾ। ਜਿਸ ਦਾ ਅਸਰ ਇਸ ਛੋਟੇ ਜਿਹੇ ਪਿੰਡ ਦੀਆਂ ਸਿੱਖਿਆ ਦੇ ਖੇਤਰ ਵਿੱਚ ਉਪਲੱਬਧੀਆਂ ਤੋਂ ਪਤਾ ਚੱਲਦਾ ਹੈ।

**ਇੱਕ ਰੋਟੀ ਘੱਟ ਖਾ ਲਿਓ,**
**ਬੱਚੇ ਆਪਣੇ ਜਰੂਰ ਪੜ੍ਹਾਇਓ**
**(ਸ਼ਾਮ ਸਰਗੁੰਦੀ)**

*(ਬਾਕੀ ਅਗਲੇ ਸਫੇ 'ਤੇ)*

## ਪਿੰਡ ਭਰੋ ਮਜਾਰਾ (ਨਜ਼ਦੀਕ ਬੰਗਾ) ਨਾਲ ਸੰਬੰਧਿਤ ਡਾਕਟਰਾਂ ਦੀ ਸੂਚੀ:

| ਲੜੀ ਨੰ: | ਨਾਮ | ਪਿਤਾ/ਪਤੀ ਦਾ ਨਾਮ | ਡਿਗਰੀ |
|---|---|---|---|
| 1 | ਡਾ. ਜਗਦੀਸ਼ ਲਾਲ | ਸ਼੍ਰੀ ਹਜਾਰਾ ਰਾਮ | ਐੱਮ.ਬੀ.ਬੀ.ਐੱਸ. (ਮੈਡੀਕਲ ਅਫ਼ਸਰ) |
| 2 | ਡਾ. ਵੇਦ ਪ੍ਰਕਾਸ਼ | ਸ਼੍ਰੀ ਮੁਣਸ਼ੀ ਰਾਮ | ਐੱਮ.ਐੱਸ. (ਅੱਖਾਂ ਦੇ ਮਾਹਿਰ) ਸੇਵਾ ਮੁਕਤ ਡਿਪਟੀ ਮੈਡੀਸਨ ਕੰਟਰੋਲਰ |
| 3 | ਡਾ. ਮੋਹਣ ਸਿੰਘ | ਸ਼੍ਰੀ ਰਾਮ ਚੰਦ | ਐੱਮ.ਐੱਸ.(ਹੱਡੀਆਂ ਦੇ ਮਾਹਿਰ) |
| 4 | ਡਾ. ਮਲਕੀਤ ਸਿੰਘ | ਸ਼੍ਰੀ ਹਰਦਿਆਲ ਸਿੰਘ | ਐੱਮ.ਬੀ.ਬੀ.ਐੱਸ. ਸੇਵਾ ਮੁਕਤ ਮੈਡੀਕਲ ਅਫ਼ਸਰ |
| 5 | ਡਾ. ਵਿਵੇਕ ਸੁੰਡਾ | ਡਾ. ਵੇਦ ਪ੍ਰਕਾਸ਼ | ਐੱਮ.ਡੀ.ਐੱਸ. |
| 6 | ਡਾ. ਨੈਂਨਸੀ ਸੁੰਡਾ | ਸਪੁੱਤਰੀ ਡਾ. ਵੇਦ ਪ੍ਰਕਾਸ਼ | ਬੀ.ਏ.ਐੱਮ.ਐੱਸ. |
| 7 | ਡਾ. ਸਚਿਨ ਸੁੰਡਾ | ਸ਼੍ਰੀ ਸੁਰਿੰਦਰ ਮੋਹਣ | ਐੱਮ.ਡੀ.ਐਸ. |
| 8 | ਡਾ. ਹਰਜਿੰਦਰ ਕੁਮਾਰ ਸੁੰਡਾ | ਸ਼੍ਰੀ ਰਾਮ ਨਾਥ ਸੁੰਡਾ | ਐੱਮ.ਡੀ.(ਮੈਡੀਸਨ) |
| 9 | ਡਾ. ਰੰਜਨਾ ਸੁੰਡਾ | ਸਪੁੱਤਰੀ ਸ਼੍ਰੀ ਜੈ ਪਾਲ ਸੁੰਡਾ | ਬੀ.ਡੀ.ਐੱਸ. |
| 10 | ਡਾ. ਮਮਤਾ ਸੁੰਡਾ | ਸਪੁੱਤਰੀ ਸ਼੍ਰੀ ਜੈ ਪਾਲ ਸੁੰਡਾ | ਐੱਮ.ਡੀ. (ਮੈਡੀਸਨ) ਮੈਡੀਕਲ ਅਫ਼ਸਰ |
| 11 | ਡਾ. ਜਿੰਮੀ ਜਸਕਰਨ ਸੁੰਡਾ | ਸ਼੍ਰੀ ਜੈ ਪਾਲ ਸੁੰਡਾ | ਐੱਮ.ਬੀ.ਬੀ.ਐੱਸ. |
| 12 | ਡਾ. ਮਨਜੀਤ ਕੌਰ | ਸਪੁੱਤਰੀ ਸ਼੍ਰੀ ਤਾਰਾ ਚੰਦ | ਐਮ.ਡੀ.(ਚਮੜੀ ਰੋਗਾਂ ਦੇ ਮਾਹਿਰ) |
| 13 | ਡਾ. ਮੇਜਰ ਰਾਮ (ਯੂ.ਐੱਸ.ਏ.) | ਸ਼੍ਰੀ ਪ੍ਰੀਤੂ ਰਾਮ | ਐੱਮ.ਬੀ.ਬੀ.ਐੱਸ. |
| 14 | ਡਾ. ਅਮਨਦੀਪ ਸਿੰਘ (ਕਨੇਡਾ) | ਸ਼੍ਰੀ ਜੋਗਿੰਦਰ ਸਿੰਘ | ਬੀ.ਡੀ.ਐੱਸ. |
| 15 | ਡਾ. ਦਿਵਾਕਰ ਸਿੰਘ ਸੁੰਡਾ | ਡਾ. ਮੋਹਣ ਸਿੰਘ | ਐੱਮ.ਬੀ.ਬੀ.ਐੱਸ. |
| 16 | ਡਾ. ਪ੍ਰਵੇਜ਼ ਸਿੰਘ ਸੁੰਡਾ | ਡਾ. ਮੋਹਣ ਸਿੰਘ | ਬੀ.ਡੀ.ਐੱਸ., ਪੀ.ਐੱਚ.ਡੀ. |
| 17 | ਡਾ. ਧਰਮਿੰਦਰ ਸੁੰਡਾ | ਸ਼੍ਰੀ ਓਮ ਪ੍ਰਕਾਸ਼ | ਐੱਮ.ਡੀ.(ਔਰਤਾਂ ਦੇ ਰੋਗਾਂ ਦੇ ਮਾਹਿਰ) |
| 18 | ਡਾ. ਬਲਵਿੰਦਰ ਸਿੰਘ | ਸ਼੍ਰੀ ਅਵਤਾਰ ਸਿੰਘ | ਐੱਮ.ਬੀ.ਬੀ.ਐੱਸ. |
| 19 | ਡਾ. ਜਸਵਿੰਦਰ ਸਿੰਘ (ਕਨੇਡਾ) | ਸ਼੍ਰੀ ਜੋਗਿੰਦਰ ਸਿੰਘ | ਐੱਮ.ਡੀ. (ਮੈਡੀਸਨ) |
| 20 | ਡਾ. ਲਾਲ ਚੰਦ ਸੁੰਡਾ | ਸ਼੍ਰੀ ਕਰਮਾ ਰਾਮ ਸੁੰਡਾ | ਐੱਮ.ਡੀ. (ਮਨੋਵਿਗਿਆਨ) |
| 21 | ਡਾ. ਪ੍ਰੇਮ ਲਤਾ | ਸਪੁਤਰੀ ਸ਼੍ਰੀ ਕਰਮਾ ਰਾਮ ਸੁੰਡਾ | ਐੱਮ.ਡੀ. (ਚਮੜੀ ਰੋਗਾਂ ਦੇ ਮਾਹਿਰ) |
| 22 | ਡਾ. ਹਿਮਾਂਸ਼ੂ ਸੁੰਡਾ | ਡਾ. ਲਾਲ ਚੰਦ ਸੁੰਡਾ | ਐੱਮ.ਐੱਸ.(ਸਰਜਨ) |
| 23 | ਡਾ. ਲੋਕੇਸ਼ ਸੁੰਡਾ | ਸ਼੍ਰੀ ਯਸ਼ਪਾਲ ਸੁੰਡਾ | ਐੱਮ.ਡੀ. |
| 24 | ਡਾ. ਮਨਮੋਹਣ ਸਿੰਘ | ਸ਼੍ਰੀ ਸੁਰਿੰਦਰ ਮੋਹਣ | ਬੀ.ਏ.ਐੱਮ.ਐੱਸ. (ਮੈਡੀਕਲ ਅਫ਼ਸਰ) |
| 25 | ਡਾ. ਵੀਨਾ ਚੌਧਰੀ | ਸੁਪਤਨੀ ਡਾ. ਮੋਹਣ ਸਿੰਘ | ਐੱਮ.ਡੀ. (ਐਨਾਟੌਮੀ) (ਸੇਵਾ ਮੁਕਤ ਮੈਡੀਕਲ ਅਫ਼ਸਰ) |
| 26 | ਡਾ. ਮਨਪ੍ਰੀਤ ਕੌਰ | ਸੁਪਤਨੀ ਡਾ. ਬਲਵਿੰਦਰ ਸਿੰਘ | ਐੱਮ.ਬੀ.ਬੀ.ਐੱਸ. |
| 27 | ਡਾ. ਸੁਨੀਤਾ ਸੁੰਡਾ | ਸੁਪਤਨੀ ਡਾ. ਲਾਲ ਚੰਦ ਸੁੰਡਾ | ਐੱਮ.ਬੀ.ਬੀ.ਅੱਸ. |
| 28 | ਡਾ. ਸਰਬਜੀਤ ਕੌਰ | ਸੁਪਤਨੀ ਡਾ. ਲੋਕੇਸ਼ ਸੁੰਡਾ | ਐੱਮ.ਡੀ. |
| 29 | ਡਾ. ਰਿਚਾ | ਸੁਪਤਨੀ ਡਾ. ਵਿਵੇਕ ਸੁੰਡਾ | ਬੀ.ਡੀ.ਐੱਸ. |
| 30 | ਡਾ. ਕਵਿਤਾ (ਕਨੇਡਾ) | ਸੁਪਤਨੀ ਡਾ. ਅਮਨਦੀਪ ਸਿੰਘ | ਬੀ.ਡੀ.ਐੱਸ. |
| 31 | ਡਾ. ਗੁਰਮੀਤ ਕੌਰ ਸੁੰਡਾ | ਸੁਪਤਨੀ ਡਾ. ਪਰਵੇਜ਼ ਸਿੰਘ ਸੁੰਡਾ | ਐੱਮ.ਡੀ.(ਇਸਤਰੀ ਰੋਗਾਂ ਦੇ ਮਾਹਿਰ) |
| 32 | ਡਾ. ਮਨਦੀਪ ਸਿੰਘ (ਕਨੇਡਾ) | ਪੁੱਤਰ ਸ਼੍ਰੀ ਜੋਗਿੰਦਰ ਸਿੰਘ | ਫਿਜ਼ੀਓਥਰੈਪਿਸਟ |
| 33 | ਡਾ. ਮੁਕਿਲ ਸੁੰਡਾ | ਪੁੱਤਰੀ ਸ਼੍ਰੀ ਓਮ ਨਾਥ | ਈ.ਐਨ.ਟੀ. |
| 34 | ਡਾ. ਅਰਮਿੰਦਰ ਸਿੰਘ | ਸ਼੍ਰੀ ਸੋਹਣ ਸਿੰਘ | ਬੀ.ਈ.ਐੱਮ.ਐੱਸ. |
| 35 | ਡਾ. ਵਿਕਰਮ ਸੁੰਡਾ | ਡਾ. ਲਾਲ ਚੰਦ ਸੁੰਡਾ | ਐੱਮ.ਡੀ. (ਮੈਡੀਸਨ) |
| 36 | ਡਾ. ਅਰਸ਼ਦੀਪ ਕੌਰ | ਸੁਪਤਨੀ ਡਾ ਮਨਦੀਪ ਸਿੰਘ | ਫਿਜ਼ੀਓਥਰੈਪਿਸਟ |

## ਇਸ ਆਰਟੀਕਲ ਦਾ ਸਬੱਬ ਕਿਵੇਂ ਬਣਿਆ !

ਅਕਸਰ ਸਮਾਜ 'ਚ ਵਿਚਰਦਿਆਂ, ਲਿਖਦਿਆਂ, ਵਿਚਾਰ-ਵਟਾਂਦਰੇ ਕਰਦਿਆਂ ਅਤੇ ਗੱਲਬਾਤ ਦੌਰਾਨ ਹਮੇਸ਼ਾ ਮੰਨ 'ਚ ਇਹੀ ਰਹਿੰਦਾ ਹੈ ਕਿ ਹਾਸ਼ੀਏ ਤੋਂ ਹੱਟ ਕੇ ਕੁੱਝ ਲਿਖਿਆ ਜਾਵੇ। ਪਿੱਛੇ ਰਹਿ ਗਿਆਂ ਨੂੰ ਹੌਸਲਾ-ਹਿੰਮਤ ਤੇ ਹੱਲਾਸ਼ੇਰੀ ਦਿੱਤੀ ਜਾਵੇ ਅਤੇ ਕਾਮਯਾਬੀ ਦੇ ਧਰੂ ਤਾਰੇ 'ਤੇ ਪਹੁੰਚੇ ਪਹੁਤਾ-ਪਾਂਧੀਆਂ ਦੀ ਸਫ਼ਲ ਕਹਾਣੀ ਪਾਠਕਾਂ ਦੇ ਸਨਮੁੱਖ ਕੀਤੀ ਜਾਵੇ। ਇਸੇ ਸੰਦਰਭ ਵਿੱਚ ਪਿੰਡ ਭਰੋ ਮਜਾਰਾ ਦੇ ਡਾਕਟਰਾਂ ਤੇ ਪੜ੍ਹੀਆਂ-ਲਿਖੀਆਂ ਸ਼ਖਸੀਅਤਾਂ ਬਾਰੇ ਦੋ ਸ਼ਬਦ ਲਿਖਣ ਦੀ ਇੱਕ ਨਿਗੁਣੀ ਕੋਸ਼ਿਸ਼ ਹੈ। ਸੰਨ 2000 ਦੇ ਕਰੀਬ ਜਦੋਂ ਭਾਰਤ ਸਰਕਾਰ ਦੁਆਰਾ ਜ਼ਿਲ੍ਹਾ ਨਵਾਂ ਸ਼ਹਿਰ (ਹੁਣ ਸ਼ਹੀਦ ਭਗਤ ਸਿੰਘ ਨਗਰ) ਵਿੱਚ ਮੇਰੇ ਪਿੰਡ ਚੱਕ ਕਲਾਲ ਨੇ ਪਹਿਲਾ, ਬਜੀਦਪੁਰ ਨੇ ਦੂਜਾ ਅਤੇ ਭਰੋ ਮਜਾਰਾ ਨੇ ਤੀਜੇ ਸਥਾਨ 'ਤੇ ਰਹਿ ਕੇ ਕ੍ਰਮਵਾਰ ਤਿੰਨ ਲੱਖ, ਦੋ ਲੱਖ ਅਤੇ ਇੱਕ ਲੱਖ ਰੁਪਏ ਦਾ ਇਨਾਮ ਪ੍ਰਾਪਤ ਕੀਤਾ ਸੀ। ਫਿਰ ਇਸ ਪਿੰਡ 'ਚ ਗਰਮ ਕੱਪੜਿਆਂ ਦਾ ਕੰਨਟੇਨਰ ਵੰਡਿਆ ਤੇ ਮੈਡੀਕਲ ਕੈਂਪਾਂ ਅਤੇ ਹੋਰ ਸਮਾਜ ਸੇਵੀ ਕੈਂਪਾਂ ਦੌਰਾਨ ਇਹ ਵੱਡਮੁੱਲੀ ਜਾਣਕਾਰੀ ਮਿਲਦੀ ਰਹੀ ਹੈ ਕਿ ਇਸ ਪਿੰਡ 'ਚ ਡਾਕਟਰ ਅਤੇ ਪੜ੍ਹੇ-ਲਿਖੇ ਅਫ਼ਸਰ, ਨੌਕਰੀ-ਪੇਸ਼ਾ ਸ਼ਖਸੀਅਤਾਂ ਬਾ-ਕਮਾਲ ਹਨ। ਜਿਹਨਾਂ ਬਾਰੇ ਲਿਖਣਾ ਤੇ ਸਮਾਜ ਨੂੰ ਉਤਸ਼ਾਹਿਤ ਕਰਨਾ ਜਰੂਰੀ ਹੈ। ਇਹਨਾਂ ਬਹੁਪੱਖੀ ਵਿਸ਼ੇਸ਼ਤਾਵਾਂ ਕਾਰਨ ਹੀ ਇਹ ਆਰਟੀਕਲ ਲਿਖਣ ਦਾ ਸਬੱਬ ਬਣਿਆ।

ਇਸ ਆਰਟੀਕਲ ਲਈ ਮੇਰੇ ਅਨੇਕਾਂ ਮਿੱਤਰ ਪਿਆਰੇ ਸੱਜਣ, ਵਿਸ਼ੇਸ਼ ਤੌਰਤੇ ਸਮਾਜ ਦੇ ਸ਼ੁਭਚਿੰਤਕ ਅਤੇ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਮਾਰਗ ਦਰਸ਼ਕ ਹਨ।

ਉਮੀਦ ਹੀ ਨਹੀਂ ਵਿਸ਼ਵਾਸ ਹੈ ਕਿ ਇਹ ਆਰਟੀਕਲ ਪਾਠਕਾਂ ਨੂੰ ਜਿੰਦਗੀ ਦੇ ਰੂਬਰੂ ਹੀ ਨਹੀਂ ਕਰੇਗਾ, ਸਗੋਂ ਕੁੱਝ ਕਰਨ ਗੁਜ਼ਰਨ ਵਾਲਿਆਂ ਲਈ ਪ੍ਰੇਰਨਾ ਸ੍ਰੋਤ ਵੀ ਬਣ ਸਕੇਗਾ। **-ਸੰਤੋਖ ਸਿੰਘ ਜੱਸੀ, ਲੇਖਕ**

**ਧੰਨ ਭੀਮਾ ਧੰਨ ਤੇਰੀ ਧੰਨ ਦੀ ਕਮਾਈ ਵੇ,**
**ਆਪਣੀ ਗੁਆ ਕੇ ਵੇ ਤੂੰ ਲੱਖਾਂ ਦੀ ਬਣਾਈ ਵੇ।**


# ਪੰਜਾਬ ਦੇ ਪਿੰਡ ਭਰੋ ਮਜਾਰਾ ਨੇ ਸਿਰਜਿਆ ਸੁਨਹਿਰੀ ਇਤਿਹਾਸ !!!



ਪਿੰਡ ਭਰੋ ਮਜਾਰਾ ਦੇ ਸਰਪੰਚ ਰਾਮ ਸਿੰਘ, ਜੈ ਪਾਲ ਸੁੰਡਾ, ਜਗਤਾਰ ਸਿੰਘ, ਸੁਰਿੰਦਰ ਮੋਹਣ, ਮਨਜਿੰਦਰ ਸਿੰਘ, ਗੁਰਦਿਆਲ ਸਿੰਘ ਅਤੇ ਹੋਰ ਪਿੰਡ ਵਾਸੀ ਜਾਣਕਾਰੀ ਸਾਂਝੀ ਕਰਦੇ ਹੋਏ।



ਸਵ: ਬਿਸ਼ਨ ਸਿੰਘ (ਲੱਗਭੱਗ 35 ਸਾਲ ਸਰਪੰਚ ਰਹੇ) ਤੇ ਵਾਇਸ ਚੇਅਰਮੈਨ ਪੰਚਾਇਤ ਸੰਮਤੀ ਬੰਗਾ



ਸਵ: ਅਮਰ ਚੰਦ ਸੁੰਡਾ
ਪ੍ਰਸਿੱਧ ਅੰਬੇਡਕਰੀ



ਜੈ ਪਾਲ ਸੁੰਡਾ
ਪ੍ਰਧਾਨ ਬੀ.ਐੱਸ.ਪੀ.,
ਵਿਧਾਨ ਸਭਾ ਬੰਗਾ



ਦਰਵਜੀਤ ਸਿੰਘ ਪੂੰਨੀ
ਚੇਅਰਮੈਨ ਮਾਰਕੀਟ ਕਮੇਟੀ
ਬੰਗਾ



ਸਵ: ਗਿਆਨ ਸਿੰਘ
ਬਲਾਕ ਸੰਮਤੀ



ਰਾਮ ਸਿੰਘ ਸਰਪੰਚ
ਭਰੋ ਮਜਾਰਾ



ਚਮਨ ਲਾਲ ਬੰਗਾ
(ਪੱਤਰਕਾਰ)
ਸਾਬਕਾ ਸਰਪੰਚ

*(ਸਫਾ 15 ਦੀ ਬਾਕੀ)*

ਇਸ ਤੋਂ ਬਾਅਦ ਸੰਨ 1964 ਵਿੱਚ ਰਿਪਬਲਿਕਨ ਪਾਰਟੀ ਵਲੋਂ ਕੀਤੇ ਸੰਘਰਸ਼ ਵਿੱਚ ਇਸ ਪਿੰਡ ਦੇ ਸਵ: ਬਿਸ਼ਨ ਸਿੰਘ ਹਕੀਮ, ਸਵ: ਬਿੱਕਰ ਸਿੰਘ, ਸਵ: ਜੀਤ ਰਾਮ, ਸਵ: ਦਰਸ਼ਨ ਸਿੰਘ, ਸਵ: ਸੰਤ ਰਾਮ, ਸਵ: ਮਹਿੰਗਾ ਰਾਮ ਆਦਿ ਨੇ ਗ੍ਰਿਫ਼ਤਾਰੀਆਂ ਦਿੱਤੀਆਂ ਤੇ ਜੇਲ੍ਹਾਂ ਕੱਟੀਆਂ ਅਤੇ ਸਮਾਜ ਲਈ ਮਿਸ਼ਨ ਦੀਆਂ ਜੜ੍ਹਾਂ ਮਜਬੂਤ ਕੀਤੀਆਂ। ਇੰਗਲੈਂਡ ਵਿੱਚ ਵੱਸਦੇ ਕੁਲਵੀਰ ਸਿੰਘ ਗੋਗੀ ਵਲੋਂ ਕੁੱਝ ਸਾਲ ਪਹਿਲਾਂ ਕੱਪੜਿਆਂ ਦਾ ਕੰਟੇਨਰ ਗਰੀਬ ਤੇ ਲੋੜਵੰਦ ਪਰਿਵਾਰਾਂ ਲਈ ਭੇਜਿਆ ਗਿਆ ਸੀ। ਇਸ ਸਮੇਂ ਸ਼੍ਰੀ ਨਾਭ ਕੰਵਲ ਰਾਜਾ ਸਾਹਿਬ ਬਿਰਧ ਆਸ਼ਰਮ ਫੱਤੂਆਣਾ (ਭਰੋ ਮਜਾਰਾ) 'ਤੇ ਚੈਰੀਟੇਬਲ ਹਸਪਤਾਲ, ਬਾਬਾ ਸੂਰਾ ਸਿੰਘ ਚੈਰੀਟੇਬਲ ਟਰੱਸਟ ਚੱਲ ਰਿਹਾ ਹੈ। ਨੌਜਵਾਨਾਂ ਵਾਸਤੇ ਜਿੰਮ ਹਨ। ਹਰ ਵਰਗ ਦੇ ਲੋਕ ਰਲ-ਮਿਲ ਕੇ ਰਹਿੰਦੇ ਹਨ। ਪਿੰਡ ਦੇ ਸਿਆਸੀ ਹਾਲਾਤਾਂ ਮੁਤਾਬਿਕ ਇਹ ਬਹੁਜਨ ਸਮਾਜ ਪਾਰਟੀ ਦਾ ਮਿਸ਼ਨਰੀ ਪਿੰਡ ਮੰਨਿਆ ਜਾਂਦਾ ਹੈ। ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਬੰਗਾ ਦੇ ਮੌਜੂਦਾ ਪ੍ਰਧਾਨ ਜੈਪਾਲ ਸੁੰਡਾ ਦਾ ਵੀ ਇਹੀ ਪਿੰਡ ਹੈ। ਕਿਸੇ ਸਮੇਂ ਇਹ ਪਿੰਡ ਕਾਂਗਰਸ ਪਾਰਟੀ ਦਾ ਗੜ੍ਹ ਹੋਇਆ ਕਰਦਾ ਸੀ। (ਸਵਰਗਵਾਸੀ ਦਿਲਬਾਗ ਸਿੰਘ (ਨਵਾਂਸ਼ਹਿਰ ਦੇ ਉੱਘੇ ਕਾਂਗਰਸੀ ਆਗੂ, ਨਵਾਂਸ਼ਹਿਰ ਜ਼ਿਲ੍ਹੇ ਦੇ ਬਾਨੀ ਤੇ ਸਾਬਕਾ ਕੈਬਨਿਟ ਮੰਤਰੀ) ਤੇ ਚੌਧਰੀ ਜਗਤ ਰਾਮ ਸੂੰਢ (ਕਾਂਗਰਸ) ਦੇ ਸਾਥੀ ਰਹੇ) ਸਵ: ਗਿਆਨ ਸਿੰਘ ਜੋ ਸਰਪੰਚ ਅਤੇ ਬਲਾਕ ਸੰਮਤੀ ਬੰਗਾ ਦੇ ਮੈਂਬਰ ਵੀ ਰਹੇ ਜਿਹਨਾਂ ਦਾ ਇਲਾਕੇ ਵਿੱਚ ਬੜਾ ਨਾਮ ਤੇ ਸਤਿਕਾਰ ਰਿਹਾ ਹੈ ਦੇ ਪੁੱਤਰ ਰਾਮ ਸਿੰਘ ਵੀ ਪਿੰਡ ਦੇ ਮੌਜੂਦਾ ਸਰਪੰਚ ਹਨ। ਦਰਬਜੀਤ ਸਿੰਘ ਪੂੰਨੀ (ਕਾਂਗਰਸ ਪਾਰਟੀ) ਮਾਰਕੀਟ ਕਮੇਟੀ ਦੇ ਮੌਜੂਦਾ ਚੇਅਰਮੈਨ ਹਨ। ਪਿੰਡ ਵਿੱਚ ਅਕਾਲੀ ਦਲ, ਆਮ ਆਦਮੀ ਪਾਰਟੀ, ਬੀ.ਜੇ.ਪੀ. ਦੇ ਸਮਰਥੱਕ ਆਪੋ-ਆਪਣੀ ਪਾਰਟੀ ਦੇ ਪ੍ਰਚਾਰ-ਪ੍ਰਸਾਰ ਲਈ ਸਮਰਪਿਤ ਹਨ। ਪਿੰਡ ਵਿੱਚ ਸਾਰੀਆਂ ਬਰਾਦਰੀਆਂ ਦੇ ਲੋਕ ਪੜ੍ਹੇ-ਲਿਖੇ, ਕਾਰੋਬਾਰੀ, ਨੌਕਰੀ-ਪੇਸ਼ਾ ਤੇ ਖੇਤੀਬਾੜੀ 'ਚ ਤਨਦੇਹੀ ਨਾਲ ਲੱਗੇ ਹੋਏ ਹਨ। ਅਖੀਰ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਇਸ ਪਿੰਡ ਨੇ ਹਜਾਰਾਂ ਸਾਲਾਂ ਤੋਂ ਵਿੱਦਿਆਹੀਣ ਤੇ ਸਾਧਨਹੀਣ ਕੀਤੇ ਸਮਾਜ ਨੂੰ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਕੁਰਬਾਨੀ, ਸੰਘਰਸ਼ ਅਤੇ ਸੰਵਿਧਾਨਿਕ ਹੱਕਾਂ ਖਾਸ ਕਰਕੇ ਰਾਖਵਾਂਕਰਨ ਦਾ ਭਰਪੂਰ ਅਤੇ ਅਸਲ ਲਾਭ ਲਿਆ। ਇੱਥੇ ਸ਼੍ਰੀ ਗੁਰੂ ਗ੍ਰੰਥ ਸਾਹਿਬ, ਸ਼੍ਰੀ ਨਾਭ ਕੰਵਲ ਰਾਜਾ ਸਾਹਿਬ ਅਤੇ ਬਾਬਾ ਰਾਮ ਸਿੰਘ ਕੂਕਾ ਪ੍ਰਤੀ ਪਿੰਡ ਵਾਲਿਆਂ ਦੀ ਅਥਾਹ ਸ਼ਰਧਾ 'ਤੇ ਸਤਿਕਾਰ ਹੈ। ਇੱਥੇ ਹਰ ਧਰਮ ਅਤੇ ਹਰ ਵਰਗ ਦੇ ਲੋਕ ਆਪਸੀ ਪ੍ਰੇਮ-ਪਿਆਰ ਅਤੇ ਭਾਈਚਾਰਾ ਬਣਾ ਕੇ ਰਹਿੰਦੇ ਹਨ। ਇਸ ਪਿੰਡ ਨੇ ਜਿੱਥੇ ਇਲਾਕੇ 'ਚ, ਕੌਮੀ ਤੇ ਕੌਮਾਂਤਰੀ ਪੱਧਰ 'ਤੇ ਵੱਡੀਆਂ ਪ੍ਰਾਪਤੀਆਂ ਤੇ ਮਾਨ-ਸਨਮਾਨ ਪ੍ਰਾਪਤ ਕੀਤੇ, ਉੱਥੇ ਪਿੱਛੇ ਰਹਿ ਗਏ ਸਮਾਜ ਲਈ ਕੁੱਝ ਕਰ ਗੁਜ਼ਰਨ ਦੀ ਲੋੜ ਹੈ। ਜੇਕਰ ਡਾਕਟਰ ਤੇ ਪੜ੍ਹੇ-ਲਿਖੇ ਅਤੇ ਸਾਧਨ ਸੰਪੰਨ ਪਿੰਡ ਵਾਸੀ ਇਕੱਠੇ ਤੇ ਇੱਕਸੁਰ ਹੋ ਕੇ ਸਮਾਜ ਪ੍ਰਤੀ ਬਣਦੇ ਨੈਤਿਕ ਫਰਜ਼ ਨਿਭਾਉਣ ਤਾਂ ਇਹ ਨਿਓਟੇ, ਨਿ-ਆਸਰੇ, ਨਿਪੱਤੇ ਲੋਕਾਂ ਦਾ ਆਸਰਾ ਬਣਨ ਤਾਂ ਹੋਰ ਵੀ ਸਮਾਜ ਬਹੁਪੱਖੀ ਤਰੱਕੀ ਕਰ ਸਕਦਾ ਹੈ। ਲੋੜ੍ਹ ਹੈ ਹੰਭਲ਼ਾ ਮਾਰਨ ਦੀ ਅਜਿਹੇ ਯਤਨ ਸਮਾਜ ਨੂੰ ਆਕਸੀਜਨ ਦੇਣ ਵਾਂਗ ਸਾਬਿਤ ਹੋਣਗੇ। ਦੂਜੇ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ ਕਿ ਬੂੰਦ-ਬੂੰਦ ਕਰਕੇ ਦਰਿਆ ਭਰ ਸਕਦਾ ਹੈ। ਜੇ ਇੱਕ ਵਿਅਕਤੀ ਇਕੱਲਾ ਆਪਣੇ ਪਿਆਰ ਨੂੰ ਪਾਉਣ ਲਈ ਪਹਾੜ ਚੀਰ ਸਕਦਾ ਹੈ ਤਾਂ ਐਨੇ ਚੇਤਨ, ਬੁੱਧੀਮਾਨ, ਜਗਿਆਸੂ ਬਹੁਪੱਖੀ ਸ਼ਖਸੀਅਤਾਂ ਹਾਸ਼ੀਏ ਗ੍ਰਸਤ ਸਮਾਜ ਨੂੰ ਸਮੇਂ ਦੇ ਹਾਣੀ ਬਣਾਉਣ ਵਿੱਚ ਮਦਦ ਕਿਉਂ ਨਹੀਂ ਕਰ ਸਕਦੀਆਂ ? ਉੱਥੇ ਜਿਹੜੇ ਵਿਅਕਤੀ ਸਾਧਨਾਂ ਦੀ ਅਣਹੋਂਦ ਕਾਰਨ ਪਿੱਛੇ ਰਹਿ ਗਏ ਹੋਣ ਦਾ ਸੰਤਾਪ ਭੋਗ ਰਹੇ ਹਨ, ਉਹਨਾਂ ਲਈ ਇਹ ਸੰਦੇਸ਼ ਵੀ ਜਾਂਦਾ ਹੈ ਕਿ ਜੇਕਰ ਬਾਬਾ ਸਾਹਿਬ ਅੰਬੇਡਕਰ ਜੀ ਦੀ ਬਦੌਲਤ ਭਰੋ ਮਜਾਰਾ ਵਾਸੀ ਜਿਹਨਾਂ ਦੇ ਮਾਤਾ-ਪਿਤਾ ਨੇ ਖੇਤਾਂ ਵਿੱਚੋਂ ਪੱਠੇ ਖੋਤ-ਖੋਤ ਕੇ, ਮਿਹਨਤ ਮਜਦੂਰੀ ਕਰਕੇ ਐਨੀਆਂ ਉੱਚ ਤੇ ਮਹਿੰਗੀਆਂ ਡਿਗਰੀਆਂ ਹਾਸਲ ਕਰ ਸਕਦੇ ਹਨ ਤਾਂ ਅੱਜ ਕਿਸਮਤ ਨੂੰ ਕੋਸਦੇ ਲੋਕਾਂ ਨੂੰ ਇਸ ਤੋਂ ਪ੍ਰੇਰਣਾ ਲੈਣ ਦੀ ਲੋੜ੍ਹ ਹੈ। ਇੱਕ ਪ੍ਰਸਿੱਧ ਪੰਜਾਬੀ ਗਾਇਕ ਦੀਆਂ ਇਹ ਸਤਰਾਂ ਵਿਸ਼ੇਸ਼ ਕਾਬਲੇ ਗੌਰ ਹਨ:

ਚੀਰ ਦਿੰਦੇ ਆ ਪਹਾੜ ਹੁੰਦਾ ਜਿਹਨਾਂ ਨੂੰ ਜਨੂੰਨ,
ਰਹਿ ਕੇ ਮੰਜ਼ਿਲਾਂ ਤੋਂ ਦੂਰ ਕਿੱਥੇ ਮਿਲਦਾ ਸਕੂਨ,
ਹਾਰ ਦੇ ਨੀ ਹੁੰਦੇ ਕਦੇ ਮਰਦ ਦਲੇਰ,
ਬਸ ਹੌਸਲੇ ਬਣਾ ਕੇ ਤੁਸੀਂ ਬੰਬ ਰੱਖਿਓ,
ਅਸੀਂ ਜਿੱਤਾਂਗੇ ਜਰੂਰ ਜਾਰੀ ਜੰਗ ਰੱਖਿਓ।

**(ਬਾਕੀ ਅਗਲੇ ਸਫੇ 'ਤੇ)**

## ਪੰਜਾਬ ਤੇ ਭਾਰਤ ਦੇ ਦਲਿਤਾਂ ਲਈ ਫ਼ਖ਼ਰ ਵਾਲੀ ਗੱਲ

ਭਰੋ ਮਜਾਰਾ ਦੇ ਡਾਕਟਰਾਂ, ਅਧਿਆਪਕਾਂ, ਅਫ਼ਸਰਾਂ ਅਤੇ ਮੁਲਾਜਮਾਂ ਦੀ ਗਿਣਤੀ 'ਤੇ ਝਾਤ ਮਾਰਦਿਆਂ ਇੰਝ ਲੱਗਦਾ ਹੈ ਕਿ ਪਿੰਡ ਇੱਕ ਚੱਲਦੀ ਫਿਰਦੀ ਯੂਨੀਵਰਸਿਟੀ ਹੈ। ਜਿੱਥੇ ਹਰ ਘਰ ਅਤੇ ਹਰ ਇੰਚ 'ਤੇ ਇੱਕ ਦਲਿਤ ਹੀਰੋ ਹੈ। ਜਿਹਨਾਂ ਆਪਣੀ ਮਿਹਨਤ, ਲਿਆਕਤ, ਲਗਨ ਅਤੇ ਗਿਆਨ ਨਾਲ ਸਭ ਦੇ ਮਨ/ਦਿਲ 'ਤੇ ਡੂੰਘੀ ਛਾਪ ਛੱਡੀ ਹੈ। ਪੰਜਾਬ ਹੀ ਨਹੀਂ ਸ਼ਾਇਦ ਭਾਰਤ ਦੇ ਪੇਂਡੂ ਇਤਿਹਾਸ 'ਚ ਇਹ ਪਹਿਲਾ ਪਿੰਡ ਹੈ, ਜਿੱਥੇ ਹਜ਼ਾਰਾਂ ਸਾਲਾਂ ਤੋਂ ਜਾਤੀ ਵਿਵਸਥਾ ਦੇ ਸਭ ਤੋਂ ਵੱਧ ਸ਼ਿਕਾਰ ਇੱਕੋ ਭਾਈਚਾਰੇ ਦੇ 36 ਡਾਕਟਰ ਹਨ। ਇਹ ਕਰੋੜਾਂ ਲੋਕਾਂ ਦੇ ਜਨ-ਸਮੂਹ ਲਈ ਬੜੇ ਮਾਣ ਤੇ ਫਖ਼ਰ ਵਾਲੀ ਗੱਲ ਹੈ। ਜਿਸ 'ਤੇ ਵਾਕਿਆ ਹੀ ਮਾਣ ਕੀਤਾ ਜਾ ਸਕਦਾ ਹੈ ਅਤੇ ਉਦਾਹਰਣ ਦਿੱਤੀ ਜਾ ਸਕਦੀ ਹੈ। ਇੱਥੇ ਇਹ ਵੀ ਵਰਣਨਯੋਗ ਹੈ ਕਿ ਭਰੋ ਮਜਾਰਾ ਵਾਸੀਆਂ ਨੇ ਅਣਵੰਡੇ ਮਹਾਂ-ਪੰਜਾਬ ਦੀ ਰਾਜਨੀਤੀ ਦੇ ਪਿਤਾਮਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੀ ਆਦਿ-ਧਰਮ ਲਹਿਰ ਵਿੱਚ ਪਾਏ ਵੱਡਮੁੱਲੇ ਯੋਗਦਾਨ ਨੂੰ ਕਦੇ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਸ ਗੱਲ 'ਤੇ ਪਿੰਡ ਦੇ ਲੋਕ ਅੱਜ ਵੀ ਖੁਦ 'ਤੇ ਮਾਣ ਮਹਿਸੂਸ ਕਰਦੇ ਹਨ।

# ਗੀਤਾਂ ਕਵਿਤਾਵਾਂ ਵਿਚ ਡਾ. ਅੰਬੇਡਕਰ



ਸੰਤੋਖ ਜੱਸੀ (ਸਰਪੰਚ)
98766-58364

ਅੱਜ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੂੰ ਪੂਰੀ ਦੁਨੀਆ ਆਪਣਾ ਮਾਰਗਦਾਤਾ ਮੰਨਦੀ ਹੈ। ਉਨ੍ਹਾਂ ਦੀਆਂ ਲਿਖੀਆਂ ਕਿਤਾਬਾਂ ਦੁਨੀਆ ਭਰ ਦਾ ਗਿਆਨ ਆਪਣੇ ਪੰਨਿਆਂ 'ਤੇ ਸਮੋਈ ਬੈਠੀਆਂ ਹਨ। ਇਸ ਗਿਆਨ ਦੇ ਸਾਗਰ ਤੋਂ ਦੁਨੀਆ ਦੇ ਵੱਡੇ ਵੱਡੇ ਬੁੱਧੀਜੀਵੀ, ਇਤਿਹਾਸਕਾਰ, ਲਿਖਾਰੀ ਅਤੇ ਜਗਿਆਸੂ ਲੋਕ ਆਪਣੀ ਗਿਆਨ ਦੀ ਪਿਆਸ ਬੁਝਾ ਰਹੇ ਹਨ।

ਦੁਨੀਆ ਦੇ ਲੋਕ ਬਾਬਾ ਸਾਹਿਬ ਨੂੰ ਉਨ੍ਹਾਂ ਦੀਆਂ ਲਿਖਤਾਂ ਕਰਕੇ, ਆਪਣੀ ਕੌਮ ਲਈ ਸਮਾਜ ਲਈ ਅਤੇ ਰਾਸ਼ਟਰ ਦੇ ਨਿਰਮਾਣ ਹਿੱਤ ਕੀਤੇ ਕਾਰਜਾਂ ਲਈ ਸਨਮਾਨ ਦਿੰਦੇ ਹਨ। ਦੁਨੀਆ ਦੇ ਜਿਸ ਵੀ ਇਨਸਾਨ ਨੇ ਬਾਬਾ ਸਾਹਿਬ ਤੋਂ ਕੁੱਝ ਸਿੱਖਿਆ ਹੈ ਉਸਨੇ ਉਨ੍ਹਾਂ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਸਨਮਾਨ ਦਿੱਤਾ ਹੈ। ਜਿਵੇਂ ਅਮ੍ਰਿਤਿਆ ਸੇਨ, ਜਿਸਨੂੰ ਅਰਥ ਸ਼ਾਸਤਰ ਵਿਚ ਨੋਬਲ ਪੁਰਸਕਾਰ ਮਿਲਿਆ ਨੇ ਬਾਬਾ ਸਾਹਿਬ ਨੂੰ ਅਰਥ ਸ਼ਾਸਤਰ ਵਿਚ ਆਪਣਾ ਪਿਤਾਮਤ ਮੰਨਿਆ ਹੈ।

ਕੋਲੰਬੀਆ ਯੂਨੀਵਰਸਿਟੀ ਬਾਬਾ ਸਾਹਿਬ ਨੂੰ ਆਪਣੀ ਯੂਨੀਵਰਸਿਟੀ ਦੇ ਇਤਿਹਾਸ ਦਾ ਸਭ ਤੋਂ ਹੋਣਹਾਰ ਵਿਦਿਆਰਥੀ ਮੰਨਦੀ ਹੈ। ਉਨ੍ਹਾਂ ਦੀ ਨਜ਼ਰ ਵਿੱਚ ਡਾ.ਅੰਬੇਡਕਰ ਆਧੁਨਿਕ ਭਾਰਤ ਦੇ ਨਿਰਮਾਤਾ ਹਨ। ਯੂ.ਐਨ.ਓ. ਬਾਬਾ ਸਾਹਿਬ ਨੂੰ ਗਿਆਨ ਦਾ ਪ੍ਰਤੀਕ ਕਹਿ ਕੇ ਸਤਿਕਾਰ ਦਿੰਦੀ ਹੈ। ਗੱਲ ਕੀ ਦੁਨੀਆ ਦੇ ਹਰ ਕੋਨੇ ਵਿੱਚ ਬਾਬਾ ਸਾਹਿਬ ਦੇ ਪੈਰੋਕਾਰ ਅਤੇ ਉਨ੍ਹਾਂ ਤੋਂ ਗਿਆਨ ਪ੍ਰਾਪਤ ਕਰਨ ਵਾਲੇ ਲੋਕ ਮੌਜੂਦ ਹਨ ਅਤੇ ਉਹ ਬਾਬਾ ਸਾਹਿਬ ਲਈ ਦੁਨੀਆ ਦੇ ਸਭ ਤੋਂ ਖ਼ੂਬਸੂਰਤ ਅਤੇ ਸਤਿਕਾਰਿਤ ਸ਼ਬਦ ਵਰਤ ਕੇ ਵਡਿਆਉਂਦੇ ਹਨ।

ਇਸੇ ਤਰ੍ਹਾਂ ਦੁਨੀਆਂ ਦੇ ਕਵੀਆਂ, ਗੀਤਕਾਰਾਂ ਅਤੇ ਗਾਇਕਾਂ ਨੇ ਵੀ ਆਪਣੀਆਂ, ਕਵਿਤਾਵਾਂ ਅਤੇ ਗੀਤਾਂ ਰਾਹੀਂ ਬਾਬਾ ਸਾਹਿਬ ਪ੍ਰਤੀ ਆਪਣਾ ਪਿਆਰ ਅਤੇ ਸਤਿਕਾਰ ਜ਼ਾਹਿਰ ਕੀਤਾ ਹੈ। ਪੰਜਾਬੀ ਦਲਿਤ ਕਵਿਤਾ ਦੇ ਮੋਢੀ ਕਵੀਆਂ ਚਰਨ ਦਾਸ ਨਿਧੜਕ, ਪ੍ਰੀਤਮ ਰਾਮਦਾਸਪੁਰੀ, ਗੁਰਦਾਸ ਰਾਮ ਆਲਮ ਅਤੇ ਚਾਨਣ ਲਾਲ ਮਾਣਕ ਆਦਿ ਨੇ ਆਪਣੀਆਂ ਕਵਿਤਾਵਾਂ ਬਾਬਾ ਸਾਹਿਬ ਡਾ.ਅੰਬੇਡਕਰ ਜੀ ਨੂੰ ਸਮਰਪਿਤ ਕੀਤੀਆਂ_ ਹਨ। ਪੰਜਾਬ ਦੇ ਪਹਿਲੇ ਦਲਿਤ ਕਵੀਆਂ ਵਿੱਚੋਂ ਇੱਕ ਮਰਹੂਮ ਚਰਨ ਦਾਸ ਨਿਧੜਕ ਨੇ ਡਾਕਟਰ ਅੰਬੇਡਕਰ ਬਾਰੇ ਬਹੁਤ ਸਾਰੀਆਂ ਕਵਿਤਾਵਾਂ ਲਿਖੀਆਂ, ਜਿਵੇਂ :

ਭੀਮ ਰਾਓ ਜੀ ਮਰਨਾ ਤੇਰਾ, ਬਾਗੀ ਹੋਣਾ ਸਿਖਾ ਗਿਆ,
ਬਖਸ਼ ਗਿਆ ਇਨਸਾਨੀ ਅਤੇ ਟੁੱਟ ਗਈ ਤਾਣੀ ਆਦਿ ।

ਨਿਧੜਕ ਜੀ ਇੱਕ ਦਲਿਤ ਪਰ ਕ੍ਰਾਂਤੀਕਾਰੀ ਕਵੀ ਹੋਏ ਹਨ। ਬਾਬਾ ਸਾਹਿਬ ਨੂੰ ਸਮਰਪਿਤ ਉਨ੍ਹਾਂ ਦੀ ਇੱਕ ਕਵਿਤਾ ਦੇਖੋ: 'ਭੀਮ ਰਾਓ ਜੀ ਮਰਨਾ ਤੇਰਾ ਇਹ ਜਨਤਾ ਨੂੰ ਮਾਰ ਗਿਆ, ਤੂੰ ਜੋ ਕਹਿੰਦਾ ਸੀ ਕਰ ਦਿਖਾਇਆ ਪੂਰੇ ਕਰ ਇਕਰਾਰ ਗਿਆ।

ਕਈ ਹਜ਼ਾਰਾਂ ਵਰਸ਼ਾਂ ਇੱਥੇ ਤੇਰੇ ਵਰਗਾ ਲੱਭਣਾ ਨਈਂ,
ਭਰੀ ਸਭਾ ਵਿੱਚ ਵਾਂਗ ਸ਼ੇਰ ਦੇ ਹੋਰ ਕਿਸੇ ਨੇ ਗੱਜਣਾ ਨਈਂ।
ਦੁਖੀ ਹੋ ਰੋਂਦੇ ਸਭ ਨਰ ਨਾਰੀ ਕਿਉਂ ਨਾ ਦੁੱਖ ਨਿਵਾਰ ਗਿਆ,
'ਭੀਮ ਰਾਓ ਜੀ ਮਰਨਾ ਤੇਰਾ ਇਹ ਜਨਤਾ ਨੂੰ ਮਾਰ ਗਿਆ ।

ਇਹ ਪੰਜਾਬੀ ਵਿੱਚ ਦਲਿਤ ਕਵਿਤਾ ਦਾ ਸ਼ੁਰੂਆਤੀ ਦੌਰ ਸੀ 'ਤੇ ਬਾਬਾ ਸਾਹਿਬ ਜੀ ਦੀ ਪ੍ਰਸਿੱਧੀ ਇਨ੍ਹਾਂ ਸਮਿਆਂ ਵਿੱਚ ਜੋਬਨ 'ਤੇ ਸੀ? ਹਰ ਸ਼ਖ਼ਸ ਜੋ ਸਮਾਜ ਪ੍ਰਤੀ ਥੋੜ੍ਹੀ ਬਹੁਤੀ ਸੋਝੀ ਰੱਖਦਾ ਸੀ ਉਹ ਬਾਬਾ ਸਾਹਿਬ ਦੇ ਨਾਲ ਹੋ ਤੁਰਿਆ । ਫਿਰ ਭਲਾ ਕਵੀ ਕਿਸ ਤਰ੍ਹਾਂ ਪਿੱਛੇ ਰਹਿ ਸਕਦੇ ਸਨ। ਆਪਣੇ ਸਮੇਂ ਦੇ ਬਹੁਤ ਮਸ਼ਹੂਰ ਕਵੀ, ਜਿਨ੍ਹਾਂ ਨੇ ਸ਼ਿਵ ਕੁਮਾਰ ਬਟਾਲਵੀ ਦੀ ਚਮਕ ਵੀ ਮੱਠੀ ਪਾ ਦਿੱਤੀ ਸੀ 'ਗੁਰਦਾਸ ਰਾਮ ਆਲਮ' ਜਿਨ੍ਹਾਂ_ ਨੇ ਲਿਖਿਆ ਸੀ:-

ਕਿਉਂ ਮੁੱਘਣ ਮਾਰੀ ਬੈਠਾਂ ਏ ਉੱਠ ਦਲਿਤ ਭਰਾਵਾ ਚੱਜ ਕਰ ਲੈ,
ਕੰਮ ਤੈਨੂੰ ਕਰਨਾ ਪੈਣਾ ਏ ਚਾਹੇ ਕੱਲ੍ਹ ਕਰ ਲਈਂ ਚਾਹੇ ਅੱਜ ਕਰ ਲੈ।

ਇਹ ਗੁਰਦਾਸ ਰਾਮ ਆਲਮ ਜੀ ਦੀ ਉਹ ਰਚਨਾ ਹੈ ਜੋ ਅਮਰ ਹੋ ਗਈ,
ਲੋਕ ਚੇਤਿਆਂ ਵਿੱਚ ਘਰ ਕਰ ਚੁੱਕੀ ਰਚਨਾ,

ਅੱਜ ਵੀ ਬਹੁਜਨ ਸਮਾਜ ਨੂੰ ਪ੍ਰੇਰਨਾ ਦਿੰਦੀ ਹੈ, ਉਹ ਅੱਗੇ ਲਿਖਦੇ ਹਨ :-

'ਜਿਸ ਪੁਰਸ਼ ਬਣਾਏ ਡੰਗਰਾਂ ਤੋਂ ਪੁਰਸ਼ਾਂ ਤੋਂ ਮਨਿਸਟਰ ਕੀਤੇ ਨੇ, ਤੇਰਾ ਭੀਮ ਰਾਓ ਬਿਨ ਸਰਨਾ ਨਈਂ ਜਿੱਥੇ ਜੀ ਕਰਦਾ ਨੱਠ ਭੱਜ ਕਰ ਲੈ।' ਜਦੋਂ ਬਾਬਾ ਸਾਹਿਬ ਨੇ ਪੰਜਾਬ ਫੇਰੀ ਪਾਈ ਤਾਂ_ ਗੁਰਦਾਸ ਰਾਮ ਆਲਮ ਨੇ ਲਿਖਿਆ :-

''ਬੜਾ ਸ਼ੋਰ ਪੈਂਦਾ ਗਰੀਬਾਂ ਦੇ ਵਿਹੜੇ,
ਇਹ ਅੱਜ ਕੌਣ ਆਇਆ ਸਵੇਰੇ ਸਵੇਰੇ।
ਨਵੀਂ ਇਹਦੀ ਥਿਊਰੀ ਨਵ੍ਹਾਂ ਇਹਦਾ ਖਾਸਾ,
ਇਹ ਜ਼ਿੰਦਗੀ ਦਾ ਚਾਹੁੰਦਾ ਬਦਲ ਦੇਣਾ ਪਾਸਾ,
ਲੁਕ ਲੁਕ ਕੇ ਰੋ_ਦੇ ਸਿਆਸੀ ਲੁਟੇਰੇ।
ਛੰਨਾਂ 'ਤੇ ਢਾਰਿਆਂ ਦਾ ਦੱਸਦਾ ਉਜਾਲਾ,
ਆਲਮ 'ਚ ਹੈ ਹੁਣ ਕੁੱਝ ਹੋਣ ਵਾਲਾ,
ਲੱਖਾਂ ਲੋਕ ਬਹਿੰਦੇ ਜੁੜ ਕੇ ਚੁਫੇਰੇ,
ਬੜਾ ਸ਼ੋਰ ਪੈਂਦਾ ਗਰੀਬਾਂ_ ਦੇ ਵਿਹੜੇ'' ।

ਗੁਰਦਾਸ ਰਾਮ ਆਲਮ ਜੀ ਦੀ ਕਵਿਤਾ 'ਤੇ ਕਾਰਲ ਮਾਰਕਸ ਅਤੇ ਡਾ. ਅੰਬੇਡਕਰ ਦਾ ਖਾਸਾ ਪ੍ਰਭਾਵ ਦਿਖਾਈ ਦਿੰਦਾ ਹੈ ਪਰ ਬਾਬਾ ਸਾਹਿਬ ਭਾਰਤੀ ਹੋਣ ਕਾਰਨ 'ਤੇ ਸਾਰਾ ਸੰਘਰਸ਼ ਅਛੂਤਾਂ ਲਈ ਕਰਨ ਕਾਰਨ ਡਾ. ਅੰਬੇਡਕਰ ਦੇ ਵਿਚਾਰਾਂ ਨੂੰ ਆਲਮ ਨੇ ਆਪਣੀ ਕਵਿਤਾ ਰਾਹੀ ਲੋਕਾਂ ਤੱਕ ਪਹੁੰਚਾਉਣ ਦਾ ਕੰਮ ਕੀਤਾ।

''ਪੈਰ ਫੇਰ ਕੇ ਲੀਹਾਂ ਪੁਰਾਣੀਆਂ ਤੇ ਰੁਲਦੇ ਖੁੱਲ੍ਹਦੇ ਬੇਘਰੇ ਲਾਵਾਰਸਾਂ ਨੂੰ,
ਬੁਝੇ ਹੋਏ ਅਛੂਤਾਂ ਦੇ ਦਿਲਾਂ ਅੰਦਰ 'ਆਲਮ' ਜੋਤ ਅਹਿਸਾਸ ਜਗਾ ਗਿਆ ਉਹ ।

ਬਾਬਾ ਸਾਹਿਬ ਨੂੰ ਆਪਣੀਆਂ ਕਵਿਤਾਵਾਂ ਰਾਹੀਂ ਗਾਉਣ ਵਾਲੇ ਕਵੀਆਂ ਵਿਚ ਅਗਲਾ ਨਾਮ ਆਉਂਦਾ ਹੈ ਚਾਣਨ ਲਾਲ ਮਾਣਕ ਜੀ ਦਾ। ਜਿਨ੍ਹਾਂ ਨੇ ਬਾਬਾ ਸਾਹਿਬ ਦੇ ਜੀਵਨ ਅਤੇ ਮਿਸ਼ਨ ਨੂੰ ਆਪਣੀ ਕਵਿਤਾ ਰਾਹੀ ਪੇਸ਼ ਕੀਤਾ:-

'ਦਿਨ ਚੌਦਾਂ ਅਪ੍ਰੈਲ ਦਾ ਜਾਣ ਚੰਗਾ, ਸਾਡੀ ਆਸ ਉਮੀਦ ਦਾ ਚੰਦ ਆਇਆ,
ਖਾ ਰਹੇ ਸੀ ਜਿਹੜੇ ਮਨੁੱਖਤਾ ਨੂੰ, ਖੱਟੇ ਕਰਨ ਲਈ ਉਨ੍ਹਾਂ ਦੇ ਦੰਦ ਆਇਆ।
ਭੀਮ ਜਦੋਂ ਮਹਾਰਾਂ ਘਰ ਹੋਇਆ ਪੈਦਾ, ਬੇ ਮੁਹਾਰਾਂ ਨੇ ਮਾਰੂ ਮੁਹਾਰ ਬਦਲੀ,
ਰੋਹ ਭਰੀ ਨੀਤੀ ਨੂੰ ਤਿਆਗ ਕੇ 'ਤੇ, ਕੋਮਲ ਕਲੀ ਦੇ ਵਾਂਗ ਤਲਵਾਰ ਬਦਲੀ।
ਕਿਸੇ ਇਕ ਅਹੱਲਿਆ ਹੋਊ ਤਾਰੀ, ਇਹਨੇ ਇਸਤਰੀ ਜਾਤੀ ਨੂੰ ਤਾਰ ਦਿੱਤਾ,
ਕਰਜ਼ਾ ਪੁਰਸ਼ ਸਿਰ ਮਨੂੰ ਨੇ ਚਾੜ੍ਹਿਆ ਜੋ, ਅੰਬੇਡਕਰ ਨੇ ਆ ਕੇ ਉਤਾਰ ਦਿੱਤਾ।



ਬਾਬਾ ਸਾਹਿਬ ਵਿਧਾਨ ਦੇ ਪੰਨਿਆਂ 'ਤੇ, ਬੇਗਮਪੁਰੇ ਦਾ ਨਕਸ਼ਾ ਬਣਾ ਗਿਆ ਏ, ਸ਼ੇਰ ਬੱਕਰੀ ਇੱਕ ਤਾਂ ਖੜ੍ਹੇ ਕਰਕੇ, ਡਰ ਦੋਹਾਂ ਫਰੀਕਾਂ ਦਾ ਲਾਹ ਗਿਆ ਏ। ਪਹਿਲੀ ਗੱਲ ਉਸਨੇ ਆਖੀ ਪੜ੍ਹੋ ਵਿੱਦਿਆ, ਦੂਜੀ ਜਥੇਬੰਦੀ ਕਰ ਹੁਸ਼ਿਆਰ ਹੋ ਜਾਉ, 'ਮਾਣਕ' ਆਪਣੇ ਹੱਕਾਂ_ ਨੂੰ ਲੈਣ ਖਾਤਿਰ, ਤੀਜੀ ਗੱਲ ਸੰਘਰਸ਼ ਲਈ ਤਿਆਰ ਹੋ ਜਾਉ।

ਇਹਨਾਂ ਦਲਿਤ ਕਵੀਆਂ ਨੇ ਆਪਣੀਆਂ ਰਚਨਾਵਾਂ ਅਤੇ ਕਵਿਤਾਵਾਂ ਰਾਹੀਂ ਬਾਬਾ ਸਾਹਿਬ ਨੂੰ ਆਮ ਲੋਕਾਂ ਵਿਚ ਵੀ ਪਹੁੰਚਾ ਦਿੱਤਾ। ਇਸੇ ਸਮੇਂ ਦੇ ਕਵੀ ਪ੍ਰੀਤਮ ਰਾਮਦਾਸਪੁਰੀ ਨੇ ਵੀ 'ਮੈਂ ਤਾਂ ਭੀਮ ਦੀਵਾਨੀ ਹੋਈ, ਆਪਣੀ ਕਿਸ਼ਤੀ ਦਾ ਖਵੱਈਆ ਆਪ ਹੋਣਾ ਆ ਗਿਆ, ਹਸਤੀ-ਏ-ਅੰਬੇਡਕਰ ਅਤੇ ਭੀਮ ਦੀ ਔਲਾਦ ਹਾਂ'' ਵਰਗੀਆਂ ਕਵਿਤਾਵਾਂ ਲਿਖ ਕੇ ਜਿੱਥੇ ਆਪਣੀ ਕਵਿਤਾ ਦੀ ਧਾਂਕ ਜਮਾਈ ਉੱਥੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੇ ਵਿਚਾਰਾਂ ਨੂੰ ਜਨ ਜਨ ਤੱਕ ਪਹੁੰਚਾਉਣ ਦਾ ਵੀ ਕੰਮ ਕੀਤਾ।

ਇਨ੍ਹਾਂ ਕਵੀਆਂ ਤੋਂ ਬਾਅਦ ਤਾਂ ਪੰਜਾਬ ਵਿੱਚ ਬਾਬਾ ਸਾਹਿਬ ਬਾਰੇ ਕਵਿਤਾਵਾਂ ਲਿਖਣੇ ਵਾਲੇ ਕਵੀਆਂ ਦੀ ਜਿਵੇਂ ਭਰਮਾਰ ਹੀ ਹੋ ਗਈ। ਬਹੁਤ ਸਾਰੇ ਕਵੀਆ_ ਨੇ ਬਾਬਾ ਸਾਹਿਬ ਬਾਰੇ ਕਵਿਤਾਵਾਂ ਲਿਖੀਆਂ। ਆਪਣੇ ਸਮੇਂ ਦੇ ਬਹੁਤ ਮਸ਼ਹੂਰ ਗੀਤਕਾਰ 'ਕੇਵਲ ਸਾਂਵਰਾਂ' ਜੀ ਧਾਂ ਲਿਖਿਆ ਗੀਤ ਅੱਜ ਵੀ ਬਹੁਤ ਸਾਰੇ ਕਲਾਕਾਰ ਸਟੇਜਾਂ 'ਤੇ ਗਾਉਂਦੇ ਹਨ:-

ਭੀਮ ਜੋਤੀ ਨੂੰ ਜਗਾ ਕੇ ਚਲੇ ਗਏ,
ਮੋਇਆ_ ਦੇ ਵਿੱਚ ਜਾਨ ਪਾ ਕੇ ਚਲੇ ਗਏ।

ਇੰਗਲੈਂਡ ਨਿਵਾਸੀ 'ਸੋਹਣ ਲਾਲ ਰੱਤੂ' ਜੀ ਧਾਂ ਨਾਮ ਵੀ ਮਿਸ਼ਨਰੀ ਲੇਖਕਾਂ ਵਿੱਚ ਮੋਹਰਲੀ ਕਤਾਰ ਵਿੱਚ ਆਉਂਦਾ ਹੈ, ਜਿਨ੍ਹਾਂ ਨੇ ਇੰਗਲੈਂਡ ਵਿਚ ਰਹਿੰਦੇ ਹੋਏ ਵੀ ਪੰਜਾਬ ਦੇ ਲੋਕਾਂ ਵਿਚ ਆਪਣੇ ਗੀਤਾਂ ਰਾਹੀ ਬਾਬਾ ਸਾਹਿਬ ਦੇ ਵਿਚਾਰਾਂ ਦਾ ਪ੍ਰਚਾਰ- ਪ੍ਰਸਾਰ ਕੀਤਾ। ਉਹਨਾਂ ਦੀ ਪ੍ਰਸਿੱਧ ਰਚਨਾ 'ਤੇ ਗੌਰ ਕਰੋ:-

ਧੰਨ ਭੀਮਾ ਧੰਨ ਤੇਰੀ ਧੰਨ ਹੈ ਕਮਾਈ ਵੇ,
ਆਪਈ ਗਵਾ ਕੇ ਵੇ ਤੂੰ ਲੱਖਾਂ ਦੀ ਬਣਾਈ ਵੇ।
ਅਤੇ
ਮੈਂ ਹਰ ਪਲ ਏਹੋ ਚਾਹੁੰਦਾਂ ਹਾਂ,
ਮੇਰੀ ਕੌਮ 'ਤੇ ਸਦਾ ਬਹਾਰ ਰਹੇ,
ਮੇਰੇ ਸ਼ੇਰਾਂ ਜਿਹੇ ਜਵਾਨਾਂ ਧਾਂ,
ਸਿਰ ਉੱਚਾ ਵਿੱਚ ਸੰਸਾਰ ਰਹੇ।

ਇਸੇ ਕਤਾਰ ਵਿੱਚ ਅਗਲਾ ਨਾਮ ਹੈ ਸਿਰਮੌਰ ਲੇਖਕ 'ਸੋਹਣ ਸਹਿਜਲ' ਜੀ ਧਾਂ, ਜਿਨ੍ਹਾਂ ਨੇ ਕਵਿਤਾ, ਗੀਤ ਅਤੇ ਵਾਰਤਕ ਸਾਹਿਤ ਰੂਪਾਂ ਰਾਹੀ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੀ ਵਿਚਾਰਧਾਰਾ ਨੂੰ ਘਰ ਘਰ ਤੱਕ ਪਹੁੰਚਾਉਣ ਵਿੱਚ ਸ਼ਲਾਘਾਯੋਗ ਭੂਮਿਕਾ ਨਿਭਾਈ ਹੈ। ਸੋਹਣ ਸਹਿਜਲ ਦੀਆ_ ਕਵਿਤਾਵਾਂ ਅਤੇ ਗੀਤਾਂ ਦੇ ਨਾਇਕ ਹਮੇਸ਼ਾ ਬਾਬਾ ਸਾਹਿਬ ਹੀ ਰਹੇ ਹਨ।

'ਬਾਬਾ ਸਾਹਿਬ ਤੇਰੀ ਕੁਰਬਾਨੀ ਦੀ, ਦੁਨੀਆ ਵਿੱਚ ਕੋਈ ਮਿਸਾਲ ਨਹੀਂ,
ਲੱਖ ਪੁੱਤਰ ਹੋਵਣ ਮਾਵਾਂ ਦੇ ਪਰ ਭੀਮ ਜਿਹਾ ਕੋਈ ਲਾਲ ਨਹੀਂ'
ਜੇ ਚਾਹੁੰਦੇ ਨੇਕ ਕਮਾਈ ਤੋਂ_ ਸੋਨੇ ਦੇ ਮਹਿਲ ਬਈ ਲੈਂਦੇ,
ਜੈ ਧੰਨ ਹੀ 'ਕੱਠਾ ਕਰਨਾ ਸੀ, ਭਾਵੇਂ ਢੇਰਾ_ ਨੋਟ ਕਮਾ ਲੈਂਦੇ।
ਰਹਿੰਦੇ ਜੇ ਡਟੇ ਵਜ਼ਾਰਤ ਵਿੱਚ, ਸਾਰੀ ਉਮਰ ਵਜ਼ੀਰੀ ਪਾ ਲੈਂਦੇ।
ਸਿਰ ਵੀਹ ਹਜ਼ਾਰ ਧਾਂ ਕਰਜ਼ਾ ਸੀ ਆਪਣਾ ਹੀ ਕਰਜ਼ ਚੁਕਾ ਲੈਂਦੇ।
''ਸਹਿਜਲ' ਇਕਲੌਤੇ ਪੁੱਤਰ ਨੂੰ ਜੇ ਚਾਹੁੰਦੇ ਉਹ ਬਣਾ ਲੈਂਦੇ।
ਜਾਂ ਦੁਨੀਆਂਦਾਰੀ ਕਰ ਲੈਂਦੇ ਜਾਂ ਬਾਬਾ ਸਾਹਿਬ ਕਹਾਂ ਲੈਂਦੇ।

ਸਾਹਿਬ ਕਾਂਸੀ ਰਾਮ ਜੀ ਤੋਂ ਪ੍ਰੇਰਿਤ ਹੋ ਕੇ ਮਿਸ਼ਨ 'ਚ ਆਏ ਪਰਮਜੀਤ ਗੋਸਲ (ਪੰਮੀ ਗੋਸਲ) ਨੇ ਵੀ ਬਾਬਾ ਸਾਹਿਬ ਨੂੰ ਸਮਰਪਿਤ ਬਹੁਤ ਸਾਰੇ ਗੀਤ ਲਿਖੇ ਜੋ ਵੱਖ ਵੱਖ ਕਲਾਕਾਰਾਂ ਦੀਆਂ ਆਵਾਜ਼ਾਂ ਵਿੱਚ ਰਿਕਾਰਡ ਹੋਏ।

ਵਰਤਮਾਨ ਸਮੇਂ ਵਿਚ ਰੱਤੂ ਰੰਧਾਵੇ ਵਾਲਾ ਇਕ ਅਜਿਹਾ ਗੀਤਕਾਰ ਹੈ ਜਿਸਨੇ ਆਪਣੇ ਗੀਤਾਂ ਰਾਹੀਂ ਬਾਬਾ ਸਾਹਿਬ ਜੀ ਦੀ ਸ਼ਖ਼ਸੀਅਤ ਨੂੰ ਲੋਕਾਂ ਸਾਹਮਣੇ ਖੜਾਂ ਕਰ ਦਿੱਤਾ ਹੈ। ਬਹੁਤ ਸਾਰੇ ਮਿਸ਼ਨਰੀ ਕਲਾਕਾਰਾ_ ਨੇ ਰੱਤੂ ਰੰਧਾਵੇ ਦੇ ਗੀਤ ਗਾ ਕੇ ਸ਼ੋਹਰਤ ਹਾਸਿਲ ਕੀਤੀ ਹੈ।

ਕਿਸਮਤ ਜਦੋਂ ਸੀ ਲੀਰਾਂ ਲੀਰਾਂ,
ਨਵੀਆਂ ਲਿਖ ਦਿੱਤੀਆਂ ਤਕਦੀਰਾਂ
ਸੁਣ ਕੇ ਰੋਹ ਭਰੀਆਂ ਤਕਰੀਰਾਂ,
ਦੁਸ਼ਮਣ ਖੜ੍ਹੇ ਸੀ ਘਾਬਰਦੇ,
ਲੈ ਕੇ ਬਾਬਾ ਸਾਹਿਬ ਨੇ ਦਿੱਤੇ ਸਾਨੂੰ ਹੱਕ ਬਰਾਬਰ ਦੇ।

ਬਾਬਾ ਸਹਿਬ ਲੋਕਾਂ ਤੱਕ ਜਿੰਨਾਂ ਕਿਤਾਂਬਾਂ ਰਾਹੀਂ ਪੁੱਜੇ ਉਸ ਤੋਂ ਵੱਧ ਗੀਤਾਂ ਕਵਿਤਾਵਾਂ ਰਾਹੀਂ ਪੁੱਜੇ । ਮਰਹੂਮ ਗਾਇਕ 'ਮੋਹਣ ਬੰਗੜ'' ਨੇ ਬਹੁਜਨ ਸਮਾਜ ਪਾਰਟੀ ਦੀਆਂ ਸਟੇਜਾਂ ਤੋਂ ਗਾਉਣਾ ਸ਼ੁਰੂ ਕੀਤਾ ਅਤੇ ਆਪਣੇ ਗੀਤਾਂ ਦੁਆਰਾ ਬਾਬਾ ਸਾਹਿਬ ਦੇ ਸੰਘਰਸ਼ ਅਤੇ ਵਿਚਾਰਧਾਰਾ ਧਾਂ ਪ੍ਰਚਾਰ ਪ੍ਰਸਾਰ ਕੀਤਾ।

ਇਸੇ ਲੜੀ ਵਿੱਚ 'ਸੋਖੀ ਸੁੰਨਵਾਂ ਵਾਲਾ, ਸਤਪਾਲ ਸਾਂਹਲੋ, ਪੰਮੀ ਲਾਲੋਮਜਾਰਾ, ਪੰਮਾ ਬਖਲੌਰੀਆ ਅਤੇ ਗੀਤਕਾਰਾ ਪੰਮੀ ਰੁੜਕਾ ਧਾਂ ਨਾਮ ਵੀ ਆਉਂਦਾ ਹੈ, ਜਿਨ੍ਹਾਂ ਨੇ ਆਪਣੇ ਗੀਤ ਬਾਬਾ ਸਾਹਿਬ ਦੀ ਵਿਚਾਰਧਾਰਾ ਨੂੰ ਸਮਰਪਿਤ ਕਰਕੇ ਲਿਖੇ।

ਇੰਗਲੈਂਡ ਵਿਚ ਰਹਿ ਰਹੇ ਖ਼ੁਸ਼ਦੀਵੰਦਰ ਬਿੱਲੋ ਨੇ ਪਹਿਲਾਂ ਪੰਜਾਬੀ ਸੱਭਿਆਚਾਰਕ ਗੀਤ ਲਿਖੇ, ਪਰ ਅੱਜ ਕੱਲ੍ਹ ਉਸਦੀ ਕਲਮ ਸਿਰਫ ਮਿਸ਼ਨਰੀ ਗੀਤ ਲਿਖਣ ਲਈ ਚੱਲਦੀ ਹੈ। ਬਾਬਾ ਸਾਹਿਬ ਅਤੇ ਸੰਵਿਧਾਨ ਨੂੰ ਸਮਰਪਿਤ ਉਸਦੀ ਇੱਕ ਰਚਨਾ ਤੇ ਝਾਤ ਮਾਰੋ।

''ਸਾਰੀ ਉਮਰ ਸੂਲਾਂ 'ਤੇ ਕੱਟ ਕੇ ਮੈਂ ਪਾਇਆ ਸੀ ਨਿਰਵਾਣ
ਜਿੱਥੇ ਛੱਡਿਆ ਸੀ ਮੈਂ ਕਾਫਲਾ, ਲੱਗਾ ਉੱਥੋਂ ਪਿੱਛੇ ਜਾਣ
ਮੇਰੀ ਆਨ ਬਾਨ ਮੇਰੀ ਸ਼ਾਨ ਹੈ ਮੇਰੀਆਂ ਲਿਖਤਾਂ ਮੇਰੀ ਜਾਨ
ਦੁਸ਼ਮਣ ਉਹਨੂੰ ਹੀ ਹੈ ਪੈ ਗਿਆ ਮੇਰੀ ਕਰਨ ਲਈ ਬੰਦ ਜ਼ੁਬਾਨ
ਮੈਂ ਅੰਬੇਡਕਰ ਹਾਂ ਬੋਲਦਾਂ, ਵਿਚੋ ਬੋਲਾਂ ਮੈਂ ਸੰਵਿਧਾਨ।

ਪੰਜਾਬ ਵਿੱਚ ਬਾਬਾ ਸਾਹਿਬ ਦੀ ਵਿਚਾਰਧਾਰਾ ਧਾਂ ਫੈਲਾਅ ਕਰਨ ਲਈ ਵਿਦੇਸ਼ਾਂ ਵਿੱਚ ਵੱਸਦੇ ਬਾਬਾ ਸਾਹਿਬ ਦੇ ਪੈਰੋਕਾਰਾਂ ਨੇ ਬਹੁਤ ਯਤਨ ਕੀਤੇ ਹਨ। ਬਾਬਾ ਸਾਹਿਬ ਨਾਲ ਸਬੰਧਿਤ ਸਮਾਗਮ ਕਰਾਉਣੇ, ਕਿਤਾਬਾਂ ਛਪਵਾਉਣੀਆਂ, ਭਵਨ ਨਿਰਮਾਣ ਕਰਵਾਉਣੇ, ਬਹੁਜਨ ਸਮਾਜ ਪਾਰਟੀ ਦੇ ਪ੍ਰਚਾਰ ਪ੍ਰਸਾਰ ਲਈ ਐਨ.ਆਰ.ਆਈ. ਵੀਰ ਹਮੇਸ਼ਾ ਤੱਤਪਰ ਰਹਿੰਦੇ ਹਨ। ਨਾਲ ਦੀ ਨਾਲ ਆਪਣੀ ਕਲਮ ਨਾਲ ਵੀ ਅੰਬੇਡਕਰੀ ਵਿਚਾਰਧਾਰਾ ਪ੍ਰਤੀ ਲੋਕਾਂ_ ਨੂੰ ਜਾਗਰੂਕ ਕਰਦੇ ਹਨ।

ਇਹਨਾਂ ਵਿੱਚੋਂ ਅਮਰ ਦਰੋਚ ਅਤੇ ਪਵਨ ਮਹਿਮੀ ਧਾਂ ਨਾਮ ਵਿਸ਼ੇਸ਼ ਰੂਪ ਵਿੱਚ ਲਿਖਣਾ ਬਣਦਾਂ ਹੈ। ਜਿਨ੍ਹਾਂ ਨੇ ਆਪਣੇ ਗੀਤਾਂ ਰਾਹੀਂ ਨਾ ਸਿਰਫ ਪਾਖੰਡਵਾਦ 'ਤੇ ਕ੍ਰਾਂਰੀ ਚੋਟ ਮਾਰੀ ਸਗੋਂ ਬਾਬਾ ਸਾਹਿਬ ਦੇ ਸੁਪਨਿਆਂ ਦਾ ਰਾਜ ਸਤਾਪਿਤ ਕਰਨ ਲਈ ਵੀ ਪ੍ਰੇਰਿਤ ਕੀਤਾ। ਇਸੇ ਤਰਾਂ ਪੰਜਾਬ ਦੇ ਪਿੰਡ ਬਲਾਲੋਂ ਦਾ ਵਸਨੀਕ ਜੋ ਅੱਜਕੱਲ੍ਹ ਅਮਰੀਕਾ ਵਿੱਚ ਹੈ, ਰਾਜਵੀਰ ਗੰਗੜ, ਉਸਨੇ ਵੀ ਆਪਣੇ ਗੀਤਾਂ ਰਾਹੀ ਬਾਬਾ ਸਾਹਿਬ ਨੂੰ ਲੋਕ ਮਨਾ_ ਵਿੱਚ ਵਸਾਉਣ ਧਾਂ ਯਤਨ ਕੀਤਾ ਹੈ। ਰਾਜਵੀਰ ਗੰਗੜ ਦੀ ਇੱਕ ਰਚਨਾ ਤੇ ਝਾਤ ਮਾਰਦੇ ਹਾਂ।

''ਬੱਚੇ ਛੱਡੇ ਘਰ ਵੀ ਛੱਡਿਆ,
ਉਹਨੇ ਛੱਡ ਦਿੱਤੇ ਸੁੱਖ ਸਾਰੇ ਸੀ,
ਮੂਲਨਿਵਾਸੀਆਂ ਖਾਤਿਰ ਉਸਨੇ ਲੱਖਾਂ ਕਸ਼ਟ ਸਹਾਰੇ ਸੀ।
ਜੇ ਨਾ ਭੀਮ ਜਾਗਦੇ ਰਾਤਾਂ ਨੂੰ ਕਿੰਝ ਕੌਮ ਮੇਰੀ ਸੌਣਾ ਸੀ,
ਜੇ ਉਹ ਨਾ ਲਿਖਦੇ ਸੰਵਿਧਾਨ ਹਾਲ ਕੁਝ ਹੋਰ ਈ ਹੋਣਾ ਸੀ।
ਉਹ ਕੱਲਾ ਭਾਰੂ ਲੱਖਾਂ 'ਤੇ ਅਸੀ ਲੱਖਾਂ ਕੱਲੇ ਕੱਲੇ ਆਂ,
ਜਿਹਨੇ ਚਮਕ ਦਿਖਾਈ ਨੋਟਾਂ ਦੀ ਅਸੀ 'ਗੰਗੜ'' ਉਹਦੇ ਵੱਲੇ ਆਂ।
ਜੇ ਨੇਤਾਂ ਲਾਲਚ ਛੱਡ ਦਿੰਦੇ ਨਾ ਕੌਮ ਮੇਰੀ ਨੇ ਰੋਣਾ ਸੀ,
ਜੇ ਉਹ ਨਾ ਲਿਖਦੇ ਸੰਵਿਧਾਨ ਹਾਲ ਕੁਝ ਹੋਰ ਈ ਹੋਣਾ ਸੀ।

ਇਸੇ ਤਰਾਂ ਹਰਜਿੰਦਰ ਮੱਲ ਨੇ ਬਾਬਾ ਸਾਹਿਬ ਦੁਆਰਾ ਲਿਖਤ ਸੰਵਿਧਾਨ ਬਾਰੇ ਲਿਖੇ ਆਪਣੇ ਗੀਤ ਵਿਚ ਕਿਹਾ:-

''ਇੱਕ ਚਿੱਠੀ ਲਿਖਣੀ ਔਖੀ ਏ, ਤੂੰ ਲਿਖ ਸੰਵਿਧਾਨ ਦਿੱਤਾ''।

ਬਾਬਾ ਸਾਹਿਬ ਦੇ ਹਰ ਪੈਰੋਕਾਰ ਨੇ ਉਹਨਾਂ ਦੀ ਵਿਚਾਰਧਾਰਾ ਦੇ ਪ੍ਰਚਾਰ ਪ੍ਰਸਾਰ ਲਈ ਆਪਣੀ ਸਮਰੱਥਾਂ ਅਨੁਸਾਰ ਯੋਗਧਾਨ ਪਾਇਆ। ਇਹਨਾਂ ਗੀਤਕਾਰਾਂ, ਕਵੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਅੰਬਡੇਕਰੀ ਵਿਚਾਰਧਾਰਾ ਨੂੰ ਸਮਝਣਾ ਸੌਖਾ ਕਰ ਦਿੱਤਾ। ਕਿਸੇ ਗੀਤ ਦੀ ਸਾਰੀਥਕਤਾਂ ਤਾਂ ਹੀ ਹੁੰਦੀ ਹੈ ਜੇ ਉਸਨੂੰ ਗਾਇਆ ਜਾਵੇ। ਪੰਜਾਬ ਵਿੱਚ ਬਹੁਤ ਸਾਰੇ ਕਲਾਕਾਰ ਅਜਿਹੇ ਹਨ ਜਿਨ੍ਹਾਂ ਦੇ ਨਾਂ ਨਾਲ ਮਿਸ਼ਨਰੀ ਕਲਾਕਾਰ ਜੁੜਿਆ ਹੋਇਆ ਹੈ। ਭਾਵ ਕਿ ਉਹ ਸਿਰਫ ਬਾਬਾ ਸਾਹਿਬ ਜਾਂ ਹੋਰ ਬਹੁਜਨ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਨਾਲ ਸਬੰਧਿਤ ਗੀਤ ਹੀ ਗਾਉਂਦੇ ਹਨ ਜਿਵੇਂ ਮਰਹੂਮ ਗਾਇਕ ਮੋਹਣ ਬੰਗੜ, ਐਸ.ਐਸ. ਅਜ਼ਾਦ, ਬਲਵਿੰਦਰ ਬਿੱਟੂ, ਰੂਪ ਲਾਲ ਧੀਰ, ਰਾਜ ਦਦਰਾਲ, ਹਰਨਾਮ ਬਹਿਬਲਪੁਰੀ, ਜੀਵਨ ਮਹਿਮੀ, ਪੰਮਾ ਸੁੰਨੜ, ਵਿੱਕੀ ਬਹਾਦਰ, ਕਮਲ ਤੱਲ੍ਹਣ, ਮਨਜੀਤ ਸੋਨੂੰ, ਸਰਬਜੀਤ ਛੱਲਾਂ ਆਦਿ।

ਡਾਕਟਰ ਅੰਬੇਡਕਰ ਜੀ ਨੇ ਔਰਤਾਂ_ ਨੂੰ ਹਮੇਸ਼ਾ ਸਤਿਕਾਰ ਦਿੱਤਾ ਅਤੇ ਉਹਨਾਂ ਦੀ ਬਰਾਬਰਤਾਂ ਲਈ ਸੰਘਰਸ਼ ਕਰਦੇ ਰਹੇ। ਉਹਨਾਂ_ ਦੇ ਸੰਘਰਸ਼ ਦੀ ਬਦੌਲਤ ਮਿਲੇ ਅਧਿਕਾਰਾਂ ਦਾ ਲਿੱਘ ਮਾਣਦੀਆਂ ਗਾਇਕਾਵਾਂ ਨੇ ਵੀ ਬਾਬਾ ਸਾਹਿਬ ਦੀ ਵਿਚਾਰਧਾਰਾ ਫੈਲਾਉਣ ਲਈ ਗਾਇਕੀ ਧਾਂ ਸਹਾਂਰਾ ਲਿਆ। ਜਿਨ੍ਹਾਂ ਵਿੱਚ ਗਿੰਨੀ ਮਾਹੀ, ਪ੍ਰੀਆ ਬੰਗਾ, ਰਜਨੀ ਠੱਕਰਵਾਲ, ਨੀਲਮ ਠੱਕਰਵਾਲ, ਪ੍ਰੇਮ ਲਤਾਂ ਅਤੇ ਮਨਿੰਦਰ ਮਨੀ ਮਾਲਵਾ ਧਾਂ ਨਾਮ ਪ੍ਰਮੁੱਖ ਹੈ।

ਇਨਾਂ ਤੋਂ ਇਲਾਵਾ ਕੁੱਝ ਪੇਸ਼ੇਵਰ ਗਾਇਕਾਂ ਨੇ ਵੀ ਬਾਬਾ ਸਾਹਿਬ ਨੂੰ ਸਮਰਪਿਤ ਗੀਤ ਗਾਏ ਹਨ ਜਿਵੇਂ_ ਕੇ. ਐਸ. ਮੱਖਣ, ਕਲੇਰ ਕੰਠ, ਫਿਰੋਜ਼ ਖਾਨ, ਅਮਰਿੰਦਰ ਬੌਬੀ, ਪਾਲੀ ਦੇਤਵਾਲੀਆ, ਵਿਜੇ ਹੰਸ, ਅੰਮ੍ਰਿਤਾ ਵਿਰਕ, ਚੰਨ ਕੌਰ ਅਤੇ ਕੌਰ ਪ੍ਰੀਤ ਧਾਂ ਜ਼ਿਕਰ ਕੀਤਾ ਜਾ ਸਕਧਾਂ ਹੈ।

ਬਾਬਾ ਸਾਹਿਬ ਦੀ ਵਿਚਾਰਧਾਰਾ ਨੂੰ ਆਪਣੇ ਗੀਤਾਂ ਵਿੱਚ ਪੰਜਾਬ ਦੇ ਰਾਜ ਗਾਇਕ 'ਚੰਨ ਗੁਰਾਇਆ_ ਵਾਲੇ' ਨੇ ਵੀ ਲਿਖਿਆ। ਪਹਿਲਾਂ ਪਹਿਲ ਉਹਨਾਂ ਦੇ ਲਿਖੇ ਗੁਰੂ ਰਵਿਦਾਸ ਜੀ ਦੇ ਗੀਤ ਜੋ ਨਰਿੰਦਰ ਬੀਬਾ ਨੇ ਗਾਏ ਸੀ, ਬੜੇ ਪ੍ਰਸਿੱਧ ਹੋਏ। ਫਿਰ ਉਹਨਾਂ ਨੇ ਬਾਬਾ ਸਾਹਿਬ ਨੂੰ ਸਮਰਪਿਤ ਗੀਤ ਵੀ ਲਿਖੇ ਜੋ ਵੱਖ ਵੱਖ ਕਲਾਕਾਰਾਂ ਦੀ ਆਵਾਜ਼ ਵਿੱਚ ਰਿਕਾਰਡ ਹੋਏ। ਇਸ ਲੜੀ ਵਿੱਚ ਜੈਲੀ ਠੱਕਰਵਾਲ ਅਤੇ ਕਸ਼ਮੀਰ ਠੱਕਰਵਾਲ ਧਾਂ ਨਾਮ ਵੀ ਜੁੜਧਾਂ ਹੈ। ਜਿਨ੍ਹਾਂ ਨੇ ਬਾਬਾ ਸਾਹਿਬ ਦੀ ਉਸਤਤ ਵਿੱਚ ਗੀਤ ਲਿਖੇ ਹਨ।

ਨਾਵਾਂ ਦੀ ਸੂਚੀ ਬਹੁਤ ਲੰਬੀ ਹੋ ਸਕਦੀ ਹੈ। ਬਹੁਤ ਸਾਰੇ ਨਾਂ ਲਿਖਣੇ ਤੋਂ ਰਹਿ ਵੀ ਗਏ ਹੋਣਗੇ। ਪਰ ਇਸ ਵਿਸ਼ੇ 'ਤੇ ਲਿਖਣ ਧਾਂ ਮਕਸਦ ਸਿਰਫ ਇੰਨਾ ਹੈ ਕਿ ਬਾਬਾ ਸਾਹਿਬ ਦੇ ਪੈਰੋਕਾਰਾਂ ਨੇ ਆਪਣੇ ਆਪਣੇ ਤਰੀਕੇ ਨਾਲ ਉਹਨਾਂ ਦੀ ਵਿਚਾਰਧਾਰਾ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਕੰਮ ਕੀਤਾ। ਕਵੀਆਂ ਗੀਤਕਾਰਾਂ ਨੇ ਆਪਣੀ ਸੋਚ ਆਪਣੀ ਕਲਮ ਨੂੰ ਇਸ ਕੰਮ ਲਈ ਵਰਤਿਆ। ਜੋ ਸਮਾਜ ਵਿਚ ਬਾਬਾ ਸਾਹਿਬ ਧਾਂ ਸ਼ੰਦੇਸ਼ ਫੈਲਾਉਣ ਲਈ ਬਹੁਤ ਵਧੀਆ ਸਾਧਨ ਹੈ । ਬਾਬਾ ਸਾਹਿਬ ਲਈ ਲਿਖਣ ਜਾਂ ਗਾਉਣ ਵਾਲੇ ਸਾਥੀ ਆਪਣੇ ਆਪ ਵਿੱਚ ਹੀ ਸਤਾਪਿਤ ਨਾਮ ਹਨ। ਪ੍ਰਗਤੀ ਕਲਾ ਕੇਂਦਰ ਲਾਂਦੜਾ ਦੀ ਟੀਮ ਦੇ ਡਾਇਰੈਕਟਰ ਸੋਢੀ ਰਾਣਾ ਅਤੇ ਸਹਾਂਇਕ ਡਾਇਰੈਕਟਰ ਮਰਹੂਮ ਮੱਖਣ ਕ੍ਰਾਂਤੀ ਜਿਨ੍ਹਾਂ ਨੇ ਨਾਟਕਾਂ ਰਾਹੀ ਬਾਬਾ ਸਾਹਿਬ ਨੂੰ ਲੋਕਾਂ ਤੱਕ ਪਹੁੰਚਾਇਆ ਹੈ, ਉਹ ਆਪਣੇ ਬਹੁਤ ਸਾਰੇ ਗੀਤ ਅਤੇ ਨਾਟਕ ਖੁਦ ਹੀ ਲਿਖਦੇ ਹਨ ਅਤੇ ਗਾਉਂਦੇ ਵੀ ਆਪ ਹੀ ਹਨ। ਹੁਣ ਤਾਂ ਉਹਨਾਂ ਦੇ ਬੱਚੇ ਵੀ ਇਸੇ ਖੇਤਰ ਵਿੱਚ ਸ਼ੋਹਰਤ ਹਾਂਸਿਲ ਕਰ ਰਹੇ ਹਨ।

ਇੱਥੇ ਇੱਕ ਗੱਲ ਜੋ ਵਿਸ਼ੇਸ਼ ਧਿਆਨ ਮੰਗਦੀ ਹੈ, ਉਹ ਹੈ ਕਿ ਇਹ ਜਿੰਨੇ ਵੀ ਗੀਤਕਾਰ, ਕਵੀ ਜਾਂ ਕਲਾਕਾਰ ਹਨ, ਇਹ ਸਾਰੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਂਪਕ ਸਾਹਿਬ ਕਾਂਸੀ ਰਾਮ ਜੀ ਤੋਂ ਪ੍ਰਭਾਵਿਤ ਹੋ ਕੇ ਹੀ ਇਸ ਖੇਤਰ ਵਿੱਚ ਆਏ ਹਨ। ਵੈਸੇ ਤਾਂ ਇਹ ਇੱਕ ਸੱਚਾਈ ਹੈ ਕਿ ਮਨੂੰਵਾਦੀਆਂ ਨੇ ਬਾਬਾ ਸਾਹਿਬ ਨੂੰ ਖਤਮ ਕਰਕੇ ਉਹਨਾਂ ਦੀ ਸੋਚ ਨੂੰ ਦਫਨ ਕਰ ਦਿੱਤਾ ਸੀ, ਪਰ ਸਾਹਿਬ ਕਾਂਸੀ ਰਾਮ ਜੀ ਨੇ ਬਾਬਾ ਸਾਹਿਬ ਨੂੰ ਮੁੜ ਜੀਉਂਦੇ ਕੀਤਾ ਅਤੇ ਮਨੂੰਵਾਦੀਆਂ ਦੀਆਂ ਜੜਾਂ ਵਿੱਚ ਖੜਾਂ ਕਰ ਦਿੱਤਾ । ਇਸ ਕੰਮ ਵਿੱਚ ਸਾਹਿਬ ਕਾਂਸੀ ਰਾਮ ਜੀ ਧਾਂ ਬਹੁਤ ਵੱਡਾ ਸਾਥ ਇਹਨਾਂ ਕਵੀਆਂ / ਗੀਤਕਾਰਾਂ ਨੇ ਦਿੱਤਾ। ਜਿਨ੍ਹਾਂ ਦੀ ਬਦੌਲਤ ਬਾਬਾ ਸਾਹਿਬ ਅੰਬੇਡਕਰ ਅੱਜ ਗੀਤਾਂ ਅਤੇ ਕਵਿਤਾਵਾਂ ਵਿੱਚ ਵੀ ਬੋਲਦੇ ਹਨ।

## ਟੋਕੀਓ ਓਲੰਪਿਕ 2021

# ਭਾਰਤੀ ਹਾਕੀ ਟੀਮ ਤਗ਼ਮਾ ਜਿੱਤਣ ਦੇ ਕਿੰਨੇ ਕੁ ਦਮਖ਼ਮ ਵਿੱਚ ?

ਖੇਡ ਮੈਦਾਨ ਬੋਲਦਾ ਹੈ

ਜਗਰੂਪ ਸਿੰਘ ਜਰਖੜ
98143-00722



ਟੋਕੀਓ ਓਲੰਪਿਕ 2021 ਲਈ ਭਾਰਤ ਦੀਆਂ ਮਰਦਾਂ ਅਤੇ ਇਸਤਰੀਆਂ ਦੀਆਂ ਹਾਕੀ ਟੀਮਾਂ ਦਾ ਹਾਕੀ ਇੰਡੀਆ ਨੇ ਐਲਾਨ ਕਰ ਦਿੱਤਾ ਗਿਆ ਹੈ ਦੋਵੇਂ ਟੀਮਾਂ ਸੀਨੀਅਰ ਅਤੇ ਜੂਨੀਅਰ ਖਿਡਾਰੀਆਂ ਦੇ ਸੁਮੇਲ ਦੀਆਂ ਬਣੀਆਂ ਹਨ ਜਿੱਥੋਂ ਤਕ ਇਸਤਰੀਆਂ ਦੀ ਹਾਕੀ ਟੀਮ ਦਾ ਸਵਾਲ ਹੈ ਕਿ ਰਾਣੀ ਰਾਮਪਾਲ ਦੀ ਅਗਵਾਈ ਹੇਠ; ਭਾਰਤੀ ਹਾਕੀ ਟੀਮ ਓਲੰਪਿਕ ਖੇਡਾਂ ਵਿੱਚ ਨਵਾਂ ਇਤਿਹਾਸ ਸਿਰਜਣ ਲਈ ਨਿੱਤਰੇਗੀ ਪਰ ਕਿਸੇ ਤਗ਼ਮੇ ਦਾ ਜਿਸ ਤਰ੍ਹਾਂ ਸੂਰਜ ਤੋਂ ਤਾਰਾ ਤੋੜਨ ਦੇ ਬਰਾਬਰ ਹੈ ਕਿਉਂਕਿ ਬਣੀ ਹੈ। ਚੁਣੀ ਗਈ ਭਾਰਤੀ ਹਾਕੀ ਟੀਮ ਵਿੱਚ ਪੰਜਾਬ ਦੇ 8 ਖਿਡਾਰੀ ਹਨ। ਭਾਰਤ ਕੋਲ ਰੱਖਿਆ ਪੰਕਤੀ ਵਿੱਚ ਅਤੇ ਪਨੈਲਟੀ ਕਾਰਨਰ ਦੀ ਮੁਹਾਰਤ ਰੱਖਣ ਵਾਲੇ ਤਜਰਬੇਕਾਰ ਰੁਪਿੰਦਰਪਾਲ ਸਿੰਘ ਅਤੇ ਹਰਮਨਪ੍ਰੀਤ ਸਿੰਘ ਭਲਵਾਨ ਮੌਜੂਦ ਹਨ ਜਦਕਿ ਗੋਲਕੀਪਰ ਪੀਆਰ ਸ੍ਰੀਜੇਸ਼ ਤੋਂ ਕਾਫ਼ੀ ਵੱਡੀਆਂ ਆਸਾ ਹਨ। ਇਸ ਤੋਂ ਇਲਾਵਾ ਵੀਰੇਂਦਰ ਲਾਕੜਾ, ਅਮਿਤ ਰੋਹਿਦਾਸ, ਸੁਰਿੰਦਰ ਕੁਮਾਰ, ਕਪਤਾਨ ਮਨਪ੍ਰੀਤ ਸਿੰਘ ਵੀ ਰੱਖਿਆ ਅਤੇ ਮੱਧ ਪੰਕਤੀ ਵਿੱਚ ਵਧੀਆ ਭੂਮਿਕਾ ਨਿਭਾਉਣਗੇ ਦਾ ਹੀ ਖਮਿਆਜ਼ਾ ਭੁਗਤਣਾ ਪਿਆ ਹੈ ਇਹ ਪਿਛਲਾ 30 ਸਾਲ ਦਾ ਇਤਿਹਾਸ ਦੱਸਦਾ ਹੈ ਬਹੁਤਾ ਦੂਰ ਨਾ ਜਾਈਏ ਭੁਵਨੇਸ਼ਵਰ ਵਿਸ਼ਵ ਕੱਪ ਵਿੱਚ ਸਰਦਾਰਾ ਸਿੰਘ ਅਤੇ ਰੁਪਿੰਦਰਪਾਲ ਟੀਮ ਚ ਹੋਣੇ ਚਾਹੀਦੇ ਸੀ&; ਅਸੀਂ ਉਸ ਵਕਤ ਹਾਲੈਂਡ ਹੱਥੋਂ ਕੁਆਰਟਰ ਫਾਈਨਲ ਮੁਕਾਬਲਾ2 ਨਵੇਂ ਖਿਡਾਰੀਆਂ ਦੀਆਂ ਅੰਤਿਮ ਸਮੇਂ ਵਿਚ ਕੀਤੀਆਂ ਗ਼ਲਤੀਆਂ ਦੇ ਕਾਰਨ ਹਾਰੇ ਸੀ ਇਸੇ ਤਰ੍ਹਾਂ ਟੋਕੀਓ ਓਲੰਪਿਕ 2021 ਲਈ ਚੁਣੀ ਟੀਮ ਵਿੱਚ ਤਜ਼ਰਬੇਕਾਰ ਆਕਾਸ਼ਦੀਪ ਸਿੰਘ ,ਰਮਨਦੀਪ ਸਿੰਘ ,ਐਸ ਵੀ ਚੋਣਕਰਤਾਵਾਂ ਨੂੰ ਖਿਡਾਰੀਆਂ ਦੀ ਚੋਣ ਕਰਨ ਵਿੱਚ ਬਹੁਤ ਸਖ਼ਤ ਮੁਸ਼ਕਲ ਪੇਸ਼ ਆਈ ਹੋਵੇਗੀ ਕਿਉਂਕਿ ਚੋਣ ਮੌਕ ਬਰਾਬਰ ਦੇ ਹੁਨਰ ਨਾਲ ਬੇਇਨਸਾਫ਼ੀ ਕਰਨੀ ਮੁਸ਼ਕਲ ਹੋ ਜਾਂਦੀ ਹੈ। ਕੋਚ ਗੈਰਹਾਰਡ ਰੀਕ ਨੇ ਪ੍ਰੋ ਹਾਕੀ ਲੀਗ ਵਿੱਚ ਹਾਲੈਂਡ










ਇਸਤਰੀਆਂ ਦੇ ਵਰਗ ਵਿੱਚ ਆਸਟਰੇਲੀਆ ਅਰਜਨਟੀਨਾ ਹਾਲੈਂਡ ਜਰਮਨ ਇੰਗਲੈਂਡ ਸਪੇਨ ਸਾਡੇ ਨਾਲੋਂ ਤਜਰਬੇ ਪੱਖੋਂ ਕੋਹਾਂ ਅੱਗੇ ਹਨ ਜੇਕਰ ਭਾਰਤ ਦੀ ਇਸਤਰੀਆਂ ਦੀ ਹਾਕੀ ਟੀਮ ਪਹਿਲੇ ਅੱਠਾਂ ਵਿਚ ਆਪਣੀ ਪਹਿਚਾਣ ਬਣਾ ਲੈਂਦੀ ਹੈ ਤਾਂ ਭਾਰਤੀ ਹਾਕੀ ਟੀਮ ਦੀ ਵੱਡੀ ਪ੍ਰਾਪਤੀ ਹੋਵੇਗੀ । ਚੁਣੀ ਗਈ ਮਹਿਲਾ ਹਾਕੀ ਟੀਮ ਵਿੱਚ 9 ਖਿਡਾਰਨਾਂ ਹਰਿਆਣਾ ਸਟੇਟ ਨਾਲ ਸਬੰਧਤ ਹਨ ਜਦਕਿ ਇੱਕ ਖਿਡਾਰਨ ਗੁਰਜੀਤ ਕੌਰ ਪੰਜਾਬ ਨਾਲ ਸਬੰਧਤ ਹੈ , ਪੰਜਾਬ ਨੂੰ ਇੱਥੇ ਹੀ ਸੋਚ ਲੈਣਾ ਚਾਹੀਦਾ ਹੈ ਕਿ ਅਸੀਂ ਕੁੜੀਆਂ ਦੀ ਹਾਕੀ ਵਿੱਚ ਕਿੱਥੇ ਖੜ੍ਹੇ ਹਾਂ?

ਜਿੱਥੋਂ ਤਕ ਮਰਦਾਂ ਦੀ ਹਾਕੀ ਟੀਮ ਦਾ ਸਵਾਲ ਹੈ ਕਿ ਇਸ ਵਾਰ ਭਾਰਤੀ ਹਾਕੀ ਟੀਮ ਤੋਂ ਤਗ਼ਮਾ ਜਿੱਤਣ ਦੀਆਂ ਵੱਡੀਆਂ ਆਸਾਂ ਹਨ ਕਿਉਂਕਿ ਭਾਰਤੀ ਹਾਕੀ ਟੀਮ ਪਿਛਲੇ 2 ਕੁ ਸਾਲਾਂ ਤੋਂ ਖਾਸ ਕਰਕੇ ਪ੍ਰੋ ਹਾਕੀ ਲੀਗ ਦੇ ਮੈਚ ਵਿੱਚ ਕਾਫੀ ਚੰਗਾ ਪ੍ਰਦਰਸ਼ਨ ਕੀਤਾ ਹੈ ਭਾਰਤੀ ਟੀਮ ਦੀ ਚੋਣ ਹੋਈ ਹੈ ਉਹ ਸੀਨੀਅਰ ਅਤੇ ਜੂਨੀਅਰ ਖਿਡਾਰੀਆਂ ਦੇ ਤਾਲਮੇਲ ਦੀ ਟੀਮ ਜਦਕਿ ਫਾਰਵਰਡ ਲਾਈਨ ਵਿੱਚ ਮਨਦੀਪ ਸਿੰਘ, ਗੁਰਜੰਟ ਸਿੰਘ ਵਿਰਕ, ਸ਼ਮਸ਼ੇਰ ਸਿੰਘ, ਦਿਲਪ੍ਰੀਤ ਸਿੰਘ ,ਲਲਿਤ ਉਪ-ਾਧਿਆ ਸਾਰੇ ਹੀ ਤੇਜ਼ ਤਰਾਰ ਫਾਰਵਰਡ ਹਨ । ਆਸ ਕਰਦੇ ਹਾਂ ਕਿ 1980 ਮਾਸਕੋ ਓਲੰਪਿਕ ਤੋਂ ਵੱਧ ਤਗ਼ਮੇ ਜਿੱਤਣ ਦਾ ਪਿਆ ਸੋਕਾ ਇਹ ਭਾਰਤੀ ਹਾਕੀ ਖਿਡਾਰੀ ਦੂਰ ਕਰ ਦੇਣਗੇ । ਪੂਰੇ ਭਾਰਤ ਵਾਸੀਆਂ ਅਤੇ ਹਾਕੀ ਪ੍ਰੇਮੀਆਂ ਦੀਆਂ ਸ਼ੁਭ ਇਛਾਵਾਂ ਭਾਰਤੀ ਹਾਕੀ ਟੀਮ ਦੇ ਨਾਲ ਹਨ।

ਪਰ ਦੂਜੇ ਪਾਸੇ ਇਹ ਵੀ ਦਿਸ ਰਿਹਾ ਹੈ ਕਿ ਭਾਰਤੀ ਹਾਕੀ ਦੇ ਚੋਣਕਰਤਾਵਾਂ ਨੇ ਪਿਛਲੇ ਇਤਿਹਾਸ ਤੋਂ ਅਤੇ ਪਿਛਲੇ ਤਜਰਬਿਆਂ ਤੋਂ ਕੋਈ ਸਬਕ ਨਹੀਂ ਲਿਆ ਲਿਆ ਲੱਗਦਾ , ਕਿਉਂਕਿ ਓਲੰਪਿਕ ਖੇਡਾਂ ਅਤੇ ਵਿਸ਼ਵ ਕੱਪ ਹਾਕੀ ਮੁਕਾਬਲਾ ਸਿਰਫ਼ ਤੇ ਸਿਰਫ਼ ਤਜਰਬੇਕਾਰ ਖਿਡਾਰੀਆਂ ਨਾਲ ਹੀ ਖੇਡਿਆ ਜਾਣਾ ਚਾਹੀਦਾ ਹੈ ਤੇ ਜਦੋਂ ਜਦੋਂ ਵੀ ਅਸੀਂ ਕਿਸੇ ਵੀ ਵਕਤ ਓਲੰਪਿਕ ਖੇਡਾਂ ਜਾਂ ਵਿਸ਼ਵ ਕੱਪ ਵਿੱਚ ਨਵੇਂ ਤਜਰਬੇ ਕੀਤੇ ਜਾਂ ਨਵੇਂ ਖਿਡਾਰੀਆਂ ਨੂੰ ਖਿਡਾਉਣ ਦਾ ਦਾਅ ਖੇਡਿਆ ਤਾਂ ਸਾਨੂੰ ਹਾਰ ਸੁਨੀਲ ਚਿੰਗਸਿੰਗਲਾਨਾ ਸਿੰਘ, ਕੋਠਾਜੀਤ ਸਿੰਘ ਆਦਿ ਖਿਡਾਰੀਆਂ ਦਾ ਹੋਣਾ ਬੇਹੱਦ ਜ਼ਰੂਰੀ ਸੀ ਕਿਉਂਕਿ ਇਹ ਖਿਡਾਰੀ ਲੰਬੇ ਸਮੇਂ ਤੋਂ ਭਾਰਤੀ ਹਾਕੀ ਟੀਮ ਨਾਲ ਜੁੜੇ ਹੋਏ ਹਨ&; ਆਪਣੇ ਹੁਨਰ ਅਤੇ ਤਜਰਬੇ ਦੇ ਆਧਾਰ ਤੇ ਇਨ੍ਹਾਂ ਨੇ ਸਮੇਂ ਸਮੇਂ ਤੇ ਵਧੀਆ ਨਤੀਜੇ ਵੀ ਦਿੱਤੇ ਹਨ ਚੋਣਕਰਤਾਵਾਂ ਅਤੇ ਭਾਰਤੀ ਹਾਕੀ ਨੂੰ ਇਨ੍ਹਾਂ ਗਲਤੀਆਂ ਦਾ ਖਮਿਆਜ਼ਾ ਵੱਡੇ ਰੂਪ ਵਿੱਚ ਭੁਗਤਣਾ ਪੈ ਸਕਦਾ ਹੈ ਪਰ ਰੱਬ ਖ਼ੈਰ ਕਰੇ ਇਹ ਮਾੜਾ ਵਕਤ ਭਾਰਤੀ ਹਾਕੀ ਟੀਮ ਨੂੰ ਦੇਖਣਾ ਨਾ ਪਵੇ ,ਹੁਣ ਇਹ ਸਮਾਂ ਦੱਸੇਗਾ&; ਕਿ ਓਲੰਪਿਕ ਵਿੱਚ ਤਗ਼ਮਾ ਜਿੱਤਣ ਲਈ ਚੁਣੀ ਗਈ ਟੀਮ ਦੇ ਖਿਡਾਰੀ ਕਿੰਨਾ ਕੁ ਜੋਸ਼ ਅਤੇ ਹੋਸ਼ ਨਾਲ ਖੇਡਦੇ ਹਨ ਅਤੇ ਕੋਚ ਗਰਾਹਡ ਰੀਕ ਕਿਸ ਤਰ੍ਹਾਂ ਦੀ&; ਮੈਚ ਦਰ ਮੈਚ ਰਣਨੀਤੀ ਬਣਾਉਂਦਾ ਹੈ ਅਤੇ ਖਿਡਾਰੀਆਂ ਦੇ ਵਿਚ ਕਿੰਨੀ ਕਿੰਨਾ ਕੁ ਜੁਝਾਰੂਪਨ ਭਰਦਾ ਹੈ? ਬਿਨਾਂ ਸ਼ੱਕ, ਜੋ ਭਾਰਤੀ ਹਾਕੀ ਟੀਮ ਦੇ ਕੋਚਿੰਗ ਕੈਂਪ ਵਿਚ 33 ਖਿਡਾਰੀ ਸਨ ਉਨ੍ਹਾਂ ਦੇ ਹੁਨਰ ਵਿੱਚ ਉੱਨੀ ਇੱਕੀ ਦਾ ਵੀ ਫ਼ਰਕ ਨਹੀਂ ਹੈ ਕੋਚ ਅਤੇ ਆਸਟਰੇਲੀਆ ਬੈਲਜੀਅਮ ਅਰਜਨਟੀਨਾ ਅਤੇ ਜਰਮਨੀ ਅਤੇ ਬੈਲਜੀਅਮ ਟੂਰ ਦੌਰਾਨ ਆਪਣੀ ਬਣਾਈ ਰਣਨੀਤੀ ਤਹਿਤ ਜਿਸ ਤਰ੍ਹਾਂ ਵਿਰੋਧੀ ਟੀਮਾਂ ਨੂੰ ਪਛਾੜਿਆ ਸੀ ਉਹ ਬਹੁਤ ਹੀ ਕਾਬਲੇ ਤਾਰੀਫ਼ ਸੀ ਟੋਕੀਓ ਓਲੰਪਿਕ 2021 ਵਿੱਚ ਵੀ ਭਾਰਤੀ ਹਾਕੀ ਟੀਮ ਦੇ ਹਰ ਮੈਚ ਵਿੱਚ ਕੋਚ ਗਰਾਹਡ ਰੀਕ ਦੀ ਠੋਸ ਰਣਨੀਤੀ ਹੋਣੀ ਚਾਹੀਦੀ ਹੈ।

ਟੋਕੀਓ ਓਲੰਪਿਕ ਲਈ ਭਾਰਤੀ ਹਾਕੀ ਟੀਮ ਦੀ ਚੋਣ ਦਾ ਨਿਬੇੜਾ ਹੋ ਚੁੱਕਾ ਹੈ ਹੁਣ ਮੁੱਢਲਾ ਫ਼ਰਜ਼ ਚੁਣੇ ਖਿਡਾਰੀਆਂ ਦਾ ਹੈ ਕਿ ਉਨ੍ਹਾਂ ਨੇ ਆਪਣੇ ਮੁਲਕ ਦੀ ਲਾਜ ਕਿਸ ਤਰ੍ਹਾਂ ਰੱਖਣੀ ਹੈ ਦੂਸਰਾ ਇਸ ਸਮਾਂ ਦੱਸੇਗਾ ਕਿ ਕੋਚ ਗਰਾਹਡ ਰੀਕ ਆਪਣੇ ਕੋਚਿੰਗ ਹੁਨਰ ਕਿਸ ਤਰ੍ਹਾਂ ਦਾ ਦਿਖਾਉਦਾਂ ਹੈ ਅਗਰ ਉਸਦਾ ਦਾਅ ਢੁੱਕਵਾਂ ਖੇਡਿਆ ਗਿਆ ਤਾਂ ਯਕੀਨਨ ਭਾਰਤੀ ਹਾਕੀ ਟੀਮ 4 ਦਹਾਕੇ ਬਾਅਦ ਓਲੰਪਿਕ ਖੇਡਾਂ ਵਿੱਚ ਤਗ਼ਮਾ ਜਿੱਤਣ ਦਾ ਇਤਿਹਾਸ ਦੁਹਰਾਏਗੀ ਪਰਮਾਤਮਾ ਭਲੀ ਕਰੇ, ਭਾਰਤੀ ਹਾਕੀ ਟੀਮ ਦਾ ਰੱਬ ਰਾਖਾ।

# ਸੰਸਾਰ ਦੇ ਦਿਲਾਂ ਨੂੰ ਜਿੱਤਣ ਵਾਲੇ ਮਿਲਖਾ ਸਿੰਘ ਮੌਤ ਅੱਗੇ ਹਾਰ ਗਏ



ਉਜਾਗਰ ਸਿੰਘ
91-94178-13072

ਸੰਸਾਰ ਦੇ ਉਭਰਦੇ ਨੌਜਵਾਨ ਖਿਡਾਰੀਆਂ ਦੇ ਪ੍ਰੇਰਨਾ ਸਰੋਤ ਉਡਣੇ ਸਿੱਖ ਦੇ ਤੌਰ ਤੇ ਜਾਣੇ ਜਾਣ ਵਾਲੇ ਮਿਲਖਾ ਸਿੰਘ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਵਾਲੀਵਾਲ ਕੌਮੀ ਖਿਡਾਰਨ ਆਪਣੀ ਧਰਮ ਪਤਨੀ ਨਿਰਮਲ ਮਿਲਖਾ ਸਿੰਘ ਦੀ ਮੌਤ ਤੋਂ ਮਹਿਜ਼ 5 ਦਿਨ ਬਾਅਦ ਹੀ ਉਨ੍ਹਾਂ ਕੋਲ ਚਲੇ ਗਏ। ਉਹ ਪਿਛਲੇ ਮਹੀਨੇ ਤੋਂ ਕਰੋਨਾ ਦੀ ਮਹਾਂਮਾਰੀ ਦਾ ਸ਼ਿਕਾਰ ਸਨ। ਅਖ਼ੀਰ ਅੱਜ ਉਹ ਚੰਡੀਗੜ੍ਹ ਵਿਚ ਕਰੋਨਾ ਮਹਾਂਮਾਰੀ ਦੀ ਬਾਜ਼ੀ ਜਿੱਤਣ ਤੋਂ ਬਾਅਦ ਦੇ ਪ੍ਰਭਾਵਾਂ ਕਰਕੇ ਸਵਰਗ ਸਿਧਾਰ ਗਏ। ਜ਼ਿੰਦਗੀ ਵਿੱਚ ਕਦੀਂ ਵੀ ਹਾਰ ਨਾ ਮੰਨਣ ਵਾਲੇ ਉਡਣੇ ਸਿੱਖ ਅਖ਼ੀਰ ਮੌਤ ਦੀ ਬਾਜ਼ੀ ਹਾਰ ਗਏ। ਉਹ 91 ਸਾਲ ਦੇ ਸਨ। ਉਨ੍ਹਾਂ ਦੀ ਸਾਰੀ ਜ਼ਿੰਦਗੀ ਜਦੋਜਹਿਦ ਵਾਲੀ ਰਹੀ। ਉਨ੍ਹਾਂ ਦੇਸ਼ ਦੀ ਵੰਡ ਸਮੇਂ ਫਿਰਕੂ ਫਸਾਦਕਾਰੀਆਂ ਤੋਂ ਵੀ ਭੱਜਕੇ ਹੀ ਆਪਣੀ ਜਾਨ ਬਚਾਈ ਸੀ। ਵੰਡ ਦਾ ਸੰਤਾਪ ਹੰਢਾਉਂਦਿਆਂ ਭਾਰਤ ਵਿਚ ਆ ਕੇ ਅਨੇਕਾ ਦੁਸ਼ਾਵਰੀਆਂ ਦਾ ਸਾਹਮਣਾ ਕੀਤਾ ਪ੍ਰੰਤੂ ਸਫਲਤਾ ਹਮੇਸ਼ਾ ਉਨ੍ਹਾਂ ਦੀ ਮਿਹਨਤ ਅਤੇ ਦ੍ਰਿੜ੍ਹ ਇਰਾਦੇ ਕਰਕੇ ਉਨ੍ਹਾਂ ਦੀ ਝੋਲੀ ਪੈਂਦੀ ਰਹੀ। ਕੋਈ ਵੀ ਰਿਸ਼ਤੇਦਾਰ ਉਨ੍ਹਾਂ ਦਾ ਹੱਥ ਫੜਨ ਨੂੰ ਵੀ ਤਿਆਰ ਨਹੀਂ ਸੀ। ਇਥੋਂ ਤੱਕ ਕਿ ਉਨ੍ਹਾਂ ਦੀ ਭੈਣ ਦੇ ਸਹੁਰਿਆਂ ਨੇ ਦਿੱਲੀ ਵਿਖੇ ਉਨ੍ਹਾਂ ਨੂੰ ਆਪਣੇ ਘਰੋਂ ਕੱਢ ਦਿੱਤਾ ਸੀ ਪ੍ਰੰਤੂ ਉਨ੍ਹਾਂ ਨੇ ਹੌਸਲਾ ਨਾ ਹਾਰਿਆ। ਆਮ ਤੌਰ ਤੇ ਸੰਸਾਰ ਵਿਚ ਆਉਣ ਵਾਲਾ ਹਰ ਇਨਸਾਨ ਆਪਣੇ ਸਮਾਜ ਦੀਆਂ ਸਮਾਜਕ ਪਰੰਪਰਾਵਾਂ ਉਪਰ ਚਲਣ ਨੂੰ ਹੀ ਤਰਜ਼ੀਹ ਹੀ ਦਿੰਦਾ ਹੈ ਕਿਉਂਕਿ ਬਚਪਨ ਵਿਚ ਜਿਹੜੀ ਸੋਚ ਅਤੇ ਰਵਾਇਤਾਂ ਆਪਣੇ ਪਰਿਵਾਰ, ਸਮਾਜ, ਆਲੇ ਦੁਆਲੇ ਅਤੇ ਮਾਪਿਆਂ ਤੋਂ ਗ੍ਰਹਿਣ ਕਰਦਾ ਹੈ, ਉਹ ਹੀ ਉਸ ਲਈ ਮਾਰਗ ਦਰਸ਼ਕ ਬਣਦੀਆਂ ਹਨ। ਪ੍ਰੰਤੂ ਕੁਝ ਇਨਸਾਨ ਅਜਿਹੇ ਹੁੰਦੇ ਹਨ, ਜਿਹੜੇ ਪੁਰਾਤਨ ਰਾਹਾਂ ਉਪਰ ਚਲਣ ਦੀ ਥਾਂ ਆਪਣੀਆਂ ਨਵੀਂਆਂ ਪਗਡੰਡੀਆਂ ਆਪ ਬਣਾਉਂਦੇ ਹਨ। ਉਨ੍ਹਾਂ ਵੱਲੋਂ ਬਣਾਈਆਂ ਉਹ ਪਗਡੰਡੀਆਂ ਸਫਲਤਾ ਦੇ ਰਾਹਾਂ ਵਿਚ ਬਦਲ ਜਾਂਦੀਆਂ ਹਨ। ਅਜਿਹੇ ਇਨਸਾਨ ਆਟੇ ਵਿਚ ਲੂਣ ਦੇ ਬਰਾਬਰ ਹੁੰਦੇ ਹਨ ਕਿਉਂਕਿ ਆਮ ਤੌਰ ਤੇ ਸਮਾਜ ਉਨ੍ਹਾਂ ਦਾ ਸਾਥ ਨਹੀਂ ਦਿੰਦਾ, ਉਹ ਰਸਤੇ ਵਿਚ ਹੀ ਨਿਰਾਸ਼ ਹੋ ਕੇ ਰਸਤਾ ਬਦਲ ਲੈਂਦੇ ਹਨ। ਕਈ ਵਾਰ ਸਮੇਂ ਦੇ ਗੇੜ ਅਤੇ ਹਾਲਾਤ ਉਸਦੇ ਰਾਹ ਵਿਚ ਰੋੜਾ ਵੀ ਬਣਦੇ ਹਨ ਪ੍ਰੰਤੂ ਉਨ੍ਹਾਂ ਵਿਚੋਂ ਮਿਲਖਾ ਸਿੰਘ ਇਕ ਅਜਿਹਾ ਵਿਲੱਖਣ ਇਨਸਾਨ ਸਨ, ਜਿਹੜੇ ਵਕਤ ਦੀਆਂ ਠੋਕਰਾਂ ਦੇ ਬਾਵਜੂਦ ਦ੍ਰਿੜ੍ਹ ਇਰਾਦੇ ਨਾਲ ਆਪਣਾ ਨਿਸ਼ਾਨਾ ਮਿਥ ਕੇ ਚਲਦੇ ਰਹੇ ਅਤੇ ਅਖ਼ੀਰ ਸਫਲਤਾ ਪ੍ਰਾਪਤ ਕੀਤੀ। ਮਿਲਖਾ ਸਿੰਘ ਉਡਣਾ ਸਿੱਖ ਦੇ ਨਾਮ ਨਾਲ ਜਾਣੇ ਜਾਣ ਵਾਲੇ ਸੰਸਾਰ ਪ੍ਰਸਿਧ ਦੌੜਾਕ ਸਨ। ਉਹ 70 ਮੁਲਕਾਂ ਵਿੱਚ ਮੁਕਾਬਲੇ ਦੀਆਂ ਦੌੜਾਂ ਵਿੱਚ ਦੌੜੇ ਹੀ ਨਹੀਂ ਸਗੋਂ ਉਡੇ ਸਨ। ਉਨ੍ਹਾਂ ਨੇ 82 ਵਿਸ਼ੇਸ਼ ਮੁਕਾਬਲਿਆਂ ਵਿੱਚੋਂ 79 ਵਾਰ ਜਿੱਤ ਪ੍ਰਾਪਤ ਕੀਤੀ। ਉਨ੍ਹਾਂ ਦੀ ਜਨਮ ਮਿਤੀ ਦਾ ਅਸਲੀ ਵੇਰਵਾ ਪ੍ਰਾਪਤ ਨਹੀਂ ਹੈ ਪ੍ਰੰਤੂ ਫ਼ੌਜ ਵਿੱਚ ਭਰਤੀ ਹੋਣ ਸਮੇਂ 20 ਨਵੰਬਰ 1935 ਲਿਖਾਈ ਹੋਈ ਸੀ। ਉਨ੍ਹਾਂ ਦਾ ਜਨਮ ਲਹਿੰਦੇ ਪੰਜਾਬ ਦੇ ਜਿਲ੍ਹਾ ਮੁਜੱਫਰ ਨਗਰ ਵਿੱਚ ਪਿੰਡ ਗੋਬਿੰਦਪੁਰਾ ਵਿਖੇ ਹੋਇਆ ਸੀ। ਉਹ ਪੰਜ ਭਰਾ ਤੇ ਤਿੰਨ ਭੈਣਾਂ ਸਨ। ਉਨ੍ਹਾਂ ਨੂੰ ਪਿੰਡੋਂ ਨੰਗੇ ਪੈਰੀਂ ਹਰ ਰੋਜ 5-6 ਮੀਲ ਪੜ੍ਹਨ ਲਈ ਜਾਣਾ ਪੈਂਦਾ ਸੀ। ਜਦੋਂ ਗਰਮੀਆਂ ਵਿਚ ਪੈਰਾਂ ਨੂੰ ਸੇਕ ਲਗਦਾ ਤਾਂ ਉਹ ਭੱਜ ਲੈਂਦੇ ਸਨ ਅਤੇ ਕੁਝ ਸਮੇਂ ਬਾਅਦ ਕਿਸੇ ਦਰੱਖਤ ਦੀ ਛਾਂ ਵਿਚ ਖੜ੍ਹਕੇ ਪੈਰਾਂ ਨੂੰ ਠੰਡੇ ਕਰਦੇ ਸਨ। ਇਥੋਂ ਹੀ ਉਨ੍ਹਾਂ ਨੂੰ ਦੌੜਨ ਦੀ ਆਦਤ ਪੈ ਗਈ ਜੋ ਕਿ ਉਨ੍ਹਾਂ ਲਈ ਵਰਦਾਨ ਸਾਬਤ ਹੋਈ। ਦੇਸ਼ ਦੀ ਵੰਡ ਸਮੇਂ 1947 ਵਿਚ ਉਹ 8ਵੀਂ ਜਮਾਤ ਵਿਚ ਪੜ੍ਹਦੇ ਸਨ। ਵਟਵਾਰੇ ਸਮੇਂ ਉਨ੍ਹਾਂ ਦੇ ਪਰਿਵਾਰ ਦੇ ਬਹੁਤੇ ਮੈਂਬਰ ਧਾਰਮਿਕ ਫਸਾਦਾਂ ਦਾ ਸ਼ਿਕਾਰ ਹੋਣ ਕਰਕੇ ਉਥੇ ਹੀ ਮਾਰੇ ਗਏ ਸਨ। ਇਥੋਂ ਤੱਕ ਕਿ ਉਨ੍ਹਾਂ ਦੇ ਪਿਤਾ ਨੂੰ ਮਿਲਖਾ ਸਿੰਘ ਦੀਆਂ ਅੱਖਾਂ ਦੇ ਸਾਹਮਣੇ ਕਤਲ ਕਰ ਦਿੱਤਾ ਗਿਆ ਸੀ। ਉਨ੍ਹਾਂ ਦੀ ਇੱਕ ਭੈਣ, ਇੱਕ ਭਰਜਾਈ ਅਤੇ ਇੱਕ ਭਰਾ ਮੱਖਣ ਸਿੰਘ ਫ਼ੌਜ ਵਿਚ ਹੋਣ ਕਰਕੇ ਬਚ ਗਏ ਸਨ। ਫਿਰ ਉਹ ਫਿਰੋਜਪੁਰ ਪੰਜਾਬ ਵਿਚ ਆ ਗਏ। ਫੀਰੋਜਪੁਰ ਵਿਚ ਉਨ੍ਹਾਂ ਨੇ ਕੁਝ ਸਮਾਂ ਫੌਜੀਆਂ ਦੇ ਬੂਟ ਵੀ ਪਾਲਿਸ਼ ਕੀਤੇ। ਮਿਹਨਤ ਹਮੇਸ਼ਾ ਰੰਗ ਲਿਆਉਂਦੀ ਹੈ। ਕਿਰਤ ਕਰੋ ਤੇ ਵੰਡ ਛੱਕੋ ਦੀ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਉਪਰ ਉਹ ਪਹਿਰਾ ਦਿੰਦੇ ਰਹੇ। ਫਿਰ ਉਹ ਦਿੱਲੀ ਆਪਣੀ ਭੈਣ ਕੋਲ ਆ ਗਏ। ਉਨ੍ਹਾਂ ਦਾ ਵੱਡਾ ਭਰਾ ਫੌਜ ਵਿਚ ਸਨ, ਜਿਸ ਕਰਕੇ ਉਹ ਵੀ 1952 ਵਿੱਚ ਫ਼ੌਜ ਵਿੱਚ ਭਰਤੀ ਹੋ ਗਏ। ਉਨ੍ਹਾਂ ਦਾ ਕੱਦ 5 ਫੁਟ 9 ਇੰਚ ਸੀ। ਫੌਜ ਵਿਚ ਉਨ੍ਹਾਂ ਨੂੰ 1953 ਵਿਚ ਦੌੜਨ ਦੇ ਮੁਕਾਬਲਿਆਂ ਦਾ ਪਤਾ ਲੱਗਿਆ ਤੇ ਰਗੰਰੂਟੀ ਕਰਦਿਆਂ ਹੀ ਉਨ੍ਹਾਂ ਨੇ ਕਰਾਸ ਕੰਟਰੀ ਲਗਾਈ ਤੇ ਸਾਥੀਆਂ ਵਿਚੋਂ ਛੇਵੇਂ ਨੰਬਰ ਤੇ ਆਏ। ਮਿਲਖਾ ਸਿੰਘ&; 400 ਮੀਟਰ ਦੀ ਰੇਸ ਵਿਚ ਆਪਣੀ ਕੰਪਨੀ ਵਿਚੋਂ ਪਹਿਲੇ ਨੰਬਰ ਤੇ ਆਏ, ਇਸ ਤੋਂ ਬਾਅਦ ਉਨ੍ਹਾਂ ਨੂੰ ਦੌੜ ਲਾਉਣ ਦਾ ਉਤਸ਼ਾਹ ਪੈਦਾ ਹੋ ਗਿਆ ਤੇ ਫੌਜ ਵਿਚ ਅਭਿਆਸ ਕਰਨ ਲੱਗ ਪਏ। ਇਸ ਪ੍ਰੈਕਟਿਸ ਕਰਕੇ ਪੂਰੀ ਫੌਜ ਵਿਚੋਂ ਪਹਿਲੇ ਨੰਬਰ ਤੇ ਆਉਣ ਲੱਗ ਪਏ। ਉਨ੍ਹਾਂ ਨੂੰ ਪਹਿਲੀ ਵਾਰ 1956 ਵਿਚ ਮੈਲਬੌਰਨ ਆਸਟਰੇਲੀਆ ਵਿਚ ਹੋਈਆਂ ਓਲੰਪਿਕ ਖੇਡਾਂ ਵਿਚ ਭਾਰਤ ਦੀ ਟੀਮ ਵਿਚ ਸ਼ਾਮਲ ਕਰ ਲਿਆ ਪ੍ਰੰਤੂ ਉਥੇ ਭਾਰਤ ਦੀ ਟੀਮ ਹਾਰ ਗਈ। 1958 ਵਿਚ ਹੋਈਆਂ ਟੋਕੀਓ ਦੀਆਂ ਏਸ਼ੀਆਈ ਖੇਡਾਂ ਵਿਚ ਉਹ ਸਭ ਤੋਂ ਮਜ਼ਬੂਤ ਐਥਲੀਟ ਸਾਬਤ ਹੋਏ। ਫਿਰ ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਜੇਕਰ ਥੋੜ੍ਹੀ ਹੋਰ ਮਿਹਨਤ ਕੀਤੀ ਜਾਵੇ ਤਾਂ ਉਹ ਤਮਗੇ ਜਿੱਤ ਸਕਦੇ ਹਨ। ਇਸ ਕਰਕੇ ਉਨ੍ਹਾਂ ਆਪਣਾ ਅਭਿਆਸ ਦਾ ਸਮਾ ਵਧਾ ਦਿੱਤਾ। ਉਨ੍ਹਾਂ ਨੇ 200 ਮੀਟਰ ਅਤੇ 400 ਮੀਟਰ ਰੇਸ ਦੇ ਏਸ਼ੀਆ ਵਿਚ ਨਵੇਂ ਰਿਕਾਰਡ ਸਥਾਪਤ ਕੀਤੇ। 1958 ਵਿਚ ਹੀ ਕਾਰਡਿਫ ਵਿਖੇ ਕਾਮਨਵੈਲਥ ਖੇਡਾਂ ਸਮੇਂ 400 ਮੀਟਰ ਦੀ ਦੌੜ ਵਿਚ ਉਹ ਪਹਿਲੇ ਨੰਬਰ ਤੇ ਆਏ। ਉਹ 1958 ਤੋਂ 60 ਤੱਕ ਅਨੇਕਾਂ ਦੇਸ਼ਾਂ ਵਿਚ ਮੁਕਾਬਲਿਆਂ ਵਿਚ ਦੌੜਿਆ। ਲਾਹੌਰ ਵਿਖੇ ਹੋਈਆਂ ਇੰਡੋ ਪਾਕਿ ਖੇਡਾਂ ਵਿਚ ਮਿਲਖਾ ਸਿੰਘ ਆਪਣੇ ਸਾਥੀਆਂ ਤੋਂ ਬਹੁਤ ਅੱਗੇ ਨਿਕਲ ਕੇ ਜਿੱਤਿਆ, ਜਿਸ ਕਰਕੇ ਅਨਾਊਂਸਰ ਕਹਿਣ ਲੱਗਾ, ਮਿਲਖਾ ਸਿੰਘ ਦੌੜਿਆ ਨਹੀਂ, ਉੱਡਿਆ ਹੈ।



ਇਸ ਕਰਕੇ ਹੀ ਉਨ੍ਹਾਂ ਦਾ ਨਾਂ ਉੱਡਣਾ ਸਿੱਖ ਅਰਥਾਤ ਫਲਾਇੰਗ ਸਿੱਖ ਪੈ ਗਿਆ। ਓਨ੍ਹਾਂ ਨੇ ਆਪਣੀ ਜੀਵਨੀ ਲਿਖੀ ਇਸਦਾ ਨਾਂ ਵੀ ਫਲਾਇੰਗ ਸਿੱਖ ਹੀ ਰੱਖਿਆ ਸੀ। 200 ਮੀਟਰ ਤੇ 400 ਮੀਟਰ ਦੇ ਮਿਲਖਾ ਸਿੰਘ ਦੇ ਕੌਮੀ ਰਿਕਾਰਡ ਲਗਪਗ 4 ਦਹਾਕੇ ਕੋਈ ਤੋੜ ਨਹੀਂ ਸਕਿਆ। 1962 ਵਿਚ ਜਕਾਰਤਾ ਦੀਆਂ ਏਸ਼ੀਆਈ ਖੇਡਾਂ ਵਿਚੋਂ 400 ਮੀਟਰ ਤੇ 4 ਰੀਲੇ 400 ਮੀਟਰ ਦੌੜਾਂ ਵਿਚੋਂ ਦੋ ਸੋਨੇ ਦੇ ਤਮਗੇ ਜਿੱਤੇ। 1964 ਦੀਆਂ ਟੋਕੀਓ ਓਲੰਪਿਕ ਤੋਂ ਬਾਅਦ ਉਹ ਸਰਗਰਮ ਦੌੜ ਮੁਕਾਬਲਿਆਂ ਵਿਚੋਂ ਰਿਟਾਇਰ ਹੋ ਗਏ। ਭਾਰਤ ਸਰਕਾਰ ਨੇ ਉਨ੍ਹਾਂ ਨੂੰ ਪਦਮ ਸ੍ਰੀ ਨਾਲ ਸਨਮਾਨਿਆਂ ਸੀ। ਅਮਰੀਕਾ ਦੀ ਇੱਕ ਖੇਡ ਸੰਸਥਾ ਨੇ ਮਿਲਖਾ ਸਿੰਘ ਨੂੰ ਏਸ਼ੀਆ ਦਾ ਸਰਵੋਤਮ ਐਥਲੀਟ ਮੰਨਦਿਆਂ ਹੈਲਮਜ ਟਰਾਫੀ ਦੇ ਕੇ ਸਨਮਾਨਤ ਕੀਤਾ ਸੀ। ਫੌਜ ਦੀ ਨੌਕਰੀ ਤੋਂ ਬਾਅਦ ਉਹ ਸਿੱਖਿਆ ਵਿਭਾਗ ਵਿਚ ਖੇਡ ਵਿੰਗ ਦੇ ਐਡੀਸ਼ਨਲ ਡਾਇਰੈਕਟਰ ਦੇ ਅਹੁਦੇ ਤੇ ਵੀ ਰਹੇ। ਮਿਲਖਾ ਸਿੰਘ ਦੇ ਜੱਦੋਜਹਿਦ ਭਰੇ ਜੀਵਨ ਤੇ ਇੱਕ ਫਿਲਮ ''ਭਾਗ ਮਿਲਖਾ ਭਾਗ '' ਵੀ ਬਣ ਚੁੱਕੀ ਹੈ, ਜਿਹੜੀ ਨੌਜਵਾਨਾ ਨੂੰ ਪ੍ਰੇਰਨਾਦਾਇਕ ਸਾਬਤ ਹੋ ਰਹੀ ਹੈ। ਉਹਨਾ ਦੀ ਪਤਨੀ ਸ੍ਰੀਮਤੀ ਨਿਰਮਲ ਮਿਲਖਾ ਸਿੰਘ ਕੌਮੀ ਪੱਧਰ ਦੀ ਵਾਲੀਬਾਲ ਖਿਡਾਰਨ ਰਹੀ ਹੈ। ਉਨ੍ਹਾਂ ਦਾ ਲੜਕਾ ਚਿਰੰਜੀਵ ਮਿਲਖਾ ਸਿੰਘ ਗੋਲਫ ਦਾ ਅੰਤਰ ਰਾਸ਼ਟਰੀ ਖਿਡਾਰੀ ਹੈ।

ਭਾਰਤ ਹਮੇਸ਼ਾ ਖੇਡਾਂ ਦੇ ਖੇਤਰ ਵਿਚ ਮੋਹਰੀ ਦੀ ਭੂਮਿਕਾ ਨਿਭਾਉਂਦਾ ਰਿਹਾ ਹੈ ਪ੍ਰੰਤੂ ਪਿਛਲੇ ਕੁਝ ਸਮੇਂ ਤੋਂ ਭਾਰਤ ਨੂੰ ਨਿਰਾਸ਼ਾ ਦਾ ਮੂੰਹ ਵੇਖਣਾ ਪਿਆ ਕਿਉਂਕਿ ਖੇਡ ਜਗਤ ਦੀ ਆਪਸੀ ਧੜੇਬੰਦੀ ਅਤੇ ਖਿਡਾਰੀਆਂ ਦੀ ਸਹੀ ਪਛਾਣ ਰਸਤੇ ਦਾ ਰੋੜਾ ਬਣਦੀ ਰਹੀ ਹੈ ਪ੍ਰੰਤੂ ਗੋਲਡ ਕੋਸਟ ਵਿਚ ਹੋਈਆਂ ਰਾਸ਼ਟਰਮੰਡਲ ਖੇਡਾਂ ਵਿਚ ਭਾਰਤ ਨੇ 26 ਸੋਨੇ ਦੇ ਅਤੇ ਕੁਲ 66 ਤਗ਼ਮੇ ਜਿੱਤ ਲਈ ਹਨ, ਜਿਸ ਕਰਕੇ ਭਵਿਖ ਵਿਚ ਆਸ ਦੀ ਕਿਰਨ ਵਿਖਾਈ ਦਿੰਦੀ ਹੈ। ਅਜਿਹੇ ਸਮੇਂ ਵਿਚ ਭਾਰਤੀ ਖਿਡਾਰੀਆਂ ਨੂੰ ਮਿਲਖਾ ਸਿੰਘ ਨੂੰ ਆਪਣਾ ਰੋਲ ਮਾਡਲ ਬਣਾਕੇ ਲਗਨ, ਮਿਹਨਤ ਅਤੇ ਦ੍ਰਿੜ੍ਹਤਾ ਦਾ ਗੁਣ ਗ੍ਰਹਿਣ ਕਰਕੇ ਪ੍ਰੈਕਟਿਸ ਕਰਨੀ ਚਾਹੀਦੀ ਹੈ।

ਮਿਲਖਾ ਸਿੰਘ ਆਪਣਾ ਕੈਰੀਅਰ ਬਣਉਣ ਲਈ ਰੇਲ ਗੱਡੀਆਂ ਦੇ ਪਿੱਛੇ ਭੱਜਕੇ ਅਭਿਆਸ ਕਰਦੇ ਰਹੇ ਕਿਉਂਕਿ ਉਹ ਆਪਣੇ ਮਿਥੇ ਨਿਸ਼ਾਨੇ ਤੇ ਪਹੁੰਚਣਾ ਚਾਹੀਦਾ ਹੈ। ਹੁਣ ਤਾਂ ਉਨ੍ਹਾਂ ਲਈ ਸਾਰੇ ਸਾਧਨ ਪ੍ਰਪਤ ਹਨ ਪ੍ਰੰਤੂ ਮਿਲਖਾ ਸਿੰਘ ਬਿਨਾਂ ਅਜਿਹੇ ਸਾਧਨਾ ਦੇ ਸਿਖਰਾਂ ਛੂੰਹਦਾ ਰਿਹਾ ਹੈ। ਨਵੇਂ ਖਿਡਾਰੀ ਉਨ੍ਹਾਂ ਦੀ ਜ਼ਿੰਦਗੀ ਤੋਂ ਪ੍ਰੇਰਨਾ ਲੈ ਕੇ ਸਫਲਤਾ ਪ੍ਰਾਪਤ ਕਰ ਸਕਦੇ ਹਨ। ਓਹ ਆਪਣੇ ਪਿਛੇ ਸਪੁੱਤਰ ਜੀਵ ਮਿਲਖਾ ਸਿੰਘ ਅਤੇ ਤਿੰਨ ਧੀਆਂ ਛੱਡ ਗਏ ਹਨ।

# ਭਾਰਤ ਦੁਨੀਆਂ ਦਾ ਸਭ ਤੋਂ ਵੱਧ ਗੁਲਾਮਾਂ ਦਾ ਘਰ



ਹਰਦੀਪ ਸਿੰਘ ਚੁੰਬਰ
+91-94636-01616

ਵਿਸ਼ਵ ਦਾ ਪਹਿਲਾ ਗਣਤੰਤਰ ਭਾਰਤ ਵਿੱਚ ਮੌਰੀਆ ਸਮਰਾਟ ਅਸ਼ੋਕ ਨੇ ਸਥਾਪਿਤ ਕੀਤਾ। 187ਈ.ਪੂਰਵ ਬਰੈਦਰਥ ਮੌਰੀਆ ਦੇ ਰਾਜ ਦਾ ਅੰਤ ਉਸ ਦੇ ਬ੍ਰਾਹਮਣ ਸੈਨਾਪਤੀ ਪੁਸ਼ਪ ਮਿੱਤਰ ਸੁੰਘ ਨੇ ਕੀਤਾ ਅਤੇ ਗਣਰਾਜ ਦਾ ਅੰਤ ਹੋ ਗਿਆ, ਰਾਜਾਸ਼ਾਹੀ ਸੁਰੂ ਹੋ ਗਈ। ਬੋਧੀਆਂ ਦੀ ਮਾਰ ਕਾਟ ਕੀਤੀ, ਕੁਝ ਵਿਦੇਸ਼ਾਂ ਵੱਲ ਦੌੜ ਗਏ,ਜੋ ਬਚ ਗਏ ਉਹ ਗੁਲਾਮ ਬਣ ਗਏ ਦਾਸ ਪ੍ਰਥਾ ਸੁਰੂ ਹੋ ਗਈ। ਕੁਝ ਜੰਗਲਾਂ ਵਿੱਚ ਛੁਪਕੇ ਰਹਿਣ ਲਗੇ। ਇਹ ਲੋਕ ਮੂਲ ਭਾਰਤ ਵਾਸੀ ਸਨ। ਲਗਭਗ ਬੁੱਧ ਧਮ ਨੂੰ ਭਾਰਤ ਵਿੱਚ ਬ੍ਰਾਹਮਣਵਾਦ ਨੇ ਖਤਮ ਕਰ ਕਬਜਾ ਲਿਆ ਸੀ। ਇਸ ਦੇ ਨਾਲ ਹੀ 187 ਬੀ.ਸੀ. ਤੋਂ ਲੈ ਕੇ ਅੰਗਰੇਜਾਂ ਦੇ ਸਮੇਂ ਤਕਭਾਰਤ ਵਿੱਚ ਬਹੁਤ ਸਾਰੇ ਦੇਸ਼ੀ ਵਿਦੇਸ਼ੀਆਂ ਨੇ ਰਾਜ ਕੀਤਾ, ਤੇ ਉਹ ਭਾਰਤ ਵਿੱਚ ਸਦਾ ਲਈ ਵਸਦੇ ਰਹੇ। ਉਹਨਾ ਮੂਲ ਭਾਰਤੀ ਲੋਕ ਗੁਲਾਮ ਅਛੂਤ ਹੀ ਰਖੇ। 1947 ਵਿੱਚ ਭਾਰਤੀ ਸਵਰਣ ਹਿੰਦੂ ਸਮਾਜ ਅਤੇ ਮੁਸਲਿਮ ਸਮਾਜ ਨੂੰ ਸੱਤਾ ਦੀ ਚਾਬੀ ਮਿਲੀ ਅਤੇ ਭਾਰਤੀ ਮੂਲਨਿਵਾਸੀਆਂ ਨੂੰ ਅਚੂਤਤਾ ਅਤੇ ਗੁਲਾਮੀਂ ਤੋ ਕੁੱਝ ਰਾਹਤ। ਭਾਰਤ ਵਿੱਚ ਕੇਵਲ ਅੰਗਰੇਜਾਂ ਨੇ ਹੀ 1854 ਵਿੱਚ ਗੁਲਾਮੀਂ ਪ੍ਰਥਾ ਦੇ ਵਿਰੁੱਧ ਕਾਨੂੰਨ ਬਣਾਕੇ ਖਤਮ ਕਰਨ ਦੀ ਕੋਸ਼ਿਸ ਕੀਤੀ। ਵਿਦੇਸ਼ੀਆਂ ਵਿੱਚੋਂ ਭਾਰਤ ਛੱਡਕੇ ਕੇਵਲ ਅੰਗਰੇਜ ਹੀ ਗਏ। ਪਰ ਅੰਤਰਰਾਸ਼ਟਰੀ ਸਲੇਵਰੀ ਇੰਡੈਕਸ ਦਾ ਕਹਿਣਾ ਹੈ ਕਿ ਭਾਰਤ ਇੱਕ ਐਸਾ ਦੇਸ਼ਹੇ ਜਿੱਥੇ ਕਿਸੇ ਵੀ ਦੇਸ਼ ਨਾਲੋ ਵੱਧ ਗੁਲਾਮ ਹਨ।

ਸਲੇਵਰੀ ਇੰਡੈਕਸ 2016 ਗਲੋਬਲ ਦੇ ਅਨੁਸਾਰ ਲਗਭਗ 46 ਮਿ-ਲੀਅਨ ਲੋਕ ਪੂਰੀ ਦੁਨੀਆਂ ਵਿਚ ਗੁਲਾਮੀ ਦੀ ਹਾਲਤ ਵਿਚ ਰਹਿੰਦੇ ਹਨ। ਭਾਰਤ ਵਿਚ ਉਨ੍ਹਾਂ ਵਿਚੋਂ 18 ਮਿਲੀਅਨ (39%), ਜੋ ਕਿ ਦੁਨੀਆਂ ਦੇ ਸਭ ਤੋਂ ਵੱਧ ਗੁਲਾਮਾਂ ਦਾ ਘਰ ਹੈ। ਇਹ 18 ਮਿਲੀਅਨ ਭਾਰਤੀ, ਗੁਲਾਮ ਮਜ਼ਦੂਰ ਅਤੇ ਜਿਨਸੀ ਗੁਲਾਮ ਹਨ। ਬਰਲਿਨ, ਜਿਥੇ 2016 ਦੇ ਫਾਲਿੰਗ ਵਾਲਜ਼ ਕਾਨਫਰੰਸ ਵਿੱਚ ਬੇਲਜ਼ ਨੇ ਖੁਲਾਸਾ ਕੀਤਾ ਕਿ ਇੱਕ ਭਾਰਤੀ ਨੂੰ ਗੁਲਾਮੀ ਤੋਂ ਮੁਕਤ ਕਰਾਉਣ ਲਈ 13,000 ਰੁਪਏ ਤੋਂ ਵੱਧ ਦੀ ਕੀਮਤ ਨਹੀਂ ਹੈ। ਉਹ ਦੱਸਦੇ ਹਨ ਕਿ ਭਾਰਤ ਕੋਲ ਗੁਲਾਮੀ ਵਿਰੋਧੀ ਵਿਸ਼ਵ ਦੇ ਕੁਝ ਵਧੀਆ ਕਾਨੂੰਨ ਹਨ ਅਤੇ ਦੱਸਦੇ ਹਨ ਕਿ ਅਸੀਂ ਗੁਲਾਮੀ ਦਾ ਮੁਕਾਬਲਾ ਕਿਵੇਂ ਕਰ ਸਕਦੇ ਹਾਂ।




ਇਹ ਬੇਲਜ਼ ਕੌਣ ਹਨ ਜਿਹਨਾਂ ਨੇ ਭਾਰਤ ਵਿੱਚ ਵਿਸ਼ਵ ਦੇ ਨਾਲੋਂ ਸਭ ਤੋਂ ਵੱਧ ਗੁਲਾਮ ਹੋਣ ਦਾ ਦਾਅਵਾ ਕੀਤਾ ਹੈ ਇਹ ਜਾਣਨਾ ਵੀ ਜਰੂਰੀ ਹੈ। ਉਹਨਾ ਦਾ ਪੂਰਾ ਨਾਮ ਕੇਵਿਨ ਬ੍ਰਾਇਨ ਬੈਲੇਸ ਹੈ ਉਹਨਾ ਦਾ ਜਨਮ 1952 ਵਿੱਚ ਅਮਰੀਕਾ ਵਿੱਚ ਹੋਇਆ। ਉਹ ਨੌਟਿੰਘਮ ਯੂਨੀਵਰਸਿਟੀ ਵਿਚ ਸਮਕਾਲੀ ਗੁਲਾਮੀ ਵਿਸ਼ੇ ਦੇ ਪ੍ਰੋਫੈਸਰ ਅਤੇ ਗਲੋਬਲ ਗੁਲਾਮੀ ਇੰਡੈਕਸ ਦੇ ਸਹਿ-ਲੇਖਕਅਤੇ ਫ੍ਰੀ ਸਲੇਵਜ਼ ਦੇ ਸਹਿ-ਬਾਨੀ ਅਤੇ ਸਾਬਕਾ ਚੇਅਰਮੈਨ ਰਹੇ ਹਨ। ਫ੍ਰੀ ਸਲੇਵ ਐਂਟੀ-ਸਲੇਵਰੀ ਇੰਟਰਨੈਸ਼ਨਲ ਦੀ ਅਮਰੀਕੀ ਸਿਸਟਰ ਸੰਸਥਾ ਹੈ, ਜੋ ਵਿਸ਼ਵ ਦੀ ਸਭ ਤੋਂ ਪੁਰਾਣੀ ਮਨੁੱਖੀ ਅਧਿਕਾਰਾਂ ਵਾਲੀ ਸੰਸਥਾ ਹੈ। ਬੈਲੇਸ ਨੂੰ ਵਿਸ਼ਵਵਿਆਪੀ ਗੁਲਾਮੀ ਵਿਰੋਧੀ ਲਹਿਰ ਲਈ ਆਪਣੀਆਂ ਸੇਵਾਵਾਂ ਲਈ ਸਾਲ 2017 ਦੇ ਨਵੇਂ ਸਾਲ ਦੇ ਆਨਰਜ਼ ਆਫ਼ ਸੇਂਟ ਮਾਈਕਲ ਐਂਡ ਸੇਂਟ ਜਾਰਜ (ਸੀ.ਐੱਮ.ਜੀ.) ਦਾ ਕੰਪੇਨਰ ਨਿਯੁਕਤ ਕੀਤਾ ਗਿਆ ਸੀ।

ਇਸ ਸਵਾਲ ਉਤੇ ਕਿ ਤੁਸੀਂ ਗੁਲਾਮੀ ਕਿਵੇਂ ਪਰਿਭਾਸ਼ਤ ਕਿਵੇਂ ਕਰਦੇ ਹੋ? ਜਬਰੀ ਮਜ਼ਦੂਰੀ ਅਤੇ ਗੁਲਾਮੀ ਵਿਚ ਕੀ ਅੰਤਰ ਹੈ?1920 ਦੇ ਦਹਾਕੇ ਵਿਚ 'ਜਬਰੀ ਮਜ਼ਦੂਰੀ' ਨਵਾਂ ਸ਼ਬਦ ਘੜਿਆ ਗਿਆ, ਕਿਉਂਕਿ ਬਸਤੀਵਾਦੀ ਤਾਕਤਾਂ ਗੁਲਾਮੀ ਖਤਮ ਕਰਨ ਲਈ ਸ਼ਬਦ ਦੀ ਵਰਤੋਂ ਨਹੀਂ ਕਰਨਾ ਚਾਹੁੰਦੀਆਂ ਸਨ। ਜੇ ਇਕ ਵਿਅਕਤੀ ਦੂਜੇ ਵਿਅਕਤੀ ਜ਼ਬਰਦਸਤੀ ਅਤੇ ਹਿੰਸਾ ਦੀ ਵਰਤੋਂ ਕਰਕੇ ਮਜ਼ਦੂਰੀ, ਜਿਨਸੀ ਸ਼ੋਸ਼ਣ ਬੰਧਿਸਾਂ ਅਧੀਨ ਕਰਨਾ, ਗੁਲਾਮੀ ਹੈ। ਇਹ ਅਤੀਤ ਦੀ ਗੁਲਾਮੀ ਨਾਲੋਂ ਬਹੁਤ ਵੱਖਰਾ ਨਹੀਂ ਹੈ।

ਉਹਨਾ ਦੀ ਕਹਿਣਾ ਹੈ ਕਿ ਭਾਰਤ ਸਭ ਤੋਂ ਜ਼ਿਆਦਾ ਗੁਲਾਮਾਂ ਵਾਲਾ ਦੇਸ਼ ਹੈ। ਅਸੀਂ ਰਾਜਾਂ ਦੇ ਨਮੂਨਿਆਂ ਦਾ ਸਰਵੇਖਣ ਕੀਤਾ ਹੈ। ਭਾਰਤ ਵਿਚ ਗੁਲਾਮਾਂ ਦੀ ਅਨੁਪਾਤ ਮੌਰਿਤਾਨੀਆ ਅਤੇ ਹੈਤੀ ਵਿਚ ਗੁਲਾਮਾਂ ਦੇ ਅਨੁਪਾਤ ਨਾਲੋਂ ਘਟ ਹੈ। 1.3 ਅਰਬ ਦੇ ਦੇਸ਼ ਵਿੱਚ ਭਾਰਤ ਦੇ 18 ਮਿਲੀਅਨ ਗੁਲਾਮ ਹਨ। ਅਸੀਂ ਭਾਰਤ ਵਿੱਚ ਉਹਨਾਂ ਤਕ ਪਹੁੰਚ ਕਰ ਸਕਦੇ ਹਾਂ ਲੇਕਿਨ ਚੀਨ ਵਿਚ ਨਹੀਂ। ਭਾਰਤ ਵਿਚ ਗੁਲਾਮੀ ਵਿਰੋਧੀ ਚੰਗੇ ਕਾਨੂੰਨ ਹਨ; ਇਹ ਲਾਗੂ ਕਰਨ ਦਾ ਸਵਾਲ ਹੈ। ਕਾਨੂੰਨ ਅਸਲ ਵਿਚ ਯੂਰਪੀਅਨ ਕਾਨੂੰਨਾਂ ਨਾਲੋਂ ਉੱਤਮ ਹਨ। ਜ਼ਮੀਨੀ ਤੌਰ 'ਤੇ, ਭਾਰਤ ਵਿਚ, ਤਜ਼ਰਬੇਕਾਰ ਗੁਲਾਮੀ ਵਿਰੋਧੀ ਵੱਖ ਵੱਖ ਢੰਗ ਨਾਲ ਕੰਮ ਕਰਨ ਵਾਲੇ ਸੰਗਠਨ ਹਨ, ਜੋ ਉਹਨਾ ਦੀ ਮੁਕਤੀ ਦੇ ਪ੍ਰਬੰਧ ਕਰਦੇ ਹਨ। ਉਹ ਪਿਛਲੇ 25 ਸਾਲਾਂ ਤੋਂ ਉਨ੍ਹਾਂ ਵਿੱਚੋਂ ਕੁਝ ਨਾਲ ਕੰਮ ਕਰ ਰਹੇ ਹਨ।

ਭਾਰਤ ਵਿੱਚ ਵੰਸ਼ਵਾਦੀ ਗੁਲਾਮੀ ਪ੍ਰਬੰਧਨ ਹੈ। ਇਥੇ ਕਮਿਊਨਿਟੀ-ਸੰਗਠਨ ਮਾਡਲ ਵਜੋਂਕੰਮ ਕਰਕੇ ਪਿੰਡਾਂ ਵਿੱਚੋਂ ਗੁਲਾਮੀ ਤੋੜ ਦੇਵੇਗਾ। ਗੁਲਾਮਾਂ ਨੂੰ ਅਜਾਦ ਕਰਵਾਉਣ ਜੋਖਮ ਭਰਿਆ ਹੈ, ਵਿਰੋਧੀ ਹਮਲਾ ਕਰਦੇ ਹਨ। ਅਜਾਦ ਪੱਤਰਕਾਰਤਾ ਬਹੁਤ ਮੁਸ਼ਕਿਲ ਹੈ, ਪਰਲੋਕ ਹਨ ਜੋ ਦੂਜੇ ਲੋਕਾਂ ਨੂੰ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਆਪਣੀ ਜਾਨ ਜੋਖਮ ਵਿਚ ਪਾ ਰਹੇ ਹਨ, ਅਤੇ ਉਨ੍ਹਾਂ ਦੇ ਨਾਮ ਕਿਸੇ ਨੂੰ ਨਹੀਂ ਪਤਾ। ਉਨ੍ਹਾਂ ਵਿਚੋਂ ਬਹੁਤਿਆਂ ਗੁਲਾਮਾਂ ਨੂੰ ਲਗਭਗ $ 100 (6,518 ਰੁਪਏ) ਮਹੀਨਾ ਭੁਗਤਾਨ ਕੀਤਾ ਜਾਂਦਾ ਹੈ।

ਭਾਰਤ ਵਿਚ ਖੇਤੀਬਾੜੀ ਦਾ ਪਤਨ ਗੁਲਾਮੀ ਦਾ ਇਕ ਹੋਰ ਕਾਰਨ ਹੈ। ਦਿਲਚਸਪ ਗੱਲ ਇਹ ਹੈ ਕਿ ਨਾ ਸਿਰਫ ਭਾਰਤ ਵਿਚ, ਬਲਕਿ ਪੂਰੀ ਦੁਨੀਆ ਵਿਚ ਲੋਕ ਕਾਰੋਬਾਰ ਲਈ ਬਹੁਤ ਸਾਰੀਆਂ ਚੀਜ਼ਾਂ ਕਰਦੇ ਹਨ। ਭਾਰਤ ਵਿੱਚ, ਬੰਧੂਆ ਮਜ਼ਦੂਰ ਮੈਨੂੰ ਉਹ ਸਹੀ ਰਕਮ ਦੇ ਸਕਦੇ ਸਨ ਜੋ ਕਿ ਆਪਣੇ ਪਰਿਵਾਰ ਨੂੰ ਗੁਲਾਮ ਬਣਾਉਣ ਲਈ ਲੋੜੀਂਦੀ ਪ੍ਰਾਪਤੀ ਲਾਗਤ ਨੂੰ ਦਰਸਾਉਂਦੀ ਸੀ&; ਜੋ ਕਿ $ 10 ਤੋਂ 100 ਡਾਲਰ ਤੋਂ ਵੱਧ ਨਹੀਂ ਸੀ। ਸਦੀਆਂ ਤੋਂ, ਗੁਲਾਮ ਖਰੀਦਣ ਲਈ ਲੋੜੀਂਦੇ ਬਲਦਾਂ ਦੀ ਤਰਾਂ ਜੋੜੇ ਵਿੱਚ ਸੀ ਦੋ ਤੋਂ ਅੱਠਾਂ ਤੱਕ ਜਾ ਸਕਦੀ ਸੀ। ਖੇਤੀਬਾੜੀ ਲਈਗੁਲਾਮ ਨੂੰ ਰਖਣ ਦਾ ਢੰਗਉੱਤਰੀ ਭਾਰਤ ਵਿੱਚ ਕਰਜ਼ੇ ਦੇ ਬਾਂਡ ਹਨ। ਭਾਰਤ ਗੁਲਾਮ ਨੂੰ ਰਖਣਦੀ ਕੀਮਤ ਦੇ ਪ੍ਰਸੰਗ ਵਿੱਚ ਇੱਕ ਅੱਜ ਇੱਕ ਹੀ ਉਤਪਾਦਕ ਖੇਤਰ ਦੀ ਕੀਮਤ ਦੇ 6% ਅਤੇ 1.3% ਦੇ ਵਿਚਕਾਰ ਹੈ, ਇਹ ਵੱਖ ਵੱਖ ਦੇਸ਼ਾ ਦੇ ਕੀਤੇ ਸਰਵੇ ਵਿੱਚ ਸਭ ਨਾਲੋਂ ਘੱਟ ਹੈ। ਪਿਛਲੇ ਸਮੇਂ ਵਿੱਚ ਇੱਕ ਗੁਲਾਮ ਦੀ ਕੀਮਤ ਇੱਕ ਖੇਤੀ ਮਜ਼ਦੂਰ ਲਈ ਕੁੱਲ ਇੱਕ ਸਲਾਨਾ ਤਨਖਾਹ ਤੋਂ ਤਿੰਨ ਸਾਲਾਨਾ ਤਨਖਾਹ ਦੀ ਰਕਮ ਦੇ ਵਿੱਚ ਸੀ। ਵਿਸਥਾਰ ਵਿੱਚ ਜਾਣਕਾਰੀ ਤੋਂ ਪਤਾ ਲਗਦਾ ਹੈ ਕਿ ਮੌਜੂਦਾ ਸਮੇਂ ਗੁਲਾਮਾਂ ਦੀ ਕੀਮਤ ਘਟੋ ਘਟ ਅਤੇ ਨੀਵੇਂ ਪੱਧਰ ਹੈ। ਦਸੰਬਰ 1982 ਦੌਰਾਨ ਭਾਰਤ ਨੇ ਇਹ ਸਿੱਟਾ ਕੱਢਿਆ, “ਬੇਜ਼ਮੀਨੇ ਅਤੇ ਬੰਧੂਆ ਮਜ਼ਦੂਰ ਦੱਖਣੀ ਏਸ਼ੀਆ ਦੇ ਪੇਂਡੂ ਭਾਈਚਾਰਿਆਂ ਦੇ ਸਭ ਤੋਂ ਕਮਜ਼ੋਰ ਅਤੇ ਸਭ ਤੋਂ ਵੱਧ ਸ਼ੋਸ਼ਣ ਵਾਲੇ ਖੇਤਰਾਂ ਵਿੱਚੋਂ ਇੱਕ ਹਨ।

ਇੱਟ ਭੱਠਾ ਕਾਰੋਬਾਰ ਉਤਰੀ ਭਾਰਤਜਿਥੇ ਉਹ ਮਿੱਟੀ ਤੋਂ ਇੱਟਾਂ ਬਣਾਉਂਦੇ ਹਨ। ਤੁਸੀਂ ਜ਼ਿਆਦਾ ਪੈਸੇ ਲਾ ਕੇ ਇੱਟਾਂ ਬਣਾਉਣ ਵਾਲੀਆਂ ਮਸ਼ੀਨਾਂ ਨਹੀਂ ਖਰੀਦ ਨਾਲੋਂ ਮਸ਼ੀਨਾਂ ਦਾ ਕੀਮਤ ਨਾਲੋ ਗੁਲਾਮ , ਬੰਧੂਆ ਮਜਦੂਰ ਜੇ ਪ੍ਰਵਾਰ ਸਮੇਤ ਕੰਮ ਕਰਦੇ ਹਨ ਸਸਤੇ ਹਨ। ਉਨ੍ਹਾਂ ਨੂੰ ਬੰਦ ਕਰਨ ਲਈ ਉਹਨਾਂ ਨੂੰ ਮਸ਼ੀਨਾਂ ਖਰੀਦਣੀਆਂ ਪੈਣਗੀਆਂ। ਉਜ਼ਬੇਕਿਸਤਾਨ ਅਤੇ ਕਪਾਹ ਬਾਰੇ ਵਿਵਾਦ ਹੈ, ਕਾਲਜ ਦੇ ਵਿਦਿਆਰਥੀਆਂ ਤੋਂ ਜਬਰੀ ਮਜ਼ਦੂਰੀ ਵਿਚ ਚੁਗਵਾਈ ਕਰਾਈ ਜਾਂਦੀ ਹੈ। ਬੇਲਜ ਮਿਸੀਸਿਪੀ ਵਿਚ ਸੂਤੀ ਪੱਟੀ ਵਿਚ ਅਮਰੀਕਾ ਵਿਚ ਵੱਡਾ ਹੋਇਆ;ਖੇਤੀ ਮਸੀਨਾਂ ਦੀ ਵਰਤੋਂ ਨੇ ਗੁਲਾਮੀ ਦਾ ਖਾਤਮਾ ਕਰ ਦਿਤਾ। ਉਹ ਕਹਿੰਦੇ, ਮੈਂ ਕਦੇ ਨਹੀਂ ਸਮਝਿਆ - ਕਹਿੰਦੇ ਮੈਂ ਅਮਰੀਕੀ ਸਰਕਾਰ ਨਾਲ ਇਸ ਬਾਰੇ ਗੱਲ ਕੀਤੀ ਹੈ ਕਿ ਉਹ ਉਨ੍ਹਾਂ ਨੂੰ (ਉਜ਼ਬੇਕਿਸਤਾਨ) ਅਮਰੀਕੀ ਨਿਰਮਾਤਾਵਾਂ ਤੋਂ ਮਸੀਨਾਂ ਖਰੀਦਣ ਲਈ ਪੈਸੇ ਕਿਉਂ ਨਹੀਂ ਦਿੰਦੇ, ਅਤੇ ਫਿਰ ਉਨ੍ਹਾਂ ਨੂੰ ਵਿਦਿਆਰਥੀਆਂ ਨੂੰ ਬੰਧੂਆ ਮਜ਼ਦੂਰੀ ਵਿਚ ਲਿਜਾਣ ਦੀ ਜ਼ਰੂਰਤ ਨਹੀਂ ਹੋਏਗੀ।

ਗੁਲਾਮੀ ਦਾ ਆਰਥਿਕ ਪ੍ਰਭਾਵ ਹੈ। ਸੰਯੁਕਤ ਰਾਸ਼ਟਰ ਦੇ ਅਨੁਮਾਨਾਂ ਅਨੁਸਾਰ ਗੁਲਾਮੀ ਦਾ ਵਿਸ਼ਵਵਿਆਪੀ ਸਾਲਾਨਾ ਕਾਰੋਬਾਰ 150 ਬਿਲੀਅਨ (9 ਲੱਖ ਕਰੋੜ ਰੁਪਏ) ਹੈ। 7-12 ਟ੍ਰਿਲੀਅਨ ਡਾਲਰ ਦੇ ਅਨੁਮਾਨਤ ਵਿਸ਼ਵਵਿਆਪੀ ਅਰਥ ਵਿਵਸਥਾ ਵਿੱਚ, $ 150 ਬਿਲੀਅਨ ਸਮੁੰਦਰ ਵਿੱਚ ਸਿਰਫ ਇੱਕ ਬੂੰਦ ਹੈ। ਇਹ ਚੰਗੀ ਖ਼ਬਰ ਹੈ ਕਿਉਂਕਿ ਜੇ ਅਸੀਂ 7.2 ਅਰਬ ਲੋਕਾਂ ਦੀ ਦੁਨੀਆ ਵਿਚ ਰਹਿੰਦੇ ਹਾਂ ਅਤੇ ਸਾਡੇ ਕੋਲ 46 ਹੀ ਮਿਲੀਅਨ ਗੁਲਾਮ ਹਨ। ਜਦੋਂ ਲੋਕ ਗੁਲਾਮੀ ਤੋਂ ਬਾਹਰ ਆਉਂਦੇ ਹਨ, ਉਹ ਖਪਤਕਾਰ ਬਣ ਜਾਂਦੇ ਹਨ, ਅਤੇ ਇਸਦਾ ਮਤਲਬ ਹੈ ਕਿ ਆਰਥਿਕ ਚੱਕਰ ਮਨਮੋਹਣੀ ਸੁਰੂਆਤ ਹੋ ਜਾਂਦੀ ਹੈ, ਅਤੇ ਜੇ ਉਨ੍ਹਾਂ ਕੋਲ ਥੋੜ੍ਹਾ ਜਿਹਾ ਵੀ ਖਾਣਾ ਨਹੀਂ ਹੁੰਦਾ, ਅਤੇ ਉਹ ਸਿਰਫ ਹੇਠਲੇ ਪੱਧਰ 'ਤੇ ਉਤਪਾਦਨ ਕਰ ਰਹੇ ਹੁੰਦੇ ਹਨ, ਉਹ ਜੀਰੋ ਹੀ ਹਨ। ਪਰ ਜਿਵੇਂ ਹੀ ਉਹ ਆਪਣੇ ਲਈ ਕੰਮ ਕਰਨਾ ਸੁਰੂ ਕਰਦੇ ਹਨ, ਉਹ ਬਹੁਤ ਸਖਤ ਮਿਹਨਤ ਕਰਦੇ ਹਨ। ਕਿਉਂਕਿ ਇਕ ਚੀਜ਼ ਜੋ ਉਹ ਹਮੇਸ਼ਾਂ ਕਰਨਾ ਚਾਹੁੰਦੇ ਸਨ,ਇਹ ਉਨ੍ਹਾਂ ਦੇ ਬੱਚਿਆਂ ਨੂੰ ਕੰਮ ਵਾਲੀ ਥਾਂ ਤੋਂ ਅਤੇ ਸਕੂਲ ਵਿਚ ਲਿਆਉਣਾ ਹੈ, ਅਤੇ ਫਿਰ ਉਹ ਭੋਜਨ, ਕੱਪੜੇ ਅਤੇ ਉਪਕਰਣ ਖਰੀਦਣ ਅਤੇ ਉਨ੍ਹਾਂ ਖੇਤਰਾਂ ਵਿਚ ਜਿਥੇ ਗੁਲਾਮੀ ਖ਼ਤਮ ਹੋ ਜਾਂਦੀਆਂ ਹਨ; ਸਥਾਨਕ ਆਰਥਿਕਤਾ ਵਿੱਚ ਵਾਧਾ ਹੋਣਾ ਸੁਰੂ ਹੁੰਦਾ ਹੈ, ਸਾਬਕਾ ਗੁਲਾਮਾਂ ਲਈ ਵੀ ਅਵਸਰ ਪੈਦਾ ਕਰਦਾ ਹੈ।

ਸਵਾਲ ਇਹ ਹੈ ਕਿ ਸਾਡੀ ਗੁਲਾਮੀ ਕਿਉਂ ਹੈ? ਇਕ ਜਵਾਬ ਉਨ੍ਹਾਂ ਕਾਨੂੰਨਾਂ ਕਾਰਨ ਹੈ ਜੋ ਲਾਗੂ ਨਹੀਂ ਕੀਤੇ ਜਾਂਦੇ, ਅਤੇ ਇਸ ਬਾਰੇ ਜਾਗਰੂਕਤਾ ਘੱਟ ਹੈ। ਨਾਰਵੇਵਰਗੇ ਅਮੀਰਦੇਸ਼ ਵਿਚ, ਜਿਥੇ 50 ਲੱਖ ਲੋਕ ਹਨ ਅਤੇ ਸਰਹੱਦਾਂ ਤੰਗ ਹਨ, ਉਨ੍ਹਾਂ ਦੀ ਉਥੇ ਕੋਈ ਗੁਲਾਮੀ ਕਿਉਂਹੈ? ਪਰ ਉਹ ਸੈਂਕੜਿਆ ਵਿੱਚ ਹਨ, ਕੁਝ ਵਪਾਰਕ ਅਦਾਰਿਆਂ ਵਿੱਚ ਹਨ, ਕੁਝ ਖੇਤੀਬਾੜੀ ਵਿੱਚ ਅਤੇ ਕੁਝ ਉਸਾਰੀ ਵਿੱਚ ਹਨ। ਮਾਨਵ ਵਿਕਾਸ਼ ਲਈ ਸੁਤੰਤਰਤਾ ਜਰੂਰੀ ਹੈ, ਭਾਰਤ ਵਿੱਚ ਕੰਮ ਹੋ ਰਿਹਾ ਹੈ।



ਗੁਲਾਮ ਆਮ ਤੌਰ ਤੇ ਕਿਹੋ ਜਿਹਾ ਕੰਮ ਕਰਦੇ ਹਨ?ਇਹ ਸਭ ਕੁਝ ਆਰਥਿਕ ਪੌੜੀ ਦੇ ਹੇਠਲੇ ਤਲ 'ਤੇ ਹੋ ਰਿਹਾ ਹੈ; ਇਹ ਖੇਤੀਬਾੜੀ, ਘਰੇਲੂ,ਖਣਨ, ਕਾਰਖਾਨੇ, ਜਿਨਸੀ ਸ਼ੋਸ਼ਣ ਵਪਾਰ, ਸਫਾਈ ਅਤੇ ਹੋਰ ਕਈ ਕੰਮ ਕਰਦੇ ਲੋਕਾਂ ਵਿਚ ਹੈ। ਇਹ ਸਿੱਧੇ ਖ਼ਤਰਨਾਕ, ਅਤੇ ਸਮਾਜਿਕ ਨਫ਼ਰਤ ਦੇ ਗੰਦੇ ਕੰਮ ਹਨ। ਠੇਕੇਦਾਰੀ ਪ੍ਰਥਾ ਬੰਦੂਆ ਮਜਦੂਰੀ, ਗੁਲਾਮੀ ਦਾ ਕਾਰਕ ਹੈ, ਇਸ ਲਈ ਜਦੋਂ ਗੁਲਾਮ ਧਾਰਕਾਂ ਨੂੰ ਕੋਈ ਕੰਮ ਮਿਲ ਜਾਂਦਾ ਹੈ ਜੋ ਹੋਰ ਕੁਝ ਨਹੀਂ ਕਰਨਾ ਚਾਹੁੰਦਾ, ਤਾਂ ਉਹ ਬੰਦੂਆ ਮਜਦੂਰ,ਗੁਲਾਮ ਨੂੰ ਕੰਮ ਉੱਤੇ ਲਾਉਣ ਦੇ ਤਰੀਕੇ ਲੱਭਦੇ ਹਨ, ਜਿਹੜਾ ਲੇਬਰ ਠੇਕੇਦਾਰੀ ਵਸੀਲਾ ਬਣਦਾ ਹੈ।

ਗੁਲਾਮੀ ਨੂੰ ਰੋਕਣ ਲਈ ਅਸੀਂ ਕੀ ਕਰ ਸਕਦੇ ਹਾਂ?ਇਸ ਦਾ ਅਸਰ ਹੁੰਦਾ ਹੈ ਜੇ ਤੁਸੀਂ ਸਮੱਸਿਆ ਤੋਂ ਬਾਹਰ ਨਿਕਲਣਾ ਚਾਹੁੰਦੇ ਹੋ,ਦੱਸ ਦੇਈਏ ਕਿ ਇਹ ਸਮੂਹ ਉੱਤਰ ਪ੍ਰਦੇਸ਼ ਅਤੇ ਤਾਮਿਲਨਾਡੂ ਵਿੱਚ ਹੈ,ਅਤੇ ਅਸੀਂ ਜਾਣਦੇ ਹਾਂ ਕਿ ਉਹ ਹਰ ਰੋਜ਼ ਲੋਕਾਂ ਨੂੰ ਗੁਲਾਮੀ ਤੋਂ ਬਾਹਰ ਕੱਢਰਹੇ ਹਨ ਅਤੇ ਉਨ੍ਹਾਂ ਨੂੰ ਹਰ ਮਹੀਨੇ 20 ਯੂਰੋ ਜਾਂ ਕੁਝ ਮਦਦ ਦੇਣ ਲਈ ਦਿੰਦੇ ਹਨ, ਇਹ ਸਚਮੁੱਚ ਸਿੱਧਾ ਹੈ ਕਿਉਂਕਿ ਲੋਕਾਂ ਨੂੰ ਗੁਲਾਮੀ ਤੋਂ ਬਾਹਰ ਕੱਢਣ ਦੀ ਕੀਮਤ ਅਸਲ ਵਿੱਚ ਬਹੁਤ ਘੱਟ ਹੈ। ਗੁਲਾਮੀ ਵਿਚ ਬਹੁਤੇ ਲੋਕ ਅਮੀਰ ਦੇਸ਼ਾਂ ਵਿਚ ਨਹੀਂ ਬਲਕਿ ਗਰੀਬ ਦੇਸ਼ਾਂ ਵਿਚ ਹੁੰਦੇ ਹਨ, ਜਿਥੇ ਹਰ ਚੀਜ਼ ਦੀ ਕੀਮਤ ਘੱਟ ਹੁੰਦੀ ਹੈ। ਭਾਰਤ ਵਿਚ, ਜਦੋਂ ਅਸੀਂ ਇਕ ਵਿਅਕਤੀ ਨੂੰ ਛੁਡਾਉਣ ਦੀ ਕੀਮਤ ਦੀ ਗਣਨਾ ਕੀਤੀ, ਤਾਂ ਪ੍ਰਤੀ ਵਿਅਕਤੀ ਦੀ ਕੀਮਤ 200 ਡਾਲਰ (13,000 ਰੁਪਏ) 'ਤੇ ਆ ਗਈ। ਜੇ ਤੁਸੀਂ ਜਰਮਨੀ ਵਿਚ ਕਿਸੇ ਨੂੰ ਮੁਕਤ ਕਰਨ ਵਿਚ ਸਹਾਇਤਾ ਕਰਦੇ ਹੋ, ਤਾਂ ਇਸ 'ਤੇ ਪ੍ਰਤੀ ਵਿਅਕਤੀ 20,000 ਤੋਂ,30,000 (13 ਲੱਖ ਤੋਂ ਲੱਖਾਂ ਰੁਪਏ) ਖ਼ਰਚ ਆਉਣਗੇ. ਡਾਕਟਰੀ ਦੇਖਭਾਲ, ਕਾਨੂੰਨੀ ਦੇਖਭਾਲ, ਪਹੁੰਚ, ਦਫਤਰ ਅਤੇ ਕਿਰਾਏ, ਇਹ ਉਥੇ ਸ਼ਾਮਲ ਕਰਦਾ ਹੈ।

ਭਾਰਤ ਵਿਚ ਗੁਲਾਮੀ ਵਿਰੋਧੀ ਕਾਨੂੰਨ ਕਿਹੜੇ ਹਨ ਜੋ ਲੋਕਾਂ ਨੂੰ ਲਾਭ ਪਹੁੰਚਾ ਰਹੇ ਹਨ?ਗੁਲਾਮੀ ਦੇ ਵਿਰੁੱਧ ਇਕ ਮਹਾਨ ਕਾਨੂੰਨ ਬਾਂਊਂਡਡ ਲੇਬਰ ਸਿਸਟਮ (ਐਬੋਲਿਸ਼ਨ) ਐਕਟ 1976 ਹੈ, ਜਿਹੜਾ ਗੁਲਾਮੀ ਤੋਂ ਬਾਹਰ ਆਉਣ ਅਤੇ ਸਮਰਥਨ ਕਰਨ ਵਾਲੇ ਹਰੇਕ ਵਿਅਕਤੀ ਨੂੰ ਥੋੜ੍ਹੀ ਜਿਹੀ ਪੂੰਜੀ ਦੇ ਟ੍ਰਾਂਸਫਰ ਦੀ ਆਗਿਆ ਦਿੰਦਾ ਹੈ।

ਜਦੋਂ ਤੁਸੀਂ ਗੁਲਾਮੀ ਤੋਂ ਬਾਹਰ ਆਉਂਦੇ ਹੋ, ਤੁਹਾਡੇ ਪਾਸ ਕੁਝ ਨਹੀਂ ਹੁੰਦਾ,ਤੁਹਾਡੀ ਕੋਈ ਜਾਇਦਾਦ ਨਹੀਂ ਹੈ ਅਤੇ ਨਾ ਹੀ ਕੋਈ ਸਿਖਲਾਈ ਹੈ, ਪਰ ਤੁਸੀਂ ਜਾਣਦੇ ਹੋ ਕਿ ਤੁਹਾਡੇ ਕੋਲ ਨੌਕਰੀ ਦੇ ਹੁਨਰ ਹਨ ਅਤੇ ਭਾਰਤੀ ਕਾਨੂੰਨ ਦੇ ਤਹਿਤ ਤੁਹਾਨੂੰ ਇਕ ਗ੍ਰਾਂਟ ਮਿਲਦੀ ਹੈ ਤਾਂ ਜੋ ਤੁਹਾਡੇ ਕੋਲ ਤੁਰੰਤ ਭੋਜਨ, ਕੱਪੜੇ ਅਤੇ ਪਨਾਹਗਾਹ, ਅਤੇ ਸੁਰੱਖਿਆ ਹੋਵੇ, ਜੇ ਤੁਸੀਂ ਇਹ ਕਰਦੇ ਹੋ ਤਾਂ ਸਹੀ ਹੋ ਜਾਂਦਾ ਹੈ। ਫਿਰ ਕੁਝ ਹਫ਼ਤਿਆਂ ਵਿੱਚ, ਕੋਈ ਆ ਜਾਂਦਾ ਹੈ ਅਤੇ ਉਹਨਾਂ ਨਾਲ (ਅਜਾਦ ਹੋਏ ਗੁਲਾਮ) ਗੱਲਬਾਤ ਕਰਦਾ ਹੈ ਅਤੇ ਫਿਰ ਬਹੁਤ ਵੱਡਾ ਭੁਗਤਾਨ ਹੁੰਦਾ ਹੈ, ਇਸ ਲਈ ਉਹ ਖਰੀਦ ਸਕਦੇ ਹਨ, ਕਹਿ ਸਕਦੇ ਹਨ, ਸੰਦਾਂ ਜਾਂ ਜ਼ਮੀਨ ਦਾ ਸਮੂਹ ਜਾਂ ਜੋ ਵੀ ਉਨ੍ਹਾਂ ਨੂੰ ਰਹਿਣ ਲਈ ਜ਼ਰੂਰਤ ਹੈ। ਉਹ ਕਹਿੰਦੇ ਮੈਂ ਸਾਬਕਾ ਗਲਾਮ ਨੂੰ ਜਾਣਦਾ ਹਾਂ ਜਿਨ੍ਹਾਂ ਨੇ ਚਾਰ ਮੋਬਾਈਲ ਫੋਨ ਖਰੀਦੇ ਅਤੇ ਆਪਣੇ ਪਿੰਡ ਲਈ "ਮੋਬਾਈਲ ਕੰਪਨੀਆਂ" ਬਣਾ ਲਈ।

ਭਾਰਤ ਵਿਚ ਗੁਲਾਮੀ ਵਿਰੋਧੀ ਚੰਗੇ ਕਾਨੂੰਨ ਹਨ; ਇਹ ਲਾਗੂ ਕਰਨ ਦਾ ਸਵਾਲ ਹੈ। ਕਾਨੂੰਨ ਅਸਲ ਵਿਚ ਯੂਰਪੀਅਨ ਕਾਨੂੰਨਾਂ ਨਾਲੋਂ ਉੱਤਮ ਹਨ। ਜ਼ਮੀਨੀ ਤੌਰ 'ਤੇ, ਭਾਰਤ ਵਿਚ, ਤਜ਼ਰਬੇਕਾਰ ਗੁਲਾਮੀ ਵਿਰੋਧੀ ਵੱਖ ਵੱਖ ਢੰਗ ਨਾਲ ਕੰਮ ਕਰਨ ਵਾਲੇ ਸੰਗਠਨ ਹਨ, ਜੋ ਉਹਨਾ ਦੀ ਮੁਕਤੀ ਦੇ ਪ੍ਰਬੰਧ ਕਰਦੇ ਹਨ। ਇਹਨਾਂ ਨੂੰ ਇਮਾਨਦਾਰੀ ਨਾਲ ਲਾਗੂ ਕਰਨ ਦੀ ਲੋੜ ਹੈ।

# '84 ਵਾਲਿਆਂ, ਬੇਅਦਬੀ ਦਲ, ਮੰਨੂਵਾਦੀਆਂ ਕੋਲੋਂ ਗੁਰਾਂ ਦਾ ਪੰਜਾਬ ਹੈ ਜਵਾਬ ਮੰਗਦਾ!

**ਸੁਲਤਾਨਪੁਰ-** ਅੱਜ ਪਵਿਤਰ ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਵਿਖੇ ਖਾਲੜਾ ਮਿਸ਼ਨ ਵਲੋਂ ਨਤਮਸਤਕ ਹੋ ਕੇ ਅਕਾਲਪੁਰਖ ਦਾ ਓਟ ਆਸਰਾ ਲੈਂਦਿਆਂ ਅਰਦਾਸ ਬੇਨਤੀ ਕੀਤੀ ਗਈ ਕਿ ਵਾਹਿਗੁਰੂ! ਸਚੇ ਪਾਤਸ਼ਾਹ! ਸਿਖ ਪੰਥ ਅਤੇ ਗੁਰਾਂ ਦੇ ਪੰਜਾਬ ਵਾਸੀਆਂ ਨੂੰ ਬਲ ਬੁਧੀ ਬਖਸ਼ੋ! ਤਾਂ ਕਿ ਆਉਣ ਵਾਲੇ ਸਮੇਂ ਵਿਚ ਸ੍ਰੀ ਦਰਬਾਰ ਸਾਹਿਬ ਉਤੇ ਫੌਜਾਂ ਚੜਾਉਣ ਵਾਲਿਆਂ, ਝੂਠੇ ਪੁਲਿਸ ਮੁਕਾਬਲਿਆਂ ਵਿਚ ਪੰਜਾਬ ਦੀ ਧਰਤੀ ਨੂੰ ਖੂਨ ਨਾਲ ਰੰਗਣ ਵਾਲਿਆਂ, ਨਸ਼ਿਆਂ ਰਾਹੀਂ ਪੰਜਾਬ ਦੀ ਜਵਾਨੀ ਦਾ ਘਾਣ ਕਰਨ ਵਾਲਿਆਂ, ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਅਤੇ ਕਰਵਾਉਣ ਵਾਲਿਆਂ, ਜਾਇਦਾਦਾਂ ਦੇ ਅੰਬਾਰ ਲਾਉਣ ਵਾਲਿਆਂ, ਖੇਤੀ ਸਬੰਧੀ ਕਾਲੇ ਕਾਨੂੰਨ ਬਣਾਉਣ ਵਾਲਿਆਂ ਤੋਂ ਛੁਟਕਾਰਾ ਪ੍ਰਾਪਤ ਕੀਤਾ ਜਾ ਸਕੇ। ਸਭ ਨੂੰ ਪਤਾ ਹੈ ਕਿ ਆਉਂਦੀਆਂ ਚੋਣਾਂ ਦਿੱਲੀ, ਨਾਗਪੁਰ ਮਾਡਲ ਦੇ ਹਾਮੀਆਂ ਅਤੇ ਕਰਤਾਰਪੁਰ ਸਾਹਿਬ ਮਾਡਲ ਦੇ ਹਾਮੀਆਂ ਵਿਚਕਾਰ ਲੜੀਆਂ ਜਾਣਗੀਆਂ। 84 ਵਾਲੇ, ਬੇਅਦਬੀ ਦਲ, ਮੰਨੂਵਾਦੀਏ ਤੇ ਕੇਜਰੀਵਾਲਕੇ ਸਭ ਦਿੱਲੀ ਨਾਗਪੁਰ ਮਾਡਲ ਦੇ ਹਾਮੀ ਹਨ। ਇਸ ਮਾਡਲ ਨੇ ਅੱਜ ਤਕ ਝੂਠਾ ਵਿਕਾਸ ਕੀਤਾ ਹੈ ਅਤੇ ਝੂਠਾ ਇਨਸਾਫ ਦਿਤਾ ਹੈ। ਇਸ ਮਾਡਲ ਨੇ ਸ੍ਰੀ ਦਰਬਾਰ ਸਾਹਿਬ ਉਤੇ ਤੋਪਾਂ ਟੈਂਕਾ ਨਾਲ ਹਮਲਾ ਕੀਤਾ। ਝੂਠੇ ਪੁਲਿਸ ਮੁਕਾਬਲੇ ਬਣਾਏ, ਨਵੰਬਰ '84 ਵਿਚ ਕਤਲੇਆਮ ਕੀਤਾ। ਨਸ਼ਿਆਂ ਅਤੇ ਖੁਦਕੁਸ਼ੀਆਂ ਰਾਹੀਂ ਪੰਜਾਬ ਦੀ ਬਰਬਾਦੀ ਕੀਤੀ। ਬੇਅਦਬੀਆਂ ਕਰਵਾਈਆਂ। ਪੰਜਾਬ ਦਾ ਪਾਣੀ ਖੋਹਿਆ। ਬਿਜਲੀ ਖੋਹੀ। ਡੈਮ ਖੋਹੇ। ਰਾਜਧਾਨੀ ਖੋਹੀ। ਕਾਲੇ ਖੇਤੀ ਕਾਨੂੰਨ ਬਣਾਏ। ਇਹਨਾਂ ਨੇ ਰਲ ਮਿਲ ਕੇ ਸਿਖਾਂ ਦੀ ਕੁਲ ਨਾਸ ਉਤੇ ਪਰਦਾ ਪਾਇਆ। ਰਾਜ ਭਾਗ ਉਤੇ ਕਾਬਜ ਰਹੀਆਂ ਇਹਨਾਂ ਧਿਰਾਂ ਨੇ ਵਡੇ ਪਧਰ ਉਤੇ ਜਾਇਦਾਦਾਂ ਦੇ ਅੰਬਾਰ ਲਾਏ ਅਤੇ ਮਾਲਾਮਾਲ ਹੋਏ। ਪਰ ਕਿਰਤੀ ਤੇ ਕਿਸਾਨ ਹੋਰ ਗਰੀਬ ਤੇ ਕੰਗਾਲ ਹੋਏ। ਪੰਜਾਬ ਜੁਲਮਾਂ ਕਾਰਨ ਕੁਰਲਾ ਰਿਹਾ ਹੈ, ਪਰ 84 ਵਾਲੇ, ਬੇਅਦਬੀ ਦਲ ਅਤੇ ਮੰਨੂਵਾਦੀਏ ਸਿਖਾਂ ਦੀਆਂ ਲਾਸ਼ਾਂ ਉਤੇ ਭੰਗੜੇ ਪਾ ਰਹੇ ਹਨ। ਪੰਜਾਬ ਦੇ ਗੈਰਤਮੰਦ ਲੋਕ ਇਹਨਾਂ ਜੁਲਮਾਂ ਦਾ ਜਵਾਬ ਤੇ ਹਿਸਾਬ ਮੰਗਦੇ ਹਨ। ਅੱਜ ਸਪਸ਼ਟ ਹੋ ਗਿਆ ਹੈ ਕਿ ਇਹ ਸਾਰੇ ਅੰਦਰਖਾਤੇ ਖੇਤੀ ਸਬੰਧੀ ਬਣਾਏ ਕਾਲੇ ਕਾਨੂੰਨਾਂ ਦੇ ਹਕ ਵਿਚ ਹਨ। ਕਿਉਂਕਿ ਇਹ ਅਜੇ ਵੀ ਅੰਬਾਨੀਆਂ, ਅਡਾਨੀਆਂ ਤੇ ਦਿੱਲੀ ਨਾਗਪੁਰ ਨਾਲ ਪਾਈਆ ਯਾਰੀਆਂ ਨਿਭਾਹ ਰਹੇ ਹਨ। ਇਹ ਅਜੇ ਵੀ ਖੁਲ੍ਹ ਕੇ ਕਿਸਾਨ ਅੰਦੋਲਨ ਦੀ ਹਮਾਇਤ ਕਰਨ ਤੋਂ ਟਾਲਾ ਵਟ ਰਹੇ ਹਨ।




ਸੋ ਆਓ! ਗੁਰੂ ਨਾਨਕ ਸਾਹਿਬ ਤੋਂ ਸਰਬਤ ਦੇ ਭਲੇ ਦੀ ਸੇਧ ਲੈਂਦਿਆ ਜੰਗਲਰਾਜ ਦੇ ਖਾਤਮੇ ਅਤੇ ਹਲੇਮੀ ਰਾਜ ਦੀ ਸਥਾਪਨਾਂ ਵਲ ਕਦਮ ਵਧਾਈਏ। ਪੰਜਾਬ ਨੂੰ ਮਲਕ ਭਾਗੋਆਂ ਤੇ ਕਾਰਪੋਰੇਟਾਂ ਤੋਂ ਮੁਕਤ ਕਰਵਾਈਏ। ਕਾਰਪੋਰੇਟ ਘਰਾਣਿਆਂ ਤੇ ਮਲਕ ਭਾਗੋਆਂ ਦੀਆਂ ਪਾਪਾਂ ਨਾਲ ਬਣਾਈਆਂ ਜਾਇਦਾਦਾਂ ਦੀ ਪੜਤਾਲ ਹੋਵੇ। ਜਾਇਦਾਦ ਦੀ ਹੱਦ ਬੰਨ ਕੇ ਸਬਰ ਸੰਤੋਖ ਦਾ ਪਲ੍ਹਾ ਫੜਨ ਦੀ ਪੈਰਵਾਈ ਕਰੀਏ। ਦਵਾਈ ਪੜ੍ਹਾਈ ਸਰਕਾਰੀ ਹੋਵੇ। ਪਾਕਿਸਤਾਨ ਨਾਲ ਵਪਾਰ ਲਈ ਸਾਰੇ ਬਾਰਡਰ ਖੁਲ੍ਹਣ ਤੇ ਜੰਗ ਦੀ ਥਾਂ ਸ਼ਾਂਤੀ ਦੀ ਹੋਵੇ। ਸਾਰੇ ਸੰਸਾਰ ਅੰਦਰ 13 ਹਜ਼ਾਰ ਤੋਂ ਉਪਰ ਪ੍ਰਮਾਣੂ ਬੰਬਾਂ ਦਾ ਖਾਤਮਾਂ ਅਤੇ ਝੂਠਾ ਵਿਕਾਸ ਬੰਦ ਹੋਵੇ। ਆਓ ਗੁਰੂ ਸਾਹਿਬਾਨ ਦੇ ਆਸ਼ੇ ਵਾਲਾ ਪੰਜਾਬ ਬਣਾਈਏ! 84 ਵਾਲੇ, ਬੇਅਦਬੀ ਦਲ ਤੇ ਮੰਨੂਵਾਦੀਏ ਭਜਾਈਏ!

# ਬੇਰੁਜ਼ਗਾਰੀ, ਨੌਜਵਾਨਾਂ ਲਈ ਵੱਡੀ ਚੁਣੌਤੀ



ਜਗਦੀਸ਼ ਸਿੰਘ ਚੋਹਕਾ
91-9217997445
001-403-285-4208

ਭਾਰਤ ਇੱਕ ਵਿਕਾਸਸ਼ੀਲ ਗਰੀਬ ਦੇਸ਼ ਹੈ, ਜਿਸ ਦੀ ਅੱਜ ਵਾਗਡੋਰ ਇਕ ਅਤਿ ਸਜ-ਪਿਛਾਕੜ ਏਕਾ ਅਧਿਕਾਰਵਾਦੀ-ਫਿਰਕੂ ਬੀ.ਜੇ.ਪੀ. ਹੱਥਾਂ 'ਚ ਹੈ। ਮੋਦੀ ਦੀ ਅਗਵਾਈ ਅਧੀਨ ਇਸ ਸਰਕਾਰ ਨੇ ਨਵਉਦਾਰਵਾਦੀ ਨੀਤੀਆਂ ਨੂੰ ਤਿੱਖੀ ਤਰ੍ਹਾਂ ਲਾਗੂ ਕੀਤਾ ਹੋਇਆ ਹੈ। ਜਿਸ ਦੇ ਫਲਸਰੂਪ ਕਿਰਤੀ ਲੋਕਾਂ ਉਪਰ ਚਾਰੇ ਪੱਖਾਂ ਤੋਂ ਹਮਲੇ ਸੇਧੇ ਜਾ ਰਹੇ ਹਨ। ਹਿੰਦੂਤਵ ਏਜੰਡਾ ਲਾਗੂ ਕਰਨ ਲਈ ਬੱਝਵੇਂ ਯਤਨ ਕੀਤੇ ਜਾ ਰਹੇ ਹਨ। ਫ਼ਾਸ਼ੀਵਾਦ, ਅਮਰੀਕਾ ਨਾਲ ਯੁੱਧਨੀਤਕ ਗਠਜੋੜ, ਦੇਸ਼ ਅੰਦਰ ਪਾਰਲੀਮਨੀ ਜਮਹੂਰੀਅਤ ਨੂੰ ਸੀਮਤ ਕਰਨ, ਸੰਵਿਧਾਨਕ ਜਮਹੂਰੀ ਅਦਾਰਿਆਂ ਅਤੇ ਜਮਹੂਰੀ ਅਧਿਕਾਰਾਂ ਨੂੰ ਖੋਖਲਿਆ ਕਰਕੇ, 'ਏਕਾ-ਅਧਿਕਾਰਵਾਦੀ ਢਾਂਚੇ ਦੀ ਉਸਾਰੀ ਰਾਹੀਂ ਕਿਰਤੀ ਜਮਾਤ ਤੇ ਅਥਾਹ ਬੋਝ ਪਾਇਆ ਜਾ ਰਿਹਾ ਹੈ। ਦੇਸ਼ ਦੀ ਆਰਥਿਕਤਾ ਨੂੰ ਕੰਢੇ ਲੈ ਆਂਦਾ ਹੈ ਜੋ ਡੁੱਬਣ ਕਿਨਾਰੇ ਪੁੱਜ ਗਈ ਹੈ। ਸਰਕਾਰੀ ਅੰਕੜਿਆ ਅਤੇ ਬਿਆਨਬਾਜ਼ੀਆ ਰਾਹੀਂ ਡੁੱਬ ਰਹੀ ਆਰਥਿਕਤਾ ਤੇ ਪਰਦਾ ਪਾਉਣ ਲਈ 'ਗੋਬਲ' ਨੂੰ ਵੀ ਮਾਤ ਪਾਈ ਜਾ ਰਹੀ ਹੈ। ਕਿਰਤ ਬਿਊਰੋ ਦੇ ਅੰਕੜਿਆ ਮੁਤਾਬਿਕ ਹਾਕਮਾਂ ਦੀਆ ਆਰਥਿਕ ਨੀਤੀਆਂ ਅਤੇ ਕੋਵਿਡ-19 ਦੇ ਪਏ ਮਾੜੇ ਪ੍ਰਭਾਵਾਂ ਕਾਰਨ ਅਪ੍ਰੈਲ-2021 ਤੱਕ ਦੇਸ਼ ਦਾ ਬੇਰੁਜ਼ਗਾਰੀ ਰੇਟ 23.5 ਫੀ ਸਦ ਪੁੱਜ ਗਿਆ ਸੀ। ਬੇ-ਰੁਜ਼ਗਾਰੀ ਦਰ 6.0 ਫੀ ਸਦ ਜੋ ਸ਼ਹਿਰੀ 7.24 ਤੇ ਪੇਂਡੂ 6 ਅੰਕੀ ਗਈ ਹੈ। 20- ਮਿਲੀਅਨ ਨੌਕਰੀਆਂ ਖਤਮ ਹੋ ਗਈਆਂ ਹਨ (ਛਝਜ਼ਥ)। ਤੇਲ ਕੀਮਤਾਂ 'ਚ ਵਾਧੇ ਨਾਲ ਮਹਿੰਗਾਈ ਦਰ ਸਿਖਰਾਂ ਤੇ ਪੁੱਜ ਗਈ ਹੈ। ਮਈ 'ਚ ਇਹ ਦਰ 23.24 ਫੀਸਦ ਵੱਧ ਗਈ।

ਅੱਜ ਜਿਸ ਅਨੁਪਾਤ ਨਾਲ ਦੇਸ਼ ਦੀ ਨੌਜਵਾਨ ਆਬਾਦੀ ਵਿੱਚ ਵਾਧਾ ਹੋ ਰਿਹਾ ਹੈ, ਸਾਖਰਤਾ ਦਰ ਵੱਧ ਰਹੀ ਹੈ, ਉਸ ਰਫਤਾਰ ਨਾਲ ਸਰਕਾਰੀ ਅਤੇ ਗੈ ਸਰਕਾਰੀ ਖੇਤਰ ਵਿੱਚ ਰੁਜ਼ਗਾਰ ਪੈਦਾ ਨਹੀਂ ਹੋ ਰਹੇ ਹਨ। ਕੋਰੋਨਾ ਮਹਾਂਮਾਰੀ ਨੇ ਦੁਨੀਆ ਦੀ ਅਰਥ-ਵਿਵਸਥਾ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਭਾਰਤ ਵਰਗੇ ਦੇਸ਼ ਵਿੱਚ ਜਿੱਥੇ ਪਹਿਲਾਂ ਹੀ ਹਰ ਪਾਸੇ ਬੇਯਕੀਨਗੀ ਅਤੇ ਹਾਕਮੀ ਬੇ-ਰੁੱਖੀ ਦਾ ਆਲਮ ਛਾਇਆ ਹੋਇਆ ਹੈ, ਆਮ ਜਨਤਾ ਗਰੀਬੀ-ਗੁਰਬਤ ਅੰਦਰ ਪੀਸੀ ਜਾ ਰਹੀ ਹੈ। ਮਾਰਚ, 2020 ਤੋਂ ਲੈ ਕੇ ਜਦੋਂ ਦੇ ਕੋਰੋਨ ਵਿਰੁੱਧ ਮੋਦੀ ਸਰਕਾਰ ਵੱਲੋਂ ਲੱਕਟਾਊਨ ਅਤੇ ਸਰਕਾਰੀ ਨੀਤੀਆਂ ਸ਼ੁਰੂ ਕੀਤੀਆਂ ਹੋਈਆਂ ਹਨ, ਅੱਜ ਤੱਕ ਲੋਕਾਂ ਨੂੰ ਬੇਤਿਹਾਸ਼ਾ ਕਸ਼ਟ ਸਹਿਣੇ ਪੈ ਰਹੇ ਹਨ। 14-ਕਰੋੜ ਤੋਂ ਵੱਧ ਗੈਰ-ਸੰਗਠਤ ਪ੍ਰਵਾਸੀ ਮਜ਼ਦੂਰ ਮੋਦੀ ਸਰਕਾਰ ਦੀਆਂ ਜੁਮਲ ਵਾਲੀਆਂ ਬਿਆਨ ਬਾਜ਼ੀਆਂ ਕਾਰਨ ਘਰ-ਬਾਰ ਛੱਡ, ਬਿਨ੍ਹਾਂ ਰੁਜ਼ਗਾਰ , ਬਿਨ੍ਹਾਂ ਸਰਕਾਰੀ ਸਹਾਇਤਾ ਅਤੇ ਭੁੱਖੇ ਦਰ-ਦਰ ਭਟਕਦੇ, ਕੋਰੋਨਾ ਕਾਰਨ ਨਹੀਂ, ਸਗੋਂ ਰੋਟੀ ਖੁਣੋ ਭੁੱਖੇ, ਆਵਾਜਾਈ-ਮੁਸ਼ਕਲਾਂ ਅਤੇ ਬੇ-ਇਲਾਜੇ ਮਰ ਰਹੇ ਦਿਸਦੇ ਹਨ। ਉਹ ਭਾਵੇਂ ਪ੍ਰਵਾਸੀ ਮਜ਼ਦੂਰ, ਬਿਹਾਰ, ਯੂ.ਪੀ., ਝਾੜਖੰਡ, ਬੰਗਾਲ ਉੜੀਸਾ ਦੇ ਸਨ, ਆਪਣੇ ਪਿੰਡਾਂ ਤੱਕ ਪਹੁੰਚਣ ਲਈ ਆਪਣੀ ਕੋਸ਼ਿਸ਼ ਕਰਕੇ ਅਤੇ ਲੋਕਾਂ ਦੇ ਸਹਿਯੋਗ ਨਾਲ ਤਾਂ ਪੁੱਜ ਗਏ, ਪਰ ਉਥੇ ਜਾਕੇ ਉਨ੍ਹਾਂ ਨੂੰ ਛੇਤੀ ਹੀ ਬੇ-ਰੁਜ਼ਗਾਰੀ ਦੇ ਅਹਿਸਾਸ ਨੇ ਮੁੜ ਹੜੱਪਣਾ ਸ਼ੁਰੂ ਕਰ ਦਿੱਤਾ। ਪੇਟ ਦੀ ਅੱਗ ਬੁਝਾਉਣ ਲਈ ਦਿਹਾੜੀਆਂ ਕਰਨ ਲਈ ਉਨ੍ਹਾਂ ਨੂੰ ਵੱਡੇ-ਵੱਡੇ ਨਗਰਾਂ ਵੱਲ ਰੁਜ਼ਗਾਰ ਲਈ ਮੁੜ ਮੂੰਹ ਕਰਨਾ ਪੈ ਗਿਆ। ਕਿਉਂਕਿ ਮੋਦੀ ਸਰਕਾਰ ਦੇਸ਼ ਅੰਦਰ ਕਿਤੇ ਵੀ ਕੋਈ ਛੋਟੀ ਜਿਹੀ ਆਰਥਿਕ ਮਦਤ ਤੋਂ ਬਿਨ੍ਹਾਂ, 'ਕੋਈ ਸੰਚਾਰੂ ਰੁਜ਼ਗਾਰ ਦੇਣ ਲਈ ਕਾਮਯਾਬ ਨਹੀਂ ਹੋ ਸਕੀ। ਨਾ ਹੀ ਮੋਦੀ ਸਰਕਾਰ ਦੀ ਹਰ ਸਾਲ ਦੋ-ਕਰੋੜ ਲੋਕਾਂ ਨੂੰ ਰੁਜ਼ਗਾਰ ਦੇਣ ਦੀ ਯੋਜਨਾ ਦਾ ਖਾਕਾ ਇਨ੍ਹਾਂ ਬੇਰੁਜ਼ਗਾਰਾਂ ਕਿਤੇ ਵੀ 6-ਸਾਲਾਂ ਦੌਰਾਨ ਸਾਹਮਣੇ ਨਹੀਂ ਆ ਸਕਿਆ ਹੈ।

ਇਕ ਪਾਸੇ ਨਵਉਦਾਰਵਾਦੀ ਨੀਤੀਆਂ ਲਾਗੂ ਕਰਨ ਦੀ ਆਪਣੀ ਹੋੜ ਵਿੱਚ ਭਾਜਪਾ ਦੀ ਅਗਵਾਈ ਵਾਲੀ ਮੋਦੀ ਸਰਕਾਰ ਨੇ ਮਜ਼ਦੂਰਾਂ ਦਾ ਸ਼ੋਸ਼ਣ ਤਿੱਖਾ ਕਰਨ ਨੂੰ ਸਹਿਲ ਬਣਾਉਣ ਲਈ ਪੂੰਜੀਪਤੀਆ ਤੇ ਮਾਲਕਾਂ ਪੱਖੀ ਕਈ ਸਾਰੇ ਕਦਮ ਚੁੱਕੇ ਸਨ। ਮਾਲਕਾਂ ਨੂੰ ਲਾਭ ਪਹੁੰਚਾਉਣ ਵਾਸਤੇ ਅਤੇ ਬਿਜ਼ਨਸ ਕਰਨ ਨੂੰ ਅਸਾਨ ਬਣਾਉਣ ਲਈ ਸੁਧਾਰਾਂ ਦੇਨਾਂ ਹੇਠ ਕਿਰਤ ਕਾਨੂੰਨਾਂ ਵਿੱਚ ਇਕ ਵੱਢਿਓ ਸੋਧ ਦੀ ਪ੍ਰਕਿਰਿਆ ਨੂੰ ਤੇਜ਼ ਕਰ ਦਿੱਤਾ ਹੈ। ਇਸ ਤਰ੍ਹਾਂ ਮਜ਼ਦੂਰ ਜਮਾਤ ਵਿਰੁੱਧ ਸ਼ੋਸ਼ਣ ਦੀ ਰਫ਼ਤਾਰ ਨੂੰ ਪੂਰੀ ਤੇਜੀ ਨਾਲ ਸ਼ੁਰੂ ਕਰ ਦਿੱਤਾ ਹੈ। ਦੂਸਰੇ ਪਾਸੇ ਦੇਸ਼ ਅੰਦਰ ਫੈਲੀ ਮਹਾਂਮਾਰੀ ਨੂੰ ਨਿਪਟਣ ਤੋਂ ਪੂਰੀ ਤਰ੍ਹਾਂ ਹੰਭੀ ਮੋਦੀ ਸਰਕਾਰ ਲੋਕਾਂ ਨੂੰ ਖਾਸ ਕਰਕੇ ਮਜ਼ਦੂਰ ਜਮਾਤ ਦੀ ਸਮੇਂ ਸਿਰ ਬਾਂਹ ਫੜਨ ਤੋਂ ਕਾਫੀ ਪਿਛੜ ਗਈ। ਮਹਾਂਮਾਰੀ ਨਾਲ ਨਿਪਟਨ ਲਈ ਟੀਕਾਕਰਣ ਦੀ ਪ੍ਰਕਿਰਿਆ ਤੋਂ ਵੀ ਭਾਰਤ ਦੇ ਲੋਕ ਪੱਛੜ ਗਏ। ਅੱਜੇ ਤੱਕ ਵੀ ਸਾਰੇ ਦੇਸ਼ ਵਾਸੀਆਂ ਨੂੰ ਇਕ ਵਾਰ ਟੀਕਾਕਰਣ ਦੀ ਸਹੂਲਤ ਨਸੀਬ ਵਿੱਚ ਨਹੀਂ ਦਿਸ ਰਹੀ ਹੈ। ਬਿਮਾਰ ਲੋਕਾਂ ਨੂੰ ਜਰੂਰੀ ਦਵਾਈਆਂ, ਆਕਸੀਮੀਟਰ, ਆਕਸੀਜਨ ਸਿਲੰਡਰ, ਹਸਪਤਾਲ, ਆਈ.ਯੂ.ਸੀ. ਸਹੂਲਤਾਂ ਦੀ ਹਰ ਪਾਸੇ ਘਾਟ ਹੀ ਨਜ਼ਰ ਆ ਰਹੀ ਹੈ। ਇਕ ਪਾਸੇ ਉਪਰੋਕਤ ਸਾਜ਼ੋ-ਸਮਾਨ ਦੀ ਘਾਟ ਹੈ, ਦੂਸਰੇ ਪਾਸੇ ਕਿਰਤੀਆਂ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ ਹੈ। ਇਸ ਤਰ੍ਹਾਂ ਦੇਸ਼ ਅੰਦਰ ਇਕ ਖਾਸ ਸਥਿਤੀ ਪੈਦਾ ਹੋ ਗਈ ਹੈ। ਜਿੱਥੋਂ ਤਕ ਸਿਹਤ ਸਹੂਲਤਾਂ ਜੋ ਕਾਨਪੁਰ, ਮੇਰਠ, ਉਨਾਵ, ਜੌਨਪੁਰ, ਭਾਗਲਪੁਰ, ਸਮਸਤੀਪੁਰ ਤੋਂ ਮਿਲ ਸਕਦੀਆਂ ਹਨ, ਉਨ੍ਹਾਂ ਲਈ ਦਿੱਲੀ ਤੇ ਮੁੰਬਈ ਵੱਲ ਮੂੰਹ ਕਰਨਾ ਪੈ ਰਿਹਾ ਹੈ। ਭਾਵ ਦੇਸ਼ ਅੰਦਰ ਸਨਅਤਾਂ, ਸਕੂਲ, ਹਸਪਤਾਲ ਹਰ ਰਾਜ ਅੰਦਰ ਤਰਕਸ਼ੀਲ ਢੰਗ ਨਾਲ ਸਥਾਪਤ ਹੁੰਦੇ ਤਾਂਕਿ ਭਵਿੱਖ ਲਈ ਕੰਮ ਕਰ ਲੈਣ, ਬੇਰੁਜ਼ਗਾਰੀ ਅਤੇ ਦੂਸਰੇ ਸੰਕਟ ਦਾ ਹਲ ਵੀ ਹੋ ਸਕਦਾ ਹੈ।




ਕਰੋਨਾ ਕਾਲ 'ਚ ਲੋਕਾਂ ਸਾਹਮਣੇ ਮੂੰਹ ਅੱਡੀ ਖੜੀਆਂ ਪਹਾੜਾਂ ਜਿਡੀਆਂ ਸਮੱਸਿਆਵਾਂ ਹਨ। ਮਹਾਂਮਾਰੀ ਦੇ ਦੌਰ 'ਚ ਲੋਕ ਆਪਣਿਆਂ ਨੂੰ ਖੋਹ ਰਹੇ ਹਨ, ਮਹਿੰਗਾਈ ਦੀ ਮਾਰ ਝੱਲ ਰਹੇ ਹਨ ਤੇ ਨਾਲ ਹੀ ਬੇਰੁਜ਼ਗਾਰੀ ਵੀ ਉਨ੍ਹਾਂ ਲਈ ਇੱਕ ਵੱਡੀ ਸਮੱਸਿਆ ਬਣੀ ਬੈਠੀ ਹੈ। ਦੇਸ਼ ਅੰਦਰ ਬੇਰੁਜ਼ਗਾਰੀ ਲਗਾਤਾਰ ਵੱਧ ਰਹੀ ਹੈ। ਮਈ-2021 'ਚ ਬੇਰੁਜ਼ਗਾਰੀ ਦਰ ਵੱਧ ਕੇ ਪਿਛਲੇ ਮਹੀਨੇ ਦੀ ਬਜਾਏ ਦੁਗਣੇ ਪੱਧਰ ਤੇ ਪਹੁੰਚ ਗਈ ਹੈ। ਪਿਛਲੇ ਇਕ ਸਾਲ ਦੀ ਇਹ ਸਭ ਤੋਂ ਵੱਡੀ ਬੇਰੁਜ਼ਗਾਰੀ ਦੀ ਛਲਾਂਗ ਹੈ। ਕੋਰੋਨਾ ਕਾਰਨ ਦੇਸ਼ ਅੰਦਰ ਲੱਗੀ ਤਾਲਾਬੰਦੀ ਬਾਅਦ ਅਪ੍ਰੈਲ 'ਚ 75-ਲੱਖ ਤੋਂ ਵੱਧ ਲੋਕਾਂ ਨੇ ਆਪਣੀ ਨੌਕਰੀ ਗੁਆ ਦਿੱਤੀ ਸੀ। ਕੇਂਦਰ ਸਰਕਾਰ ਦੇ ਅੰਕੜਿਆ ਅਨੁਸਾਰ ਰਾਸ਼ਟਰੀ ਬੇਰੁਜ਼ਗਾਰੀ ਦਰ ਅਪ੍ਰੈਲ 'ਚ 7.97 ਫੀ ਸਦ ਤੱਕ ਪਹੁੰਚ ਗਈ ਸੀ।ਸ਼ਹਿਰੀ ਇਲਾਕਿਆਂ 'ਚ 9.78 ਫੀਸਦ ਤੇ ਪੇਂਡੂ ਪੱਧਰ 'ਤੇ ਇਹ ਦਰ 7.13 ਫੀ ਸਦ ਸੀ । ਮਾਰਚ 'ਚ ਰਾਸ਼ਟਰੀ ਬੇਰੁਜ਼ਗਾਰੀ ਦਰ 6.50 ਫੀ ਸਦ ਸੀ। ਹੁਣ ਪੇਂਡੂ ਤੇ ਸ਼ਹਿਰੀ ਦੋਵਾਂ ਖੇਤਰਾਂ 'ਚ ਬੇਰੁਜਗਾਰੀ ਦੀ ਦਰ ਵੱਧ ਰਹੀ ਹੈ। ਸਰਕਾਰੀ ਅੰਕੜੇ ਦੱਸਦੇ ਹਨ ਸਰਕਾਰੀ ਨੌਕਰੀਆਂ ਲਈ ਉਤਰੀ ਭਾਰਤ ਜਿਤਨਾ ਆਸ਼ਰਿਤ ਹੈ, ਇਤਨਾ ਦੱਖਣੀ ਭਾਰਤ ਨਹੀਂ ਹੈ। 1991 ਤੋਂ ਕੇਂਦਰ ਸਰਕਾਰ ਵਲੋਂ 10-ਫੀ ਸਦ ਮੁਲਾਜ਼ਮਾਂ ਦੀਆ ਆਸਾਮੀਆਂ ਘੱਟ ਕਰਨ ਦੀ ਪਾਲਸੀ ਸ਼ੁਰੂ ਕੀਤੀ ਹੋਈ ਹੈ। ਇਸ ਤਰ੍ਹਾਂ ਰਾਜਾਂ ਅੰਦਰ ਵੀ ਆਸਾਮੀਆਂ ਘਟਾਈਆਂ ਜਾ ਰਹੀਆਂ ਹਨ। ਪੜ੍ਹਿਆ-ਲਿਖਿਆ ਦੀ ਗਿਣਤੀ ਵੱਧ ਰਹੀ ਹੈ, ਆਸਾਮੀਆਂ ਘਟਾਈਆ ਜਾ ਰਹੀਆਂ ਹਨ।ਬੇਰੁਜ਼ਗਾਰੀ ਵੱਧ ਰਹੀ ਹੈ।

ਸਿਵਲ ਸੇਵਾਵਾਂ ਪ੍ਰੀਖਿਆ ਦੀ ਭਰਤੀ ਲਈ ਸੰਘ ਲੋਕ ਸੇਵਾ ਕਮਿਸ਼ਨ ਵਲੋਂ ਕੀਤੀ ਜਾਂਦੀ ਭਰਤੀ ਵਿੱਚ ਵੀ ਪਿਛਲੇ 5-ਸਾਲਾਂ ਤੋਂ ਲਗਪਗ 40-ਫੀ ਸਦ ਆਸਾਮੀਆਂ 'ਚ ਕਟੌਤੀ ਕੀਤੀ ਗਈ ਹੈ। ਇਸ ਪ੍ਰੀਖਿਆ ਅੰਦਰ ਨੌਕਰੀਆਂ ਲਈ ਬੈਠਣ ਵਾਲੇ 10-ਲੱਖ ਤੋਂ ਵੱਧ ਪ੍ਰਿਖਿਆਰਥੀਆਂ ਲਈ ਕੇਵਲ 600-800 ਆਸਾਮੀਆਂ ਹੁੰਦੀਆਂ ਹਨ। ਇਹੋ ਹਾਲ ਰੇਲਵੇ, ਬੈਂਕ, ਬੀਮਾ, ਹਵਾਈ ਅੱਡੇ ਆਦਿ ਅਦਾਰਿਆਂ ਅੰਦਰ ਜਿੱਥੇ ਕੁੱਲ ਮਿਲਾ ਕੇ 30-35 ਲੱਖ ਆਸਾਮੀਆਂ ਭਰੀਆਂ ਜਾਂਦੀਆਂ ਸਨ, ਉਹ ਘੱਟ ਕੇ ਮਾਤਰ 10-15 ਲੱਖ ਹੀ ਰਹਿ ਗਈਆਂ ਹਨ। ਹਾਕਮਾਂ ਨੇ ਜਨਤਕ ਅਦਾਰਿਆ ਦਾ ਇਕ ਵੱਢਿਓ ਭੋਗ ਪਾਉਣਾ ਸ਼ੁਰੂ ਕਰ ਦਿੱਤਾ ਹੈ। ਸਾਰੇ ਅਦਾਰੇ ਮੋਦੀ ਸਰਕਾਰ ਨੇ ਸੇਲ 'ਤੇ ਲਾ ਦਿੱਤੇ ਹਨ। ਭੇਲ, ਸੇਲ, ਮਾਈਨਜ਼, ਕੋਲ, ਥਰਮਲ-ਪਲਾਂਟ ਅਤੇ ਸੈਂਕੜੇ ਹੋਰ ਸਰਕਾਰੀ, ਅਰਧ-ਸਰਕਾਰੀ ਅਦਾਰੇ ਜਿਹੜੇ 50-ਲੱਖ ਤੋਂ ਵੱਧ ਲੋਕਾਂ ਨੂੰ ਰੁਜ਼ਗਾਰ ਦਿੱਤੇ ਸਨ ਅਤੇ ਅਰਬਾਂ ਰੁਪਏ ਦਾ ਮੁਨਾਫਾ ਕਮਾ ਕੇ ਸਰਕਾਰ ਦਾ ਖਜ਼ਾਨਾਂ ਭਰਦੇ ਸਨ, 1991 ਤੋਂ ਬਾਦ ਇਕ-ਇਕ ਕਰਕੇ ਉਨ੍ਹਾਂ ਦਾ ਨਿਜੀਕਰਨ ਕੀਤਾ ਗਿਆ ਹੈ। ਇਸ ਉਦਾਰਵਾਦੀ ਪ੍ਰਕਿਰਿਆ ਅਧੀਨ ਜਿੱਥੇ ਸਿਧੇ ਤੌਰ 'ਤੇ 50-ਲੱਖ ਲੋਕਾਂ ਦਾ ਰੁਜਗਾਰ ਖੁਸਿਆ, ਉਥੇ ਅਸਿੱਧੇ ਤੌਰ 'ਤੇ ਕਰੋੜਾਂ ਲੋਕਾਂ ਦੀ ਰੋਜੀ-ਰੋਟੀ ਵੀ ਖੁਸ ਗਈ। ਸਰਕਾਰੀ ਖਜ਼ਾਨੇ ਨੂੰ ਅਰਬਾਂ ਰੁਪਿਆ ਦਾ ਘਾਟਾ ਪਿਆ ਹੈ। ਹਾਕਮਾਂ ਨੇ ਆਪਣੇ ਪਾਲੇ ਲੁਟੇਰਿਆ ਨੂੰ , 'ਲਾਭ ਕਮਾ ਰਹੇ ਇਹ ਅਦਾਰੇ ਕੌਡੀਆਂ ਦੇ ਭਾਅ ਵੇਚ ਕੇ ਦੇਸ਼ ਦੀ ਸਮਤੀ ਨੂੰ ਲੁਟਾ ਦਿੱਤਾ ਗਿਆ। ਫਿਰ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਕਿੱਥੋਂ ਮਿਲੇਗਾ?

ਬੇਰੁਜ਼ਗਾਰ ਨੌਜਵਾਨਾਂ ਨੂੰ ਮੂਰਖ ਬਣਾਉਣ ਲਈ ਮੋਦੀ ਸਰਕਾਰ ਨੇ ਇਕ ਹੋਰ ਚਲਾਕੀ ਖੇਡੀ ਹੈ। ਇਕ ਘੋਸ਼ਣਾ ਅਧੀਨ ਰੇਲਵੇ ਭਰਤੀ ਬੋਰਡ, ਕਰਮਚਾਰੀ ਚੋਣ ਕਮਿਸ਼ਨ ਅਤੇ ਬੈਂਕਿੰਗ ਚੋਣ ਬੋਰਡ ਦਾ ਇਕ ਕੇਂਦਰੀ ਭਰਤੀ ਬੋਰਡ ਬਣਾ ਦਿੱਤਾ ਤਾਂ ਕਿ ਇਹ ਉਪਰੋਕਤ ਆਸਾਮੀਆਂ ਲਈ ਚੋਣ ਕਰੇਗਾ ? ਬੜੇ ਗਜ਼ਬ ਦੀ ਗੱਲ ਕਿ ਜਦ ਕੋਈ ਆਸਾਮੀਆਂ ਖਾਲੀ ਹੀ ਨਹੀਂ ਹਨ ਤਾਂ ਇਹ ਬੋਰਡ ਭਰਤੀ ਕਿੱਥੋਂ ਕਰੇਗਾ? ਭਾਵ ਉਹ ਪ੍ਰਾਰਥੀਆਂ ਤੋਂ ਫੀਸਾਂ ਉਗਰਾਹੇਗਾ ?

ਪੰਜਾਬ ਦੇ ਖੇਤਾਂ 'ਚ ਲੱਖਾਂ ਬਿਹਾਰ ਤੇ ਯੂ.ਪ. ਤੋਂ ਆਉਣ ਵਾਲੇ ਮਜ਼ਦੂਰਾਂ ਨੂੰ ਉਨ੍ਹਾਂ ਰਾਜਾਂ ਅੰਦਰ, ਦੱਖਣੀ ਰਾਜਾਂ 'ਚ ਉਸਾਰੀ ਕੰਮਾਂ ਲਈ ਕੰਮ ਕਰਦੇ ਮਜ਼ਦੂਰਾਂ ਨੂੰ ਉਨ੍ਹਾਂ ਦੇ ਰਾਜਾ ਅੰਦਰ, ਬਿਨ੍ਹਾਂ ਕਿਸੇ ਦਬਾਅ ਦੇ, ਜੋ ਲੋਕ ਰੁਜ਼ਗਾਰ ਲਈ ਇਧਰ-ਉਧਰ ਭੜਕਦੇ ਹਨ, 'ਰੁਜ਼ਗਾਰ ਦੀ ਵਿਵੱਸਥਾ ਕਰਨ ਲਈ ਕੇਂਦਰ ਤੇ ਰਾਜ ਸਰਕਾਰਾਂ ਮਿਲ ਕੇ ਉਪਰਾਲੇ ਕਰਨ। ਜਦੋਂ ਕੇਂਦਰ ਸਰਕਾਰ ਲੋਕਾਂ ਨੂੰ ਸਰਕਾਰੀ ਨੌਕਰੀ ਨਹੀਂ ਦੇ ਸਕਦੀ ਤਾਂ ਬਿਹਤਰ ਇਹੀ ਹੈ ਕਿ ਉਹ ਨਿਜੀ-ਕਾਰੋਬਾਰੀ ਅਤੇ ਸਨਅਤਾਂ ਅੰਦਰ, 'ਪੜ੍ਹੇ-ਲਿਖੇ ਇਨ੍ਹਾਂ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਾਉਣ ਲਈ ਯੋਗ ਉਜ਼ਰਤ ਤੇ ਬਾਕੀ ਸਾਰੀਆਂ ਸਹੂਲਤਾਂ ਦਾ ਪ੍ਰਬੰਧ ਕਰੇ, ਤਾਂਕਿ ਪ੍ਰਵਾਸ ਨੂੰ ਰੋਕਿਆ ਜਾਵੇ ਤੇ ਕਿਰਤੀ ਨੂੰ ਜਿਊਣ ਲਈ ਹੱਕ ਮਿਲ ਸਕੇ। ਇਸ ਤਰ੍ਹਾਂ ਜੀ.ਡੀ.ਪੀ. ਲਈ ਵੀ ਬਿਹਤਰ ਯੋਗਦਾਨ ਪਾਇਆ ਜਾ ਸਕੇਗਾ? ਰੁਜ਼ਗਾਰ ਦੀ ਮੰਗ, ਬੇਰੁਜ਼ਗਾਰੀ ਭੱਤਾ ਤੇ ਸਰਕਾਰੀ ਨੌਕੀਆਂ ਲਈ ਮੰਗ ਹਰ ਬੇਰੁਜ਼ਗਾਰ ਨੂੰ ਆਪਣੀ ਰਾਜ ਸਰਕਾਰ, ਕੇਂਦਰੀ ਸਰਕਾਰ ਅਤੇ ਚੁਣੇ ਹੋਏ ਨੁਮਾਇੰਦਿਆ,ਐਮ.ਐਲ.ਏ. ਅਤੇ ਐਮ.ਪੀ. ਪਾਸ ਆਪਣੇ ਸੰਗਠਨਾਂ ਰਾਹੀਂ ਕਰਨੀ ਚਾਹੀਦੀ ਹੈ। ਖੇਤੀ ਅਧਾਰਿਤ ਸਨਤਆਂ ਦੀ ਮੰਗ, ਇਸ ਦੀ ਲੋੜ ਅਤੇ ਪੂਰਤੀ ਲਈ ਇਕ ਲਹਿਰ ਉਭਾਰਨੀ ਚਾਹੀਦੀ ਹੈ।

ਮਨੁੱਖ ਨੂੰ ਜਿਉਂਦੇ ਰਹਿਣ ਲਈ ਰੁਜ਼ਗਾਰ ਚਾਹੀਦਾ ਹੈ। ਤਾਂ ਜੋ ਉਹ ਰੁਜ਼ਗਾਰ ਰਾਹੀਂ ਆਪਣੀ ਦਿਹਾੜੀ ਕਰਕੇ ਆਪਣੀਆਂ ਬਾਕੀ ਜੀਵਨ ਲੋੜਾਂ ਨੂੰ ਪੂਰਾ ਕਰ ਸਕੇ। ਮਨੁੱਖ ਜਿਸ ਦੇਸ਼ ਅੰਦਰ ਪੈਦਾ ਹੋਇਆ ਹੈ,ਜਿਥੋਂ ਦਾ ਉਹ ਬਸ਼ਿੰਦਾ ਹੈ, ਉਥੋਂ ਦੀ ਸਸਰਕਾਰ ਉਸ ਦੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕਰੇ, ਇਹ ਹਾਕਮਾਂ ਦਾ ਫਰਜ਼ ਵੀ ਹੈ। ਆਤਮ-ਨਿਰਭਰਤਾ ਦਾ ਨਾਹਰਾ ਦੇਣਾ ਤਾਂ ਆਸਾਨ ਹੈ, ਪਰ ਲੋਕਾਂ ਨੂੰ ਆਤਮ-ਨਿਰਭਰ ਬਣਾਉਣ ਲਈ ਹਾਕਮਾਂ ਪਾਸ ਕੋਈ ਖਾਕਾ ਵੀ ਤਾਂ ਹੋਣ ਚਾਹੀਦਾ ਹੈ। 21-ਵੀਂ ਸਦੀ ਅੰਦਰ ਦੁਨੀਆਂ ਵਿਗਿਆਨ ਅਤੇ ਸਨਅਤੀਕਰਨ ਦੇ ਸਹਾਰੇ ਅੱਗੇ ਵੱਧ ਰਹੀ ਹੈ। ਸਸਤੀ ਮਜ਼ਦੂਰੀ ਦੇ ਬੂਤੇ ਭਾਵੇਂ ਦੁਨੀਆਂ ਲਈ ਕਰੋਨਾ ਟੀਕਾ ਬਣਾਉਣ ਲਈ ਅਸੀਂ ਗੱਲੀ-ਬਾਤੀ ਅੱਗੇ ਆਉਣ ਦੀ ਬਾਜ਼ੀ ਤਾਂ ਮਾਰ ਲਈਏ। ਪਰ ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਸਭ ਕੁਝ ਸਰ ਕਰ ਰਿਹਾ ਹੈ।

ਜਦੋਂ ਤੱਕ ਵਿਗਿਆਨ ਤੱਕ ਸਾਡੀ ਪੂਰੀ ਸਮਝ ਤੇ ਪਹੁੰਚ ਨਾ ਹੋਵੇ ਤਾਂ ਦੁਨੀਆਂ ਤੋਂ ਉਧਾਰ ਲੈ ਕੇ ਤਕਨੀਕ ਨਾਲ ਅਸੀਂ ਬੁਤਾ ਤਾਂ ਸਾਰ ਹੀ ਲਵਾਂਗੇ ਪਰ ਅਸੀਂ ਆਤਮ-ਨਿਰਭਰ ਨਹੀਂ ਹੋ ਸੱਕਾਂਗੇ ? ਸਾਡੇ ਸਾਹਮਣੇ ਸਾਡਾ ਗੁਵਾਂਢੀ ਦੇਸ਼ ਚੀਨ, ਜਿਹੜਾ ਕਿ ਸਾਡੇ ਨਾਲੋਂ ਦੋ ਸਾਲ ਬਾਦ ਆਜਾਦ ਹੋਇਆ, ਉਸ ਨੇ ਆਪਣੇ ਦੇਸ਼ ਨੂੰ ਆਤਮ-ਨਿਰਭਰ ਬਣਾ ਕੇ ਦੁਨੀਆਂ ਦੇ ਸਭ ਤੋਂ ਵੱਧ ਵਿਕਸਤ ਦੇਸ਼ ਅਮਰੀਕਾ ਲੂੰ ਵੀ ਕੰਬਣੀ ਛੇੜ ਦਿੱਤੀ ਹੋਈ ਹੈ। ਚੀਨ ਨੇ ਵਿਗਿਆਨ ਅਤੇ ਤਕਨੀਕ ਰਾਹੀਂ ਆਪਣੇ ਦੇਸ਼ ਨੂੰ ਸਿਰ-ਵੂਦ ਵਿਕਸਤ ਕਰਕੇ ਆਪਣੇ ਆਪ ਨੂੰ ਆਤਮ-ਨਿਰਭਰ ਬਦਾਉਣ ਲਈ ਸਫਲਤਾ ਪ੍ਰਾਪਤ ਕਰ ਲਈ ਹੋਈ ਹੈ। ਅਸੀਂ ਆਤਮ-ਨਿਰਭਰ ਤਾਂ ਕੀ ਹੋਣਾ, ਅੱਜੇ ਆਪਣੇ ਆਵਾਮ ਨੂੰ ਪੇਟ ਭਰਨ ਯੋਗੀ ਦੋ ਵੇਲੇ ਦੀ ਰੋਟੀ ਵੀ ਨਹੀਂ ਦੇ ਸੱਕੇ ਹਾਂ। ਥਾਲੀਆਂ ਤੇ ਟੱਲ ਖੜਕਾਅ ਕੇ ਲੋਕਾਂ ਨੂੰ ਮੂਰਖ ਜ਼ਰੂਰ ਬਣਾ ਰਹੇ ਹਾਂ।

ਰੁਜ਼ਗਾਰ ਕਿਰਤੀ ਦਾ ਬੁਨਿਆਦੀ ਅਧਿਕਾਰ ਹੈ। ਆਜਾਦੀ ਤੋਂ ਬਾਦ ਦੇਸ਼ ਦੇ ਹਾਕਮਾਂ ਨੇ ਜਿਊਣ ਲਈ ਇਸ ਬੁਨਿਆਦੀ ਅਧਿਕਾਰ ਨੂੰ ਮੂਲੋ ਹੀ ਖਾਰਜ ਕਰ ਦਿੱਤਾ ਹੋਇਆ ਹ। ਮੋਦੀ ਸਰਕਾਰ ਨੇ ਪਿਛਲੇ 6-ਸਾਲਾਂ ਦੇ ਆਪਣੇ ਇਸ ਅਰਸੇ ਦੌਰਾਨ ਇਸ ਸਮੱਸਿਆ ਨੂੰ ਹਲ ਤਾਂ ਕੀ ਕਰਨਾ ਸਗੋਂ ਇਸ ਨੂੰ ਇਕ ਵੱਢਿਓ ਰੱਦ ਹੀ ਕੀਤਾ ਜਾ ਰਿਹਾ ਹੈ। ਹਰ ਸਾਲ ਦੋ-ਕਰੋੜ ਲੋਕਾਂ ਨੂੰ ਰੁਜ਼ਗਾਰ ਦੇਣ ਦੇ ਵਾਹਦੇ ਨੂੰ ਖਾਰਜ ਕਰ ਦਿੱਤਾ ਹੈ। ਲੋਕਾਂ ਦੇ ਮੱਸਲੇ ਹਲ ਕਰਨ ਦੀ ਥਾਂ ਫਿਰਕੂ ਅਜੰਡਿਆ ਨੂੰ ਉਭਾਰ ਕੇ ਵੋਟ ਬੈਂਕ ਪੱਕਾ ਕਰਨ ਈ ਲੋਕਾਂ ਅੰਦਰ ਵੰਡੀਆਂ ਪਾਈਆਂ ਜਾ ਰਹੀਆਂ ਹਨ। ਨਿਜੀਕਰਨ, ਨਵ-ਉਦਾਰਵਾਦੀ ਨੀਤੀਆਂ ਅਤੇ ਜਨਤਕ ਖੇਤਰ ਨੂੰ ਵੇਚਣ ਲਈ ਮੋਦੀ ਸਰਕਾਰ ਪੂਰੀ ਤਰ੍ਹਾਂ ਇਕ ਪਾਸੇ ਤੁਰੀ ਹੋਈ ਹੈ। ਕਿਰਤੀਆਂ ਵਿਰੋਧੀ ਕਿਰਤ ਕਨੂੰਨਾਂ ਵਿੱਚ ਮਨਚਾਹੇ ਬਦਲਾਅ ਜੋ ਕਿਰਤੀ-ਜਮਾਤ ਵਿਰੋਧੀ ਹਨ, ਸਬੰਧੀ ਕਿਰਤ ਕੋਡ-ਸੰਹਿਤਾ ਬਣਾ ਦਿੱਤੇ ਗਏ ਹਨ। ਕਿਸਾਨ ਵਿਰੁਧੀ ਤਿੰਨ ਕਾਲੇ ਕਨੂੰਨ ਬਣਾਉਣੇ, ਦੇਸ਼ ਦੇ ਕਾਰਪੋਰੇਟ ਖੇਤਰ ਨੂੰ ਖੇਤੀ ਖੇਤਰ ਤੇ ਪੂਰਨ ਆਜਾਰੇਦਾਰੀ ਕਾਇਮ ਕਰਨ ਲਈ ਰਾਹ ਪੱਧਰਾਂ ਕਰਨਾ ਮੋਦੀ ਸਰਕਾਰ ਦਾ ਅਜੰਡਾ ਹੈ। ਲੋਕਾਂ ਨੂੰ ਸਾਹਮਣੇ ਨਿਆਂ ਖਤਮ ਹੁੰਦਾ ਦਿਸ ਰਿਹਾ ਹੈ। ਬੇਰੁਜ਼ਗਾਰੀ ਇਕ ਬਹੁਤ ਵੱਡਾ ਮੁੱਦਾ ਹੈ, ਇਸ ਦੇ ਖਾਤਮੇ ਤੇ ਰੁਜ਼ਗਾਰ ਲਈ ਸਮੁੱਚੀ ਕਿਰਤੀ ਜਮਾਤ ਨੂੰ ਆਪਣੇ ਹੱਕਾਂ-ਹਿਤਾਂ ਦੀ ਰਾਖੀ ਲਈ ਮਿਲ ਕੇ ਸੰਘਰਸ਼ਾਂ ਨੂੰ ਅੱਗੇ ਵਧਾਉਣ ਲਈ ਆਪਣੀ ਦਖਲ-ਅੰਦਾਜ਼ੀ ਨੂੰ ਤੇਜ ਕਰਨਾ ਚਾਹੀਦਾ ਹੈ।

## ਸਿਆਟਲ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ ਬੜੀ ਸ਼ਰਧਾ ਨਾਲ ਮਨਾਇਆ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)-** ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ ਵੱਖ-ਵੱਖ ਗੁਰੂ ਘਰਾਂ ਵਿਚ ਮਨ-ਾਇਆ ਗਿਆ। ਪੰਜਾਬੀ ਭਾਈਚਾਰੇ ਦੀ ਸੰਘਣੀ ਵਸੋਂ ਵਾਲੇ ਸ਼ਹਿਰ ਕੈਂਟ 'ਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਗੁਰਦੁਆਰਾ ਵਿਚ ਸ੍ਰੀ ਅਖੰਡ ਪਾਠ ਜੀ ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਇਸ ਮੌਕੇ ਕੀਰਤਨ ਤੋਂ ਬਾਅਦ ਦਮਦਮੀ ਟਕਸਾਲ ਦੇ ਕਥਾਵਾਚਕ ਭਾਈ ਅਮਨ ਸਿੰਘ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ।



ਗੁਰੂ ਘਰ ਦੇ ਕਵੀਸ਼ਰੀ ਜਥੇ ਭਾਈ ਹਰਦਿਆਲ ਸਿੰਘ ਤੇ ਕਾਰਜ ਸਿੰਘ ਕਵੀਸ਼ਰੀ ਵਾਰਾਂ ਸੁਣਾ ਕੇ ਸੰਗਤ 'ਚ ਜੋਸ਼ ਭਰ ਦਿੱਤਾ।

ਤਿੰਨੇ ਦਿਨ ਸ੍ਰੀ ਅਖੰਡ ਪਾਠ ਦੀ ਸੇਵਾ ਤੇ ਲੰਗਰਾਂ ਦੀ ਸੇਵਾ ਬਲਬੀਰ ਸਿੰਘ ਲਹਿਰਾਂ ਤੇ ਅਵਤਾਰ ਸਿੰਘ ਦੇ ਪਰਿਵਾਰ ਵੱਲੋਂ ਨਿਭਾਈ ਗਈ ਅਤੇ ਗੁਰੂ ਘਰ ਵੱਲੋਂ ਭਾਈ ਅਮਨ ਸਿੰਘ ਨੇ ਬਲਬੀਰ ਸਿੰਘ ਲਹਿਰਾਂ ਨੂੰ ਸਿਰੋਪਾਓ ਦੇ ਕੇ ਨਿਵਾਜਿਆ। ਅਖੀਰ ਵਿਚ ਭਾਈ ਅਮਨ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਅਤੇ ਗੁਰੂ ਦਾ ਅਤੁੱਟ ਲੰਗਰ ਵਰਤਾਇਆ ਗਿਆ।

## ਬਾਈਡੇਨ ਪ੍ਰਸ਼ਾਸਨ ਦੇ 150 ਦਿਨਾਂ ਦੌਰਾਨ ਕੋਰੋਨਾ ਵੈਕਸੀਨ ਦੀਆਂ ਲੱਗੀਆਂ 300 ਮਿਲੀਅਨ ਖੁਰਾਕਾਂ


**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ ਫਰਿਜ਼ਨੋ (ਕੈਲੀਫੋਰਨੀਆ), 19 ਜੂਨ 2021-** ਅਮਰੀਕਾ ਵਿੱਚ ਕੋਰੋਨਾ ਮਹਾਂਮਾਰੀ ਵਿਰੁੱਧ ਟੀਕਾਕਰਨ ਮਹਿੰਮ ਜਾਰੀ ਹੈ। ਜੁਲਾਈ ਮਹੀਨੇ ਦੀ 4 ਤਰੀਕ ਤੱਕ ਬਾਈਡੇਨ ਪ੍ਰਸ਼ਾਸਨ ਦੁਆਰਾ 70% ਅਮਰੀਕੀਆਂ ਨੂੰ ਟੀਕੇ ਦੀ ਘੱਟ ਘੱਟ ਇੱਕ ਖੁਰਾਕ ਦੇਣ ਦੇ ਮਿੱਥੇ ਟੀਚੇ ਨੂੰ ਪੂਰਾ ਕਰਨ ਲਈ ਯਤਨ ਕੀਤੇ ਜਾ ਰਹੇ ਹਨ। ਇਸੇ ਦਰਮਿਆਨ ਰਾਸ਼ਟਰਪਤੀ ਜੋਅ ਬਾਈਡੇਨ ਨੇ ਸ਼ੁੱਕਰਵਾਰ ਨੂੰ ਦੱਸਿਆ ਕਿ ਉਹਨਾਂ ਦੇ ਅਹੁਦੇ ਸੰਭਾਲਣ ਤੋਂ ਬਾਅਦ 150 ਦਿਨਾਂ ਵਿੱਚ ਕੋਰੋਨਾ ਵੈਕਸੀਨ ਦੇ 300 ਮਿਲੀਅਨ ਸ਼ਾਟ ਲਗਾਏ ਹਨ। ਟੀਕਾਕਰਨ ਪ੍ਰਕਿਰਿਆ ਦੀ ਇਸ ਸਫਲਤਾ ਲਈ ਬਾਈਡੇਨ ਨੇ ਅਮਰੀਕੀ ਵਿਗਿਆਨੀਆਂ, ਕੰਪਨੀਆਂ , ਰਾਜ ਅਤੇ ਸਥਾਨਕ ਸਰਕਾਰਾਂ ਆਦਿ ਦਾ ਧੰਨਵਾਦ ਕੀਤਾ।




ਅਮਰੀਕਾ ਦਾ ਟੀਕਾਕਰਨ ਪ੍ਰੋਗਰਾਮ, ਟਰੰਪ ਪ੍ਰਸ਼ਾਸਨ ਦੇ ਅਧੀਨ ਸ਼ੁਰੂ ਕੀਤਾ ਗਿਆ ਸੀ। ਟਰੰਪ ਪ੍ਰਸ਼ਾਸਨ ਦੇ ਅੰਤਮ ਦਿਨਾਂ ਵਿਚ ਅਧਿਕਾਰੀਆਂ ਨੇ ਕਿਹਾ ਕਿ ਦੇਸ਼ ਵਿੱਚ ਹਰ ਰੋਜ਼ ਟੀਕੇ ਦੀਆਂ 10 ਲੱਖ ਖੁਰਾਕਾਂ ਲਗਾਈਆਂ ਜਾ ਰਹੀਆਂ ਹਨ ਅਤੇ ਲੱਗਭਗ ਟੀਕੇ ਦੀ ਇਹੀ ਗਿਣਤੀ ਅੱਜ ਦਿੱਤੀ ਜਾ ਰਹੀ ਹੈ। ਰਾਸ਼ਟਰਪਤੀ ਨੇ ਚਾਰ ਜੁਲਾਈ ਤੱਕ 160 ਮਿਲੀਅਨ ਬਾਲਗਾਂ ਨੂੰ ਪੂਰੀ ਤਰ੍ਹਾਂ ਟੀਕਾ ਲਾਉਣ; ਅਤੇ 70 ਪ੍ਰਤੀਸ਼ਤ ਬਾਲਗਾਂ ਨੂੰ ਘੱਟੋ ਘੱਟ ਇੱਕ ਖੁਰਾਕ ਦੇਣ ਦਾ ਟੀਚਾ ਮਿੱਥਿਆ ਹੈ। ਇਸ ਸਬੰਧੀ ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰ(ਸੀ ਡੀ ਸੀ) ਦੇ ਤਾਜ਼ਾ ਅੰਕੜਿਆਂ ਅਨੁਸਾਰ, 143 ਮਿਲੀਅਨ ਬਾਲਗ ਪੂਰੀ ਤਰਾਂ ਟੀਕੇ ਲਗਵਾ ਚੁੱਕੇ ਹਨ ਅਤੇ 65.1 ਪ੍ਰਤੀਸ਼ਤ ਨੇ ਆਪਣੀ ਪਹਿਲੀ ਸ਼ਾਟ ਲਗਵਾਈ ਹੈ। ਨਿਰਧਾਰਿਤ ਸਮੇਂ ਤੱਕ ਇਸ ਟੀਚੇ ਨੂੰ ਪੂਰਾ ਕਰਨ ਦੀ ਬਾਈਡੇਨ ਪ੍ਰਸ਼ਾਸਨ ਵੱਲੋਂ ਕੋਸਿਸ਼ ਜਾਰੀ ਹੈ।

# 85 ਸਾਲ ਬਾਅਦ ਅਮਰੀਕਾ ਦੇ ਕਾਲੇ ਲੋਕ 19 ਜੂਨ ਨੂੰ ਹੋਏ ਅਜਾਦ

ਬੀਤੇ ਬਾਰੇ ਸਿੱਖਣਾ ਸਾਡੇ ਵਰਤਮਾਨ ਨੂੰ ਸਮਝਣ ਵਿਚ ਸਹਾਇਤਾ ਕਰ ਸਕਦਾ ਹੈ। ਕਾਲੇ ਅਮਰੀਕਨ ਲੋਕਾਂ ਦੀ ਅਜਾਦੀ ਦੇ 166ਸਾਲਾ ਦੇ ਜਸ਼ਨ ਮਨਾਉਣਾ, ਜੁਨੇਲ੍ਹਵੀਂ (ਜੂਨ ਦੀ 19ਵੀਂ) ਨੂੰ ਦੁਬਾਰਾ ਯਾਦ ਕਰਨਾ ਮਾਨਵਤਾ ਦਾ ਸਨਮਾਨ ਕਰਨਾ ਹੈ।ਸੰਯੁਕਤ ਰਾਜ ਅਮਰੀਕਾ 4 ਜੁਲਾਈ, 1776 ਨੂੰ ਅਜਾਦ ਹੋਇਆ। ਅਬਰਾਹਿਮ ਲਿੰਕਨ ਅਮਰੀਕਾ ਦੇ 16ਵੇਂ ਰਾਸ਼ਟਰਪਤੀ ਮਾਰਚ 4, 1861 ਨੂੰ ਬਣੇ ਅਤੇ ਉਹ ਅਪ੍ਰੈਲ 15, 1865, ਚਾਰ ਸਾਲ ਰਹੇ।ਕਾਲੇ ਲੋਕਾਂ ਨੂੰ ਉਹਨਾ ਦੇ ਦੇਸ਼ ਦਾ ਨੁਮਾਇੰਦਾ ਅਮਰੀਕਾ ਦੀ ਅਜਾਦੀ ਦੇ 85 ਸਾਲਾ ਬਾਅਦ ਮਿਲਿਆ, ਇਹ ਕਾਲੇ ਗੁਲਾਮ ਲੋਕਾਂ ਦਾ ਮੁਕਤੀ ਦਾਤਾ ਸਿੱਧ ਹੋਇਆ। ਉਸ ਨੇ ਨਵੇਂ ਪੂਰਨ ਸਵਤੰਤਾਵਾਦੀ ਅਮਰੀਕਾ ਦੇ ਨੀਂਹ ਰਖ ਦਿਤੀ।



ਸੰਯੁਕਤ ਰਾਜ ਅਮਰੀਕਾ ਵਿੱਚ ਗੁਲਾਮੀ ਖ਼ਤਮ ਹੋਣ ਦੀ ਖੁਸ਼ੀ ਦਾ ਜੁਨੇਲ੍ਹਵੀਂਤਿਓਹਾਰ ਹੈ। ਹਾਲਾਂਕਿ ਅਬਰਾਹਿਮ ਲਿੰਕਨ ਨੇ 1 ਜਨਵਰੀ 1863 ਨੂੰ ਗੁਲਾਮਾ ਦੀ ਮੁਕਤੀ ਘੋਸ਼ਣਾ ਪੱਤਰ ਜਾਰੀ ਕੀਤੀ ਸੀ, ਘੋਸ਼ਣਾ ਕੀਤੀ ਕਿ ਰਾਜ ਦੇ ਅੰਦਰ "ਸਾਰੇ ਗੁਲਾਮ ਹੋਣ" ਅੱਗੇ ਤੋਂ ਆਜ਼ਾਦ ਹੋਣਗੇ।" ਪਰ ਬਹੁਤ ਘੱਟ ਲੋਕਾਂ ਨੂੰ ਤੁਰੰਤ ਰਿਹਾ ਕੀਤਾ। ਰਾਸ਼ਟਰ ਘਰੇਲੂ ਯੁੱਧ ਦੇ ਦੌਰ ਵਿਚ ਸੀ ਅਤੇ ਬੇਸ਼ਕ, ਕੁਝ "ਵਿਦਰੋਹੀ ਰਾਜ" ਨੇ ਲਿੰਕਨ ਦੇ ਆਦੇਸ਼ਾਂ ਵੱਲ ਧਿਆਨ ਨਹੀਂ ਦਿਤਾ। ਇਸ ਲਈ, ਹਾਲਾਂਕਿ ਘੋਸ਼ਣਾ ਸੰਘੀ ਨੀਤੀ ਵਿਚ ਇਕ ਮਹੱਤਵਪੂਰਣ ਤਬਦੀਲੀ ਦਾ ਹਿੱਸਾ ਸੀ,ਲੱਖਾਂ ਅਫਰੀਕੀ ਅਮਰੀਕੀਆਂ ਨੂੰ ਇੰਤਜ਼ਾਰ ਕਰਨਾ ਪਿਆ, ਕਿ ਉਹ ਆਜ਼ਾਦੀ ਦੇ ਰੂਪ ਵਿਚ ਜ਼ਿੰਦਗੀ ਦੀ ਸ਼ੁਰੂਆਤ ਕਰ ਸਕਣ। ਸੈਂਕੜੇ ਹਜ਼ਾਰਾਂ ਕਾਲੇ ਲੋਕਾਂ ਨੇ ਯੂਨਾਈਟਿਡ ਸਟੇਟ ਕਲੋਰਡ ਟ੍ਰੌਪਜ਼ (ਯੂਐਸਟੀਟੀ) ਦੇ ਮੈਂਬਰ ਵਜੋਂ ਗੁਲਾਮੀ ਖ਼ਤਮ ਕਰਨ ਲਈ ਲੜਨ ਲਈ ਹਥਿਆਰ ਚੁੱਕੇ ਅਤੇ "ਸਵੈ-ਮੁਕਤੀਦਾਤਾ" ਵਜੋਂ ਗੁਲਾਮੀ ਤੋਂ ਛੁਟਕਾਰੇ ਦੇ ਨਵੇਂ ਮੌਕੇ ਦਾ ਲਾਭ ਉਠਾਇਆ। ਪਰ ਯੁੱਧ ਦਾ ਅੰਤ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਯਤਨ ਗੁਲਾਮ ਰਖਣ ਵਾਲੀਆਂ "ਭਿਆਨਕ ਸੰਸਥਾ" ਦਾ ਅੰਤ ਨੂੰ ਖਤਮ ਕਰਨ ਲਈ ਕਾਫ਼ੀ ਨਹੀਂ ਸਨ।

ਇਕ ਵਾਰ ਕਨਫੈਡਰੇਟ ਦੇ ਜਨਰਲ ਰਾਬਰਟ ਈ. ਲੀ ਨੇ 9 ਅਪ੍ਰੈਲ 1865 ਨੂੰ ਯੂਨੀਅਨ ਦੇ ਜਨਰਲ ਯੂਲਿਸਸ ਐਸ ਗ੍ਰਾਂਟ ਅੱਗੇ ਆਤਮ ਸਮਰਪਣ ਕਰ ਦਿੱਤਾ, ਤਾਂ ਕਾਂਗਰਸ ਨੇ 13 ਵੀਂ ਸੋਧ ਨੂੰ ਮਨਜ਼ੂਰੀ ਦੇਣ ਲਈ ਦਬਾਅ ਪਾਇਆ, ਜਿਸ ਵਿਚ ਇਹ ਕਾਨੂੰਨ ਬਣਾਇਆ ਗਿਆ ਸੀ ਕਿ ਕਿਸੇ ਨੂੰ ਕਿਸੇ ਜ਼ੁਰਮ ਦੀ ਸਜ਼ਾ ਤੋਂ ਇਲਾਵਾ ਸਵੈ-ਇੱਛਾ ਬਿਨਾਂ ਜਬਰੀ ਕੰਮ ਨਹੀ ਕਰਵਾ ਸਕਦੇ। ਇਸਦੇ ਨਾਲ, ਅਫਰੀਕੀ-ਅਮਰੀਕੀ ਕੁਝ ਹੱਦ ਤੱਕ ਮਨੁੱਖੀ ਅਧਿਕਾਰਾਂ ਦਾ ਨੂੰ ਮਾਣ ਸਕਦੇ ਸਨ। ਉਹ ਅਵਸਰ ਅਤੇ ਕਾਨੂੰਨ ਦਾ ਸੰਬੰਧ ਵਿੱਚ ਯਕੀਨਨ ਬਰਾਬਰ ਨਹੀਂ ਸੀ, ਪਰ ਉਹਨਾਂ ਗੁਲਾਮਾਂ ਨੂੰ ਹੁਣ ਨਿੱਜੀ ਜਾਇਦਾਦ ਨਹੀਂ ਮੰਨਿਆ ਜਾਂਦਾ ਸੀ। ਪਰ ਇਸ ਨਾਲ ਲੰਬੇ ਸਮੇਂ ਬਾਅਦ ਇਸ ਨਵੀਂ ਸ਼ੁਰੂਆਤ ਮਿਲੀ। ਦਰਅਸਲ, ਯੁੱਧ ਖ਼ਤਮ ਹੋਣ ਤੋਂ ਦੋ ਮਹੀਨੇ ਬਾਅਦ, ਜੂਨ ਤੱਕ ਲੜਾਈ ਜਾਰੀ ਰੱਖੀ।




ਗੁਲਾਮ-ਰਖਤਾ ਲੋਕ ਬਦਲੇ ਕਾਨੂੰਨ ਦੇ ਸਨਮਾਨ ਕਰਨ ਤੋਂ ਕਤਰਾਉਂਦੇ ਸਨ। ਅਤੇ ਗੁਲਾਮ ਲੋਕ, ਅਕਸਰ ਅਲੱਗ-ਥਲੱਗ ਅਤੇ ਅਨਪੜ੍ਹ, ਸੀਮਿਤ ਜਾਣਕਾਰੀ ਤਕ ਪਹੁੰਚ ਰਖਦੇ ਕਰਦੇ ਸਨ। ਮੁਕਤੀ ਘੋਸ਼ਣਾ ਦੇ ਪੂਰੇ ਢਾਈ ਸਾਲ ਬਾਅਦ ਅਤੇ ਲਿੰਕਨਦੀ ਸਰਕਾਰ ਦੇ ਡਿੱਗਣ ਤੋਂ ਦੋ ਮਹੀਨਿਆਂ ਬਾਅਦ, ਟੈਕਸਾਸ ਵਿੱਚ ਘੋਸ਼ਤਿ ਕੀਤਾ ਗਿਆ। ਇਹ ਮਹੱਤਵਪੂਰਣ ਤਾਰੀਖ, 19 ਜੂਨ, 1865, ਨੂੰ ਐਲਾਨ ਕੀਤਾ ਗਿਆ ਹੈ ਅਤੇ ਉਦੋਂ ਤੋਂ ਹਰ ਸਾਲ ਮਨਾਇਆ ਜਾਂਦਾ ਹੈ।

ਜੁਨੇਲ੍ਹਵੀਂ ਮੁਕਤ ਦਿਵਸ ਦੇ ਤਿਉਹਾਰ ਨੇ ਗੁਲਾਮ ਰਹੇ ਲੋਕਾਂ ਦੇ ਸੰਘਰਸ਼ਾਂ ਨੂੰ ਯਾਦ ਕੀਤਾ ਜਾਂਦਾ ਹੈ। ਇਹ ਉਨ੍ਹਾਂ ਦੇ ਭਾਈਚਾਰਿਆਂ ਅਤੇ ਬਾਅਦ ਵਿਚ ਉਨ੍ਹਾਂ ਦੇ ਉੱਤਰਾਧਿਕਾਰੀਆਂ ਲਈ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਸਨਮਾਨ ਕਰਨ ਅਤੇ ਵਧੀਆ ਭਵਿੱਖ ਦੀ ਉਨ੍ਹਾਂ ਦੀਆਂ ਆਮ ਉਮੀਦਾਂ ਦੀ ਪੁਸ਼ਟੀ ਕਰਨ ਦਾ ਇਕ ਢੰਗ ਹੈ। ਹਾਲਾਂਕਿ, ਇਹ ਉਹਨਾਂ ਲਈ ਮਨੁੱਖਤਾ ਅਤੇ ਪੂਰੀ ਨਾਗਰਿਕਤਾ ਦੇ ਅਧਿਕਾਰਾਂ ਦਾ ਦਾਅਵਾ ਕਰਨਾ ਹੱਕ ਸੀ। ਲੰਘੇ ਸਮੇਂ, ਕਈ ਵਾਰ ਜਦੋਂ ਅਫ਼ਰੀਕੀ ਅਮਰੀਕਨਾਂ ਲਈ ਬਹੁਤ ਸਾਰੀਆਂ ਥਾਵਾਂ ਤੇ ਵੱਡੀ ਗਿਣਤੀ ਵਿਚ ਇਕੱਤਰ ਹੋਣਾ ਗ਼ੈਰਕਾਨੂੰਨੀ ਸੀ, ਤਾਂ ਇਹਨਾਂ ਜਸ਼ਨਾਂ ਦੀ ਮਨਾਹੀ ਸੀ। ਦੱਖਣੀ ਕਸਬਿਆਂ ਵਿੱਚ ਜਿਥੇ ਗੋਰਿਆਂ ਵਿੱਚ ਸੰਘ ਦੀ ਹਾਰ ਦਾ ਡੂੰਘਾ ਨਾਰਾਜ਼ਗੀ ਸੀ, ਉਥੇ ਕਾਲੇ ਲੋਕਾਂ ਦੀ ਯੂਨੀਅਨ ਦੀ ਜਿੱਤ ਦੀ ਖੁਸ਼ੀ। ਜਿਉਂ-ਜਿਉਂ ਸਿਵਲ ਯੁੱਧ ਦੇ ਪ੍ਰਭਾਵ ਪਿੱਛੇ ਛੁਟਦੇ ਗਏ, ਜੁਨੇਲ੍ਹਵੀਂਅਤੇ ਮੁਕਤ ਦਿਵਸ ਪ੍ਰੋਗਰਾਮਾਂ ਨੇ ਕਾਲੇ ਲੋਕਾਂ ਦੀਆਂ ਪ੍ਰਾਪਤੀ ਜਨਤਾ ਵਿੱਚ ਉਜਾਗਰ ਹੋਣ ਲਗੀਆਂ, ਉਹਨਾ ਦੇ ਹੁਨਰ ਨੂੰ ਦਰਸਾਉਣ, ਕਲਾਵਾਂ ਦੀਆਂ ਪ੍ਰਾਪਤੀਆਂ ਅਤੇ ਚਰਚਾਂ ਅਤੇ ਸਕੂਲਾਂ ਵਰਗੇ ਸੰਸਥਾਵਾਂ ਦੀ ਤਰੱਕੀ 'ਤੇ ਕੇਂਦ੍ਰਤ ਕੀਤਾ। 1957 ਵਿਚ, ਜਦੋਂ ਡਾ. ਮਾਰਟਿਨ ਲੂਥਰ ਕਿੰਗ, ਜੂਨੀਅਰ ਨੇ ਐਨਏਏਸੀਪੀ ਮੁਕਤੀ ਦਿਵਸ ਰੈਲੀ ਨੂੰ ਸੰਬੋਧਿਤ ਕੀਤਾ, ਤਾਂ ਉਸ ਨੇ ਭਾਸ਼ਨ ਲਈ "ਨਵੇਂ ਜ਼ਮਾਨੇ ਦੀ ਚੁਣੌਤੀ ਦਾ ਸਾਹਮਣਾ ਕਰਨਾ" ਵਿਸ਼ੇ ਦੀ ਚੋਣ ਕੀਤੀ। ਉਨ੍ਹਾਂ ਦਾ ਭਾਸ਼ਣ, ਪ੍ਰਸਿੱਧ ਰੇਡੀਓ ਸਟੇਸ਼ਨ 'ਤੇ ਸਿੱਧਾ ਪ੍ਰਸਾਰਿਤ ਕੀਤਾ ਗਿਆ, ਇਹ ਨਾਗਰਿਕ ਅਧਿਕਾਰਾਂ ਲਈ ਸਰਗਰਮੀ ਨਾਲ ਬੁਲਾਵਾ ਸੀ। ਭਾਰਤ ਦੀ ਕਹਾਣੀ ਵੀ ਇਹੋ ਹੈ। 1947 ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਦੇ ਦੇਸ਼ਾਂ ਦੀ ਸੱਤਾ ਪ੍ਰਾਪਤੀ ਹੋਈ। ਇਹ ਵੀ ਅਜਾਦੀ ਵੀ ਅਮਰੀਕਾ ਦੇ ਲਗਭਗ ਤਰਜ ਤੇ ਹੀ ਮਿਲੀ ਜਿਦਾ ਗੋਰਿਆਂ ਨੂੰ ਮਿਲੀ ਸੀ, ਪਰ ਕਾਲੇ ਲੋਕ ਗੁਲਾਮ ਸਨ।

ਸਾਬਕਾ ਅਛੂਤ, ਮੌਜੂਦਾ ਐਸਸੀ ਐਸਟੀ ਭਾਰਤ ਦੀ ਅਜਾਦੀ ਕੇਵਲ ਅਛੂਤਤਾ ਤੋਂ ਨਿਯਾਤ ਸਮਝਦੇ ਹਨ, ਪੂਰਨ ਅਜਾਦੀ ਨਹੀਂ।ਭਾਰਤ ਦੇ ਐਸਸੀ ਐਸਟੀ 22% ਹਨ, ਅਜਾਦੀ ਪ੍ਰਾਪਤ ਕਰਨ ਵਾਲੇ ਗੁਲਾਮ ਅਫਰੀਕੀ ਅਮਰੀਕੀ ਕਾਲੇ 2.5%ਲੋਕ ਹੀ ਸਨ ਉਹਨਾ ਉੱਤੇ ਭਾਰਤ ਦੀ ਤਰਾਂ ਅਛੱਤਤਾ ਵਾਲਾ ਦਬਉ ਨਹੀਂ ਸੀ।



**ਹਰਦੀਪ ਸਿੰਘ ਚੁੰਬਰ**
**+91-94636-01616**

ਅਮਰੀਕਾ ਵਿੱਚ ਕੁਲ ਅਬਾਦੀ ਦਾ ਗੋਰੇ 53%, ਆਦਿਵਾਸੀ 36.7%, ਦੋ ਹਰ ਵਰਗ 6%, ਕਾਲੇ ਲੋਕ 2.5%, ਅਮਰੀਕਣ ਅਤੇ ਅਲਾਸਕਾ ਆਦਿ ਵਾਸੀ 1.4%, ਏਸ਼ੀਅਨ 0.4%, ਨੇੜੇ ਦੇ ਟਾਪੂਆਂ ਦੇ ਲੋਕ 0.1% ਹਨ। ਗੁਲਾਮ ਅਫਰੀਕੀ ਅਮਰੀਕੀ ਕਾਲੇ 2.5%ਲੋਕ ਹੀ ਸਨ, ਸੋ ਅਜਾਦ ਹੋਏ ਅਮਰੀਕਾ ਦੇ ਕਾਲੇ ਲੋਕਾਂ ਦੀ ਅਜਾਦੀ ਦਾ ਲੜਾਈ ਹਾਲੇਬਾਕੀ ਸੀ। ਕਾਲੇ ਲੋਕਾਂ ਨੇ ਅਮਰੀਕਾ ਦੀ ਅਜਾਦੀ ਦੇ 85 ਸਾਲਾਂ ਬਾਅਦ ਅਬਰਾਹਿਮ ਲਿੰਕਨ ਦੇ ਰਾਸ਼ਟਰਪਤੀ ਬਣਨ ਤੇ ਪ੍ਰਾਪਤ ਕੀਤੀ।

ਅਜਾਦ ਰਹਿਣ ਲਈ ਸੰਘਰਸ਼ ਚਲਦਾ ਰਹਿੰਦਾ ਹੈ, ਉਧਾਰਨ ਵਜੋਂ 1865 ਦੀ ਅਜਾਦੀ ਦੇ 66 ਸਾਲ ਬਾਅਦ ਵੀ 1921 ਵਿੱਚ 19 ਸਾਲਾ ਡਿਕ ਰੋਲੈਂਡ ਅਮਰੀਕੀ ਕਾਲੇ ਰੰਗ ਦਾ ਬੂਟ ਪੋਲਿਸ ਕਰਨ ਵਾਲੇ ਨੂੰ ਇਕ 17 ਸਾਲਾ ਗੋਰੀ ਸਾਰਾ ਪੇਜ ਨਾਮ ਦੀ ਲੜਕੀ ਦੇ ਝੂਠੇ ਇਲਜਾਮ ਉਤੇ ਉਸ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਸੀ। ਗੋਰੇ ਲੋਕ 100 ਦੇ ਕਰੀਬ ਜੇਲ੍ਹ ਦੇ ਬਾਹਰ ਪਹੁੰਚ ਗਏ। ਦੂਜੇ ਪਾਸੇ ਉਸ ਡਿਕ ਰੋਲੈਂਡ ਬੂਟ ਪਾਲਿਸ ਕਰਨ ਵਾਲੇ ਕਾਲੇ ਨੂੰ ਬਚਾਉਣ ਲਈ 75-80 ਕਾਲੇ ਲੋਕ ਬੰਦੂਕਾ ਲੈ ਕੇ ਪਹੁੰਚ ਜਾਂਦੇ ਹਨ। ਜਦੋਂ ਪਤਾ ਲਗਾ ਕਿ ਡਿਕ ਰੋਲੈਂਡ ਨੂੰ ਮਾਰ ਦਿਤਾ ਗਿਆ, ਤਾਂ ਉਸੇ ਹੀ ਸਮੇਂ ਕਾਲਿਆਂ ਨੇ ਫਾਇਰਿੰਗ ਕਰਕੇ 10 ਗੋਰੇ ਮਾਰ ਦਿੱਤੇ ਸਨ, 2 ਕਾਲੇ ਵੀ ਮਾਰੇ ਗਏ ਸਨ। ਬੇਸ਼ਕ ਉਸ ਤੋਂ ਬਾਅਦ 31 ਮਈ ਅਤੇ 1 ਜੂਨ ਨੂੰ ਕਾਲਿਆਂ ਦਾ ਕਤਲਿਆਮ ਹੋਇਆ ਘਰ, ਕਾਰੋਬਾਰ ਸਾੜੇ, ਲੇਕਿਨ ਲੰਬੀ ਲੜਾਈ ਬਾਅਦ ਅੱਜ ਕਾਲੇ ਲੋਕ ਗੋਰਿਆਂ ਦੇ ਬਰਾਬਰ ਹੀ ਅਜਾਦੀ ਮਾਣ ਰਹੇ ਹਨ।

# ਖੇਤੀ ਮੰਤਰੀ , ਕਿਸਾਨਾਂ ਨੂੰ ਕਾਲੇ ਕਾਨੂੰਨਾਂ ਸਬੰਧੀ ਠੋਸ ਸਬੂਤ ਦੇਣ ਦਾ ਬਿਆਨ ਦੇ ਕੇ ਆਪਣੀ ਅਕਲ ਦਾ ਜਨਾਜਾ ਨਾ ਕੱਢਣ!

ਬੀਤੇ ਦਿਨ ਕੇਂਦਰ ਦੇ ਖੇਤੀਬਾੜੀ ਮੰਤਰੀ ਸ੍ਰੀ ਨਰਿੰਦਰ ਤੋਮਰ ਨੇ ਇਹ ਬਿਆਨ ਦੇ ਕੇ ਕਿ "ਕਿਸਾਨ ਮੋਰਚੇ ਦੇ ਆਗੂ ਸਰਕਾਰ ਵਲੋਂ ਪਾਸ ਕੀਤੇ ਤਿੰਨ ਖੇਤੀ ਬਿੱਲਾਂ ਬਾਰੇ ਠੋਸ ਸਬੂਤ ਦੇਣ ਕਿ ਇਹ ਕਿਸਾਨ ਵਿਰੋਧੀ ਹਨ ਤਾਂ ਕਿ ਸਰਕਾਰ ਉਸ ਤੇ ਵਿਚਾਰ ਕਰ ਸਕੇ। ਕੇਂਦਰੀ ਖੇਤੀ ਮੰਤਰੀ ਸ੍ਰੀ ਨਰਿੰਦਰ ਸਿੰਘ ਤੋਮਰ ਨੇ ਇਹੋ ਜਿਹਾ ਬੇਹੂਦਾ ਬਿਆਨ ਦੇ ਕੇ ਇਹ ਗੱਲ ਸਾਬਤ ਕਰ ਦਿੱਤੀ ਹੈ ਕਿ ਜਿਵੇਂ ਸਾਰੀ ਰਾਤ ਰਮਾਇਣ ਸੁਣਦੇ ਰਹੇ ਤੇ ਸਵੇਰੇ ਕਹਿਣ ਲਗੇ ਕਿ 'ਸੀਤਾ ਮਾਤਾ' ਸ੍ਰੀ ਰਾਮ ਚੰਦਰ ਦੀ "ਭੈਣ" ਸੀ ।ਖੇਤੀ ਮੰਤਰੀ ਨੇ ਇਹ ਕਿਸਾਨਾਂ ਨੂੰ ਚਿੜਾਣ ਵਾਲਾ ਅਖਬਾਰਾਂ ਨੂੰ ਪ੍ਰੈਸ ਨੋਟ ਜਾਰੀ ਕਰਕੇ ਜਿਥੇ ਆਪਣੀ ਅੱਕਲ ਦਾ ਜਲੂਸ ਕੱਢ ਲਿਆ, ਉਥੇ ਭਾਜਪਾ ਦੀ ਮੋਦੀ ਸਰਕਾਰ ਦੀ ਵੀ ਸੰਸਾਰ ਪੱਧਰ ਤੇ ਰਹਿੰਦੀ ਖੂਹੰਦੀ ਥੂ ਥੂ ਕਰਾ ਦਿੱਤੀ ਹੈ । ਲੋਕਾਂ ਦਾ ਕਹਿਣਾ ਹੈ ਕਿ ਸਰਕਾਰ ਵਲੋਂ ਖੇਤੀ ਸਬੰਧੀ ਪਾਸ ਕੀਤੇ ਬਿੱਲਾਂ ਤੋਂ ਪਹਿਲਾਂ ਹੀ ਕਿਸਾਨ ਇਨਾਂ ਬਿੱਲਾਂ ਦਾ ਵਿਰੋਧ ਕਰਦੇ ਹੋਏ ਕਹਿੰਦੇ ਆ ਰਹੇ ਸਨ ਕਿ ਕੇਂਦਰ ਦੀ ਸਰਕਾਰ ਅੰਬਾਨੀ ਅਡਾਨੀ ਆਦਿ ਵਰਗੇ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿੱਚ ਦੇਸ਼ ਦੀ ਖੇਤੀਬਾੜ੍ਹੀ ਨੂੰ ਸੌਂਪ ਕੇ ਕਿਸਾਨਾਂ ਨੂੰ ਮਾਲਕ ਤੋਂ ਮੁਜਾਰੇ ਬਣਾਉਣਾ ਚਾਹੁੰਦੀ ਹੈ। ਇਹਨਾਂ ਕਿਸਾਨ ਵਿਰੋਧੀ ਬਿੱਲਾਂ ਸਬੰਧੀ ਸਭ ਤੋਂ ਪਹਿਲਾਂ ਪੰਜਾਬ ਵਿਚੋਂ ਉੱਠੀ ਅਵਾਜ ਅੱਜ ਭਾਰਤ ਦੀ ਨਾ ਹੋ ਕੇ ਸਾਰੇ ਸੰਸਾਰ ਦੇ ਕਿਸਾਨਾਂ ਦੀ ਲੜਾਈ ਬਣ ਚੁੱਕੀ ਹੈ। ਪਰ ਲਗਦਾ ਹੈ ਦੇਸ਼ ਦੇ ਖੇਤੀ ਮੰਤਰੀ ਜਾਂ ਤਾਂ ਸੁਰੱਲੇ ਬੁੱਰਲੇ ਹਨ ਜਾਂ ਫਿਰ ਸਭ ਕੁਝ ਜਾਣਦੇ ਹੋਏ ਮੱਚਲੇ ਬਣ ਕੇ ਅਜਿਹੇ ਬਿਆਨ ਦੇ ਕੇ ਸਾਰੀ ਦੁਨੀਆ ਵਿੱਚ ਮਖੌਲ ਦਾ ਪਾਤਰ ਬਣ ਰਹੇ ਹਨ। ਇਨਾਂ ਨੇ ਇਸ ਤਰਾਂ ਦੀ ਗੱਲ ਪ੍ਰੈਸ ਕੋਲ ਆਖ ਕੇ ਆਪਣੇ ਖੇਤੀ ਮੰਤਰੀ ਹੋਣ ਦੇ ਨਾਂ ਨੂੰ ਵੱਟਾ ਵੀ ਲਗਾ ਲਿਆ ਹੈ। ਸਿਰਫ ਕਿਸਾਨਾਂ ਦਾ ਹੀ ਨਹੀਂ ਬਲਕਿ ਆਮ ਲੋਕਾਂ ਦਾ ਕਹਿਣਾ ਹੈ ਕਿ ਜਦੋਂ ਤੋਂ ਸਰਕਾਰ ਨੇ ਬਿੱਲ ਪਾਸ ਕੀਤੇ ਹਨ।

ਕਿਸਾਨ ਉਸੇ ਸਮੇਂ ਤੋਂ ਇਨਾਂ ਤਿੰਨ ਬਿੱਲਾਂ ਦਾ ਵਿਰੋਧ ਕਰਦੇ ਆ ਰਹੇ ਹਨ । ਉਹ ਸਰਕਾਰ ਨਾਲ ਮੀਟਿੰਗਾਂ ਦੌਰਾਨ ਇਕ ਇਕ ਨੁਕੱਤੇ ਤੇ ਬਾਦਲੀਲ ਗੱਲ ਕਰਕੇ ਸਰਕਾਰ ਨੂੰ ਲਾਜਵਾਬ ਵੀ ਕਰ ਚੁੱਕੇ ਹਨ । ਅਖਬਾਰਾਂ ਵਿੱਚ ਕਿਸਾਨਾਂ ਦੇ ਵੱਡੇ ਵੱਡੇ ਬਿਆਨ ਛੱਪ ਚੁਕੇ ਹਨ ਕਿ ਇਨਾਂ ਬਿੱਲਾਂ ਵਿੱਚ ਕੀ ਨੁੱਕਸ ਹਨ ਤੇ ਕਿਵੇਂ ਕਿਸਾਨ ਮਾਰੂ ਹਨ। ਉਨਾਂ ਦੀਆਂ ਜਮੀਨਾਂ ਮੁੱਠੀ ਭਰ ਅਜਾਰੇਦਾਰਾਂ ਦੇ ਹੱਥ ਫੜਾ ਕੇ ਕਿਸਾਨਾਂ ਤੇ ਉਨਾਂ ਨਾਲ ਜੁੜ੍ਹੇ ਦੇਸ਼ ਦੇ 50ਗ ਲੋਕ ਜਿਨਾਂ ਨੂੰ ਕਿਸਾਨ ਰੁਜਗਾਰ ਦੇਂਦੇ ਹਨ ਉਨਾਂ ਸਭ ਨੂੰ ਬੇਰੁਜਗਾਰ ਕਰਕੇ ਉਨਾਂ ਤੇ ਉਨਾਂ ਦੇ ਪ੍ਰੀਵਾਰਾਂ ਨੂੰ ਬੱਲਦੀ ਦੇ ਬੁੱਥੇ ਵਿੱਚ ਧਕੇਲਣਾ ਚਾਹੁੰਦੇ ਹਨ । ਤੋਮਰ ਸਾਹਿਬ ਤੇ ਉਨਾਂ ਦੀ ਸਰਕਾਰ ਦੇ ਕਈ ਹੋਰ ਮੰਤਰੀ 11 -12 ਮੀਟਿੰਗਾਂ ਕਿਸਾਨ ਆਗੂਆਂ ਨਾਲ ਕਰ ਚੁੱਕੇ ਹਨ ਜੇ ਹਾਲੇ ਵੀ ਉਨਾਂ ਦੇ ਗੱਲ ਪਲੇ ਨਹੀਂ ਪਈ ਤਾਂ ਫਿਰ ਇਹ ਗੱਲ ਸਿੱਧ ਕਰਦੀ ਹੈ ਕਿ ਤੋਮਰ ਸਾਹਿਬ ਖੇਤੀ ਮੰਤਰੀ ਬਣਨ ਦੇ ਲਾਇਕ ਹੀ ਨਹੀਂ । ਉਂਝ ਵੀ ਲੋਕਾਂ ਦਾ ਮੰਨਣਾ ਹੈ ਕਿ ਮੋਦੀ ਸਰਕਾਰ ਵਿੱਚ ਭਰਤੀ ਕੀਤੇ ਮੰਤਰੀ ਤੇ ਲੋਕ ਸਭਾ ਮੈਂਬਰ ਗਿਆਨ ਵਿਹੂਣੇ, ਅੰਧ ਵਿਸ਼ਵਾਸੀ, ਅਣਪੜ੍ਹ ਕਿਸਮ ਦੇ ਪਹਾੜਾਂ ਵਿੱਚ ਰਹਿਣ ਵਾਲੇ, ਗਊ ਦੇ ਗੋਬਰ, ਮੂਤਰ ਦਾ ਪ੍ਰਚਾਰ ਕਰਨ ਵਾਲੇ, ਬਹੁਤ ਸਾਰੇ ਸੰਗੀਨ ਦੋਸ਼ਾਂ ਵਿੱਚ ਸਜਾ ਜਾਫਤਾ ਹਨ। ਜਦੋਂ ਭਾਜਪਾ ਦੇ ਉੱਚ ਲੀਡਰ ਆਪ ਸਮੇਤ ਯੋਗ ਗੁਰੂ ਬਾਬਾ ਰਾਮ ਦੇਵ ਬਿਮਾਰ ਹੁੰਦੇ ਹਨ ਤਾਂ ਝੱਟ ਵੱਡੇ ਵੱਡੇ ਸੰਸਾਰ ਪੱਧਰ ਦੇ ਐਲੋਪੈਥੀ ਹਸਪਤਾਲਾਂ ਵਿੱਚ ਇਲਾਜ ਕਰਾਉਣ ਲਈ ਨੱਠੇ ਜਾਂਦੇ ਹਨ ਤੇ ਆਮ ਲੋਕਾਂ ਨੂੰ ਬਿਮਾਰੀਆਂ ਦਾ ਇਕੋ ਇਕ ਇਲਾਜ ਗਊ ਦਾ ਗੋਬਰ ਖਾਣਾ ਤੇ ਮੂਤਰ ਪੀਣ ਜਾਂ ਫਿਰ ਬਾਬਾ ਰਾਮ ਦੇਵ ਦੀਆਂ ਫੇਲ ਹੋ ਚੁੱਕੀਆਂ ਦਵਾਈਆਂ ਨੂੰ ਸੰਜੀਵਨੀ ਬੂਟੀ ਦੱਸ ਕੇ ਲੋਕਾਂ ਨੂੰ ਮੌਤ ਦੇ ਮੂੰਹ ਵਿੱਚ ਧੱਕਣ ਵਾਲੇ ਹਨ ।ਯੋਗ ਗੁਰੂ ਬਾਬਾ ਰਾਮ ਦੇਵ ਦੀ ਤਰਾਂ ਸਿਖਰਾਂ ਦੇ ਝੂਠਿਆਂ ਵਿੱਚ ਭਾਜਪਾ ਦੀ ਸਾਰੀ ਸਰਕਾਰ ਦਾ ਨਾਂ ਵੱਜ ਰਿਹਾ ਹੈ। ਇਹ ਸਾਰੇ "ਗੋਬਲ' ਦੇ ਚੇਲੇ ਦਸੇ ਜਾਂਦੇ ਹਨ ਜਿਨਾਂ ਦਾ ਇਕੋ ਇਕ ਫਲਸਫਾ "ਝੂਠ" ਦੀ ਇਸ ਗੱਲ ਤੇ ਅਧਾਰਤ ਹੈ ਕਿ ਝੂਠ ਤੇ ਝੂਠ ਮਾਰੀ ਜਾਉ ਇਕ ਦਿਨ ਉਹ ਜਰੂਰ ਸੱਚ ਬਣ ਜਾਵੇਗਾ ।ਜੰਨਤਾ ਵਿੱਚ ਇਹ ਵੀ ਚਰਚਾ ਹੈ ਕਿ ਗੂਗਲ ਤੇ ਸਰਚ ਮਾਰੋ ਤਾਂ ਭਾਰਤ ਦੇ ਮੌਜੂਦਾ ਪ੍ਰਧਾਨ ਮੰਤਰੀ ਨੂੰ ਸੰਸਾਰ ਦੇ ਸਭ ਤੋਂ ਝੂਠੇ ਪ੍ਰਧਾਨ ਮੰਤਰੀ ਦੇ ਤੌਰ ਤੇ ਜਾਣਿਆ ਜਾ ਰਿਹਾ ਹੈ ।ਦੇਸ਼ ਦੇ ਪ੍ਰਧਾਨ ਮੰਤਰੀ ਦੀ ਜਿੰਮੇਵਾਰੀ ਹੁੰਦੀ ਹੈ ਕਿ ਉਹ ਚੰਗੇ ਕੀਰਤੀਮਾਨ ਕਰਕੇ ਆਪਣੇ ਦੇਸ਼ ਦੇ ਨਾਲ ਨਾਲ ਉਥੋਂ ਦੀ ਜਨਤਾ ਦਾ ਇੱਜਤ, ਮਾਣ ਵਧਾਵੇ। ਪਰ ਮੋਦੀ ਸਾਹਿਬ ਨੇ ਤਾਂ ਝੂਠ ਤੇ ਝੂਠ ਬੋਲ ਕੇ ਦੇਸ਼ ਸਮੇਤ ਇਥੋਂ ਦੇ ਲੋਕਾਂ ਦੀ ਬੇੜ੍ਹੀ ਬਿਠਾ ਦਿੱਤੀ ਹੈ ਅੱਜ ਉਹ ਇਸੇ ਪ੍ਰਧਾਨ ਮੰਤਰੀ ਦੀ ਬਦੌਲਤ ਸ਼ਰਮਸਾਰ ਹੋ ਰਹੇ ਹਨ। ਸਾਂਝਾ ਕਿਸਾਨ ਮੋਰਚੇ ਦੇ ਆਗੂ ਸ੍ਰ ਬਲਬੀਰ ਸਿੰਘ ਰਾਜੇਵਾਲ ਨੇ ਦਸਿਆ ਕਿ ਇਸ ਜਦੋ-ਜਹਿਦ ਦੀ ਸ਼ੁਰੂਆਤ 5 ਜੂਨ 2020 ਵਿੱਚ ਜਦੋਂ ਤਿੰਨ ਕਿਸਾਨ ਵਿਰੋਧੀ ਬਿੱਲ ਕੀਤੇ ਸਨ ਉਦੋਂ ਨਹੀਂ ਸੀ ਹੋਈ ਬਲਕਿ ਇਸ ਦਾ ਮੁੱਢ ਸਰਕਾਰ ਨੇ ਉਦੋਂ ਹੀ ਬੰਨ ਦਿੱਤਾ ਸੀ ਜਦੋਂ 10 ਅਕਤੂਬਰ 2017 ਵਿੱਚ ਉਨਾਂ ਨੇ ਨੀਤੀ ਉਦਯੋਗ ਦੀ ਮੀਟਿੰਗ ਰੱਖੀ ਸੀ ਜਿਸ ਵਿੱਚ ਉੱਚ ਪੱਧਰ ਦੇ ਆਈ .ਏ .ਐਸ. ਅਧਿਕਾਰੀ, ਭਾਰਤ ਭਰ ਦੇ ਅਰਥ ਸ਼ਾਸ਼ਤਰੀ, ਕਾਰਪੋਰੇਟਾਂ ਦੇ ਸੀ.ਈ.ਓ. ਮਾਲਕਾਂ ਤੋਂ ਬਿਨਾ ਪੰਜਾਬ ਤੋਂ ਮੈਨੂੰ (ਬਲਬੀਰ ਸਿੰਘ ਰਾਜੇਵਾਲ) ਇਕ ਇਕ ਕਿਸਾਨ ਆਗੂ ਰਾਜਸਥਾਨ ਤੇ ਮਹਾਂਰਸ਼ਟਰ ਤੋਂ ਬੁਲਾਇਆ ਗਿਆ ਸੀ। ਜਿਸ ਵਿੱਚ ਸਰਕਾਰ ਦੀ ਸਾਰੀ ਸਾਜਿਸ਼ ਦਾ ਪਰਦਾਫਾਸ਼ ਹੋ ਗਿਆ ਸੀ ਜਦੋਂ ਸਰਕਾਰੀ ਅਰਥ ਸ਼ਾਸ਼ਤਰੀਆਂ ਨੇ ਸਾਜਿਸ਼ੀ ਢੰਗ ਨਾਲ ਇਹ ਕਿਹਾ ਕਿ ਖੇਤੀ ਵਿੱਚ ਖੜ੍ਹੋਤ ਆ ਗਈ ਹੈ। ਇਸ ਨੂੰ ਤੋੜ੍ਹਣ ਲਈ ਖੇਤੀ ਵਿੱਚ ਪੈਸਾ ਲਗਾਉਣ ਦੀ ਜਰੂਰਤ ਹੈ । ਮੰਦਾਹਾਲੀ ਕਾਰਨ ਕਿਸਾਨ ਖੁਦਕਸ਼ੀਆਂ ਕਰ ਰਿਹਾ ਹੈ ਇਸ ਕਰਕੇ ਕਾਰਪੋਰੇਟ ਘਰਾਣਿਆਂ ਨੂੰ ਇਸ ਵਿੱਚ ਪੂੰਜੀ ਨਿਵੇਸ਼ ਕਰਨ ਲਈ ਆਖਿਆ ਜਾਵੇ । ਸ੍ਰ ਰਾਜੇਵਾਲ ਨੇ ਹੋਰ ਕਿਹਾ ਕਿ ਇਸ ਅਰਥਸ਼ਾਸ਼ਤਰੀ ਤੋਂ ਬਾਅਦ ਦਾ ਬੁਲਾਰਾ ਕਾਰਪੋਰੇਟਾਂ ਦਾ ਸੀ ਉਸ ਨੇ ਕੁਝ ਸ਼ਰਤਾਂ ਲਗਾ ਕੇ ਪੂੰਜੀ ਨਿਵੇਸ਼ ਕਰਨ ਦੀ ਪ੍ਰਵਾਨਗੀ ਦੇ ਦਿੱਤੀ ।ਉਨਾਂ ਦੀ ਸ਼ਰਤ ਸੀ ਕਿ ਸਰਕਾਰ ਕਿਸਾਨਾਂ ਦੀਆਂ 5,5-7,7 ਹਜਾਰ ਏਕੜ੍ਹ ਦੀ ਜਮੀਨ ਦੇ ਟੁਕੱੜ੍ਹੇ ਬਣਾ ਕੇ ਉਨਾਂ ਨੂੰ 50 ਸਾਲ ਲਈ ਠੇਕੇ ਤੇ ਲੈ ਕੇ ਦੇਵੇ , ਜੋ ਸਰਕਾਰ ਉਨਾਂ ਜਮੀਨਾਂ ਦਾ ਠੇਕਾ ਤਹਿ ਕਰੇਗੀ ਅਸੀ ਉਹ (ਕਾਰਪੋਰੇਟ) ਸਰਕਾਰੀ ਖਜਾਨੇ ਵਿੱਚ ਜਮਾ ਕਰਾ ਦੇਵਾਂਗੇ, ਅਗੋਂ ਸਰਕਾਰ ਕਿਸਾਨਾਂ ਨੂੰ ਉਹ ਠੇਕੇ ਦੀ ਰਕਮ ਅਦਾ ਕਰ ਦੇਵੇ ।ਜਿਸ ਤੇ ਉਹ ਆਪਣੇ ਢੰਗ ਨਾਲ ਖੇਤੀ ਕਰਨਗੇ, ਜਮੀਨ ਮਾਲਕ ਕਿਸਾਨ ਉਨਾਂ ਦੇ ਖੇਤੀ ਬਾੜ੍ਹੀ ਕੰਮਾਂ ਵਿੱਚ ਬਿਲਕੁਲ ਦਖਲ ਅੰਦਾਜੀ ਨਹੀਂ ਕਰੇਗਾ ।ਹਾਂ ਜੇਕਰ ਕਿਸਾਨ ਉਨਾਂ ਕੋਲ ਕੰਮ ਕਰਨਾ ਚਾਹੁਣ ਤਾਂ ਉਹ 'ਖੇਤ ਮਜਦੂਰ' ਦੇ ਤੌਰ 'ਤੇ ਕੰਮ ਕਰ ਸਕਦੇ ਹਨ। ਇਸ ਮੀਟਿੰਗ ਨੇ ਇਹ ਗੱਲ ਜਾਹਰ ਕਰ ਦਿੱਤੀ ਸੀ ਕਿ ਸ਼ਾਂਤਾ ਰਾਮ ਕਮੇਟੀ ਦੇ ਅਧਾਰ ਤੇ ਕੰਮ ਕਰ ਰਹੀ ਹੈ ਤੇ ਸਰਕਾਰ ਘਟੋ ਘਟ ਸਮਰਥਣ ਮੁੱਲ ਦੇਣ ਤੋਂ ਭੱਜਣ ਦੀ ਤਿਆਰੀ ਵਿੱਚ ਹੈ। ਸ੍ਰ ਰਾਜੇਵਾਲ ਨੇ ਇਹ ਵੀ ਦਸਿਆ ਕਿ ਅਸੀ ਤਿੰਨੋ ਕਿਸਾਨ ਆਗੂ ਇਸ ਮੀਟਿੰਗ ਵਿੱਚ ਆਪਣਾ ਵਿਰੋਧ ਦਰਜ ਕਰਾ ਕੇ ਤੇ ਚਿਤਾਵਨੀ ਦੇ ਕੇ ਮੀਟਿੰਗ ਵਿੱਚੋਂ ਬਾਹਰ ਆ ਗਏ ਸੀ। ਇਹ ਸਾਰਾ ਕੁਝ ਸਰਕਾਰ ਦੀ ਗਿਣੀ ਮਿੱਥੀ ਸਕੀਮ ਤਹਿਤ ਕੀਤਾ ਜਾ ਰਿਹਾ ਸੀ। ਸ਼ਾਂਤਾ ਕੁਮਾਰ ਕਮਿਸ਼ਨ ਅਗੋਂ ਇਕ ਕਦਮ ਹੋਰ ਪੁਟਦਿਆ ਇਥੋਂ ਤਕ ਕਹਿ ਦਿੱਤਾ ਕਿ ਐਫ ਸੀ ਆਈ ਇਕ ਭ੍ਰਿਸ਼ਟ ਹਾਥੀ ਬਣ ਚੁੱਕਾ ਹੈ ਸਰਕਾਰ ਨੂੰ ਇਸ ਵਿਭਾਗ ਨੂੰ ਖਤਮ ਕਰ ਦੇਣਾ ਚਾਹੀਦਾ ਹੈ। ਸਰਕਾਰ ਗਰੀਬਾਂ ਨੂੰ ਅਨਾਜ ਵੰਡ ਪ੍ਰਣਾਲੀ ਰਾਹੀਂ ਗਰੀਬਾਂ ਦੀ ਮਦੱਦ ਕਰਨ ਦੀ ਬਜਾਏ ਉਸ ਦੀ ਨੱਗਦ ਮੱਦਦ ਕਰ ਦੇਵੇ ।ਜਿਸ ਦਾ ਸਾਫ ਤੇ ਸਪਸ਼ਟ ਮਕਸਦ ਸੀ ਕਿ ਸਰਕਾਰ ਸਰਕਾਰੀ ਖਰੀਦ ਬੰਦ ਕਰਕੇ ਇਹ ਸਾਰਾ ਕੁਝ ਪ੍ਰਾਈਵੇਟ ਮੰਡੀ ਦੇ ਹਵਾਲੇ ਕਰ ਦੇਵੇ। ਰਾਜੇਵਾਲ ਸਾਹਿਬ ਸਰਕਾਰ ਦੀ ਖੋਟੀ ਹੋ ਚੁੱਕੀ ਨੀਤ ਬਾਰੇ ਦਸਦੇ ਕਹਿੰਦੇ ਹਨ ਕਿ ਪ੍ਰਧਾਨ ਮੰਤਰੀ ਦੇ ਦਫਤਰ ਦੀ ਇਕ ਚਿੱਠੀ ਉਨਾਂ ਦੇ ਹੱਥ ਲਗ ਗਈ ਸੀ ਜਿਸ ਵਿੱਚ ਪ੍ਰਧਾਨ ਮੰਤਰੀ ਦਫਤਰ ਨੇ ਰਾਜਾਂ ਨੂੰ ਇਸ ਪੱਤਰ ਵਿੱਚ ਕਿਹਾ ਹੈ ਕਿ ਜੇ ਕਰ ਸਰਕਾਰ ਖੁਦ ਕਣਕ ,ਝੋਨਾ ਖਰੀਦਣ ਦੀ ਬਜਾਏ ਪ੍ਰਾਈਵੇਟ ਹੱਥਾਂ ਵਿੱਚ ਦੇ ਦੇਵੇ ਤੇ ਸਰਕਾਰ ਕਿਸਾਨਾਂ ਦੀਆਂ ਫੱਸਲਾਂ ਦਾ ਘਟੋ ਘਟ ਸਮਰਥਣ ਮੁੱਲ ਕਿਸਾਨਾਂ ਨੂੰ ਅਦਾ ਕਰ ਦੇਵੇ ਇਸ ਬਾਰੇ ਸਰਕਾਰ ਦੀ ਕੀ ਰਾਏ ਹੈ? ਇਸ ਤੋਂ ਸਾਨੂੰ ਸਪਸ਼ਟ ਹੋ ਗਿਆ ਕਿ ਸਰਕਾਰ ਕਿਸਾਨਾਂ ਨੂੰ ਫੱਸਲਾਂ ਦਾ ਘਟੋ ਘਟ ਸਮਰਥਣ ਮੁੱਲ ਦੇਣਾ ਨਹੀਂ ਚਾਹੁੰਦੀ ਉਸ ਤੋਂ ਕੰਨੀ ਖਿਸਕਾਉਣਾ ਚਾਹੁੰਦੀ ਹੈ। ਉਨਾਂ ਨੇ ਇਹ ਵੀ ਦਸਿਆ ਕਿ ਪੰਜਾਬ, ਹਰਿਆਣਾ ਦਾ ਮੰਡੀ ਕਰਨ ਸਿਸਟਮ ਦੇਸ਼ ਵਿੱਚ ਸਭ ਤੋਂ ਬੇਹਤਰੀਨ ਹੈ। ਸਰਕਾਰ ਨੇ ਕਿਸਾਨਾਂ ਨੂੰ ਆੜ੍ਹਤੀਆਂ ਤੋਂ ਤੋੜ੍ਹਣ ਲਈ ਇਕ ਹੋਰ ਚਾਲ ਚੱਲੀ । ਜਿਸ ਰਾਂਹੀ ਕਿਸਾਨੀ ਵਿੱਚੋਂ ਆੜ੍ਹਤੀਆਂ ਨੂੰ ਕੱਢਣ ਲਈ ਸਾਰਾ ਜੋਰ ਲਗਾ ਦਿੱਤਾ। ਉਨਾਂ ਵਿੱਰੁਧ ਕੂੜ੍ਹ ਪ੍ਰਚਾਰ ਸ਼ੁਰੂ ਕਰ ਦਿੱਤਾ ਤਾਂ ਕਿ ਉਨਾਂ ਨੂੰ ਮੰਡੀਆਂ ਵਿੱਚੋਂ ਕੱਢ ਦਿੱਤਾ ਜਾਵੇ ਇਸ ਤਰਾਂ ਸਰਕਾਰ ਦੀ ਪ੍ਰਾਈਵੇਟ ਮੰਡੀਆਂ ਦੀ ਮੰਗ ਆਪਣੇ ਆਪ ਪੂਰੀ ਹੋ ਜਾਵੇਗੀ ।ਸੰਯੁਕਤ ਕਿਸਾਨ ਮੋਰਚੇ ਦੇ ਆਗੂ ਸ੍ਰ ਬਲਬੀਰ ਸਿੰਘ ਰਾਜੇਵਾਲ ਦਾ ਇਹ ਵੀ ਕਹਿਣਾ ਹੈ ਕਿ ਜਦੋਂ ਭਾਜਪਾ ਸਰਕਾਰ ਦੀ ਨੀਅਤ ਸਪਸ਼ਟ ਹੋ ਗਈ ਸੀ ਕਿ ਇਹ ਸਰਕਾਰ ਹਰ ਹੀਲੇ ਖੇਤੀਬਾੜ੍ਹੀ ਨੂੰ ਵੱਡੇ ਵੱਡੇ ਕਾਰਪੋਰੇਟਾਂ ਦੇ ਹੱਥ ਫੜਾਉਣਾ ਚਾਹੁੰਦੀ ਹੈ ਤਾਂ ਇਸ ਸਬੰਧ ਵਿੱਚ ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਦੀ ਇਕ ਵਿਚਾਰ ਗੋਸ਼ਟੀ ਚੰਡੀਗੜ੍ਹ ਵਿਖੇ ਕਿਸਾਨ ਭਵਨ ਵਿੱਚ ਰੱਖੀ ਗਈ । ਜਿਸ ਵਿੱਚ ਕਾਂਗਰਸ ਪਾਰਟੀ ਵਲੋਂ ਸੂਬਾ ਪ੍ਰਧਾਨ ਸੁਨੀਲ ਜਾਖੜ੍ਹ, ਅਕਾਲੀ ਦੱਲ ਬਾਦਲ ਵਲੋਂ ਸ੍ਰ ਬਲਵਿੰਦਰ ਸਿੰਘ ਭੂੰਦੜ੍ਹ, ਆਮ ਆਦਮੀ ਪਾਰਟੀ ਵਲੋਂ ਪੰਜਾਬ ਵਿਧਾਨ ਸਭਾ ਦੇ ਵਿਰੋਧੀ ਧਿਰ ਦੇ ਨੇਤਾ ਸ੍ਰ ਹਰਪਾਲ ਸਿੰਘ ਚੀਮਾ ਅਤੇ ਭਾਜਪਾ ਦੇ ਸ੍ਰ ਹਰਜੀਤ ਸਿੰਘ ਗਰੇਵਾਲ ਸ਼ਾਮਲ ਹੋਏ। ਮੀਟਿੰਗ ਵਿੱਚ ਸਾਰੀਆਂ ਪਾਰਟੀਆਂ ਨੇ ਨਿਰਣਾ ਲਿਆ ਕਿ ਜਿਸ ਪਾਸੇ ਕੇਂਦਰ ਦੀ ਸਰਕਾਰ ਜਾ ਰਹੀ ਹੈ ਇਸ ਦਾ ਮੁਕਾਬਲਾ ਕਰਨ ਲਈ ਸਾਰੀਆਂ ਪਾਰਟੀਆਂ ਨੂੰ ਇਕ ਜੁੱਟ ਹੋ ਕੇ ਲੜਾਈ ਲੜਣੀ ਪਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਪੰਜਾਬ ਦੀ ਆਰਥਿਕਤਾ ਦਾਅ ਤੇ ਲਗ ਜਾਵੇਗੀ ਤੇ ਪੰਜਾਬ ਬਰਬਾਦ ਹੋ ਜਾਵੇਗਾ। ਪਰ ਕਿਸੇ ਵੀ ਰਾਜਨੀਤਕ ਪਾਰਟੀ ਨੇ ਕਿਸਾਨ ਮੰਗਾਂ ਸਬੰਧੀ ਕੋਈ ਨੀਤੀ ਨਹੀਂ ਉਲੀਕੀ। ਜਿਸ ਦਾ ਨਤੀਜਾ ਇਹ ਹੋਇਆ ਕਿ ਕਿਸਾਨਾਂ ਨੂੰ ਪਿਛਲੇ 9 ਮਹੀਂਨਿਆਂ ਦੇ ਵਧੇਰੇ ਸਮੇਂ ਤੋਂ ਕਿਸਾਨਾਂ ਨੂੰ ਇਕਲਿਆਂ ਹੀ ਸੰਘਰਸ਼ ਲੜਣਾ ਪੈ ਰਿਹਾ ਹੈ। ਰਾਜਨੀਤਕ ਪਾਰਟੀਆਂ ਨੂੰ ਕਿਸਾਨ ਮਸਲਿਆਂ ਦਾ ਨਿਪਟਾਰਾ



**ਜੱਗ ਸਿੰਘ**
**91-94170-95965**

(ਬਾਕੀ ਅਗਲੇ ਸਫੇ 'ਤੇ)

# ਮਾਤ ਭਾਸ਼ਾ ਵਿੱਚ ਤਕਨੀਕੀ ਸਿੱਖਿਆ ਦੀ ਸ਼ੁਰੂਆਤ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ (ਏ. ਆਈ. ਸੀ. ਟੀ. ਈ.) ਨੇ ਅੰਗਰੇਜ਼ੀ ਦੇ ਨਾਲ ਹਿੰਦੀ ਸਮੇਤ ਅੱਠ ਭਾਰਤੀ ਭਾਸ਼ਾਵਾਂ ਵਿੱਚ ਇੰਜੀਨੀਅਰਿੰਗ ਪੜ੍ਹਾਉਣ ਦੀ ਪਹਿਲ ਕੀਤੀ ਅਤੇ ਇਸ ਨੂੰ ਸਰਕਾਰ ਨੇ ਮਨਜ਼ੂਰੀ ਦੇ ਦਿੱਤੀ।ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਹਿੰਦੀ, ਤਾਮਿਲ, ਤੇਲਗੂ, ਬੰਗਾਲੀ, ਮਰਾਠੀ, ਕੰਨੜ, ਮਲਿਆਲਮ ਅਤੇ ਗੁਜਰਾਤੀ ਹਨ। ਇਹ ਵੀ ਅਫ਼ਸੋਸ ਹੋਣਾ ਚਾਹੀਦਾ ਹੈ ਕਿ ਇਹ ਕੰਮ ਅਜੇ ਤੱਕ ਕਿਉਂ ਨਹੀਂ ਕੀਤਾ ਗਿਆ ਸੀ। ਇਸਦੇ ਬਹੁਤ ਸਾਰੇ ਕਾਰਨ ਹਨ, ਜਿਨ੍ਹਾਂ ਵਿਚੋਂ ਇੱਕ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਤਕਨੀਕੀ ਸਿੱਖਿਆ ਦੀਆਂ ਕਿਤਾਬਾਂ ਦੀ ਉਪਲਬਧਤਾ ਹੈ। ਮਾਤ ਭਾਸ਼ਾ ਵਿੱਚ ਸਿੱਖਿਆ ਦੀ ਯੋਜਨਾ ਨੂੰ ਮੌਜੂਦਾ ਸਰਕਾਰ ਦੀ ਨਵੀਂ ਸਿੱਖਿਆ ਨੀਤੀ ਵਿੱਚ ਹੁਲਾਰਾ ਮਿਲਿਆ ਹੈ। ਥੋੜੀ ਦੇਰ ਨਾਲ, ਪਰ ਇਹ ਪਹਿਲ ਇਕ ਸਕਾਰਾਤਮਕ ਪਹਿਲ ਹੈ, ਕਿਉਂਕਿ ਮਾਂ ਬੋਲੀ ਵਿਚ ਸਿੱਖਿਆ ਪ੍ਰਾਪਤ ਕਰਨਾ ਤੁਲਨਾਤਮਕ ਤੌਰ 'ਤੇ ਅਸਾਨ ਹੈ।

ਭਾਸ਼ਾ ਹੀ ਵਿਚਾਰਾਂ ਦੇ ਆਦਾਨ-ਪ੍ਰਦਾਨ ਦਾ ਇਕੋ ਇਕ ਸਾਧਨ ਹੈ। ਕੁਦਰਤੀ ਤੌਰ 'ਤੇ ਆਦਮੀ ਆਪਣੀ ਮਾਂ-ਬੋਲੀ ਨੂੰ ਪਹਿਲਾਂ ਪ੍ਰਾਪਤ ਕਰਦਾ ਹੈ। ਕਿਸੇ ਵੀ ਵਿਅਕਤੀ ਲਈ ਮਾਂ-ਬੋਲੀ ਸਿੱਖਣ ਤੋਂ ਬਾਅਦ, ਉਸ ਭਾਸ਼ਾ ਵਿਚ ਗ੍ਰਹਿਣ ਕਰਨ ਦੀ ਪ੍ਰਕਿਰਿਆ ਦੂਜੀਆਂ ਭਾਸ਼ਾਵਾਂ ਦੀ ਤੁਲਨਾ ਵਿਚ ਅਸਾਨ ਹੈ। ਜਦੋਂ ਅਸੀਂ ਮਾਤ ਭਾਸ਼ਾ ਵਿਚ ਚੀਜ਼ਾਂ ਸਿੱਖਦੇ ਹਾਂ, ਇਹ ਸਾਡੇ ਲਈ ਮੁਢਲਾ ਹੁੰਦਾ ਹੈ, ਕਿਉਂਕਿ ਇਸ ਲਈ ਸਾਡੇ ਦਿਮਾਗ ਨੂੰ ਅਨੁਵਾਦ ਪ੍ਰਕਿਰਿਆ ਵਿਚੋਂ ਲੰਘਣਾ ਨਹੀਂ ਪੈਂਦਾ। ਇਸਦੇ ਉਲਟ, ਜਦੋਂ ਅਸੀਂ ਮਾਤ ਭਾਸ਼ਾ ਤੋਂ ਇਲਾਵਾ ਆਪਣੀ ਸੈਕੰਡਰੀ ਜਾਂ ਤੀਜੀ ਭਾਸ਼ਾ ਵਿੱਚ ਵਿਚਾਰ ਪ੍ਰਾਪਤ ਕਰਦੇ ਹਾਂ, ਅਸੀਂ ਪਹਿਲਾਂ ਇਸਨੂੰ ਆਪਣੀ ਮਾਤ ਭਾਸ਼ਾ ਵਿੱਚ ਬਦਲਦੇ ਹਾਂ ਅਤੇ ਫਿਰ ਇਸ ਨੂੰ ਸਵੀਕਾਰਦੇ ਹਾਂ। ਇਹੀ ਕਾਰਨ ਹੈ ਕਿ ਮਾਂ ਬੋਲੀ ਵਿਚ ਦਿਮਾਗ ਦੀ ਵੱਧ ਤੋਂ ਵੱਧ ਸੰਵੇਦਨਸ਼ੀਲਤਾ ਹੁੰਦੀ ਹੈ।

ਅੱਠ ਖੇਤਰੀ ਭਾਸ਼ਾਵਾਂ ਵਿਚ ਇੰਜੀਨੀਅਰਿੰਗ ਸਿੱਖਿਆ ਬਣਾਉਣ ਲਈ ਹੁਣ ਯਤਨ ਸ਼ੁਰੂ ਹੋ ਗਏ ਹਨ, ਜਿਨ੍ਹਾਂ ਨੂੰ ਅੱਠਵੀਂ ਅਨੁਸੂਚੀ ਦੀਆਂ ਹੋਰ 11 ਭਾਰਤੀ ਭਾਸ਼ਾਵਾਂ ਵਿਚ ਵਧਾਉਣ ਦੀ ਯੋਜਨਾ ਹੈ, ਪਰ ਇਹ ਭਾਰਤੀ ਉੱਚ ਸਿੱਖਿਆ ਦਾ ਬਹੁਤ ਛੋਟਾ ਹਿੱਸਾ ਹੈ।

ਮੈਡੀਕਲ ਸਾਇੰਸ ਦੀ ਪੂਰੀ ਪੜ੍ਹਾਈ ਅੰਗਰੇਜ਼ੀ ਵਿਚ ਕੀਤੀ ਜਾਂਦੀ ਹੈ। ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ ਦੇ ਅਧੀਨ ਆਉਂਦੇ ਸਾਰੇ ਪ੍ਰਬੰਧਨ ਕੋਰਸ ਵੀ ਅੰ-ਗਰੇਜ਼ੀ ਵਿੱਚ ਕਰਵਾਏ ਜਾਂਦੇ ਹਨ। ਕਾਨੂੰਨੀ ਸਿੱਖਿਆ ਲਈ ਸਥਾਪਤ ਕੀਤੇ ਗਏ ਦੇਸ਼ ਦੇ ਨਾਮਵਰ ਕਾਨੂੰਨ ਸੰਸਥਾਵਾਂ ਵਿਚ ਅੰਗਰੇਜ਼ੀ ਹੀ ਇਕ ਮਾਧਿਅਮ ਹੈ। ਇਨ੍ਹਾਂ ਪ੍ਰਸਿੱਧ ਕੋਰਸਾਂ ਤੋਂ ਇਲਾਵਾ, ਇਹ ਹੋਟਲ ਮੈਨੇਜਮੈਂਟ, ਬਾਇਓਟੈਕਨਾਲੋਜੀ, ਫੈਸ਼ਨ ਡਿਜ਼ਾਈਨਿੰਗ ਵਰਗੇ ਕੋਰਸਾਂ ਦੀ ਭਾਸ਼ਾ ਵੀ ਹੈ। ਸਿੱਖਿਆ ਦਾ ਮਾੜਾ ਪ੍ਰਭਾਵ ਮਾਧਿਅਮ ਰਿਹਾ ਹੈ ਜਿਸ ਨੂੰ ਦੂਰ ਕਰਨ ਲਈ ਏ.ਆਈ.ਸੀ.ਟੀ.ਈ. ਨੇ ਪਹਿਲ ਕੀਤੀ ਹੈ ਅਤੇ ਸਰਕਾਰ ਨੇ ਇਸ ਦਾ ਸਮਰਥਨ ਵੀ ਕੀਤਾ ਹੈ।

ਸਾਨੂੰ ਆਪਣੀਆਂ ਸਰਕਾਰਾਂ ਤੋਂ ਮੰਗ ਕਰਨੀ ਚਾਹੀਦੀ ਹੈ ਕਿ ਇੰਜੀਨੀਅਰਿੰਗ ਤੋਂ ਇਲਾਵਾ ਹਿੰਦੀ ਸਮੇਤ ਪ੍ਰਮੁੱਖ ਖੇਤਰੀ ਭਾਸ਼ਾਵਾਂ ਵਿੱਚ ਕੋਰਸ ਕਰਵਾਏ ਜਾਣ ਤਾਂ ਜੋ ਨੌਜਵਾਨ ਕਿਸੇ ਵੀ ਕਿਸਮ ਦੇ ਤਕਨੀਕੀ ਅਤੇ ਕਿਸੇ ਹੋਰ ਵਿਦਿਅਕ ਖੇਤਰ ਦੀ ਚੋਣ ਕਰਨ ਤੋਂ ਪਹਿਲਾਂ ਭਾਸ਼ਾ ਦੀ ਮਜਬੂਰੀ ਨਾ ਮਹਿਸੂਸ ਕਰਨ।

# ਇਵੈਂਟ ਮੈਨੇਜਮੈਂਟ ਵਿਚ ਕੈਰੀਅਰ ਦੇ ਕਿਹੜੇ- ਕਿਹੜੇ ਮੌਕੇ ਹਨ?

ਇਵੈਂਟ ਪ੍ਰਬੰਧਨ ਵੱਡੇ ਪੱਧਰ 'ਤੇ ਸਮਾਗਮਾਂ ਜਿਵੇਂ ਕਿ ਸਮਾਰੋਹ, ਕਾਨਫਰੰਸਾਂ, ਵਿਆਹ, ਰਸਮੀ ਪਾਰਟੀਆਂ ਅਤੇ ਇਸ ਤਰਾਂ ਦੇ ਵਿਕਾਸ ਵਿਚ ਪ੍ਰੋਜੈਕਟ ਪ੍ਰਬੰਧਨ ਸਿਧਾਂਤਾਂ ਦੇ ਲਾਗੂ ਹੋਣ ਦਾ ਹਵਾਲਾ ਦਿੰਦਾ ਹੈ। ਅਧਿਐਨ ਦੇ ਇਸ ਕੋਰਸ ਨੇ ਪੇਸ਼ੇ ਦੀ ਵਧਦੀ ਸਵੀਕ੍ਰਿਤੀ ਅਤੇ ਇਸਦੀ ਵੱਧਦੀ ਲੋਕਪ੍ਰਿਅਤਾ ਦੇ ਕਾਰਨ ਪਿਛਲੇ ਕੁਝ ਦਹਾਕਿਆਂ ਵਿਚ ਗਤੀ ਵਧਾ ਦਿੱਤੀ ਹੈ। ਉਹਨਾਂ ਵਿਦਿਆਰਥੀਆਂ ਲਈ ਜੋ ਇਵੈਂਟ ਪ੍ਰਬੰਧਨ ਵਿੱਚ ਇੱਕ ਕੋਰਸ ਕਰਨ ਦੀ ਯੋਜਨਾ ਬਣਾ ਰਹੇ ਹਨ, ਇਹ ਸਮਝਣ ਵਿੱਚ ਤੁਹਾਡੀ ਮਦਦ ਕਰਨ ਲਈ ਇਹ ਲੇਖ ਹੈ ਕਿ ਇਹ ਤੁਹਾਡੇ ਲਈ ਸਹੀ ਚੋਣ ਹੈ। ਸਟੋਰ ਵਿੱਚ ਕੈਰੀਅਰ ਦੇ ਮੌਕਿਆਂ ਦੀ ਇੱਕ ਸੂਚੀ ਹੈ ਜੋ ਤੁਸੀਂ ਕੋਰਸ ਪੂਰਾ ਕਰਨ ਤੋਂ ਬਾਅਦ ਚੁਣ ਸਕਦੇ ਹੋ.

**ਘਟਨਾ ਪ੍ਰਬੰਧਨ ਦਾ ਅਧਿਐਨ ਕਿਉਂ?**

ਕਿਸਮਾਂ ਨੂੰ ਜੋੜਦਾ ਹੈ: ਇਵੈਂਟ ਪ੍ਰਬੰਧਨ ਪੇਸ਼ੇ ਕਈ ਤਰ੍ਹਾਂ ਨਾਲ ਭਰੇ ਹੋਏ ਹਨ। ਇੱਕ ਦਿਨ ਤੁਸੀਂ ਇੱਕ ਬੀਚ-ਸਰੂਪ ਵਿਆਹ ਦੀ ਯੋਜਨਾ ਬਣਾ ਰਹੇ ਹੋ ਅਤੇ ਦੂਜੇ ਦਿਨ ਤੁਸੀਂ ਇੱਕ ਪੇਸ਼ੇਵਰ ਕਾਨਫਰੰਸ ਕਰ ਸਕਦੇ ਹੋ।

ਪੇਸ਼ੇ ਦੀ ਇਸ ਲਾਈਨ ਬਾਰੇ ਸਭ ਤੋਂ ਵਧੀਆ ਚੀਜ਼ਾਂ ਇਹ ਹਨ ਕਿ ਤੁਸੀਂ ਫੈਸਲਾ ਕਰ ਸਕਦੇ ਹੋ ਕਿ ਤੁਹਾਡੇ ਕੰਮ ਦੀ ਗੁੰਜਾਇਸ਼ ਕਿੰਨੀ ਸੌਖੀ ਜਾਂ ਚੌੜੀ ਹੋਣੀ ਚਾਹੀਦੀ ਹੈ, ਤੁਹਾਨੂੰ ਪਸੰਦ ਦੀ ਆਜ਼ਾਦੀ ਦੇ ਕੇ।

ਘਰ ਜਾਂ ਘਰ ਵਿਚ ਕੰਮ-ਕਾਜ: ਇਕ ਇਵੈਂਟ ਪ੍ਰਬੰਧਨ ਪੇਸ਼ੇਵਰ ਹੋਣ ਨਾਲ ਤੁਹਾਨੂੰ ਅਜ਼ਾਦ ਹੋਣ, ਆਪਣਾ ਕਾਰੋਬਾਰ ਸ਼ੁਰੂ ਕਰਨ ਜਾਂ ਕਿਸੇ ਏਜੰਸੀ ਵਿਚ ਸ਼ਾਮਲ ਹੋਣ ਦੀ ਸਹੂਲਤ ਮਿਲਦੀ ਹੈ। ਹਰ ਇਕ ਸਮਾਨਤਾ ਤੁਹਾਨੂੰ ਰੋਮਾਂਚਕ ਅਵਸਰ ਪ੍ਰਦਾਨ ਕਰਦਾ ਹੈ ਜੋ ਤੁਹਾਡੇ ਕੈਰੀਅਰ ਨੂੰ ਵਧਾਉਣ ਵਿਚ ਤੁਹਾਡੀ ਮਦਦ ਕਰ ਸਕਦਾ ਹੈ।

ਇਹ ਤੁਹਾਨੂੰ ਜਗ੍ਹਾ ਲੈ ਜਾ ਸਕਦਾ ਹੈ: ਕੈਰੀਅਰ ਦੀ ਇਹ ਲਾਈਨ ਇਸ ਸਥਿਤੀ ਵਿਚ ਬਹੁਤ ਜ਼ਿਆਦਾ ਪਰਭਾਵੀ ਹੈ ਜਿੱਥੇ ਤੁਸੀਂ ਇਸ ਦਾ ਅਭਿਆਸ ਕਰ ਸਕਦੇ ਹੋ। ਜੇ ਤੁਹਾਡੇ ਕੈਰੀਅਰ ਦੇ ਕਿਸੇ ਵੀ ਬਿੰਦੂ 'ਤੇ ਤੁਸੀਂ ਯਾਤਰਾ ਅਤੇ ਕੰਮ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਬੱਸ ਆਪਣੇ ਬੈਗ ਪੈਕ ਕਰ ਸਕਦੇ ਹੋ ਅਤੇ ਆਪਣੀ ਯਾਤਰਾ' ਤੇ ਤੈਅ ਕਰ ਸਕਦੇ ਹੋ। ਇਵੈਂਟ ਪ੍ਰਬੰਧਨ ਦਾ ਵਿਸ਼ਵ ਦੇ ਸਾਰੇ ਹਿੱਸਿਆਂ ਵਿੱਚ ਸਵਾਗਤ ਕੀਤਾ ਜਾਂਦਾ ਹੈ, ਕਿਉਂਕਿ ਹੈਲੋ, ਘਟਨਾਵਾਂ ਹਰ ਜਗ੍ਹਾ ਹੁੰਦੀਆਂ ਹਨ!

**ਦਿਲਚਸਪ ਕੈਰੀਅਰ:** ਜੇ ਤੁਸੀਂ ਉਹ ਵਿਅਕਤੀ ਹੋ ਜੋ ਚੁਣੌਤੀਆਂ ਅਤੇ ਨਵੀਨਤਾ ਨੂੰ ਪਸੰਦ ਕਰਦਾ ਹੈ, ਤਾਂ ਇਹ ਤੁਹਾਡੇ ਲਈ ਕੈਰੀਅਰ ਹੈ। ਇਹ ਤੁਹਾਨੂੰ ਨਵੇਂ ਅਵਸਰ ਲੱਭਣ, ਤੁਹਾਡੇ ਹੁਨਰਾਂ ਨੂੰ ਵਧਾਉਣ ਅਤੇ ਤੁਹਾਡੇ ਗ੍ਰੈਸੈੱਲਾਂ ਦਾ ਅਭਿਆਸ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ। ਤੁਸੀਂ ਵਿਲੱਖਣ ਅਤੇ ਸੁੰਦਰ ਘਟਨਾਵਾਂ ਬਣਾਉਣ ਲਈ ਆਪਣੀ ਕਲਪਨਾ ਨੂੰ ਕੰਮ ਤੇ ਲਗਾ ਸਕਦੇ ਹੋ।

ਆਪਣੇ ਲੋਕਾਂ ਦੇ ਹੁਨਰਾਂ ਨੂੰ ਵਧਾਉਂਦਾ ਹੈ: ਇਸ ਤਰ੍ਹਾਂ ਦੀ ਨੌਕਰੀ ਵਿਚ, ਇਹ ਜ਼ਰੂਰੀ ਹੈ ਕਿ ਤੁਸੀਂ ਰੋਜ਼ਾਨਾ ਲੋਕਾਂ ਨਾਲ ਗੱਲਬਾਤ ਕਰੋ, ਭਾਵੇਂ ਇਹ ਤੁਹਾਡੇ ਗਾਹਕ, ਸਹਿਕਰਮੀ ਜਾਂ ਅਧੀਨ ਹੋਣ। ਇਹ ਤੁਹਾਨੂੰ ਤੁਹਾਡੇ ਲੋਕਾਂ ਦੇ ਹੁਨਰਾਂ ਦੇ ਨਾਲ ਨਾਲ ਸੰਚਾਰ ਹੁਨਰ ਨੂੰ ਸੁਧਾਰਨ ਲਈ ਇੱਕ ਪਲੇਟਫਾਰਮ ਦਿੰਦਾ ਹੈ। ਇਹ ਇਕ ਜਿੱਤ ਦੀ ਸਥਿਤੀ ਹੈ।

**ਪ੍ਰੋਗਰਾਮ ਪ੍ਰਬੰਧਨ ਵਿਚ ਆਪਣਾ ਕੈਰੀਅਰ ਸ਼ੁਰ ਕਰਨ ਲਈ ਤੁਹਾਨੂੰ ਕਿਹੜੇ ਹੁਨਰਾਂ ਦੀ ਜ਼ਰੂਰਤ ਹੈ?**

**ਨੈੱਟਵਰਕਿੰਗ ਕੁਸ਼ਲਤਾ:** ਘਟਨਾ ਪ੍ਰਬੰਧਨ ਇੱਕ ਲੋਕ-ਸੰਚਾਲਿਤ ਉਦਯੋਗ ਹੈ ਅਤੇ ਮੁੱਖ ਤੌਰ ਤੇ ਪੇਸ਼ੇਵਰ ਸੰਬੰਧਾਂ 'ਤੇ ਨਿਰਭਰ ਕਰਦਾ ਹੈ। ਇਸ ਲਈ, ਇਸ ਉਦਯੋਗ ਦੇ ਪੇਸ਼ੇਵਰਾਂ ਲਈ ਪ੍ਰੋਗਰਾਮ ਯੋਜਨਾ ਪੇਸ਼ੇਵਰਾਂ ਦੇ ਵਿਭਿੰਨ ਸਮੂਹ ਦੇ ਨਾਲ ਇੱਕ ਮਜ਼ਬੂਤ ਨੈਟਵਰਕ ਬਣਾਉਣ ਲਈ ਇਹ ਜ਼ਰੂਰੀ ਹੈ। ਦਰਅਸਲ, ਤੁਹਾਡਾ ਪੇਸ਼ੇਵਰ ਨੈਟਵਰਕ ਸੰਭਾਵਤ ਕਾਰੋਬਾਰੀ ਲੀਡ ਲੱਭਣ ਵਿੱਚ ਤੁਹਾਡੀ ਮਦਦ ਵੀ ਕਰ ਸਕਦਾ ਹੈ। ਨੈੱਟਵਰਕਿੰਗ ਸ਼ੁਰੂ ਕਰਨ ਦਾ ਇੱਕ ਵਧੀਆ ਢੰਗ ਹੈ ਉਦਯੋਗ ਦੇ ਸਮਾਗਮਾਂ ਅਤੇ ਕਾਨਫਰੰਸਾਂ ਵਿੱਚ ਸ਼ਾਮਲ ਹੋਣਾ। ਤੁਸੀਂ ਵਿਸ਼ਵ ਭਰ ਦੇ ਇਵੈਂਟ ਪ੍ਰਬੰਧਨ ਪੇਸ਼ੇਵਰਾਂ ਨਾਲ ਜੁੜਨ ਲਈ ਵਰਚੁਅਲ ਨੈਟਵਰਕਿੰਗ ਤੇ ਆਪਣੇ ਹੱਥ ਅਜ਼ਮਾ ਸਕਦੇ ਹੋ।

**ਜੱਥੇਬੰਦਕ ਹੁਨਰ:** ਉਹ ਲੋਕ ਜੋ ਇਸ ਕੈਰੀਅਰ ਦੇ ਵਿਕਲਪ ਦੀ ਚੋਣ ਕਰਦੇ ਹਨ ਉਹਨਾਂ ਵਿੱਚ ਅਯੋਗ ਸੰਗਠਨਾਤਮਕ ਹੁਨਰ ਹੋਣੇ ਚਾਹੀਦੇ ਹਨ ਕਿਉਂਕਿ ਉਹਨਾਂ ਨੂੰ ਕਈ ਕਾਰਜਾਂ ਦੇ ਨਿਯੰਤਰਣ ਵਿੱਚ ਰੱਖਣਾ ਹੁੰਦਾ ਹੈ। ਕਲਾਇੰਟ ਮੀਟਿੰਗਾਂ ਤੋਂ ਲੈ ਕੇ ਬਜਟ ਤੱਕ, ਪ੍ਰੋਗਰਾਮ ਪ੍ਰਬੰਧਕਾਂ ਨੇ ਆਪਣੇ ਪੈਰਾਂ ਦੀਆਂ ਉਂਗਲਾਂ ਨੂੰ ਚੀਜ਼ਾਂ ਦੀ ਇੱਕ ਲੜੀ ਵਿੱਚ ਡੋਬ ਦਿੱਤਾ। ਇਸ ਲਈ, ਸੰਗਠਨਾਤਮਕ ਹੁਨਰ ਘਟਨਾ ਪ੍ਰਬੰਧਨ ਵਿਚ ਆਪਣਾ ਕਰੀਅਰ ਸ਼ੁਰੂ ਕਰਨ ਲਈ ਲੋੜੀਂਦੀਆਂ ਹੁਨਰਾਂ ਦੀ ਸੂਚੀ ਵਿਚ ਸਭ ਤੋਂ ਉਪਰ ਹਨ।

**ਰਚਨਾਤਮਕਤਾ ਕੁੰਜੀ ਹੈ:** ਉਹ ਲੋਕ ਜੋ ਇਸ ਖੇਤਰ ਵਿੱਚ ਕੰਮ ਕਰਦੇ ਹਨ ਉਹਨਾਂ ਕੋਲ ਅਤਿ ਵਿਚਾਰ ਹੋਣੇ ਚਾਹੀਦੇ ਹਨ ਤਾਂ ਜੋ ਉਹ ਜੋ ਸਮਾਗਮਾਂ ਦਾ ਪ੍ਰਬੰਧ ਕਰਦੇ ਹਨ ਉਹਨਾਂ ਵਿੱਚ ਵਿਲੱਖਣਤਾ ਦਾ ਰੰਗ ਬਣ ਸਕੇ। ਦਿਮਾਗੀ ਤੱਤ ਜ਼ਰੂਰੀ ਹੈ ਜਦੋਂ ਇਹ ਰਚਨਾਤਮਕ ਕਰੀਅਰ ਦੀ ਗੱਲ ਆਉਂਦੀ ਹੈ, ਇਸ ਲਈ, ਤੁਹਾਨੂੰ ਆਪਣੀ ਟੀਮ ਦੇ ਹੋਰਨਾਂ ਸਦੱਸਿਆਂ ਨਾਲ ਤਾਲਮੇਲ ਬਣਾਉਣਾ ਚਾਹੀਦਾ ਹੈ ਤਾਂ ਕਿ ਵਧੀਆ ਡਿਜ਼ਾਇਨ, ਥੀਮ ਅਤੇ ਸਜਾਵਟ ਆਉਣ। ਤੁਹਾਨੂੰ ਵਰਤਮਾਨ ਰੁਝਾਨਾਂ ਨਾਲ ਨਵੀਨਤਮ ਹੋਣਾ ਚਾਹੀਦਾ ਹੈ ਅਤੇ ਉਸ ਅਨੁਸਾਰ ਆਪਣੀਆਂ ਯੋਜਨਾਵਾਂ ਨੂੰ ਸੰਸ਼ੋਧਿਤ ਕਰਨਾ ਚਾਹੀਦਾ ਹੈ।

**ਅਨੁਕੂਲਤਾ:** ਨਿਰੰਤਰ ਬਦਲ ਰਹੀ ਦੁਨੀਆ ਵਿੱਚ, ਇਹ ਲਾਜ਼ਮੀ ਹੈ ਕਿ ਤੁਸੀਂ ਆਪਣੇ ਕਾਰੋਬਾਰੀ ਦ੍ਰਿਸ਼ਟੀਕੋਣ ਨੂੰ ਵੀ ਬਦਲੋ। ਇਸ ਤੋਂ ਇਲਾਵਾ, ਅਨੁਕੂਲ ਬਣਨ ਨਾਲ ਤੁਹਾਨੂੰ ਬੇਮਿਸਾਲ ਹਾਲਤਾਂ ਨੂੰ ਸੰਭਾਲਣ ਲਈ ਲੋੜੀਂਦੇ ਹੁਨਰ ਮਿਲਦੇ ਹਨ।

ਜਦੋਂ ਇਸ ਕਾਰੋਬਾਰ ਵਿਚ ਹੁੰਦੇ ਹੋ, ਤੁਹਾਨੂੰ ਹਮੇਸ਼ਾ "ਪ੍ਰਵਾਹ ਦੇ ਨਾਲ ਜਾਓ" ਰਵੱਈਏ ਨੂੰ ਅਪਣਾਉਣਾ ਚਾਹੀਦਾ ਹੈ। ਇਹ ਤੁਹਾਨੂੰ ਚੁਣੌਤੀਆਂ 'ਤੇ ਕਾਬੂ ਪਾਉਣ ਦਾ ਭਰੋਸਾ ਦੇਵੇਗਾ, ਜੇ ਅਤੇ ਉਹ ਕਦੋਂ ਆਉਂਦੇ ਹਨ।

**ਨਿਗਰਾਨੀ ਦੇ ਹੁਨਰ:** ਇੱਕ ਇਵੈਂਟ ਪ੍ਰਬੰਧਨ ਪੇਸ਼ੇਵਰ ਹੋਣ ਦੇ ਨਾਤੇ, ਤੁਹਾਡੇ ਕੋਲ ਬਿਹਤਰ ਨਿਗਰਾਨੀ ਸੰਬੰਧੀ ਹੁਨਰ ਅਤੇ ਵੇਰਵਿਆਂ ਲਈ ਡੂੰਘੀ ਅੱਖ ਹੋਣੀ ਚਾਹੀਦੀ ਹੈ। ਇਹ ਨਾ ਸਿਰਫ ਤੁਹਾਡੇ ਸੰਗਠਨਾਤਮਕ ਹੁਨਰਾਂ ਨੂੰ ਧਿਆਨ ਵਿਚ ਰੱਖਣ ਵਿਚ ਸਹਾਇਤਾ ਕਰਦਾ ਹੈ ਬਲਕਿ ਇਹ ਸੁਨਿਸ਼ਚਿਤ ਕਰਦਾ ਹੈ ਕਿ ਜਦੋਂ ਵੀ ਤੁਸੀਂ ਇਸ ਤੋਂ ਪਾਰ ਆਉਂਦੇ ਹੋ ਤਾਂ ਆਮ ਕੁਝ ਵੀ ਤੁਹਾਡੀ ਅੱਖ ਨੂੰ ਪਕੜ ਲੈਂਦਾ ਹੈ। ਇਹ ਤੁਹਾਨੂੰ ਸੁਚੇਤ ਰੱਖਦਾ ਹੈ ਅਤੇ ਚੁਣੌਤੀਆਂ ਨਾਲ ਸਿੱਝਣ ਵਿਚ ਤੁਹਾਡੀ ਮਦਦ ਕਰਦਾ ਹੈ।

**ਪ੍ਰੋਗਰਾਮ ਪ੍ਰਬੰਧਨ ਵਿਚ ਕੈਰੀਅਰ ਦੇ ਮੌਕੇ**

**ਇਵੈਂਟ ਮੈਨੇਜਰ:** ਇਵੈਂਟ ਮੈਨੇਜਰ ਸੰਕਲਪ ਤੋਂ ਸਫਾਈ ਤਕ ਦੇ ਕੰਮਾਂ ਲਈ ਜ਼ੰਮੇਵਾਰ ਹਨ। ਉਹਨਾਂ ਦੀਆਂ ਨੌਕਰੀਆਂ ਦੀਆਂ ਜ਼ੰਮੇਵਾਰੀਆਂ ਵਿੱਚ ਗ੍ਰਾਹਕਾਂ ਨੂੰ ਸੌਂਪਣਾ, ਗ੍ਰਾਹਕਾਂ ਦੇ ਨਾਲ ਪ੍ਰੋਗਰਾਮ ਦੀ ਯੋਜਨਾ ਬਣਾਉਣਾ ਅਤੇ ਟੀਮ ਦੇ ਇੰਪੁੱਟ ਅਤੇ ਸਥਾਨਾਂ, ਭੋਜਨ ਅਤੇ ਸਟਾਫ ਦੀ ਬੁਕਿੰਗ ਦੀ ਦੇਖਭਾਲ ਕਰਨਾ ਸ਼ਾਮਲ ਹੁੰਦੇ ਹਨ।

**ਸਥਾਨ ਪ੍ਰਬੰਧਕ:** ਸਥਾਨ ਦੇ ਪ੍ਰਬੰਧਕ ਹੋਣ ਦੇ ਨਾਤੇ, ਤੁਸੀਂ ਘਟਨਾ ਸਥਾਨ ਦੇ ਸਾਰੇ ਕਾਰਜਾਂ ਜਿਵੇਂ ਕਿ ਸਟਾਫ ਪ੍ਰਬੰਧਨ ਦੀ ਨਿਗਰਾਨੀ, ਸਾਰੀਆਂ ਪ੍ਰਕਿਰਿਆਵਾਂ ਦੀ ਨਿਗਰਾਨੀ ਕਰਨ ਅਤੇ ਘਟਨਾ ਦੇ ਦੌਰਾਨ ਪੈਦਾ ਹੋਣ ਵਾਲੀਆਂ ਮੁਸ਼ਕਲਾਂ ਨੂੰ ਸੰਭਾਲਣ ਲਈ ਜ਼ੰਮੇਵਾਰ ਹੋਵੋਗੇ।

**ਕੇਟਰਿੰਗ ਸਰਵਿਸਿਜ਼ ਮੈਨੇਜਰ:** ਕੇਟਰਿੰਗ ਮੈਨੇਜਰ ਦੀ ਨੌਕਰੀ ਦੀ ਭੂਮਿਕਾ ਵਿਚ ਜ਼ੰਮੇਵਾਰੀਆਂ ਸ਼ਾਮਲ ਹੁੰਦੀਆਂ ਹਨ ਜਿਵੇਂ ਰੋਜ਼ਾਨਾ ਖਾਣ ਪੀਣ ਦੀਆਂ ਸੇਵਾਵਾਂ ਦੀ ਨਿਗਰਾਨੀ ਕਰਨਾ, ਭੋਜਨ ਦੀ ਗੁਣਵੱਤਾ ਦੀ ਨਿਗਰਾਨੀ ਕਰਨਾ ਅਤੇ ਸ਼ੈੱਫਾਂ ਦੀ ਟੀਮ ਦੀ ਅਗਵਾਈ ਕਰਨਾ। ਉਹ ਇਹ ਸੁਨਿਸ਼ਚਿਤ ਕਰਨ ਲਈ ਵੀ ਜ਼ੰਮੇਵਾਰ ਹਨ ਕਿ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਸਾਰੇ ਆਉਟਲੈਟ ਵਧੀਆ ਪ੍ਰਦਰਸ਼ਨ ਕਰਦੇ ਹਨ।

**ਸੋਸ਼ਲ ਮੀਡੀਆ ਈਵੈਂਟ ਕੋਆਰਡੀਨੇਟਰ:** ਸੋਸ਼ਲ ਮੀਡੀਆ ਦਾ ਪ੍ਰਭਾਵ ਪਿਛਲੇ ਕੁਝ ਦਹਾਕਿਆਂ ਤੋਂ ਸਖਤ ਰਿਹਾ ਹੈ। ਇਸ ਨੇ ਮਾਰਕੀਟਿੰਗ ਤੋਂ ਲੈ ਕੇ ਈਵੈਂਟਸ ਤੱਕ ਸ਼ੁਰੂ ਕਰਦਿਆਂ, ਬਹੁਤ ਸਾਰੇ ਉਦਯੋਗਾਂ ਵਿੱਚ ਆਪਣੇ ਖੰਭ ਫੈਲਾਏ ਹਨ। ਸੋਸ਼ਲ ਮੀਡੀਆ ਈਵੈਂਟ ਕੋਆਰਡੀਨੇਟਰ ਦੀਆਂ ਨੌਕਰੀਆਂ ਦੀਆਂ ਜ਼ਿੰਮੇਵਾਰੀਆਂ ਵਿੱਚ ਇਵੈਂਟਾਂ ਨੂੰ ਆਨਲਾਈਨ ਉਤਸ਼ਾਹਿਤ ਕਰਨਾ, ਵਿਲੱਖਣ ਹੈਸ਼ਟੈਗਸ ਬਣਾਉਣਾ, ਡਿਜੀਟਲ ਮੁਹਿੰਮਾਂ ਨੂੰ ਡਿਜ਼ਾਈਨ ਕਰਨਾ ਅਤੇ ਲਾਈਵ ਫੀਡਸ ਸ਼ਾਮਲ ਕਰਨਾ ਸ਼ਾਮਲ ਹੁੰਦੇ ਹਨ ਤਾਂ ਜੋ ਪ੍ਰੋਗਰਾਮ ਵੱਲ ਵਧੇਰੇ ਧਿਆਨ ਦਿੱਤਾ ਜਾ ਸਕੇ।

**ਵਿਆਹ ਯੋਜਨਾਕਾਰ:** ਜਦੋਂ ਇੱਕ ਜੋੜਾ ਬੰਨ੍ਹਣ ਦਾ ਫੈਸਲਾ ਕਰਦਾ ਹੈ, ਤਾਂ ਉਹ ਇਹ ਸੁਨਿਸ਼ਚਿਤ ਕਰਨਾ ਚਾਹੁੰਦੇ ਹਨ ਕਿ ਵੱਡਾ ਦਿਨ ਬਿਨਾਂ ਕਿਸੇ ਹਿਚਕ ਦੇ ਚਲਦਾ ਹੈ। ਇਸ ਲਈ, ਉਦਯੋਗ ਪੇਸ਼ੇਵਰਾਂ ਨੂੰ ਰੱਖਣਾ ਵਧੀਆ ਹੈ ਜੋ ਵਿਆਹ ਦੀਆਂ ਯੋਜਨਾਵਾਂ ਨੂੰ ਅੰਦਰ ਜਾਣਦੇ ਹਨ। ਵਿਆਹ ਯੋਜਨਾਕਾਰ ਦੀ ਨੌਕਰੀ ਦੀਆਂ ਜ਼ੰਮੇਵਾਰੀਆਂ ਵਿੱਚ ਵਿਆਹ ਦੇ ਪਹਿਰਾਵੇ ਤੋਂ ਲੈ ਕੇ ਸਾਊਂਡ ਸਿਸਟਮ ਤੱਕ ਹਰ ਚੀਜ ਨੂੰ ਸੰਭਾਲਣਾ, ਗਾਹਕਾਂ ਨੂੰ ਉਨ੍ਹਾਂ ਦੇ ਬਜਟ ਅਤੇ ਉਮੀਦਾਂ ਅਨੁਸਾਰ ਕਾਲ ਕਰਨ ਵਿੱਚ ਮਦਦ ਕਰਨਾ ਅਤੇ ਘਟਨਾ ਦੀਆਂ ਸਾਰੀਆਂ ਨਿੰਦਿਆਂ ਦੀ ਨਿਗਰਾਨੀ ਕਰਨਾ ਸ਼ਾਮਲ ਹੈ।

**ਮਾਰਕੀਟਿੰਗ ਜਾਂ ਸੰਚਾਰ ਪ੍ਰਬੰਧਕ:** ਯਾਦ ਰੱਖੋ ਕਿ ਅਸੀਂ ਇਸ ਲੇਖ ਵਿਚ ਪਹਿਲਾਂ ਕਿਸੇ ਕੰਪਨੀ ਵਿਚ ਘਰ-ਘਰ ਕੰਮ ਕਰਨ ਬਾਰੇ ਕਿਵੇਂ ਗੱਲ ਕੀਤੀ ਸੀ? ਖੈਰ, ਇੱਕ ਇਵੈਂਟ ਮੈਨੇਜਮੈਂਟ ਗ੍ਰੈਜੂਏਟ ਹੋਣ ਦੇ ਨਾਤੇ, ਤੁਸੀਂ ਇੱਕ ਅੱਧ-ਆਕਾਰ ਜਾਂ ਵੱਡੇ ਆਕਾਰ ਦੇ ਸੰਗਠਨ ਵਿੱਚ ਇੱਕ ਮਾਰਕੀਟਿੰਗ ਜਾਂ ਸੰਚਾਰ ਪ੍ਰਬੰਧਕ ਦੀ ਨੌਕਰੀ ਲੈ ਸਕਦੇ ਹੋ। ਜੇ ਤੁਸੀਂ ਇਸ ਭੂਮਿਕਾ ਨੂੰ ਅਪਣਾਉਂਦੇ ਹੋ, ਤਾਂ ਤੁਸੀਂ ਕੰਪਨੀ ਦੇ ਉਤਪਾਦਾਂ ਅਤੇ ਸੇਵਾਵਾਂ ਲਈ ਪ੍ਰਚਾਰ ਪ੍ਰੋਗਰਾਮਾਂ ਦੇ ਆਯੋਜਨ ਲਈ ਜ਼ਿੰਮੇਵਾਰ ਹੋਵੋਗੇ।

ਹਾਲਾਂਕਿ, ਇਹ ਵੱਖੋ ਵੱਖਰੀਆਂ ਜ਼ੰਮੇਵਾਰੀਆਂ ਵਿੱਚੋਂ ਇੱਕ ਹੋਵੇਗਾ ਜੋ ਤੁਹਾਨੂੰ ਇੱਕ ਸੰਚਾਰ ਪ੍ਰਬੰਧਕ ਵਜੋਂ ਪੂਰਾ ਕਰਨਾ ਪਏਗਾ। ਇਸ ਲਈ, ਤੁਹਾਨੂੰ ਇਸ ਯੋਗਤਾ ਦੀ ਭੂਮਿਕਾ ਨਾਲ ਇਨਸਾਫ ਕਰਨ ਲਈ ਪ੍ਰੋਗਰਾਮ ਦੀ ਯੋਜਨਾ ਤੋਂ ਇਲਾਵਾ ਹੋਰ ਹੁਨਰਾਂ ਨਾਲ ਲੈਸ ਹੋਣਾ ਚਾਹੀਦਾ ਹੈ।

**ਸਟਾਫ ਕੋਆਰਡੀਨੇਟਰ:** ਜੇ ਤੁਸੀਂ ਕੈਰੀਅਰ ਦੇ ਤੌਰ ਤੇ ਈਵੈਂਟ ਮੈਨੇਜਮੈਂਟ ਦੀ ਪੈਰਵੀ ਕਰਦੇ ਹੋ, ਤਾਂ ਤੁਸੀਂ ਸਟਾਫ ਕੋਆਰਡੀਨੇਟਰ ਵਜੋਂ ਵੀ ਕੰਮ ਕਰ ਸਕਦੇ ਹੋ। ਇੱਕ ਸਟਾਫ ਕੋਆਰਡੀਨੇਟਰ ਦੀਆਂ ਵੱਡੀਆਂ ਜ਼ਿੰਮੇਵਾਰੀਆਂ ਵਿੱਚ ਸ਼ਾਮਲ ਹਨ ਸਟਾਫ ਨਾਲ ਸਬੰਧਤ ਸਟਾਫ ਨਾਲ ਸਬੰਧਤ ਲੌਜਿਸਟਿਕਸ ਦੀ ਦੇਖਭਾਲ ਕਰਨਾ, ਉਤਪਾਦਕਤਾ ਵਧਾਉਣ ਲਈ ਉਨ੍ਹਾਂ ਨੂੰ ਉਤਸ਼ਾਹਤ ਕਰਨਾ ਅਤੇ ਸਮਾਗਮ ਦੀ ਜ਼ਰੂਰਤ ਅਨੁਸਾਰ ਕਰਮਚਾਰੀਆਂ ਨੂੰ ਸਿਖਲਾਈ ਦੇਣ ਦਾ ਕੰਮ ਲੈਣਾ।

# ਖੇਤੀ ਮੰਤਰੀ , ਕਿਸਾਨਾਂ ਨੂੰ ਕਾਲੇ ਕਾਨੂੰਨਾਂ ਸਬੰਧੀ ਠੋਸ ਸਬੂਤ ਦੇਣ ਦਾ ਬਿਆਨ ਦੇ ਕੇ ਆਪਣੀ ਅਕਲ ਦਾ ਜਨਾਜਾ ਨਾ ਕੱਢਣ!

(ਸਫਾ 22 ਦੀ ਬਾਕੀ)

ਕਰਨ ਕੋਈ ਕਾਰਵਾਈ ਨਹੀਂ ਕੀਤੀ ਉਹਨਾਂ ਦਾ ਸਾਰਾ ਧਿਆਨ 2022 ਦੀਆਂ ਵਿਧਾਨ ਸਭਾ ਚੋਣਾਂ ਨੂੰ ਕੇਂਦਰਿਤ ਕਰਨ ਵੱਲ ਲਗਾ ਹੋਇਆ ਹੈ। ਕਿਸਾਨਾਂ ਨਾਲ ਦਿੱਲੀ ਹਮਦਰਦੀ ਨਾ ਹੋਣ ਕਰਕੇ ਸਾਰੀਆਂ ਰਵਾਇਤਨ ਪਾਰਟੀਆਂ ਦੇ ਸਾਹਮਣੇ ਕਿਸਾਨਾਂ ਦੇ ਬਿੱਲ, ਆਰਡੀਨੈਂਸ ਸਰਕਾਰ ਪਾਸ ਕਰਦੀ ਰਹੀ ਪਰ ਵਿਰੋਧੀ ਪਾਰਟੀਆਂ ਸਭ ਕੁਝ ਮੂਕ ਦਰਸ਼ਕ ਪਾਰਟੀ ਬਣ ਕੇ ਇਹ ਕੁਝ ਹੁੰਦਾ ਵੇਖਦੀਆਂ ਰਹੀਆਂ ਇਸ ਵਿੱਚ ਉਹ ਪਾਰਟੀਆਂ ਵੀ ਸ਼ਾਮਲ ਦਸੀਆਂ ਜਾਂਦੀਆਂ ਹਨ ਜਿਨਾਂ ਨੇ ਆਪਣੇ ਨਾਲ ਇਹ ਫੱਟਾ ਲਗਾ ਰਖਿਆ ਹੈ ਕਿ ਉਹ ਕਿਸਾਨਾਂ ਦੀ ਅਸਲੀ ਪਾਰਟੀ ਤੇ ਹਮਾਇਤੀ ਹਨ। ਉਹ ਵੀ ਇਸ ਹਮਾਮ ਵਿੱਚ ਜੰਨਤਾ ਸਾਹਮਣੇ ਨੰਗੇ ਹੋ ਗਏ ਹਨ । ਉਸ ਪਾਰਟੀ ਦਾ ਚਿਹਰਾ ਮੋਹਰਾ ਉਦੋਂ ਵੀ ਲੋਕਾਂ ਨੇ ਵੇਖ ਲਿਆ ਸੀ ਜਦੋਂ ਉਹ ਚੈਨਲਾਂ ਤੇ ਵੱਡੇ ਵੱਡੇ ਬਿਆਨ ਦੇਂਦੇ ਨਹੀਂ ਸਨ ਥੱਕਦੇ ਕਿ ਇਹ ਬਿਲ ਜਿਨਾਂ ਨੂੰ ਕਿਸਾਨ ਆਪਣੇ ਵਿਰੁੱਧ ਸਮਝਦੇ ਹੋਏ ਰੱਦ ਕਰਨ ਦੀ ਲੜਾਈ ਲੜ੍ਹ ਰਹੇ ਸਨ ਉਸ ਸਮੇਂ ਕਿਸਾਨਾਂ ਦੀ ਕਹੀ ਜਾਂਦੀ ਇਸ ਪਾਰਟੀ ਦੇ ਕੇਂਦਰੀ ਵਜੀਰ ਬੀਬੀ ਹਰਸਿਮਰਤ ਕੌਰ ਬਾਦਲ ਸਮੇਤ ਵੱਡੇ, ਛੋਟੇ ਬਾਦਲ ਮੋਦੀ ਦਾ ਹੀ ਇਹ ਰਾਗ ਅਲਾਪਦੇ ਰਹੇ ਕਿ ਇਹ ਬਿੱਲ ਕਿਸਾਨਾਂ ਦੇ ਹੱਕ ਵਾਲੇ ਹਨ। ਭਾਵੇਂ ਅਕਾਲੀ ਪਾਰਟੀ ਦੇ ਇਸ ਵਜੀਰ ਨੇ ਕਿਸਾਨਾਂ ਵਲੋਂ ਸਖਤ ਵਿਰੋਧ ਕਰਨ ਤੇ ਅਸਤੀਫਾ ਦੇ ਦਿੱਤਾ ਹੈ ਲੋਕਾਂ ਦਾ ਕਹਿਣਾ ਹੈ ਕਿ ਭਾਜਪਾ ਤੇ ਅਕਾਲੀ ਦੱਲ ਬਾਦਲ ਵਾਲੇ ਹਾਲੇ ਵੀ ਵਿੱਚੋ ਇਕੋ ਮਿਕੋ ਹਨ । ਕੇਂਦਰ ਦੇ ਖੇਤੀਬਾੜ੍ਹੀ ਮੰਤਰੀ ਸ੍ਰੀ ਨਰਿੰਦਰ ਸਿੰਘ ਤੋਮਰ ਨੇ ਹੁਣ ਨਵਾਂ ਬਿਆਨ ਦਾਗ ਕੇ ਕਿ ਕਿਸਾਨ ਅੱਧੀ ਰਾਤੀ ਵੀ ਜੇ ਮੀਟਿੰਗ ਕਰਨ ਲਈ ਆਉਣ ਤਾਂ ਉਹ ਖੁਸ਼ੀ ਅਨੁਭਵ ਕਰਨਗੇ, ਪਰ ਇਹ ਬਿੱਲ ਰੱਦ ਨਹੀਂ ਹੋਣਗੇ।ਖੇਤੀ ਮੰਤਰੀ ਤੋਮਰ ਸਾਹਿਬ ਨੂੰ ਕੋਈ ਪੁੱਛੇ ਜਦੋਂ ਤੁਸੀ ਕਿਸਾਨਾਂ ਦੇ ਬਿੱਲ ਰੱਦ ਹੀ ਨਹੀਂ ਕਰਨੇ ਪ੍ਰਤੀਤ ਹੁੰਦੇ ਜਦੋਂ ਭਾਜਪਾ ਮੁੜ੍ਹ ਹੀਰੋ ਤੋਂ ਜੀਰੋ ਨਾ ਬਣ ਜਾਵੇ।ਇਹ ਗੇਂਦ ਹੁਣ ਸਰਕਾਰ ਦੇ ਖੇਡ ਪਾਲੇ ਵਿੱਚ ਹੈ ਕਿ ਉਨਾਂ ਨੇ ਕਿਸਾਨ ਬਿੱਲ ਰੱਦ ਕਰਕੇ ਦੇਸ਼ ਦੇ ਵਿਗੜ੍ਹ ਰਹੇ ਮਾਹੌਲ ਨੂੰ ਠੀਕ ਕਰਨਾ ਹੈ ਜਾਂ ਫਿਰ ਆਪ ਗਦੀਓਂ ਲਹਿਣਾ ਦਾ ਮਾਹੌਲ ਸਿਰਜਣਾ ਹੈ।

# ਪੁਸਤਕ ਕਲਚਰ ਨੂੰ ਅਪਨਾਉਣਾ ਸਮੇਂ ਦੀ ਮੁਖ ਲੋੜ

**ਸ਼ਾਮ ਚੁਰਾਸੀ, (ਕੁਲਦੀਪ ਚੁੰਬਰ)-** ਡਾ ਬੀ ਆਰ ਅੰਬੇਡਕਰ ਦੇ ਪੜੋ ਜੁੜੋ ਸੰਘਰਸ਼ ਕਰੋ ਦੇ ਨਾਅਰੇ ਨੂੰ ਸਾਕਾਰ ਕਰਨ ਵੱਲ ਕਦਮ ਵਧਾਉਂਦੇ ਹੋਏ ਪਿੰਡ ਬਹੋਦੀਨਪੁਰ ਦੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਵਿਖੇ ਸ੍ਰੀ ਗੁਰੂ ਰਵਿਦਾਸ ਅੰਬੇਡਕਰ ਯੂਥ ਵੈੱਲਫੇਅਰ ਕਲੱਬ ਬਹੋਦ-ੀਨਪੁਰ ਵਿੱਚ ਖੋਲ੍ਹੀ ਗਈ ਲਾਇਬਰੇਰੀ ਦਾ ਉਦਘਾਟਨ ਕੀਤਾ ਗਿਆ। ਇਸ ਸਮਾਗਮ ਵਿੱਚ ਡਾ ਪਰਮਜੀਤ ਸਿੰਘ ਸਾਬਕਾ ਪ੍ਰਿੰਸੀਪਲ ਗੌਰਮਿੰਟ ਕਾਲਜ ਹੁਸ਼ਿਆਰਪੁਰ, ਡਾ ਐੱਸ ਪੀ ਸਿੰਘ ਰਿਟਾਇਰਡ ਸੀ ਐੱਮ ਓ , ਐਡਵੋਕੇਟ ਰਣਜੀਤ ਕੁਮਾਰ ਮੁੱਖ ਮਹਿਮਾਨ ਦੇ ਤੌਰ ਤੇ ਪਹੁੰਚੇ। ਸ੍ਰੀ ਸੁਰੇਸ਼ ਕੁਮਾਰ ਲੈਕਚਰਾਰ, ਸੁਨੀਲ ਕੁਮਾਰ ਲੈਕਚਰਾਰ , ਮਾਸਟਰ ਸੁਮਨਦੀਪ ਅਤੇ ਅਸ਼ੋਕ ਕੁਮਾਰ ਚੁੰਬਰ ਲੇਖਕ ਪਹੁੰਚੇ। ਸ੍ਰੀ ਰਾਮ ਪ੍ਰਕਾਸ਼ ਕੈਨੇਡਾ ਵਾਸੀ ਸਰਪੰਚ ਸਰਬਜੀਤ ਕੌਰ ਗੁਰਦੁਆਰਾ ਪ੍ਰਬੰਧਕ ਪ੍ਰਬੰਧਕ ਪ੍ਰਧਾਨ ਦੇਸ ਰਾਜ ਸਮੂਹ ਪਿੰਡ ਵਾਸੀ ਹਾਜ਼ਰ ਸਨ। ਕਲੱਬ ਦੇ ਮੈਂਬਰ ਪ੍ਰਧਾਨ ਸ੍ਰੀ ਜਰਨੈਲ ਭੱਟੀ ਸਕੱਤਰ ਰਵੀ ਕੁਮਾਰ , ਕੈਸ਼ੀਅਰ ਬਲਰਾਜ ਭੱਟੀ ਸੀਨੀਅਰ ਮੀਤ ਪ੍ਰਧਾਨ ਜਸਵੀਰ ਡਡਵਾਲ, ਜੂਨੀਅਰ ਮੀਤ ਪ੍ਰਧਾਨ ਦਲਜੀਤ ਕੁਮਾਰ, ਸ੍ਰੀ ਲਵਜੀਤ ਭੱਟੀ, ਸ੍ਰੀ ਹਰਪ੍ਰੀਤ ਭੱਟੀ, ਸ੍ਰੀ ਜਸਕਰਨ ਭੱਟੀ, ਸ੍ਰੀ ਗੁਰ-ਪ੍ਰੀਤ ਭੱਟੀ, ਸ੍ਰੀ ਮਲਕੀਤ ਰਾਮ , ਸ੍ਰੀ ਲਵਦੀਪ ਭੱਟੀ ਸ੍ਰੀ ਸੰਤੋਸ਼ ਕੁਮਾਰ ਨੇ ਆਪਣੀ ਆਪਣੀ ਸੇਵਾ ਨਿਭਾਈ। ਇਸ ਵਿਚ ਵੱਖ ਵੱਖ ਬੁਲਾਰਿਆਂ ਨੇ ਪੁਸਤਕ ਬਾਰੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਪੁਸਤਕ ਨੂੰ ਮਨੁੱਖੀ ਵਿਕਾਸ ਲਈ ਅਤਿ ਮਹ-ੱਤਵਪੂਰਨ ਦੱਸਦੇ ਹੋਏ ਨਵੀਂ ਪੀੜ੍ਹੀ ਨੂੰ ਮੋਬਾਇਲ ਦੇ ਨਾਲ ਨਾਲ ਪੁਸਤਕ ਨਾਲ ਜੁੜਨ ਲਈ ਵੀ ਪ੍ਰੇਰਿਤ ਕੀਤਾ ਗਿਆ।



# ਲੋਕ ਨਾਇਕ ਸ੍ਰੀ ਆਰ.ਸੀ.ਸੰਗਰ ਨੂੰ ਪਹਿਲੀ ਬਰਸੀ 'ਤੇ ਯਾਦ ਕਰਦਿਆਂ

ਕੁਸ਼ਲ ਕੁਮਾਰ
91-97807-78062

17 ਜੂਨ 2020 ਦਿਨ ਸਨਿਚਰਵਾਰ ਸਿਖਰ ਦੁਪਹਿਰ ਦੇ ਤਕਰੀਬਨ 3:15 ਵਜੇ ਲੰਮੀ ਬਿਮਾਰੀ ਤੋਂ ਬਾਹਰ ਜਲੰਧਰ ਦੇ ਨਿੱਜੀ ਹਸਪਤਾਲ ਤੋਂ ਡਿਸਚਾਰਜ ਹੋ ਕੇ ਆਰ਼ ਸ੍ਹੀ ਸੰਗਰ ਸਾਹਿਬ ਆਪਣੇ ਘਰ ਸੂਰਯਾ ਇਨਕਲੇਵ ਜਲੰਧਰ ਪਹੁੰਚੇ, ਜਿੱਥੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਉਹਨਾਂ ਦੇ ਮਿਸ਼ਨਰੀ ਸਾਥੀ ਅਸ਼ੋਕ ਸਹੋਤਾ ਵੀ ਨਾਲ ਸਨ। ਗੱਲਬਾਤ ਦੌਰਾਨ ਉਹਨਾਂ ਆਪਣੇ ਸਾਥੀ ਨੂੰ ਕਿਹਾ ਕਿ ਮੇਰੇ ਜਾਣ ਤੋਂ ਬਾਅਦ ਵੀ ਸੰਗਠਨ ਅਤੇ ਮਿਸ਼ਨ ਦਾ ਕੰਮ ਇਸੇ ਤਰ੍ਹਾਂ ਹੀ ਚਲਦਾ ਰਹਿਣਾ ਚਾਹੀਦਾ ਹੈ। ਪਾਣੀ ਪੀਣ ਤੋਂ ਬਾਅਦ ਉਹਨਾਂ ਆਖਰੀ ਸਾਹ ਲਿਆ ਅਤੇ ਦੁਬਾਰਾ ਸਾਹ ਨਹੀਂ ਮੁੜਿਆ। ਆਰ. ਸੀ. ਸੰਗਰ ਜਿਹਨਾਂ ਦਾ ਜਨਮ ਜਲੰਧਰ ਸ਼ਹਿਰ ਦੀਆਂ ਤੰਗ ਗਲੀਆਂ ਸੰਗਰਾ ਮੁਹੱਲੇ ਵਿਚ 9 ਅਪਰੈਲ 1937 ਵਿਚ ਹੋਇਆ। ਇਹ ਦੌਰ ਉਹ ਦੌਰ ਸੀ ਜਦੋਂ ਭਾਰਤ ਵਿਚ ਅਛੂਤ ਲੋਕਾਂ ਦੀ ਆਜ਼ਾਦੀ ਦੀ ਲੜਾਈ ਅੰਤਿਮ ਪੜਾਅ 'ਤੇ ਸੀ। ਬਾਬਾ ਸਾਹਿਬ ਅੰਬੇਡਕਰ ਇਸ ਦੀ ਰਹਿਨੁਮਾਈ ਕਰ ਰਹੇ ਸਨ। ਸੰਗਰ ਸਾਹਿਬ ਅਕਸਰ ਜਦੋਂ ਕਿ ਮੰਚ 'ਤੇ ਆਪਣੇ ਵਿਚਾਰ ਸਾਂਝੇ ਕਰਦੇ ਸਨ ਤਾਂ ਇਕ ਵਾਕਿਆ ਅਕਸਰ ਉਹ ਸਾਂਝਾ ਕਰਦੇ ਹੁੰਦੇ ਸਨ ਕਿ ਜਦੋਂ 1932 'ਚ ਦੂਜੀ ਗੋਲਮੇਜ਼ ਕਾਨਫਰੰਸ ਵਿਚ ਗਾਂਧੀ ਨੇ ਇੰਗਲੈਂਡ ਵਿਚ ਆਪਣੇ ਆਪ ਨੂੰ ਅਛੂਤਾਂ ਦਾ ਨੇਤਾ ਦੱਸਿਆ ਅਤੇ ਐਸ਼ ਸ੍ਹੀ/ਐਸ਼ ਟ੍ਹੀ ਨੂੰ ਮਿਲਣ ਵਾਲੇ ਵਿਸ਼ੇਸ਼ ਅਧਿਕਾਰਾਂ ਦੀ ਵਿਰੋਧਤਾ ਕੀਤੀ ਤਾਂ ਸੰਗਰਾ ਮੁਹੱਲੇ 'ਚੋਂ ਉਹਨਾਂ ਦੇ ਤਾਇਆ ਡੋਗਰ ਮੱਲ ਸੰਗਰ, ਜੋ ਬਾਲਮੀਕ ਸਭਾ ਦੇ ਪ੍ਰਧਾਨ ਸਨ, ਵੱਲੋਂ ਖੂਨ ਨਾਲ ਪੋਸਟ ਕਾਰਡ ਲਿਖ ਕੇ ਭੇਜੇ ਅਤੇ ਇੰਗਲੈਂਡ ਸਰਕਾਰ ਨੂੰ ਕਿਹਾ ਕਿ ਡਾ਼ ਅੰਬੇਡਕਰ ਹੀ ਸਾਡਾ ਰਹਿਨੁਮਾ ਹੈ। ਸਾਡਾ ਖੂਨ ਅਤੇ ਡਾ਼ ਅੰਬੇਡਕਰ ਦਾ ਖੂਨ ਮਿਲਾ ਕੇ ਦੇਖੋ, ਇਕ ਹੈ। ਜੋ ਕਿ ਸੁਣਨ ਵਾਲੇ ਸਰੋਤਿਆਂ ਨੂੰ ਪ੍ਰੇਰਨਾ ਦਿੰਦਾ ਸੀ। ਆਰ਼ ਸ੍ਹੀ ਸੰਗਰ ਜੀ ਐਮ਼ ਏ਼ ਇੰਗਲਿਸ਼ ਅਤੇ ਜਰਨਲਿਜ਼ਮ ਵਿਚ ਡਿਪਲੋਮਾ ਲਾਅ ਕਾਲਜ ਬੰਬਈ ਤੋਂ ਸਨ। ਆਰ. ਸੀ. ਸੰਗਰ ਜੀ ਨੂੰ ਪਹਿਲਾਂ 1963 ਵਿਚ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਵਿਚ ਬਤੌਰ ਵਾਰਡਨਰ ਦੀ ਨੌਕਰੀ ਮਿਲੀ। ਪਰ ਆਪਣੀ ਯੋਗਤਾ ਕਰਕੇ ਉਹਨਾਂ ਇਹ ਨੌਕਰੀ ਛੱਡ ਦਿੱਤੀ। ਇਸੇ ਦਰਮਿਆਨ ਉਹਨਾਂ ਦਾ ਵਿਆਹ 1965 ਵਿਚ ਸ੍ਰੀਮਤੀ ਪੂਨਮ ਜੋ ਕਿ ਅੰਮ੍ਰਿਤਸਰ ਲਾਹੌਰੀ ਗੇਟ ਤੋਂ ਸਨ, ਨਾਲ ਹੋਇਆ।





ਆਰ਼ ਸ੍ਹੀ ਸੰਗਰ ਜੀ ਨੇ ਪੋਸਟਲ ਐਂਡ ਟੈਲੀਗ੍ਰਾਫ ਜੋ ਕਿ ਭਾਰਤ ਸਰਕਾਰ ਦਾ ਅਦਾਰਾ ਹੈ, ਵਿਚ ਆਪਣਾ ਕੈਰੀਅਰ ਦੁਬਾਰਾ ਸ਼ੁਰੂ ਕੀਤਾ ਅਤੇ ਇਸੇ ਦੌਰਾਨ ਸ਼ਿਮਲਾ, ਹਰਿਦੁਆਰ, ਬੰਬਈ ਸ਼ਹਿਰਾਂ ਵਿਚ ਨੌਕਰੀ ਕਰਨ ਉਪਰੰਤ 1991 ' ਆਪਣੀ ਰਿਟਾਇਰਮੈਂਟ ਤੋਂ ਪੰਜ ਸਾਲ ਪਹਿਲਾਂ ਹੀ ਤਿਆਗ ਪੱਤਰ ਦੇ ਦਿੱਤਾ ਅਤੇ ਪੂਰੇ ਜੋਸ਼ ਅਤੇ ਸਮਰਪਣ ਨਾਲ ਸਮਾਜ ਹਿੱਤ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ। ਆਰ਼ ਸ੍ਹੀ ਸੰਗਰ ਜੀ ਦੀਆਂ ਤਿੰਨ ਪੁੱਤਰੀਆਂ ਅਤੇ ਇਕ ਪੁੱਤਰ ਹੈ। ਤਿੰਨਾਂ ਲੜਕੀਆਂ ਦੇ ਨਾਂ ਬੁੱਧ ਵਿਹਾਰ/ਪ੍ਰੰਪਰਾ ਦੇ ਨਾਂ 'ਤੇ ਰੱਖਿਆ। ਚਾਰੂਮਿੱਤਰਾ, ਸੰਘਮਿੱਤਰਾ ਅਤੇ ਕ੍ਰਾਂਤੀ ਨਾਇਕ ਰੱਖਿਆ ਅਤੇ ਪੁੱਤਰ ਦਾ ਨਾਂ ਇਨਕਲਾਬ ਸਿੰਘ ਰੱਖਿਆ। ਆਪਣੇ ਪੋਤਰੇ ਦਾ ਨਾਂ ਕਨਿਸ਼ਕ ਅਤੇ ਪੋਤਰੀ ਦਾ ਨਾਂ ਪ੍ਰਗਿਆ ਰੱਖਿਆ। ਇਸ ਤਰ੍ਹਾਂ ਆਰ਼ ਸ੍ਹੀ ਸੰਗਰ ਜੀ ਨੇ ਬਾਬਾ ਸਾਹਿਬ ਡਾ਼ ਅੰਬੇਡਕਰ ਅਤੇ ਬੁੱਧ ਦੇ ਫ਼ਲਸਫ਼ੇ ਨੂੰ ਆਪਣੇ ਜੀਵਨ ਵਿਚ ਧਾਰਨ ਕਰਕੇ ਉਸਨੂੰ ਅਮਲੀ ਜਾਮਾ ਪਹਿਨਾਇਆ ਜੋ ਕਿ ਉਹਨਾਂ ਦੇ ਆਚਰਣ ਵਿਚੋਂ ਝਲਕਦਾ ਸੀ। ਸੰਗਰ ਸਾਹਿਬ 1968 ਵਿਚ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਫਾਊਂਡਰ ਮੈਂਬਰ ਬਣੇ। ਜਿਸ ਦੌਰਾਨ ਉਹਨਾਂ ਦੀ ਮੁਲਾਕਾਤ ਐਡਵੋਕੇਟ ਭਗਵਾਨ ਦਾਸ ਨਾਲ ਹੋਈ। ਐਡਵੋਕੇਟ ਭਗਵਾਨ ਦਾਸ ਨੇ ਬਾਬਾ ਸਾਹਿਬ ਡਾ਼ ਅੰਬੇਡਕਰ ਦੇ ਨਾਲ ਬਹੁਜਨ ਮੂਵਮੈਂਟ ਨੂੰ ਵਧਾਉਣ ਲਈ ਉਹਨਾਂ ਨਾਲ ਕੰਮ ਕੀਤਾ ਸੀ। 1978 ਵਿਚ ਸੰਗਰ ਸਾਹਿਬ 'ਜਾਗੋ, ਜਾਗਤੇ ਰਹੋ' ਅਖ਼ਬਾਰ ਵੀ ਕੱਢੀ ਅਤੇ ਮੁੱਖ ਸੰਪਾਦਕ ਵਜੋਂ ਉਹਨਾਂ ਦੇ ਬਹੁਤ ਸਾਰੇ ਆਰਟੀਕਲ ਅਤੇ ਲੇਖ ਛਪਦੇ ਰਹੇ। ਇਸੇ ਦੌਰਾਨ 6 ਦਸੰਬਰ 1978 ਨੂੰ ਬਾਮਸੇਫ ਸੰਗਠਨ ਹੋਂਦ ਵਿਚ ਆਇਆ, 6 ਦਸੰਬਰ 1981 ਨੂੰ ਡ਼ੀ ਐਸ਼4 ਅਤੇ ਬਾਅਦ ਵਿਚ 14 ਅਪ੍ਰੈਲ 1984 ਨੂੰ ਬਹੁਜਨ ਸਮਾਜ ਪਾਰਟੀ ਹੋਂਦ ਵਿਚ ਆਈ। ਬਾਮਸੇਫ ਬਣਨ ਤੇ ਆਰ਼ ਸ੍ਹੀ ਸੰਗਰ ਸਾਹਿਬ ਨੇ ਬਾਬਾ ਸਾਹਿਬ ਦੇ ਉਦੇਸ਼ਾਂ ਦੀ ਪੂਰਤੀ ਕਰਦੀ ਇਹ ਸੰਸਥਾ ਅਪਣਾਈ ਅਤੇ ਇਸ ਵਿਚ ਕੰਮ ਕੀਤਾ। ਸੰਗਰ ਸਾਹਿਬ ਬਾਮਸੇਫ ਅਤੇ ਭਾਰਤ ਮੁਕਤੀ ਮੋਰਚਾ ਜੋ ਬਾਮਸੇਫ ਦਾ ਆਫਸ਼ੂਟ ਵਿੰਗ ਹੈ, ਦੇ ਸੰਸਥਾਪਕ ਮੈਂਬਰ ਰਹੇ। ਅਤੇ ਪੰਜਾਬ ਵਿਚ ਫੂਲੇ, ਸ਼ਾਹੂ, ਅੰਬੇਡਕਰ ਵਿਚਾਰਧਾਰਾ ਦਾ ਪ੍ਰਚਾਰ ਪ੍ਰਸਾਰ ਕੀਤਾ। ਇਸ ਤੋਂ ਇਲਾਵਾ ਆਰ਼ ਸ੍ਹੀ ਸੰਗਰ ਜੀ ਪੰਜਾਬ ਸੂਬੇ ਦੇ ਬਾਮਸੇਫ ਦੇ ਪ੍ਰਧਾਨ ਰਹੇ। ਜਲੰਧਰ ਅੰਬੇਡਕਰ ਭਵਨ ਦੇ ਟਰ-ੱਸਟੀ ਅਤੇ 2018 ਤੋਂ ਬਤੌਰ ਚੇਅਰਮੈਨ ਆਪਣੀ ਜ਼ਿੰਮੇਵਾਰੀ ਨਿਭਾਅ ਰਹੇ ਸਨ। ਰਿਟਾਇਰਮੈਂਟ ਤੋਂ ਬਾਅਦ ਆਰ਼ ਸ੍ਹੀ ਸੰਗਰ ਜੀ ਸਫਾਈ ਮਜ਼ਦੂਰ ਫੈਡਰੇਸ਼ਨ ਦੇ ਜਨਰਲ ਸਕੱਤਰ ਪੰਜਾਬ ਰਹੇ ਅਤੇ ਆਪਣੇ ਕਾਰਜਕਾਲ ਦੌਰਾਨ ਸਫਾਈ ਕਾਮਿਆਂ ਦੀਆਂ ਪੈਨਸ਼ਨਾਂ ਲਗਵਾਈਆਂ। 2007 ਵਿਚ ਸੰਗਰ ਸਾਹਿਬ ਦੇ ਜੀਵਨ ਸਾਥੀ ਸ੍ਰੀਮਤੀ ਪੂਨਮ ਬਿਮਾਰੀ ਕਾਰਨ ਉਹਨਾਂ ਦਾ ਸਾਥ ਛੱਡ ਗਏ। ਪਰ ਇਸ ਨਾਲ ਵੀ ਉਹਨਾਂ ਨੇ ਆਪਣੇ ਉਦੇਸ਼ ਨੂੰ ਸਾਰਥਕ ਤਰੀਕੇ ਨਾਲ ਨੇਪਰੇ ਚਾੜ੍ਹਿਆ ਅਤੇ ਇਕ ਨੌਜਵਾਨ ਨਾਲੋਂ ਵੱਧ ਤਾਕਤ ਅਤੇ ਉਤਸੁਕਤਾ ਨਾਲ ਅੰਬੇਡਕਰੀ ਮਿਸ਼ਨ ਨੂੰ ਪੰਜਾਬ ਵਿਚ ਜਾਰੀ ਰੱਖਿਆ। ਕਈ ਵਾਰ ਜਦ ਕਿਸੇ ਸਮਾਗਮ ਵਿਚ ਉਹਨਾਂ ਨਾਲ ਮੇਰੀ ਮੁਲਾਕਾਤ ਹੁੰਦੀ ਸੀ ਤਾਂ ਉਹ ਅਕਸਰ ਕਹਿੰਦੇ ਸਨ ਕਿ ਕੁਸ਼ਲ ਕੁਮਾਰ ਤੁਹਾਨੂੰ ਦੇਖ ਕੇ ਮੈਨੂੰ ਬਹੁਤ ਖੁਸ਼ੀ ਹੁੰਦੀ ਹੈ ਅਤੇ ਉਹ ਅਕਸਰ ਮਿਲਣ ਵੇਲੇ ਆਪਣਾ ਹੱਥ ਅੱਗੇ ਕਰ ਲੈਂਦੇ ਸਨ ਅਤੇ ਆਖਦੇ ਸਨ ਕਿ ਸੰਵਿਧਾਨ ਵਿਚ ਬਾਬਾ ਸਾਹਿਬ ਨੇ ਸਮਾਨਤਾ ਦਾ ਜੋ ਅਧਿਕਾਰ ਦਿੱਤਾ ਹੈ, ਉਸ ਰਾਹੀਂ ਅਸੀਂ ਸਾਰੇ ਬਰਾਬਰ ਹਾਂ, ਕੋਈ ਛੋਟਾ-ਵੱਡਾ ਨਹੀਂ। ਸੰਗਰ ਸਾਹਿਬ ਅਕਸਰ ਆਖਦੇ ਸਨ ਕਿ ਸਾਨੂੰ ਆਪਣੀ ਸਿੰਧੂ ਅਤੇ ਹੜੱਪਾ ਸਭਿਅਤਾ ਦੇ ਗੌਰਵਸ਼ਾਲੀ ਇਤਿਹਾਸ ਨੂੰ ਆਪਣੇ ਬਹੁਜਨ ਮੂਲ ਨਿਵਾਸੀ ਲੋਕਾਂ ਤੱਕ ਪਹੁੰਚਾਉਣਾ ਚਾਹੀਦਾ ਹੈ ਤਾਂ ਜੋ ਉਹਨਾਂ ਅੰਦਰ ਜਾਤੀ ਦੀ ਨੀਚਤਾ ਦਾ ਕੋਈ ਹੀਣ ਭਾਵ ਨਾ ਪੈਦਾ ਹੋਵੇ। ਪੰਜਾਬ ਵਿਚ ਜਦੋਂ ਕਦੇ ਵੀ ਅੰਬੇਡਕਰਵਾਦ ਦੀ ਗੱਲ ਹੋਵੇਗੀ। ਆਰ਼ ਸ੍ਹੀ ਸੰਗਰ ਸਾਹਿਬ ਹਮੇਸ਼ਾ ਹੀ ਯਾਦ ਕੀਤੇ ਜਾਣਗੇ। **(ਬੀਤੇ ਸਾਲ ਦਾ ਯਾਦਗਾਰੀ ਪੰਨਾ)**



ਇਹ ਖਬਰ ਬਹੁਤ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਬਹੁਜਨ ਸਮਾਜ ਦੇ ਉਘੇ ਅੰਬੇਡਕਰੀ ਵਿਦਵਾਨ ਤੇ ਮਿਸ਼ਨਰੀ ਆਗੂ ਸ੍ਰੀ ਆਰ. ਸੀ. ਸੰਗਰ ਜਲੰਧਰ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ। ਪਰਿਵਾਰ ਤੇ ਬਹੁਜਨ ਸਮਾਜ ਨੂੰ ਵੱਡਾ ਘਾਟਾ ਪਿਆ ਹੈ। ਵਾਹਿਗੁਰੂ ਉਹਨਾਂ ਦੀ ਆਤਮਾ ਨੂੰ ਸ਼ਾਂਤੀ ਪਰਦਾਨ ਕਰੇ ਤ ਪਰਵਾਰ ਤੇ ਸੱਜਣਾਂ ਸਨੇਹੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ ।



**ਲਾਲ ਸਿੰਘ ਸੁਲਹਾਣੀ**
**ਸੂਬਾ ਜਰਨਲ ਸਕੱਤਰ**
**ਬਹੁਜਨ ਸਮਾਜ ਪਾਰਟੀ**
**(ਪੰਜਾਬ)**

# ਸ੍ਰੀ ਆਰ.ਸੀ.ਸੰਗਰ ਦਾ ਦੁੱਖਦਾਈ ਵਿਛੋੜਾ

ਸਾਡੇ ਬਹੁਤ ਹੀ ਸਤਿਕਾਰਯੋਗ ਸਾਥੀ ਸ੍ਹੀ ਆਰ .ਸੀ. ਸੰਗਰ ਜੀ 27 ਜੂਨ 2020 ਨੂੰ ਕੁੱਝ ਦਿਨਾਂ ਦੀ ਬਿਮਾਰੀ ਤੋਂ ਬਾਅਦ ਪ੍ਰੀਨਿਵਾਣ ਪ੍ਹਾਪਤ ਕਰ ਗਏ ਹਨ । ਉਨਾਂ ਦਾ ਸਦੀਵੀ ਵਿਛੋੜਾ ਦੇ ਜਾਣਾ, ਅੰਬੇਡਕਰ ਅਤੇ ਬੋਧੀ ਲਹਿਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਨਾਂ ਦੇ ਚਲੇ ਜਾਣ ਨਾਲ ਦੇਸ਼ ਭਰ ਵਿਚ ਸ਼ੋਕ ਦੀ ਲਹਿਰ ਪਸਰ ਗਈ ਹੈ । ਉਹ ਬਹੁਤ ਉੱਚ ਕੋਟੀ ਦੀ ਸਖਸ਼ੀਅਤ ਸਨ। ਉਹ ਜੀਵਨਭਰ ਹਰ ਢੰਗ ਨਾਲ ਅੰਬੇਡਕਰ ਅਤੇ ਬੁੱਧਿਸਟ ਮੂਵਮੈਂਟ ਨੂੰ ਅੱਗੇ ਲੇ ਕੇ ਜਾਣ ਲਈ ਹਮੇਸ਼ਾ ਸੰਘਰਸਸ਼ੀਲ ਰਹੇ। 1974 ਤੋਂ ਮੈਨੂੰ ਉਨਾਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ। ਉਹ ਸਾਡੇ ਤੋਂ ਬਹੁਤ ਪਹਿਲਾਂ ਤੰਨਦੇਹੀ ਨਾਲ ਇਸ ਲਹਿਰ ਨਾਲ ਜੁੜੇ ਹੋਏ ਸਨ। ਉਹ 1968 ਵਿਚ ਅੰਬੇਡਕਰ ਮਿਸ਼ਨ ਸੁਸਾਇਟੀ ਦਾ

ਹਰਮੇਸ਼ ਲਾਲ ਜੱਸਲ 91-94644-83080

ਗਠਨ ਕਰਨ ਵਾਲਿਆਂ ਵਿਚੋ ਪਰਮੁੱਖ ਸਨ। ਉਹ ਇਕ ਗੰਭੀਰ ਬੁੱਧੀਜੀਵੀ, ਲੇਖਕ, ਪੱਤ੍ਰਕਾਰ, ਪ੍ਰਭਾਵਸ਼ਾਲੀ ਬੁਲਾਰੇ, ਲਗਨਵਾਨ, ਮਿਲਣਸਾਰ, ਇਮਾਨਦਾਰ, ਸ਼ਰਧਾਵਾਨ ਅੰਬੇਡਕਰੀ ਅਤੇ ਬੋਧੀ ਸਨ।

ਹਰ ਸਮੇਂ ਸਮਾਜ ਦੀ ਬੇਹਤਰੀ ਲਈ ਕਾਰਜਸ਼ੀਲ ਰਹਿੰਦੇ ਸਨ ਖਾਸ ਕਰਕੇ ਬਾਲਮੀਕੀ ਸਮਾਜ ਦੀ ਉੱਨਤੀ ਲਈ ਉਹ ਚਿੰਤਾਤੁਰ ਰਹਿੰਦੇ ਸਨ। ਉਨਾਂ ਨੇ ਇਸ ਵਰਗ ਦੇ ਲੋਕਾਂ ਨੂੰ ਸਿੱਖਿਅਤ ਕਰਨ, ਸੰਗਠਿਤ ਕਰਨ ਅਤੇ ਸੰਘਰਸ਼ ਵੱਲ ਤੋਰਨ ਲਈ ਉਚੇਚਾ ਧਿਆਨ ਦਿੱਤਾ। ਇਸੇ ਕਰਕੇ ਉਨਾਂ ਨੇ ਵਲੰਟਰਲੀ ਰਿਟਾਇਰਮੈਂਟ ਲੈ ਕੇ ਇਨਾਂ ਲੋਕਾਂ ਲਈ ਪੂਰਾ ਸਮਾਂ ਕੰਮ ਕਰਨ ਦੀ ਯੋਜਨਾ ਬਣਾਈ ਅਤੇ ਮਿਊਸਪਲ ਕਾਰਪੋਰੇਸ਼ਨ ਸਫ਼ਾਈ ਕਰਮਚਾਰੀ ਯੂਨੀਅਨ ਵਿਚ ਕੰਮ ਕੀਤਾ। ਲੋਕਾਂ ਵਿਚ ਜਾਗਰਿਤੀ ਪੈਦਾ ਕਰਨ ਲਈ ..ਜਾਗੋ ਅਤੇ ਜਾਗਦੇ ਰਹੋ.. ਨਾਮਕ ਅਖਬਾਰ ਵੀ ਕੱਢਿਆ। ਉਨਾਂ ਨੇ ਕਿਹੋ ਜਿਹੇ ਹਾਲਾਤਾਂ ਵਿਚ, ਆਪਣੇ ਲੋਕਾਂ ਨੂੰ ਜਗਾਉਣ ਦਾ ਕੰਮ ਕੀਤਾ , ਇਸ ਸਬੰਧੀ ਇਕ ਦਿਲਚਸਪ ਵਾਕਿਆ , ਤੁਹਾਡੇ ਨਾਲ ਸਾਂਝਾ ਕਰਨਾ ਚਾਹੁੰਦਾ ਹੈ। ਸ਼ਾਇਦ ਇਹ 1975 ਦੇ ਆਸਪਾਸ ਦੀ ਗੱਲ ਹੈ । ਇਕ ਰਾਤ ਸੰਗਰਾਂ ਮੁਹੱਲੇ ਸ੍ਹੀ ਭਗਵਾਨ ਦਾਸ ਐਡਵੋਕੇਟ ਨਵੀਂ ਦਿੱਲੀ ਦਾ ਭਾਸ਼ਣ ਸੀ ।ਗਰਮੀਆਂ ਦੇ ਦਿਨ ਸਨ। ਇਕ ਖੁੱਲੀ ਜਿਹੀ ਥਾਂ ਵਿਚ ਜਲਸਾ ਹੋ ਰਿਹਾ ਸੀ। ਕੋਈ 50 ਕੁ ਬੁੜੀਆਂ ਬੰਦੇ ਬੈਠੇ



ਹੋਣਗੇ। ਭਗਵਾਨ ਦਾਸ ਲੈਕਚਰ ਕਰ ਰਹੇ ਸਨ ਅਤੇ ਮੈਂ ਉਨਾਂ ਦਾ ਭਾਸ਼ਣ ਰਿਕਾਰਡ ਕਰ ਰਿਹਾ ਸੀ। ਚਲਦੇ ਭਾਸ਼ਣ ਵਿਚ ਇਕ ਖੋਤਾ ਜੋਰ ਜੋਰ ਦੀ ਹੀਗਣ ਲੱਗ ਪਿਆ, ਮਜ਼ਬੂਰਨ ਦਾਸ ਸਾਹਿਬ ਨੂੰ ਓਨੀ ਦੇਰ ਆਪਣਾ ਭਾਸ਼ਣ ਬੰਦ ਕਰਨਾ ਪਿਆ, ਜਿਨੀ ਦੇਰ ਖੋਤਾ ਹੀਂਗਦਾ ਰਿਹਾ। ਖੋਤਾ ਚੁੱਪ ਹੋਇਆ ਤਾਂ ਦੋਬਾਰਾ ਭਾਸ਼ਣ ਸ਼ੁਰੂ ਹੋਇਆ।

ਉਹ, ਸ਼ੁਰੂ ਤੋਂ ਹੀ ਬਾਮਸੇਫ਼ ਦੇ ਅਨੇਕਾਂ ਵਿੰਗਾਂ ਨਾਲ ਜੁੜੇ ਰਹੇ। ਅੱਜ ਕੱਲ ਉਹ ਮੇਸ਼ਰਾਮ ਜੀ ਨਾਲ ਕੰਮ ਕਰ ਰਹੇ ਸਨ। ਪਰ ਉਨਾਂ ਦੀਆਂ ਗਤੀਵਿਧੀਆਂ ਦਾ ਕੇਂਦਰ ਹਮੇਸ਼ਾ ਅੰਬੇਡਕਰ ਭਵਨ ਜਲੰਧਰ ਹੀ ਰਿਹਾ। ਅੱਜ ਕੱਲ ਉਹ ਅੰਬੇਡਕਰ ਭਵਨ ਟਰੱਸਟ ਦੇ ਚੇਅਰਮੈਨ ਦੇ ਔਹਦੇ ਉਪਰ ਕਾਰਜਰਤ ਸਨ। ਮੇਰਾ ਉਨਾਂ ਨਾਲ ਖਾਸ ਲਗਾਓ ਸੀ, ਉਸਦਾ ਕਾਰਨ ਸੀ ਕਿ ਬਹੁਤ ਸਾਰੇ ਮਸਲਿਆਂ ਉਪਰ ਉਨਾਂ ਨਾਲ ਵਿਚਾਰ ਵਿਟਾਦਰਾਂ ਹੁੰਦਾ ਰਹਿੰਦਾ ਸੀ। ਉਨਾਂ ਨੂੰ ਅੰਬੇਡਕਰੀ ਸਾਹਿਤ ਦੇ ਨਾਲ ਨਾਲ, ਵੇਦਾਂ, ਬਾਲਮੀਕੀ ਰਮਾਇਣ ਅਤੇ ਯੋਗ ਵਿਸ਼ਿਸ਼ਟ ਦੀ ਕਾਫ਼ੀ ਡੂੰਘੀ ਜਾਣਕਾਰੀ ਸੀ ਅਤੇ ਇਸੇ ਕਰਕੇ ਪੜੇ ਲਿਖੇ ਬਾਲਮੀਕੀ ਨੌਜੁਆਨਾਂ ਵਿਚ ਉਨਾਂ ਦਾ ਕਾਫ਼ੀ ਪ੍ਰਭਾਵ ਸੀ ਅਤੇ ਬਹੁਤ ਸਾਰੇ ਨੌਜੁਆਨਾਂ ਨੂੰ ਉਨਾਂ ਅੰਬੇਡਕਰ ਲਹਿਰ ਨਾਲ ਜੋੜਿਆ ਸੀ।

ਮੇਰਾ ਖਿਆਲ ਹੈ ਕਿ ਸ੍ਹੀ ਭਾਗਮੱਲ ਪਾਗਲ ਤੋਂ ਬਾਦ ਸੰਗਰ ਸਾਹਿਬ ਹੀ ਅਜਿਹੇ ਵਿਅੱਕਤੀ ਹਨ ਜਿਹੜੇ ਜੀਵਨ ਭਰ ਨਾ ਸਿਰਫ਼ ਖੁੱਦ ਬਲਕਿ ਆਪਣੇ ਪਰੀਵਾਰ ਅਤੇ ਆਪਣੇ ਭਾਈਚਾਰੇ ਨੂੰ ਅੰਬੇਡਕਰ ਦੇ ਰਾਹ ਉੱਤੇ ਤੋਰਨ ਵਾਲੇ ਬੇਮਿਸਾਲ ਵਿਅੱਕਤੀ ਹਨ, ਜਿਨਾਂ ਦੇ ਤੁਰ ਜਾਣ ਨਾਲ ਸਾਨੂੰ ਸਾਰਿਆਂ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਡਾ. ਇਕਬਾਲ ਦੇ ਕਹਿਣ ਵਾਂਗੂੰ ਇਹੋ ਜਿਹੇ ਵਿਅੱਕਤੀ ਰੋਜ ਰੋਜ ਪੈਦਾ ਨਹੀਂ ਹੁੰਦੇ...
ਹਜ਼ਾਰੋ ਸਾਲ ਨਰਗਿਸ ਆਪਣੀ ਬੇਨੂਰੀ ਪੇ ਰੋਤੀ ਹੈ
ਬੜੀ ਮੁਸ਼ਕਲ ਸੇ ਹੋਤਾ ਹੈ ਚਮਨ ਮੇ ਦੀਦਾਵਰ ਪੈਦਾ।

# ਸਤਿਗੁਰੂ ਕਬੀਰ ਦਾਸ ਜੀ ਦੇ ਪ੍ਰਕਾਸ਼ ਦਿਹਾੜੇ 'ਤੇ

# 'ਅਵਲਿ ਅਲਾਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ'



ਐਚ.ਐਲ.ਕਪੂਰ

ਸਤਿਗੁਰੂ ਕਬੀਰ ਦਾਸ ਜੀ ਇਕ ਅਜਿਹੀ ਮਹਾਨ ਸ਼ਖਸੀਅਤ ਸਨ, ਜਿਹਨਾਂ ਨੇ ਕਦੀ ਵੀ ਕੋਈ ਗਿਆਨ ਸ਼ਾਸਤਰ ਜਾਂ ਗ੍ਰੰਥ ਨਹੀਂ ਪੜ੍ਹਿਆ ਸੀ ਫਿਰ ਵੀ ਉਹ ਮਹਾਨ ਵਿਦਵਾਨਾਂ ਤੇ ਮਹਾਂ-ਗਿਆਨੀਆਂ ਦੀ ਸ਼੍ਰੇਣੀ ਵਿਚ ਆਉਂਦੇ ਹਨ। 'ਕਬੀਰ' ਇਕ ਅਜਿਹਾ ਨਾਮ ਹੈ ਜਿਸ ਨੂੰ ਤੁਸੀਂ ਇਕ ਮਹਾਨ ਫਕੀਰ ਵੀ ਕਹਿ ਸਕਦੇ ਹੋ ਅਤੇ ਇਕ ਮਹਾਨ ਸਮਾਜ ਸੁਧਾਰਕ ਵੀ।

ਪਿਆਰੇ ਦੋਸਤੋ ਕਬੀਰ ਭਲੇ ਹੀ ਇਕ ਛੋਟਾ ਨਾਮ ਲੱਗਦਾ ਹੈ ਪਰ ਭਾਰਤ ਵਰਸ਼ ਦੀ ਇਕ ਮਹਾਨ ਆਤਮਾ ਹੈ, ਜਿਸ ਨੇ ਰੂੜੀਵਾਦੀ ਵਿਚਾਰਾਂ ਤੇ ਕਰਮ ਕਾਂਡਾਂ ਤੋਂ ਮੁਕਤ ਭਾਰਤ ਦੀ ਰਚਨਾ ਕੀਤੀ। ਸਤਿਗੁਰੂ ਕਬੀਰ ਦਾਸ ਜੀ ਇਕ ਅਜਿਹੀ ਪਛਾਣ ਹਨ, ਜਿਹਨਾਂ ਨੇ ਜਾਤੀ ਵਰਗ ਦੀ ਦੀਵਾਰ ਤੋੜ ਕੇ ਇਕ ਸਮਾਜਿਕ-ਬਰਾਬਰੀ ਦੇ 'ਸੰਸਾਰਕ ਸਮਾਜ' ਦੀ ਸਿਰਜਣਾ ਕੀਤੀ।

ਮਾਨਵਵਾਦੀ ਵਿਵਹਾਰਿਕ ਧਰਮ ਨੂੰ ਸਿਰਜਣ ਵਾਲੇ ਤੇ ਇਸ ਦਾ ਪ੍ਰਚਾਰ ਕਰਨ ਵਾਲੇ ਸਤਿਗੁਰੂ ਕਬੀਰ ਦਾਸ ਜੀ ਦਾ ਇਸ ਦੁਨੀਆਂ ਵਿਚ ਪ੍ਰਵੇਸ਼ ਵੀ ਇਕ ਅਜੀਬੋ-ਗਰੀਬ ਪ੍ਰਸੰਗ ਨਾਲ ਹੋਇਆ। ਉਹਨਾਂ ਦੇ ਜਨਮ ਸਾਲ ਬਾਰੇ ਬੜੇ ਵਿਵਾਦਿਤ ਚਰਚੇ ਹਨ ਪਰ ਕੁਝ ਵਿਦਵਾਨਾਂ ਦੀ ਸੰਯੁਕਤ ਰਾਏ ਅਨੁਸਾਰ ਉਹਨਾਂ ਦਾ ਜਨਮ ਸੰਨ 1398 ਈਸਵੀ ਨੂੰ ਜੇਠ ਮਹੀਨੇ ਦੀ ਪੂਰਨਮਾਸ਼ੀ ਵਾਲੇ ਦਿਨ ਬਨਾਰਸ ਦੇ ਨਜ਼ਦੀਕ ਲਹਰਾਤਾ ਨਾਮਕ ਸਥਾਨ ਤੇ ਮੰਨਿਆ ਜਾਂਦਾ ਹੈ। ਉਸ ਦਿਨ ਨੀਮਾਂ, ਨੀਰੂ ਨਾਲ ਵਿਆਹ ਕਰਵਾ ਕੇ ਡੋਲੀ ਵਿਚ ਬਨਾਰਸ ਜਾ ਰਹੀ ਸੀ। ਬਨਾਰਸ ਦੇ ਕੋਲ ਇਕ ਸਰੋਵਰ ਦੇ ਨਜ਼ਦੀਕ ਉਹ ਕੁਝ ਦੇਰ ਆਰਾਮ ਕਰਨ ਲਈ ਰੁਕੇ। ਅਚਾਨਕ ਨੀਮਾਂ ਨੂੰ ਕਿਸੇ ਬੱਚੇ ਦੇ ਰੋਣ ਦੀ ਆਵਾਜ਼ ਸੁਣਾਈ ਦਿੱਤੀ ਤੇ ਉਹ, ਉਸ ਰੋਣ ਵਾਲੇ ਬੱਚੇ ਦੀ ਦਿਸ਼ਾ ਵਿਚ ਅੱਗੇ ਵਧੀ ਤੇ ਸਰੋਵਰ ਵਿਚ ਦੇਖਿਆ ਕਿ ਇਕ ਬੱਚਾ ਜੋ ਕੰਵਲ ਦੇ ਫੁੱਲਾਂ ਵਿਚ ਤੇ ਕੱਪੜੇ ਵਿਚ ਲਪੇਟਿਆ ਹੋਇਆ ਰੋ ਰਿਹਾ ਸੀ। ਨੀਮਾਂ ਨੇ ਜਿਉਂ ਹੀ ਬੱਚੇ ਨੂੰ ਉਠਾਇਆ ਤੇ ਆਪਣੀ ਗੋਦ ਵਿਚ ਲਿਆ ਤੇ ਉਹ ਬੱਚਾ ਚੁੱਪ ਕਰ ਗਿਆ। ਨੀਰੂ ਨੇ ਉਸ ਨੂੰ ਆਪਣੇ ਨਾਲ ਘਰ ਲਿਜਾਣ ਲਈ ਕਿਹਾ ਪਰ ਨੀਮਾਂ ਦੇ ਮਨ ਵਿਚੋਂ ਇਹ ਪ੍ਰਸ਼ਨ ਉਠਿਆ ਕਿ ਘਰ ਵਾਲਿਆਂ ਨੂੰ ਇਸ ਬੱਚੇ ਬਾਰੇ ਕੀ ਉਤਰ ਦਿਆਂਗੇ। ਇਸ ਬੱਚੇ ਨੂੰ ਆਪਣੀ ਗੋਦ ਵਿਚ ਲੈ ਲੈਣ ਨਾਲ ਉਸ ਅੰਦਰ ਮਾਂ ਮਮਤਾ ਦੀ ਭਾਵਨਾ ਜਾਗ ਪਈ ਤੇ ਆਪਣੇ ਇਸ ਕਰਤੱਵ ਨੂੰ ਪੂਰਾ ਕਰਦਿਆਂ ਬੱਚੇ ਤੇ ਜੋ ਸੰਕਟ ਛਾਇਆ ਹੋਇਆ ਸੀ ਉਹ ਟਲ ਗਿਆ। ਬੱਚਾ ਬੱਕਰੀ ਦਾ ਦੁੱਧ ਪੀ ਕੇ ਵੱਡਾ ਹੋਇਆ। ਛੇ ਮਹੀਨੇ ਬੀਤਣ ਤੋਂ ਬਾਅਦ ਬੱਚੇ ਦਾ ਨਾਮ ਕਰਨ ਸੰਸਕਾਰ ਹੋਇਆ। ਨੀਰੂ ਨੇ ਬੱਚੇ ਦਾ ਨਾਮ 'ਕਬੀਰ' ਰੱਖਿਆ ਪਰ ਕਈ ਲੋਕਾਂ ਨੇ ਇਸ ਨਾਮ ਦਾ ਵਿਰੋਧ ਕੀਤਾ ਕਿਉਂਕਿ ਕਬੀਰ ਦਾ ਅਰਥ ਹੁੰਦਾ ਹੈ ਮਹਾਨ ਤੇ ਇਕ ਜੁਲਾਹੇ ਦਾ ਬੱਚਾ ਮਹਾਨ ਕਿਸ ਤਰ੍ਹਾਂ ਹੋ ਸਕਦਾ ਹੈ? ਨੀਰੂ ਤੇ ਇਸ ਵਿਰੋਧ ਦਾ ਕੋਈ ਅਸਰ ਨਾ ਹੋਇਆ ਅਤੇ ਬੱਚੇ ਦਾ ਨਾਮ ਕਬੀਰ ਹੀ ਰਹਿਣ ਦਿੱਤਾ ਗਿਆ। ਇਹ ਕਹਿਣ ਵਿਚ ਕੋਈ ਅਤਕਥਨੀ ਨਹੀਂ ਹੋਵੇਗੀ ਕਿ ਅਣਜਾਣੇ ਵਿਚ ਹੀ ਬੱਚੇ ਦਾ ਰੱਖਿਆ ਇਹ ਨਾਮ ਵੱਡੇ ਹੋ ਕੇ ਸਾਰਥਕ ਸਾਬਤ ਹੋਇਆ। ਬੱਚੇ ਦੀਆਂ ਕਿਲਕਾਰੀਆਂ ਨੀਰੂ ਤੇ ਨੀਮਾਂ ਦੇ ਮਨ ਨੂੰ ਛੋਹ ਲੈਂਦੀਆਂ ਤੇ ਉਹਨਾਂ ਦੀ ਖੁਸ਼ੀ ਦੀ ਕੋਈ ਹੱਦ ਨਾ ਰਹਿੰਦੀ। ਕਈ ਸਮਾਜਿਕ ਔਕੜਾਂ ਦੇ ਬਾਵਜੂਦ ਵੀ ਨੀਰੂ ਤੇ ਨੀਮਾਂ ਦਾ ਜੀਵਨ ਬੜੀਆਂ ਖੁਸ਼ੀਆਂ ਵਿਚ ਲੰਘ ਰਿਹਾ ਸੀ।

ਕਬੀਰ ਜੀ ਨੂੰ ਬਚਪਨ ਤੋਂ ਹੀ ਸਾਧੂ-ਸੰਤਾਂ ਦੀ ਸੰਗਤ ਬਹੁਤ ਪਸੰਦ ਸੀ। ਕੱਪੜਾ ਬੁਣਨ ਦਾ ਖਾਨਦਾਨੀ ਕੰਮ ਉਹ ਸਾਰੀ ਉਮਰ ਕਰਦੇ ਰਹੇ। ਉਹ ਮਨੁੱਖ ਦੇ ਬਾਹਰੀ ਅਡੰਬਰਾਂ ਦਾ ਪੁਰਜ਼ੋਰ ਵਿਰੋਧ ਕਰਦੇ ਸਨ। ਤੇ ਪ੍ਰਮਾਤਮਾ ਦੀ ਨਿਰਾਕਾਰ ਉਪਾਸਨਾ ਤੇ ਜ਼ੋਰ ਦਿੰਦੇ ਸਨ। ਬਚਪਨ ਤੋਂ ਹੀ ਉਹਨਾਂ ਦੇ ਚਮਤਕਾਰੀ ਵਿਅਕਤੀਤਵ ਦੀ ਪ੍ਰਸਿੱਧੀ ਹਰ ਥਾਂ ਫੈਲਣ ਲੱਗ ਪਈ ਸੀ। ਕਹਿੰਦੇ ਹਨ ਕਿ ਜਦੋਂ ਉਹ ਅਜੇ ਬਚਪਨ ਵਿਚ ਹੀ ਸਨ ਉਸ ਸਮੇਂ ਕਾਂਸ਼ੀ 'ਚ ਇਕ ਵਾਰ ਜਲਨ ਰੋਗ ਫੈਲ ਗਿਆ ਅਤੇ ਉਹਨਾਂ ਨੇ ਰਸਤੇ ਵਿਚ ਤੁਰੀ ਜਾਂਦੀ ਇਸ ਰੋਗ ਤੋਂ ਪੀੜਤ ਇਕ ਬੁੱਢੀ ਔਰਤ ਤੇ ਰਸਤੇ ਦੀ ਧੂੜ ਛਿੜਕ ਕੇ ਉਸ ਦਾ ਇਹ ਰੋਗ ਖਤਮ ਕਰ ਦਿੱਤਾ।

ਸਤਿਗੁਰੂ ਕਬੀਰ ਦਾਸ ਜੀ ਦਾ ਬਚਪਨ ਬੜੀਆਂ ਜਟਿਲਤਾਵਾਂ ਤੇ ਰੂੜੀਵਾਦੀ ਪ੍ਰਸਥਿਤੀਆਂ ਵਿਚੋਂ ਜੂਝਦੇ ਹੋਏ ਗੁਜ਼ਰ ਰਿਹਾ ਸੀ। ਉਸ ਸਮੇਂ ਇਹ ਸੋਚ ਆਮ ਸੀ ਕਿ ਅਗਰ ਆਦਮੀ ਅਮੀਰ ਹੈ ਤਾਂ ਸਭ ਕੁਝ ਅੱਛਾ ਹੈ। ਅਗਰ ਇਨਸਾਨ ਦਾ ਰਸੂਖ ਵਧੀਆ ਹੈ ਤਾਂ ਵੀ ਵਧੀਆ ਹੈ। ਕੋਈ ਗਰੀਬ ਹੈ ਤਾਂ ਉਸ ਨੂੰ ਇਨਸਾਨ ਹੀ ਨਾ ਮੰਨਿਆ ਜਾਵੇ। ਆਦਮੀ-ਆਦਮੀ ਵਿਚ ਫਰਕ ਸਾਫ ਨਜ਼ਰ ਆਉਂਦਾ ਸੀ। ਕਾਨੂੰਨ ਤੇ ਧਰਮ ਦੀ ਆੜ ਵਿਚ ਰਸੂਖ ਦੁਆਰਾ ਗਰੀਬਾਂ ਅਤੇ ਨਿਮਨ ਜਾਤੀ ਦੇ ਲੋਕਾਂ ਨਾਲ ਸ਼ੋਸ਼ਣ ਹੁੰਦਾ ਸੀ। ਕਬੀਰ ਜੀ ਖੁਦ ਸਮਾਜਿਕ ਕੁਰੀਤੀਆਂ ਦੇ ਵਿਰੁੱਧ ਸਨ ਤੇ ਇਹਨਾਂ ਨੂੰ ਕਿਸ ਤਰ੍ਹਾਂ ਦੂਰ ਕੀਤਾ ਜਾਵੇ, ਇਸੇ ਹੀ ਸੋਚ ਵਿਚ ਚਿੰਤਤ ਰਹਿੰਦੇ ਸਨ।

ਇਕ ਦਿਨ ਕਿਸੇ ਵਿਅਕਤੀ ਨੇ ਦੱਸਿਆ ਕਿ ਸਤਿਗੁਰੂ ਰਾਮਾਨੰਦ ਜੀ ਨੇ ਸਮਾਜਿਕ ਕੁਰੀਤੀਆਂ ਦੇ ਖਿਲਾਫ ਜੰਗ ਛੇੜ ਰੱਖੀ ਹੈ। ਕਬੀਰ ਜੀ ਉਹਨਾਂ ਨੂੰ ਮਿਲਣ ਲਈ ਘਰੋਂ ਚਲੇ ਗਏ, ਪ੍ਰੰਤੂ ਉਹਨਾਂ ਦੇ ਆਸ਼ਰਮ ਪਹੁੰਚ ਕੇ ਪਤਾ ਲੱਗਾ ਕਿ ਉਹ ਮੁਸਲਮਾਨਾਂ ਨੂੰ ਨਹੀਂ ਮਿਲਦੇ ਪਰ ਕਬੀਰ ਜੀ ਨੇ ਹਾਰ ਨਹੀਂ ਮੰਨੀ ਤੇ 'ਪੰਚਗੰਗਾ' ਘਾਟ ਤੇ ਰਾਤ ਦੇ ਆਖਰੀ ਪਹਿਰ ਦੇ ਸਮੇਂ ਪਹੁੰਚ ਗਏ ਤੇ ਘਾਟ ਦੀਆਂ ਪੌੜੀਆਂ ਤੇ ਲੇਟ ਗਏ। ਉਹਨਾਂ ਨੂੰ ਪਤਾ ਸੀ ਕਿ ਸਤਿਗੁਰੂ ਰਾਮਾਨੰਦ ਜੀ ਸਵੇਰ ਵੇਲੇ ਸਿਰ ਗੰਗਾ ਘਾਟ ਤੇ ਇਸ਼ਨਾਨ ਕਰਨ ਆਉਂਦੇ ਹਨ। ਸਵੇਰੇ ਜਦੋਂ ਸਤਿਗੁਰੂ ਰਾਮਾਨੰਦ ਜੀ ਜਿਉਂ ਹੀ ਇਸ਼ਨਾਨ ਕਰਨ ਲਈ ਘਾਟ ਦੀਆਂ ਪੌੜੀਆਂ ਉਤਰ ਰਹੇ ਸਨ ਤਾਂ ਉਹਨਾਂ ਦਾ ਪੈਰ ਕਬੀਰ ਜੀ ਨਾਲ ਟਕਰਾਅ ਗਿਆ ਤੇ ਸਤਿਗੁਰੂ ਰਾਮਾਨੰਦ ਜੀ ਨੇ 'ਰਾਮ-ਰਾਮ' ਕਹਿ ਕੇ ਆਪਣਾ ਪੈਰ ਪਿੱਛੇ ਖਿੱਚ ਲਿਆ ਤੇ ਉਸੇ ਵੇਲੇ ਖੜ੍ਹੇ ਹੋ ਕੇ ਕਬੀਰ ਜੀ ਨੇ ਉਹਨਾਂ ਨੂੰ ਪਰਨਾਮ ਕੀਤੀ। ਰਾਮਾਨੰਦ ਜੀ ਨੇ ਪੁੱਛਿਆ ਕਿ ਤੁਸੀਂ ਕੌਣ ਹੋ? ਤਾਂ ਕਬੀਰ ਜੀ ਨੇ ਉੱਤਰ ਦਿੱਤਾ ਕਿ ਮੈਂ ਆਪ ਜੀ ਦਾ ਸ਼ਿਸ਼ ਹਾਂ। ਰਾਮਾਨੰਦ ਜੀ ਨੇ ਫਿਰ ਪ੍ਰਸ਼ਨ ਕੀਤਾ ਮੈਂ ਤੁਹਾਨੂੰ ਆਪਣਾ ਸ਼ਿਸ਼ ਕਦੋਂ ਬਣਾਇਆ ਸੀ? ਕਬੀਰ ਜੀ ਨੇ ਬੜੀ ਨਿਮਰਤਾ ਨਾਲ ਉਤਰ ਦਿੱਤਾ ਹੁਣੇ-ਹੁਣੇ ਹੀ ਜਦੋਂ ਤੁਸੀਂ 'ਰਾਮ-ਰਾਮ' ਕਿਹਾ ਮੈਂ ਉਸੇ ਵੇਲੇ ਹੀ ਇਸ ਨੂੰ ਆਪਣਾ 'ਗੁਰੂ ਮੰਤਰ' ਬਣਾ ਲਿਆ। ਸਤਿਗੁਰੂ ਰਾਮਾਨੰਦ ਜੀ ਕਬੀਰ ਜੀ ਦੇ ਇਸ ਉਤਰ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਆਪਣਾ ਸ਼ਿਸ਼ ਬਣਾ ਲਿਆ। ਕਬੀਰ ਜੀ ਨੂੰ ਸਤਿਗੁਰੂ ਰਾਮਾਨੰਦ ਜੀ ਨੇ ਸਾਰੇ ਸੰਸਕਾਰਾਂ ਦਾ ਗਿਆਨ ਕਰਵਾਇਆ ਤੇ ਗਿਆਨ ਦੀ ਗੰਗਾ ਵਿਚ ਡੁਬਕੀ ਲੁਆ ਦਿੱਤੀ।

ਕਬੀਰ ਜੀ ਤੇ ਸਤਿਗੁਰੂ ਰਾਮਾਨੰਦ ਜੀ ਦਾ ਰੰਗ ਇਸ ਤਰ੍ਹਾਂ ਚੜ੍ਹਿਆ ਕਿ ਉਹਨਾਂ ਨੇ ਆਪਣੇ ਗੁਰੂ ਜੀ ਦੇ ਸਨਮਾਨ ਵਿਚ ਇਸ ਤਰ੍ਹਾਂ ਕਿਹਾ:



ਸਭ ਧਰਤੀ ਕਾਗਜ਼ ਕਰੂੰ, ਲੇਖਨੀ ਸਭ ਬਨਰਾਜ।
ਸਾਤ ਸਮੁੰਦਰ ਕੀ ਮਸਿ ਕਰੂੰ, ਗੁਰੂ ਗੁਣ ਲਿਖਾ ਨਾ ਜਾਏ।
ਯਹ ਤਨ ਵਿਸ ਕੀ ਬੇਲਰੀ, ਗੁਰੂ ਅੰਮ੍ਰਿਤ ਕੀ ਖਾਨ।
ਸੀਸ ਦੀਓ ਜੋ ਗੁਰੂ ਮਿਲੇ, ਤੋ ਵੀ ਸਸਤਾ ਜਾਨ।

ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੈ ਕਿ ਜੀਵਨ ਵਿਚ ਗੁਰੂ ਦੇ ਮਹੱਤਵ ਦਾ ਵਰਣਨ ਸਤਿਗੁਰੂ ਕਬੀਰ ਦਾਸ ਜੀ ਨੇ ਆਪਣੇ ਦੋਹੇ ਵਿਚ ਬੜੀ ਸ਼ਰਧਾ ਤੇ ਆਤਮ ਵਿਸ਼ਵਾਸ ਨਾਲ ਕੀਤਾ ਹੈ। ਸਤਿਗੁਰੂ ਕਬੀਰ ਦਾਸ ਜੀ ਮੁਸਲਮਾਨ ਹੁੰਦੇ ਹੋਏ ਵੀ ਕਦੀ ਮਾਸ ਨੂੰ ਹੱਥ ਨਹੀਂ ਲਾਇਆ। ਸਤਿਗੁਰੂ ਕਬੀਰ ਦਾਸ ਜੀ ਜਾਤ-ਪਾਤ ਦੇ ਊਚ-ਨੀਚ ਦੇ ਬੰਧਨਾਂ ਤੋਂ ਪਰ੍ਹੇ ਇਕ ਫੱਕੜ, ਅਲਮਸਤ ਤੇ ਕ੍ਰਾਂਤੀਕਾਰੀ ਵਿਚਾਰਾਂ ਦੇ ਸਨ। ਉਹਨਾਂ ਨੇ ਇਕ ਰਮਤਾ-ਜੋਗੀ ਤੇ ਚਲਦੇ ਪਾਣੀ ਦੀ ਕਲਪਨਾ ਨੂੰ ਸਾਕਾਰ ਕੀਤਾ।

ਸਤਿਗੁਰੂ ਕਬੀਰ ਦਾਸ ਜੀ ਦਾ ਵਿਅਕਤਿਤਵ ਇਕ ਕਰਮਯੋਗੀਆਂ ਵਾਲਾ ਹੈ। ਉਹ ਹਰ ਤਰ੍ਹਾਂ ਦੀਆਂ ਕੁਰੀਤੀਆਂ ਦਾ ਵਿਰੋਧ ਕਰਦੇ ਹਨ। ਉਹ ਸਾਧੂ-ਸੰਤਾਂ ਤੇ ਸੂਫੀ ਫਕੀਰਾਂ ਦੀ ਸੰਗਤ ਤਾਂ ਕਰਦੇ ਸਨ ਪਰ ਧਰਮ ਦੇ ਠੇਕੇਦਾਰਾਂ ਤੋਂ ਦੂਰ ਰਹਿੰਦੇ ਸਨ। ਉਹਨਾਂ ਦਾ ਕਹਿਣਾ ਹੈ ਕਿ:-

ਹਿੰਦੂ ਬਰਤ ਇਕਾਦਸ਼ੀ ਸਾਧੇ ਦੂਧ ਸੰਘਾੜਾ ਸੇਤੀ।
ਅੰਨ ਕੋ ਤਿਆਗੇ, ਮਨ ਕੋਨਾ ਹਟਕੇ, ਪਾਰਣ ਕਰੇ ਸਗੌਤੀ।
ਦਿਨ ਕੋ ਰੋਜ਼ਾ ਰਹਿਤ ਹੈ, ਰਾਤ ਹਨਤ ਹੈ ਗਏ।
ਜਹਾ ਖੂੰਨ ਵੇ ਬੰਦਗੀ, ਕਿਉ ਕਰ ਖੁਸ਼ੀ ਖੁਦਾਏ।

ਜੀਵਾਂ ਦੀ ਹਿੰਸਾ ਨਾ ਕਰਨ ਅਤੇ ਮਾਸਾਹਾਰੀ ਦੇ ਪਿੱਛੇ ਕਬੀਰ ਸਾਹਿਬ ਦਾ ਤਰਕ ਬਹੁਤ ਵਧੀਆ ਹੈ। ਉਹ ਮੰਨਦੇ ਹਨ ਕਿ ਦਇਆ, ਹਿੰਸਾ ਤੇ ਪ੍ਰੇਮ ਦਾ ਮਾਰਗ ਇਕ ਹੈ। ਅਗਰ ਅਸੀਂ ਆਪਣੀ ਕੋਈ ਵੀ ਤ੍ਰਿਸ਼ਨਾ ਤੇ ਲਾਲਸਾ ਪੂਰੀ ਕਰਨ ਲਈ ਹਿੰਸਾ ਕਰਦੇ ਹਾਂ ਨਫ਼ਰਤ ਤੇ ਹਿੰਸਾ ਦਾ ਹੀ ਜਨਮ ਹੁੰਦਾ ਹੈ। ਬੇਜ਼ਬਾਨ ਜਾਨਵਰਾਂ ਲਈ ਜਾਂ ਮਾਨਵ ਦਾ ਸ਼ੋਸ਼ਣ ਕਰਨ ਵਾਲੇ ਵਿਅਕਤੀ ਸਤਿਗੁਰੂ ਕਬੀਰ ਦਾਸ ਜੀ ਲਈ ਸਦਾ ਨਿੰਦਕ ਰਹੇ ਹਨ।

ਸਤਿਗੁਰੂ ਕਬੀਰ ਜੀ ਸੰਸਾਰਕ ਜ਼ਿੰਮੇਵਾਰੀਆਂ ਤੋਂ ਕਦੇ ਦੂਰ ਨਹੀਂ ਗਏ। ਉਹਨਾਂ ਦੀ ਪਤਨੀ ਦਾ ਨਾਮ ਲੋਈ ਸੀ ਤੇ ਪੁੱਤਰ ਕਮਾਲ ਤੇ ਪੁੱਤਰੀ ਕਮਾਲੀ ਸੀ। ਉਹਨਾਂ ਨੇ ਆਪਣੇ ਪਰਿਵਾਰਕ ਰਿਸ਼ਤਿਆਂ ਨੂੰ ਵੀ ਭਲੀ-ਭਾਂਤੀ ਨਿਭਾਇਆ। ਆਪਣਾ ਤੇ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰਨ ਲਈ ਆਪਣਾ ਜੱਦੀ-ਪੁਸ਼ਤੀ ਜੁਲਾਹੇ ਦਾ ਕੰਮ ਬੜੀ ਤਨਦੇਹੀ ਨਾਲ ਕੀਤਾ।

ਸਤਿਗੁਰੂ ਕਬੀਰ ਦਾਸ ਜੀ ਇਕ ਮਹਾਨ ਸੰਤ ਕਵੀ ਸਨ। ਉਹਨਾਂ ਦੀ ਭਾਸ਼ਾ ਸੰਧੂਕੜੀ ਕਹਾਉਂਦੀ ਹੈ। ਕਬੀਰ ਸਾਹਿਬ ਦੀ ਬਾਣੀ ਬਹੁਰੰਗੀ ਹੈ। ਉਹਨਾਂ ਨੇ ਕਿਸੇ ਗ੍ਰੰਥ ਦੀ ਰਚਨਾ ਨਹੀਂ ਕੀਤੀ। ਆਪਣੇ ਆਪ ਨੂੰ ਇਕ ਕਵੀ ਦੇ ਤੌਰ ਤੇ ਸਥਾਪਤ ਕਰਨਾ ਉਹਨਾਂ ਦਾ ਉਦੇਸ਼ ਨਹੀਂ ਸੀ। ਉਹਨਾਂ ਦੀ ਮੌਤ ਤੋਂ ਬਾਅਦ ਉਹਨਾਂ ਦੇ ਸ਼ਗਿਰਦਾਂ ਨੇ ਉਹਨਾਂ ਦੀ ਕਵਿਤਾ (ਰਚਨਾਵਾਂ) ਦਾ ਸੰਗ੍ਰਹਿ ਕੀਤਾ ਤੇ ਉਸ ਦਾ ਨਾਮ 'ਬੀਜਕ' ਰੱਖਿਆ। ਇਸ ਗ੍ਰੰਥ ਦੇ ਤਿੰਨ ਭਾਗ ਹਨ 'ਸਾਖੀ', 'ਸ਼ਬਦ' ਅਤੇ 'ਰਮੈਣੀ।' ਸਤਿਗੁਰੂ ਕਬੀਰ ਸਾਹਿਬ ਦੇ ਉਪਦੇਸ਼ਾਂ ਵਿਚ ਦਾਰਸ਼ਨਿਕਤਾ ਦਿਖਾਈ ਦਿੰਦੀ ਹੈ। ਗੁਰੂ-ਮਹਿਮਾ, ਪ੍ਰਮਾਤਮਾ ਦੀ ਮਹਿਮਾ, ਸੱਤਸੰਗ ਮਹਿਮਾ ਅਤੇ ਮਾਇਆ ਦਾ ਫੇਰ ਆਦਿਕ ਦਾ ਬੜਾ ਸੁੰਦਰ ਵਰਣਨ ਮਿਲਦਾ ਹੈ। ਉਹਨਾਂ ਦੀ ਬਾਣੀ ਵਿਚ ਵਿਚਾਰਾਂ ਦੀ ਬੜੀ ਸਰਲਤਾ ਤੇ ਸਪਸ਼ਟਤਾ ਹੈ। ਇਸ ਵਿਚ ਪੰਜਾਬੀ ਤੇ ਹਿੰਦੀ ਦਾ ਰਲ਼ਾ ਹੈ ਤੇ ਇਸ ਵਿਚ ਬੜੇ ਠੇਠ ਤੇ ਲੱਛੇਦਾਰ ਮੁਹਾਵਰੇ ਤੇ ਅਲੰਕਾਰਾਂ ਦਾ ਪ੍ਰਯੋਗ ਕੀਤਾ ਹੈ। ਉਹਨਾਂ ਦੀ ਭਾਸ਼ਾ ਤੇ ਬੜੀ ਪਕੜ ਸੀ ਤੇ ਉਸ ਵਿਚ ਸਭ ਤਰ੍ਹਾਂ ਦੇ ਜ਼ਰੂਰੀ ਸੂਤਰ ਹੋਣ ਕਰਕੇ ਮਹਾਨ ਵਿਦਵਾਨ ਸ੍ਰੀ ਹਜ਼ਾਰੀ ਪ੍ਰਸ਼ਾਦ ਦਵੇਦੀ ਜੀ ਕਬੀਰ ਸਾਹਿਬ ਨੂੰ 'ਭਾਸ਼ਾ ਦਾ ਡਿਕਟੇਟਰ' ਕਹਿੰਦੇ ਹਨ। ਸਤਿਗੁਰੂ ਕਬੀਰ ਸਾਹਿਬ ਦਾ ਮੂਲ-ਮੰਤਰ ਸੀ:

"ਸੈਂ ਕਹਤਾ ਆਖਨ ਦੇਖੀ, ਤੂੰ ਕਹਤਾ ਕਾਗਦ ਕੀ ਲੇਖਿਨ।"

'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਸਤਿਗੁਰੂ ਕਬੀਰ ਦਾਸ ਜੀ ਦੀ ਬਾਣੀ ਬਾਕੀ ਸਭ ਭਗਤਾਂ ਨਾਲੋਂ ਵਧੀਕ ਦਰਜ ਹੈ। ਉਹਨਾਂ ਦੀ ਬਾਣੀ 17 ਰਾਗਾਂ ਵਿਚ ਹੈ। ਉਹਨਾਂ ਰਾਗਾਂ ਦੇ ਨਾਮ ਇਹ ਹਨ:- ਸਿਰੀ ਰਾਗ, ਗਉੜੀ, ਆਸਾ, ਗੁਜਰੀ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਗੌਂਡ, ਰਾਮ ਕਲੀ, ਮਾਰੂ, ਕੇਦਾਰਾ, ਭੈਰਉ, ਬਸੰਤ, ਸਾਰੰਗ ਤੇ ਪ੍ਰਭਾਤੀ ਹਨ। ਸਵਾ ਦੋ ਸੌ ਪਦਾ, ਅੰਦਾਜ਼ਨ ਢਾਈ ਸੌ ਸਲੋਕ 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹਨ। ਉਹਨਾਂ ਦੀ ਇਸ ਬਾਣੀ ਨੂੰ ਸਭ ਤੋਂ ਪ੍ਰਾਚੀਨ ਤੇ ਵਾ-ਸਤਵਿਕ ਰਚਨਾ ਪ੍ਰਮਾਣਿਕ ਮੰਨਿਆ ਜਾਂਦਾ ਹੈ। ਇਸ ਵਿਚ ਸਾਧਨਾ, ਭਗਤੀ ਦੇ ਅੰਗ, ਸਿਮਰਨ, ਸੇਵਾ, ਨਿਰਮਾਣਤਾ, ਬਿਰਹਾ, ਸਰਣਾਗਤੀ, ਮਨ ਦੀਆਂ ਬਦਲਦੀਆਂ ਅਵਸਥਾਵਾਂ, ਹਠ-ਯੋਗ ਕਰਮ, ਫਿਰ ਪਰਮ ਅਨੰਦ ਦੀ ਪ੍ਰਾਪਤੀ ਦੇ ਰਹੱਸ ਬਾਣੀ ਵਿਚ ਕਈ ਰੰਗਾਂ ਵਿਚ ਆਏ ਹਨ। ਇਸ ਵਿਚ ਉਹਨਾਂ ਨੇ ਆਪਣੇ ਵਰਗ ਦੇ ਧੰਦੇ ਤੇ ਨਿੱਜੀ ਪਰਿਵਾਰਕ ਜ਼ਿੰਦਗੀ ਦੀ ਜਾਣਕਾਰੀ ਵੀ ਦਿੱਤੀ ਹੈ। ਸਮਕਾਲੀ ਭਗਤਾਂ ਦੇ ਪ੍ਰਭਾਵ ਕਬੂਲਣ ਦੇ ਪ੍ਰਮਾਣ ਭੀ ਉਹਨਾਂ ਦੀ ਬਾਣੀ ਵਿਚੋਂ ਮਿਲਦੇ ਹਨ। ਨਾਮਦੇਵ ਜੀ, ਰਵਿਦਾਸ ਜੀ, ਸੈਣ ਜੀ ਤੇ ਧੰਨਾ ਜੀ ਦੀ ਬਾਣੀ ਨਾਲ ਕਈ ਥਾਵਾਂ ਤੇ ਗੂੜ੍ਹੀਆਂ ਸਾਂਝਾਂ ਹਨ।

ਸਿੱਖ ਧਰਮ ਦੀਆਂ ਜੜ੍ਹਾਂ ਨੂੰ ਸਾਫ ਤੌਰ ਤੇ 'ਭਗਤੀ ਕਾਲ' ਦੀ 'ਲੋਕ ਲਹਿਰ' ਵਿਚ ਬੜੇ ਸਪਸ਼ਟ ਤੌਰ ਤੇ ਦੇਖਿਆ ਜਾ ਸਕਦਾ ਹੈ। ਸਿੱਖ ਧਰਮ ਲਈ ਗੁਰੂ ਸਾਹਿਬਾਨ ਨੇ ਜੋ ਸਿਧਾਂਤ ਦਿੱਤੇ, ਉਹਨਾਂ ਦੀ ਝਲਕ ਕਿਸੇ ਨਾ ਕਿਸੇ ਰੂਪ ਵਿਚ ਇਸ 'ਭਗਤੀ ਲਹਿਰ' ਵਿਚ ਨਜ਼ਰ ਆਉਂਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉੱਤਰੀ ਤੇ ਦੱਖਣੀ ਭਾਰਤ ਵਿਚ ਆਪਣੀਆਂ ਯਾਤਰਾਵਾਂ ਦੌਰਾਨ ਇਸ ਭਗਤੀ ਲਹਿਰ ਤੋਂ ਪ੍ਰਭਾਵ ਗ੍ਰਹਿਣ ਵੀ ਕੀਤਾ ਤੇ ਆਪਣੀ ਨਿਰਾਕਾਰ ਉਪਾਸਨਾ ਦਾ ਇਸ ਭਗਤੀ ਲਹਿਰ ਦੇ ਭਗਤਾਂ ਤੇ ਪ੍ਰਭਾਵ ਪਾਇਆ ਵੀ ਤੇ ਨਾਲ ਹੀ ਉਹਨਾਂ ਭਗਤਾਂ ਦੀ ਬਾਣੀ ਵੀ ਲਿਆਂਦੀ ਜੋ ਉਹਨਾਂ ਦੇ ਸਿਧਾਂਤਾਂ ਨਾਲ ਮੇਲ ਖਾਂਦੀ ਸੀ।

ਸਤਿਗੁਰੂ ਕਬੀਰ ਦਾਸ ਜੀ ਪਹਿਲਾਂ ਪੀਰ ਤਕੀ ਦੇ ਮੁਰੀਦ ਸਨ ਅਤੇ ਪਿੱਛੋਂ ਕ੍ਰਿਸ਼ਨ ਭਗਤ ਬਣੇ ਤੇ ਫਿਰ ਰਾਮ ਭਗਤ ਵੀ ਬਣੇ। ਇੱਥੇ ਉਹਨਾਂ ਨੂੰ ਦੂਸਰੇ ਸ਼ਬਦਾਂ ਵਿਚ ਅਵਤਾਰਵਾਦੀ ਵੀ ਕਿਹਾ ਜਾ ਸਕਦਾ ਹੈ। ਉਹਨਾਂ ਦਾ ਵਾਕ ਹੈ, "ਸਾਵਲ ਸੁੰਦਰ ਰਾਮਈਆ, ਮੇਰਾ ਮਨ ਲਾਗਾ ਤੋਹਿ।" ਇਸ ਤੋਂ ਅੱਗੇ ਉਹ ਆਪਣੀ ਬਾਣੀ ਵਿਚ ਕ੍ਰਿਸ਼ਨ ਜੀ ਦੇ ਜੀਵਨ-ਗੁਣਾਂ ਦਾ ਖੁੱਲ੍ਹੇ ਤੌਰ ਤੇ ਗੁਣਗਾਨ ਕਰਦੇ ਹਨ:

"ਆਸ ਪਾਸ ਘਨ ਤੁਰਸੀ ਕਾ ਬਿਰਵਾ ਮਾਝ ਬਨਾ ਰਸਿ ਗਾਊਂ ਰੇ।।
ਊਆ ਕਾ ਸਰੂਪ ਦੇਖਿ ਮੋਹੀ ਗੁਆਰਨਿ ਮੋ ਕਉ ਛੋਡਿ ਨ ਆਉ ਨ ਜਾਹੂਰੇ।।"

ਸਤਿਗੁਰੂ ਕਬੀਰ ਦਾਸ ਜੀ ਬਾਕੀ ਸਾਰੇ ਭਗਤਾਂ ਵਿਚੋਂ ਸਭ ਤੋਂ ਪਹਿਲਾਂ, ਗੁਰੂ ਨਾਨਕ ਦੇਵ ਜੀ ਵਾਂਗ ਨਿਰਗੁਣ ਨਿਰੰਕਾਰ ਬ੍ਰਹਮ ਦੇ ਉਪਾਸਕ ਦੱਸਣ ਵਾਲੇ ਵਿਦਵਾਨ ਭੀ ਹਨ ਤੇ ਖੁਦ ਈਸ਼ਵਰ ਕਹਿਣ ਵਾਲੇ ਵੀ ਹਨ। ਕੁਝ ਵਿਦਵਾਨ ਕਬੀਰ ਜੀ ਦੇ ਇਹਨਾਂ ਸਿਧਾਂਤਾਂ ਤੇ ਖਿਆਲਾਂ ਬਾਰੇ, ਗੁਰੂ ਨਾਨਕ ਦੇਵ ਜੀ ਨੂੰ ਸਤਿਗੁਰੂ ਕਬੀਰ ਦਾਸ ਜੀ ਤੋਂ ਪ੍ਰਭਾਵਿਤ ਹੋਣ ਦੀ ਗੱਲ ਵੀ ਮੰਨਦੇ ਹਨ।

ਕਬੀਰ ਜੀ ਦਾ ਜਿਉਂ-ਜਿਉਂ ਅਧਿਆਤਮਕ ਗਿਆਨ ਵਧਦਾ ਗਿਆ, ਉਹ ਤਿਵੇਂ-ਤਿਵੇਂ ਹੀ ਮਾਨਸਿਕ ਵਿਕਾਸ ਦੀਆਂ ਮੰਜ਼ਿਲਾਂ ਪਾਰ ਕਰਦੇ ਗਏ ਤੇ ਸਰਗੁਣਵਾਦੀ ਵਿਚਾਰਾਂ ਨੂੰ ਤਿਆਗਦੇ ਗਏ ਤੇ ਅਖੀਰ ਵਿਚ ਨਿਰਾਕਾਰ ਨਿਰੰਕਾਰ ਬ੍ਰਹਮ ਦੇ ਉਪਾਸ਼ਕ ਬਣ ਗਏ ਤੇ ਫਿਰ ਉਹਨਾਂ ਨੇ 'ਕ੍ਰਿਸ਼ਨ ਭਗਤੀ', 'ਰਾਮ ਭਗਤੀ' ਤੇ 'ਨਾਥਾਂ ਜੋਗੀਆਂ' ਦੀ ਵਿਚਾਰਧਾਰਾ ਜੋ ਕਿ ਅਵਤਾਰਵਾਦ ਹੈ, ਦਾ ਕਰੜਾ ਵਿਰੋਧ ਵੀ ਕੀਤਾ। ਹੁਣ ਉਹਨਾਂ ਦਾ 'ਰਾਮ' ਰਾਜਾ ਦਸਰਥ ਪੁੱਤਰ ਸ੍ਰੀ ਰਾਮ ਚੰਦਰ ਜੀ ਨਹੀਂ ਸਨ, ਸਗੋਂ ਉਹਨਾਂ ਦਾ 'ਰਾਮ' ਉਹ 'ਨਿਰਾਕਾਰ ਪਾਰ ਬ੍ਰਹਮ' ਸੀ। ਇਸ ਦੀ ਇਕ ਉਦਾਹਰਣ 'ਕਬੀਰ ਗ੍ਰੰਥਾਵਲੀ ਦੇ ਪੰਨਾ 204) ਤੇ ਇੰਝ ਦਰਜ ਹੈ:

ਨ ਦਸਰਥ ਘਰ ਔਤਰ ਆਵਾ।। ਨ ਲੰਕਾ ਕਾ ਰਾਵ ਸਤਾਵਾ।।
ਨਹਿ ਦੇਵੈ (ਦੇਵਕੀ) ਗਰਭ ਹੋਇ ਆਵਾ।। ਨ ਜਸੁਧੈ ਕੈ ਗੋਦ ਖਿਲਾਵਾ।।
ਲੋਗ ਕਹੈ ਗੋਵਰਧਨ ਧਾਰੀ।। ਤਾਕੀ ਮੋਹ ਅਚੰਭਾ ਭਾਰੀ।।
ਨਿਰਗੁਣ ਰਾਮ ਜਪਹੁ ਰੇ ਭਾਈ।। ਅਵਿਗਤ ਕੀ ਰਾਤਿ ਲਖੀ ਨਾ ਜਾਈ।।

ਸਤਿਗੁਰੂ ਕਬੀਰ ਦਾਸ ਜੀ ਨੇ ਕਿਸੇ ਵੀ ਥਾਂ ਆਪਣੇ ਆਪ ਨੂੰ ਮੁਸਲਮਾਨ ਜਾਂ ਹਿੰਦੂ ਨਹੀਂ ਕਿਹਾ। ਇਹ ਦੋਹਾਂ ਵਰਗਾਂ ਦੇ ਕਰਮ ਕਾਂਡਾਂ ਅਤੇ ਜਨੂੰਨੀ ਮਜ਼ਹਬੀ ਖਿੱਚੋਤਾਣ ਨੂੰ ਨਿੰਦਿਆਂ ਹੈ; 'ਹਿੰਦੂ ਤੁਰਕ ਕਹਾਂ ਤੇ ਆਏ, ਕਿਨਿ ਇਹ ਰਾਹ ਚਲਾਈ।' ਇਹ ਉਹਨਾਂ ਦਾ ਬੜਾ ਉੱਚਾ ਤੇ ਸ਼ੁੱਧ ਖਿਆਲ ਹੈ। ਮਨੁੱਖ, ਮਨੁੱਖ ਹੈ। ਉਸ ਤੋਂ ਉਪਰ ਹੈ ਗਿਆਨੀ ਚਾਹੇ ਉਹ ਕਿਸੇ ਵੀ ਰੂਪ ਵਿਚ ਹੋਵੇ। ਰੱਬ ਹਿੰਦੂਆਂ, ਮੁਸਲਮਾਨਾਂ ਵਿਚ ਵੰਡੀਆਂ ਨਹੀਂ ਪਾਉਂਦਾ ਤੇ ਨਾ ਹੀ 'ਸਮਾਜਿਕ ਨਾ ਬਰਾਬਰੀ' ਦੀ ਸਿੱਖਿਆ ਦਿੰਦਾ ਹੈ। ਇਹ ਮਨੁੱਖੀ ਵਰਗੀਕਰਨ ਬਾਰੇ ਉਹ ਆਪਣੇ ਵਿਚਾਰਾਂ ਵਿਚ ਕਹਿੰਦੇ ਹਨ ਕਿ ਸਭ ਇਨਸਾਨ ਉਸ ਪ੍ਰਮਾਤਮਾ ਦੇ ਪੈਦਾ ਕੀਤੇ ਹੋਏ ਤੇ ਇਹਨਾਂ ਵਿਚ ਕੌਣ ਮੰਦਾ ਤੇ ਕੌਣ ਚੰਗਾ ਹੈ। ਇਹ ਪ੍ਰਮਾਤਮਾ ਹੀ ਜਾਣਦਾ ਹੈ। ਇਸ ਬਾਰੇ ਉਹ ਗੁਰਬਾਣੀ ਵਿਚ ਇੰਝ ਕਹਿੰਦੇ ਹਨ:

"ਅਵਲਿ ਅਲਾਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ।।
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।।"

ਉਹ ਮਨੁੱਖ ਦੇ ਪੁਨਰ ਜਨਮ ਲੈਣ ਵਿਚ ਵੀ ਵਿਸ਼ਵਾਸ ਨਹੀਂ ਰੱਖਦੇ ਸਨ ਤੇ ਇਸ ਬਾਰੇ ਇਸ ਤਰ੍ਹਾਂ ਆਪਣੇ ਵਿਚਾਰ ਰੱਖਦੇ ਹਨ:-

"ਕਹੁ ਕਬੀਰ ਜਿਸੁ ਸਤਿਗੁਰ ਭੇਟੈ।
ਪੁਨਰਪਿ ਜਨਮਿ ਨ ਆਵੈ।।"

ਸਤਿਗੁਰੂ ਕਬੀਰ ਦਾਸ ਜੀ ਨੇ ਬੜੇ ਕਰੜੇ ਅਤੇ ਕਰਾਰੇ ਬੋਲਾਂ ਵਿਚ ਦੰਭ, ਪ੍ਰਪੰਚ ਅਤੇ ਪਾਖੰਡਾਂ ਦੇ ਖੰਡਨ ਕਰਨ ਵਿਚ ਸਭ ਤੋਂ ਮੋਹਰਲੀ ਕਤਾਰ ਵਿਚ ਖਲੋਤੇ ਹਨ। ਦਿਖਾਵੇ ਦੇ ਫੋਕੇ ਧਾਰਮਿਕ ਅਡੰਬਰਾਂ ਦੀ ਉਹਨਾਂ ਖੂਬ ਛਿੱਲ ਉਤਾਰੀ ਹੈ, ਧਾਰਮਿਕ ਭੇਖ ਧਾਰ ਕੇ, ਲੋਕਾਂ ਨੂੰ ਮੂਰਖ ਬਣਾ ਕੇ ਆਪਣਾ ਧੰਦਾ ਤੇ ਤੋਰੀ ਫੁਲਕਾ ਚਲਾਉਣ ਵਾਲਿਆਂ ਨੂੰ ਖਾਸ ਤੌਰ ਤੇ ਭੰਡਿਆ ਹੈ। 'ਬਨਾਰਸ ਦੇ ਠੱਗਾਂ' ਦੀ ਮਿਸਾਲ ਸਾਡੇ ਸਮਾਜ ਵਿਚ ਬੜੀ ਮਸ਼ਹੂਰ ਹੈ। ਇਹ ਸ਼ਾਇਦ ਇਸੇ ਕਰਕੇ ਹੀ ਗੱਲ ਬਣੀ ਹੈ ਕਿ ਉਥੋਂ ਦੇ ਪੰਡੇ ਨਾਮ ਦਾਨ ਇਸ਼ਨਾਨ, ਸਵਰਗ, ਨਰਕ ਤੇ ਭਵਿੱਖ ਦੇ ਪ੍ਰਚਾਵਿਆਂ ਨਾਲ ਲੋਕਾਂ ਨੂੰ ਕੁਰਾਹੇ ਪਾ ਕੇ ਲੁੱਟਦੇ ਸਨ। ਨੰਗੇ ਫਿਰਨਾ, ਸਿਰ ਮੰਡਾਉਣਾ, ਜਤੀ ਆਦਿ ਕਹਾਉਣਾ, ਜੋਗੀਆਂ ਵਾਲੀ ਕਰਮ ਕਿਰਿਆ ਭੀ ਕਬੀਰ ਜੀ ਦੇ ਹਮਲੇ ਤੋਂ ਨਹੀਂ ਬਚ ਸਕੀ:

'ਨਗਨ ਫਿਰਤ ਜੋ ਪਾਈਐ ਜੋਗ।
ਬਨ ਕਾ ਮਿਰਗ ਮੁਕਤਿ ਸਭੁ ਹੋਗੁ।।'

**(ਬਾਕੀ ਸਫਾ 26 'ਤੇ)**

# ਕਿਰਤੀਆਂ ਦੀ ਸੁਰੱਖਿਆ, ਕੋਵਿਡ-19 ਨਾਲ ਨਜਿੱਠਣਾ



ਰਾਜਿੰਦਰ ਕੌਰ ਚੋਹਕਾ
91-98725-44738
001-403-285-4208

ਪਿਛਲੇ ਡੇਢ ਸਾਲ ਤੋਂ ਕੋਵਿਡ-19 ਮਹਾਂਮਾਰੀ ਦਾ ਕਹਿਰ ਸਾਰੀ ਦੁੱਨੀਆਂ ਵਿੱਚ ਛਾਇਆ ਹੋਇਆ ਹੈ। ਇਸ ਭਿੰਅਕਰ ਮਹਾਂਮਾਰੀ ਦੀ ਮਾਰ ਨੂੰ ਵਿਕਸਤ ਦੇਸ਼ਾਂ ਵਲੋਂ ਤਾਂ ਕੁਝ ਠੱਲ ਪਾ ਲਈ ਲਗਦੀ ਹੈ। ਪਰ ! ਗਰੀਬ ਤੇ ਵਿਕਾਸਸ਼ੀਲ ਦੇਸ਼ਾ ਵਿੱਚ ਇਸ ਭਿਆਨਕ ਬੀਮਾਰੀ ਨੇ ਜਿਥੇ ਮਨੁੱਖਤਾ ਨੂੰ ਗਰੀਬੀ, ਮਹਿੰਗਾਈ, ਬੇ-ਰੁਜ਼ਗਾਰੀ ਤੇ ਹੋਰ ਤੰਗੀਆਂ ਤਰੁਸ਼ੀਆਂ ਵਿੱਚ ਧਕੇਲ ਦਿੱਤਾ ਹੈ, ਉਥੇ, ਕੋਵਿਡ-19 ਤੋਂ ਬਿਨ੍ਹਾਂ ਕਈ ਹੋਰ ਭਿੰਅਕਰ ਬੀਮਾਰੀਆਂ ਨੇ ਵੀ ਮਨੁੱਖਤਾ ਦਾ ਘਾਣ ਕਰ ਦਿੱਤਾ ਹੈ। ਵਿਕਾਸਸ਼ੀਲ ਦੇਸ਼ਾਂ ਦੀਆਂ ਸਰਕਾਰਾਂ, ਜਿਨ੍ਹਾਂ ਵਿੱਚ ਸਾਡਾ ਭਾਰਤ ਦੇਸ਼ ਵੀ ਆਉਂਦਾ ਹੈ ਤੇ ਜਿੱਥੇ ਕੇਂਦਰ ਵਿੱਚ ਭਾਜਪਾ ਦੀ ਸਰਕਾਰ ਹੈ, ਦੇ ਰਾਜ-ਭਾਗ ਵਿੱਚ ਬਿਮਾਰੀ ਤੋਂ ਮਨੁੱਖਤਾ ਨੂੰ ਬਚਾਉਣ ਦੀ ਕੋਸ਼ਿਸ਼ ਤਾਂ ਕੀ ਕਰਨੀ ਸੀ ? ਸਗੋਂ ! ਤੇ ਇਸ ਭਿਆਨਕ ਮਹਾਂਮਾਰੀ ਦੌਰਾਨ ਕਾਰਪੋਰੇਟ ਘਰਾਣਿਆਂ ਨੂੰ, ਲੋਕਾਂ ਦੀ ਲੁੱਟ-ਖਸੁੱਟ ਕਰਨ ਦੀ ਖੁੱਲ੍ਹੀ ਛੋਟ ਵੀ ਦਿੱਤੀ ਹੋਈ ਹੈ। ਬਹੁਤ ਹੀ ਹੈਰਾਨੀ ਵਾਲੀ ਗੱਲ ਹੈ, ਕਿ ਇਸ ਮਹਾਂਮਾਰੀ ਦੌਰਾਨ ਗਰੀਬ ਹੋਰ ਗਰੀਬ ਹੋ ਗਏ ਹਨ ਅਤੇ ਕਾਰਪੋਰੇਟ ਘਰਾਣਿਆਂ ਦੀ ਆਮਦਨ ਦੁਗਣੀ-ਤਿਗਣੀ ਹੋ ਗਈ ਹੈ ? ਦੂਸਰੇ ਪਾਸੇ ਮਿਹਨਤ ਮੁਸ਼ਕਤ ਕਰਨ ਵਾਲੇ ਕਿਰਤੀ ਲੋਕ, ਜਿਨ੍ਹਾਂ ਨੂੰ ਠੇਕੇ ਅਤੇ ਦਿ-ਹਾੜੀਆਂ ਤੇ ਕੰਮ ਕਰਨਾ ਪੈ ਰਿਹਾ ਹੈ, ਖਾਸ ਕਰਕੇ ! ਇਸਤਰੀ ਕਾਮਿਆਂ ਦੀਆਂ ਦਿਹਾੜੀਆਂ ਤੇ ਉਜਰਤਾਂ ਘਟੀਆਂ ਹਨ। ਉਥੇ ਹੀ ਛਾਂਟੀਦੀ ਪ੍ਰੀਕ੍ਰਿਆ ਵੀ ਬੜੀ ਤੇਜ਼ੀ ਨਾਲ ਵੱਧੀ ਹੈ। ਕਰੋਨਾ ਲਹਿਰ ਦਾ ਮੁਕਾਬਲਾ ਵੀ ਕਿਰਤੀ ਜਮਾਤ ਦੀ ਸੁਰੱਖਿਆ ਦੇ ਸਵਾਲ ਨਾਲ ਬਝਿਆ ਹੋਇਆ ਹੈ। ਅੱਜ ਦੇਸ਼ ਦੀ ਅਰਥ-ਵਿਵਸਥਾ ਵਿੱਚ ਨਿਘਾਰ ਆ ਰਿਹਾ ਹੈ ਤੇ ਉਹ ਹੇਠਾਂ ਜਾ ਰਹੀ ਹੈ। ਜਨਵਰੀ 2020 ਤੋਂ ਅੱਜ ਤੱਕ (ਜੂਨ 2021) ਮਹਾਂਮਾਰੀ ਤੇ ਲਾਕ-ਡਾਊਨ ਦੌਰਾਨ ਦੇਸ਼ ਭਰ ਵਿੱਚ ਲੱਗ-ਪੱਗ ਦੋ ਕਰੋੜ ਤੋਂ ਵੱਧ ਨੌਕਰੀਆਂ ਚਲੀਆਂ ਗਈਆਂ ਹਨ। ਇਕ ਰਿਪੋਰਟ ਮੁਤਾਬਿਕ ਦੇਸ਼ ਦੇ 93-ਫੀਸਦ ਤੋਂ ਵੱਧ, 14-ਕਰੋੜ ਮਜ਼ਦੂਰ ਜੋ ਗੈਰ ਸੰਗਠਿਤ ਖੇਤਰ ਵਿੱਚ ਕੰਮ ਕਰਦੇ ਹਨ, ਜਿਨ੍ਹਾਂ ਤੇ ਮੌਜੂਦਾ ਕਰੋਨਾ ਮਹਾਂਮਾਰੀ ਦਾ ਹਰ ਪਖੋਂ ਮਾੜਾ ਅਸਰ ਪਿਆ ਹੈ, ਉਥੇ ਨੋਟ-ਬੰਦੀ ਦੇ ਵੀ, ਮਾਰੂ ਅਸਰ ਨਜ਼ਰ ਆ ਰਹੇ ਹਨ। ਅੱਜ ! ਦੇਸ਼ ਭਰ ਵਿੱਚ ਹਰ ਪਾਸੇ ਆਰਥਿਕ ਅਸਮਾਨਤਾਵਾਂ ਵੱਧ ਰਹੀਆਂ ਹਨ। ਅੱਜ ! ਦੇਸ਼ ਦਾ ਸਰਮਾਇਆ ਸਿਰਫ਼ 10-ਫੀ-ਸਦ ਲੋਕਾਂ ਦੀਆਂ ਜੇਬਾਂ ਵਿੱਚ ਜਾ ਰਿਹਾ ਹੈ। ਇਸ ਲਈ ਅੱਜ ਅਵਾਮ ਦੇ ਸਾਹਮਣੇ ਇਹ ਇੱਕ ਚਨੌਤੀ ਹੈ, ਕਿ 93-ਫੀ-ਸਦ ਲੋਕਾਂ ਦੀ ਆਮਦਨ ਨੂੰ ਕਿਵੇਂ ਬਚਾਇਆ ਜਾ ਸਕਦਾ ਹੈ? ਉਨ੍ਹਾਂ ਦੀ ਸਿਹਤ-ਸੁਰੱਖਿਆ, ਬੱਚਿਆਂ ਦੀ ਵਿੱਦਿਆ ਅਤੇ ਸਮਾਜੀ ਲੋੜਾਂ ਨੂੰ ਕਿਵੇਂ ਬਰਕਰਾਰ ਰੱਖਿਆ ਜਾਵੇ ? ਇਸਤਰੀਆਂ ਦੀ ਕਮਾਈ ਮਰਦਾ ਦੀ ਕਮਾਈ ਨਾਲੋਂ ਪੰਜਵਾਂ ਹਿੱਸਾ ਹੈ। ਜਿਸ ਦਾ ਕਾਰਨ ਰੁਜ਼ਗਾਰ ਦੇ ਮੌਕੇ ਘਟਣ ਨਾਲ ਇਸਤਰੀਆਂ ਵਿੱਚ ਬੇ-ਰੁਜ਼ਗਾਰੀ ਤੇਜ਼ੀ ਨਾਲ ਵੱਧ ਰਹੀ ਹੈ। (ਸੰਸਾਰ ਆਰਥਿਕ ਫੋਰਮ ਜੀ.ਜੀ.ਜੀ. ਰਿਪੋਰਟ-2021)

ਕਿਸੇ ਵੀ ਦੇਸ਼ ਦੀ ਅਰਥ-ਵਿਵਸਥਾ ਵਿੱਚ ਤਾਂ ਹੀ ਵਾਧਾ ਹੋ ਸਕਦਾ ਹੈ, ਜੇਕਰ ਦੇਸ਼ ਵਿੱਚ ਕਾਮੇ ਮਜ਼ਦੂਰਾਂ ਨੂੰ ਸੁਰੱਖਿਅਤ ਕੰਮ ਮਿਲੇ, ਕੰਮ ਦੌਰਾਂਨ ਪੂਰੀਆਂ ਸਹੂਲਤਾਂ ਮਿਲਣ। ਸਰਕਾਰ ਢੰਡੋਰਾ ਪਿੱਟ ਰਹੀ ਹੈ,"ਕਿ ਦੇਸ਼ ਦੀ ਅਰਥ-ਵਿਵਸਥਾ ਵਿੱਚ ਸੁਧਾਰ ਹੋ ਰਿਹਾ ਹੈ ਅਤੇ ਦੇਸ਼ ਦਾ ਵਿਕਾਸ ਹੋ ਰਿਹਾ ਹੈ। ਪਰ ! ਅਮਲੀ ਰੂਪ ਵਿੱਚ ਤਾਂ ਨਾਂ ਦੇਸ਼ ਦਾ ਵਿਕਾਸ ਹੀ ਦਿਸ ਰਿਹਾ ਹੈ ਅਤੇ ਨਾਂ ਹੀ ਮਜ਼ਦੂਰਾਂ ਅਤੇ ਆਮ ਲੋਕਾਂ ਦੀ ਦਸ਼ਾ ਵਿੱਚ ਸੁਧਾਰ ਹੋ ਰਿਹਾ ਹੈ। ਅੱਜ! ਦੇਸ਼ ਦੀ ਅਬਾਦੀ ਦਾ ਦੋ-ਤਿਹਾਈ ਹਿੱਸਾ ਹਾਲੇ ਵੀ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਿਹਾ ਹੈ। ਅੱਜ ਦੇਸ਼ ਦੀ ਤਰੱਕੀ ਆਮ ਤੇ ਗਰੀਬ ਲੋਕਾਂ ਦੀ ਨਹੀਂ ਹੋ ਰਹੀ ਹੈ, ਸਗੋਂ ਦੇਸ਼ ਦੇ ਕਾਰਪੋਰੇਟ ਘਰਾਣੇ ਜਿਹੜੇ ਪਹਿਲਾਂ ਹੀ ਅਮੀਰ ਹਨ ਉਨ੍ਹਾਂ ਦੀਆਂ ਜਾਇਦਾਦਾ, ਦਿਨਾਂ ਅਤੇ ਮਹੀਨਿਆਂ ਵਿੱਚ ਹੀ ਅਰਬਾਂ-ਖਰਬਾਂ ਦੀਆਂ ਵੱਧ ਗਈਆਂ ਹਨ। ਪ੍ਰਤੂੰ ! ਅਫਸੋਸ ਹੈ ਕਿ, ਅੱਜ ਪੂੰਜੀਵਾਦੀ ਸਿਸਟਮ ਅੰਦਰ ਮੌਜੂਦਾ ਪੂੰਜੀਪਤੀ ਸਮਾਜ ਨੂੰ ਆਪਣੀ ਆਮਦਨ ਨੂੰ ਵਧਾਉਣ ਲਈ ਮਜ਼ਦੂਰਾਂ ਦਾ ਸ਼ੋਸ਼ਣ ਕਰਨ ਲਈ ਹਾਕਮਾਂ ਵਲੋਂ ਪੂਰਾ-ਪੂਰਾ ਮੌਕਾ ਦਿੱਤਾ ਜਾ ਰਿਹਾ ਹੈ। ਦੂਸਰੇ ਪਾਸੇ ਅੱਜ ਦੇਸ਼ ਭਰ ਵਿੱਚ ਬੇ-ਰੁਜ਼ਗਾਰੀ ਵਿੱਚ ਬੇ-ਪਨਾਹ ਵਾਧਾ ਹੋਇਆ ਹੈ। ਅੱਜ ! ਮਜ਼ਦੂਰਾਂ ਤੇ ਮੁਲਾਜਮਾਂ ਨੂੰ ਨੌਕਰੀ ਲੈਣ ਲਈ, ਪੱਕੇ ਹੋਣ ਲਈ, ਸਮੇਂ ਸਿਰ ਤਨਖਾਹਾਂ ਲੈਣ ਲਈ ਸੜਕਾਂ ਤੇ ਰੁਲਣਾ ਤੇ ਟੈਂਕੀਆਂ ਤੇ ਚੜ੍ਹਨਾ ਪੈ ਰਿਹਾ ਹੈ ਪਰ ! ਸਰਕਾਰਾਂ ਦੇ ਕੰਨ ਤੇ ਜੂੰਅ ਤੱਕ ਨਹੀਂ ਸਰਕ ਰਹੀ ਹੈ। ਪ੍ਰਧਾਨਮੰਤਰੀ ਨਰਿੰਦਰ ਮੋਦੀ ਨੇ ਸਤਾ ਤੇ ਆਉਂਦਿਆਂ ਹੀ ਨੌਜਵਾਨਾਂ ਨੂੰ "ਦੋ ਕਰੋੜ ਨੌਕਰੀਆਂ ਦੇਣ ਦਾ ਐਲਾਨ" ਕੀਤਾ ਸੀ। ਪਰ ਉਹ ਐਲਾਨ, ਐਲਾਨ ਹੋ ਕੇ ਹੀ ਰਹਿ ਗਿਆ ਹੈ। ਪ੍ਰਧਾਨ ਮੰਤਰੀ ਭਾਸ਼ਣਾ ਰਾਂਹੀ ਹੀ ਲੋਕਾਂ ਨੂੰ ਵਿਕਾਸ ਦੀਆਂ ਪੌੜੀਆਂ ਤੇ ਚੜ੍ਹਾ ਰਹੇ ਹਨ। ਅੱਜ ! ਦੇਸ਼ ਦਾ ਪੜ੍ਹਿਆ-ਲਿੱਖਿਆ ਨੌਜਵਾਨ ਡਿਗਰੀਆਂ ਲੈਕੇ ਨੌਕਰੀ ਦੀ ਤਲਾਸ਼ 'ਚ ਫਿਰ ਰਹੇ ਹਨ। ਪਰ! ਰੁਜ਼ਗਾਰ ਸਬੰਧੀ ਇਕ ਰੀਪੋਰਟ ਮੁਤਾਬਿਕ 2017-18 ਦੇ ਅੰਕੜਿਆ ਮੁਤਾਬਿਕ ਬੇ-ਰੁਜ਼ਗਾਰੀ ਪਿਛਲੇ 45-ਸਾਲਾਂ ਤੋਂ ਸਭ ਤੋਂ ਵੱਧ, ਵਧੀ ਹੈ। ਬੇ-ਰੁਜ਼ਗਾਰੀ ਦੀ ਦਰ ਇਸ ਸਮੇਂ 8.7-ਫੀ-ਸਦ ਹੈ ਜਦਕਿ ਸਾਲ 2017 'ਚ ਜੁਲਾਈ ਮਹੀਨੇ ਕੇਵਲ 3.4 ਫੀ-ਸਦ ਸੀ। ਕੋਵਿਡ-19 ਦੀ ਮਹਾਂਮਾਰੀ ਦੌਰਾਨ 12.2 ਕਰੋੜ ਲੋਕਾਂ ਨੂੰ ਨੌਕਰੀ ਤੋਂ ਹੱਥ ਧੋਣੇ ਪਏ ਹਨ। ਅੱਜ ! ਦੇਸ਼ ਬੇਰੁਜ਼ਗਾਰੀ ਪੱਖੋਂ ਗੰਭੀਰ ਸਥਿਤੀ ਵਿਚੋਂ ਦੀ ਲੰਘ ਰਿਹਾ ਹੈ। ਸਰਕਾਰ ਲੋਕਾਂ ਨੂੰ ਰੁਜ਼ਗਾਰ ਦਾ ਝਾਸਾਂ ਦੇ ਕੇ ਆਪਣਾ ਵੋਟ ਬੈਂਕ ਪੱਕਾ ਕਰਨ ਵੱਲ ਤੁਰੀ ਹੋਈ ਹੈ। ਜੋ ! ਦੇਸ਼ ਦੀ ਆਰਥਿਕਤਾ ਨੂੰ ਤਬਾਹੀ ਵੱਲ ਹੋਰ ਧਕੇਗਾ ? ਆਰਥਿਕ ਪੱਖੋਂ ਦੇਸ਼ ਪਹਿਲਾਂ 5-ਵੇਂ ਨੰਬਰ ਦੀ ਮਹਾਂਸ਼ਕਤੀ ਤੋਂ ਖਿਸਕ ਕੇ ਹੁਣ 7-ਵੇਂ ਨੰਬਰ ਤੇ ਆ ਗਿਆ ਹੈ। ਕੀ ? ਪ੍ਰਧਾਨ ਮੰਤਰੀ ਇਸ ਨੂੰ ਹੀ ਦੇਸ਼ ਦਾ ਵਿਕਾਸ ਕਹਿ ਰਹੇ ਹਨ ?

ਅੱਜ ਸਾਨੂੰ ਇਹ ਵੀ ਦੇਖਣਾ ਪਏਗਾ, "ਕਿ ਇਸ ਕੋਵਿਡ-19 ਦੀ ਮਹਾਂਮਾਰੀ ਦੌਰਾਨ, ਰਾਜ ਦੇ ਕੰਮ-ਕਾਰ ਕਰਨ ਵਿੱਚ ਤੇ ਮਜ਼ਦੂਰਾਂ ਨਾਲ ਕਲਿਆਣਕਾਰੀ/ਭਲਾਈ ਦੇ ਕੰਮਾਂ ਦੇ ਕਰਨ ਵਿੱਚ ਭੇਦ-ਭਾਵ ਉਭੱਰ ਕੇ ਤਾਂ ਸਾਹਮਣੇ ਨਹੀਂ ਆ ਰਹੇ ਹਨ ?" ਮਜ਼ਦੂਰਾਂ ਦੇ ਕੰਮ ਕਰਨ ਵਾਲੇ ਥਾਵਾਂ ਤੇ ਮਜ਼ਦੂਰਾਂ ਦੀ ਸੁਰੱਖਿਆ ਬਹੁਤ ਜਰੂਰੀ ਹੈ। ਇਹ ਭੇਦ-ਭਾਵ ਉੱਪਚਾਰਕ-ਅਨ-ਉੱਪਚਾਰਕ, ਰਾਜ ਪੱਧਰ, ਕੇਂਦਰ ਪੱਧਰ, ਸੰਗਠਿਤ, ਅਸੰਗਿਠਤ,ਨਿੱਜੀ-ਸਰਵਜਨਕ ਅਲੱਗ-ਅਲੱਗ ਤੌਰ ਤੇ ਹੁੰਦਾ ਹੈ। ਇਹ ਦੇਖਣ ਵਿੱਚ ਆਇਆ ਹੈ, "ਕਿ, ਉੱਪਚਾਰਕ ਥਾਵਾਂ ਤੇ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਕੁਝ ਸੁਰੱਖਿਆ/ਸਹੂਲਤਾਂ, ਤਾਂ ਮਿਲਦੀਆਂ ਹਨ ?ਪਰ ! ਉੱਪਚਾਰਕ ਥਾਵਾਂ ਤੇ ਇਸ ਤਰ੍ਹਾਂ ਨਹੀਂ ਹੋ ਰਿਹਾ ਹੈ, ਜੋ ਮਜ਼ਦੂਰਾਂ, ਖਾਸ ਕਰਕੇ ਇਸਤਰੀਆਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ।" ਪਰ ! ਅੱਜ ਇਹ ਸਚਾਈ ਵੀ ਸਾਡੇ ਸਾਹਮਣੇ ਆ ਰਹੀ ਹੈ, ਕਿ ਹੁਣ ਕੋਵਿਡ-19 ਦੇ ਦੌਰਾਨ ਵਿਸ਼ਵੀਕਰਨ ਤੋਂ ਬਾਦ ਇਨ੍ਹਾਂ ਉਪਚਾਰਕ ਥਾਵਾਂ ਤੇ ਵੀ ਮਜ਼ਦੂਰਾਂ ਦੀ ਸੁਰੱਖਿਆ ਦੀ ਕੋਈ ਗਰੰਟੀ ਨਹੀਂ ਦਿਸ ਰਹੀ ਹੈ। ਉਦਾਹਰਣ ਦੇ ਤੌਰ ਤੇ 2004 ਤੋਂ ਸਰਕਾਰੀ ਮੁਲਾਜਮਾਂ ਦੀਆ ਪੈਨਸ਼ਨਾਂ ਵੀ ਸਰਕਾਰ ਨੇ ਸਮਾਪਤ ਕਰ ਦਿੱਤੀਆਂ ਹਨ। ਸਰਕਾਰ ਦੀਆਂ ਮੁਲਾਜਮਾਂ ਪ੍ਰਤੀ ਇਨ੍ਹਾਂ ਨੀਤੀਆਂ ਦਾ ਕੋਵਿਡ-19 ਵਿੱਚ ਹੀ ਨਹੀਂ ਵਾਧਾ ਹੋਇਆ ਹੈ? ਸਗੋਂ ਤੇ ਇਸ ਤੋਂ ਪਹਿਲਾਂ ਵੀ ਅਜਿਹਾ ਵਿਤਕਰਾ ਸੀ। ਪ੍ਰਤੂੰ ! ਹੁਣ ਕੋਵਿੰਡ-19 ਤੋਂ ਬਾਦ ਮਜ਼ਦੂਰਾਂ-ਮੁਲਾਜਮਾਂ ਦੀ ਅਸੁਰੱਖਿਆ ਵਿੱਚ ਬੇ-ਪਨਾਹ ਵਾਧਾ ਹੋਇਆ ਹੈ। ਜਿਸ ਕਾਰਨ ਮਜ਼ਦੂਰਾਂ-ਮੁਲਾਜ਼ਮਾਂ ਵਿੱਚ ਰੋਹ ਪੈਦਾ ਹੋਣਾ ਲਾਜਮੀ ਹੈ।

ਸਰਕਾਰ ਦਾ ਦਾਅਵਾ ਹੈ, ਕਿ ਬੇ-ਰੁਜ਼ਗਾਰੀ ਦਾ ਇਹ ਸੰਕਟ ਕੋਵਿਡ-19 ਦੀ ਮਹਾਂਮਾਰੀ ਦੌਰਾਨ ਵਧਿਆ ਹੈ। ਸਰਕਾਰ ਦੀ ਇਹ ਧਾਰਨਾ ਗਲਤ ਹੈ। ਸਗੋਂ ਤੇ ਸਰਕਾਰ ਦੀ ਅਣਗਹਿਲੀ ਕਾਰਨ ਦੇਸ਼ ਭਰ ਵਿੱਚ ਇਹ ਸੰਕਟ ਪੈਦਾ ਹੋ ਗਿਆ ਹੈ । ਪਰ ! ਸਰਕਾਰ ਇਸ ਨੂੰ ਰੋਕਣ ਵਿੱਚ ਨਾ-ਕਾਮਯਾਬ ਰਹੀ ਹੈ। ਹੁਣ ਕਰੋਨਾ ਸਮੇਂ ਇਸ ਦੀ ਦੇਸ਼ ਭਰ ਵਿੱਚ ਹਰ ਵਰਗ ਦੇ ਲੋਕਾਂ ਤੇ ਮਾਰ ਪਈ ਹੈ। ਇਹੀ ਕਾਰਨ ਹੈ, ਕਿ ਦੇਸ਼ ਭਰ ਵਿੱਚ ਬੇ-ਰੁਜ਼ਗਾਰੀ ਵੱਧੀ ਹੈ, ਨੌਕਰੀਆਂ ਘਟੀਆਂ ਹਨ, ਮਹਿੰਗਾਈ ਵੱਧੀ ਹੈ, ਕਾਰਖਾਨੇ ਬੰਦ ਹਨ, ਮਜ਼ਦੂਰਾਂ ਨੂੰ ਕੰਮ ਨਹੀਂ ਮਿਲ ਰਿਹਾ ਹੈ ਤੇ ਆਪਣੇ ਸੂਬਿਆਂ ਨੂੰ ਪ੍ਰਵਾਸ ਕਰ ਰਹੇ ਹਨ।ਉੱਥੇ ਦੇਸ਼ ਭਰ ਵਿੱਚ ਭ੍ਰਿਸ਼ਟਾਚਾਰ ਦੀਆਂ ਵੀ ਹੱਦਾਂ ਵੱਧ ਗਈਆਂ ਹਨ। ਗਰੀਬ, ਬੀਮਾਰਾਂ ਤੇ ਆਮ ਲੋਕਾਂ ਲੂੰ ਕੁੱਟਿਆ ਤੇ ਲੁੱਟਿਆ ਜਾ ਰਿਹਾ ਹੈ। ਜੋ ਸਰਕਾਰ ਦੀ ਨਾਕਾਮੀ ਦਿਖਾਈ ਦੇ ਰਹੀ ਹੈ ?

"ਸੈਂਟਰ ਫਾਰ ਮਾਨਿਟਰਿੰਗ ਇੰਡੀਅਨ ਇਕੌਨਮੀ" (ਸੀ.ਐਮ.ਆਈ.ਈ.) ਦੀ ਰੀਪੋਰਟ ਅਨੁਸਾਰ"ਮਾਰਚ 2021 ਤੱਕ 7.62-ਕਰੋੜ ਲੋਕ ਨੌਕਰੀਆਂ ਤੇ ਲੱਗੇ ਸਨ। ਜਦਕਿ ਪਿਛਲੇ ਵਿੱਤੀ ਸਾਲ ਵਿੱਚ ਉਨ੍ਹਾਂ ਦੀ ਗਿਣਤੀ 8.59 ਕਰੋੜ ਸੀ। ਇਸ ਤਰ੍ਹਾਂ ਪਿਛਲੇ ਇਕ ਸਾਲ 'ਚ 98-ਲੱਖ ਨੌਕਰੀ ਪੇਸ਼ਾ ਕਰਨ ਵਾਲੇ ਕਿਰਤੀ ਬੇ-ਰੁਜ਼ਗਾਰ ਹੋਏ ਹਨ। ਪਿੰਡਾਂ ਦੀ ਸਥਿਤੀ ਇਸ ਤੋਂ ਵੀ ਭੈੜੀ ਹੈ। ਮਾਰਚ-2021 ਵਿੱਚ 60-ਲੱਖ ਲੋਕਾਂ/ਮੁਲਾਜਮਾਂ ਦੀਆਂ ਨੌਕਰੀਆਂ ਗਈਆਂ ਹਨ, ਜਦਕਿ 30-ਲੱਖ ਕਾਰੋਬਾਰੀ ਬੇ-ਰੁਜ਼ਗਾਰ ਹੋਏ ਹਨ। ਇਸ ਤਰ੍ਹਾਂ ਇਕ ਸਾਲ ਵਿੱਚ ਪਿੰਡਾਂ ਵਿੱਚ 90-ਲੱਖ ਲੋਕ ਬੇ-ਰੁਜ਼ਗਾਰ ਹੋਏ ਹਨ।"

ਦੇਸ਼ ਵਿੱਚ 1990-91 ਤੋਂ ਚਾਲੂ ਹੋਈਆਂ ਸੰਸਾਰੀਕਰਨ, ਵਿਸ਼ਵੀਕਰਨ ਤੇ ਉਦਾਰੀਕਰਨ ਦੀਆਂ ਨੀਤੀਆਂ ਨੇ ਲੋਕਾਂ ਦੀ ਆਰਥਿਕਤਾ ਤਬਾਹ ਕਰ ਦਿੱਤੀ ਹੈ। ਹੁਣ ਮੋਦੀ ਸਰਕਾਰ ਨੇ ਦੇਸ਼ ਦੇ ਅਦਾਰਿਆਂ ਨੂੰ ਬਹੁ-ਰਾਸ਼ਟਰੀ ਕੰਪਨੀਆਂ ਤੇ ਕਾਰਪੋਰੇਟ ਘਰਾਣਿਆਂ ਕੋਲ ਗਹਿਣੇ ਰੱਖ ਦਿੱਤਾ ਹੈ। ਇਸ ਸਾਲ ਇਹ ਕਾਰਪੋਰੇਟ ਘਰਾਣੇ ਪਹਿਲਾਂ ਨਾਲੋਂ ਹੋਰ ਮਾਲੋ-ਮਾਲ ਹੋ ਗਏ ਹਨ ਅਤੇ ਮਿਹਨਤ ਮਜ਼ਦੂਰੀ ਕਰਨ ਵਾਲੇ ਕਾਮਿਆਂ, ਇਸਤਰੀਆਂ ਦੀ ਵਿੱਤੀ ਹਾਲਤ ਵਿਗੜਦੀ ਜਾ ਰਹੀ ਹੈ। ਆਈ.ਐਲ.ਓ. ਦੀ ਇਕ ਰੀਪੋਰਟ ਮੁਤਾਬਿਕ "ਵਿਸ਼ਵ ਦੀ ਕਿਰਤ ਸ਼ਕਤੀ ਦੀ ਗਿਣਤੀ ਤਿੰਨ-ਅਰਬ, 30-ਕਰੋੜ ਦੱਸੀ ਗਈ ਹੈ।ਜਿਨ੍ਹਾਂ ਵਿੱਚੋਂ ਦੋ-ਅਰਬ ਤੋਂ ਜ਼ਿਆਦਾ ਲੋਕ ਅਣ-ਉਪਚਾਰਿਕ, ਅਰਥ-ਵਿਵਸਥਾ ਦਾ ਹਿੱਸਾ ਹੈ। ਇਨ੍ਹਾਂ ਵਿਚੋਂ ਕਰੀਬ 50-ਫੀ-ਸਦ ਲੋਕ ਆਪਣੀ ਰੋਜ਼ੀ-ਰੋਟੀ ਖੋਹੇ ਜਾਣ ਦੀ ਚਿੰਤਾ ਵਿੱਚ ਡੁੱਬੇ ਹੋਏ ਹਨ। ਲੱਖਾਂ ਹੀ ਮਿਹਨਤ-ਮਜ਼ਦੂਰੀ ਕਰਕੇ ਰੋਟੀ ਖਾਣ ਵਾਲੇ ਲੋਕਾਂ ਕੋਲ, ਕੋਈ ਆਰਥਿਕ-ਮਾਇਕ ਸਾਧਨ ਨਹੀਂ ਹਨ ਤੇ ਨਾਂ ਹੀ ਕੋਈ ਵਿੱਤੀ ਸਾਧਨ ਹਨ, ਜਿਨ੍ਹਾਂ ਨਾਲ ਉਹ ਆਪਣੇ ਆਪ ਨੂੰ ਜਿੰਦਾ ਰੱਖਣ ਲਈ ਭੋਜਨ ਖਰੀਦ ਸਕਣ।" ਅੱਜ ਦੇਸ਼ ਵਿੱਚ ਅਜਿਹੇ ਲੋਕ ਆਪਣੇ ਪਰਿਵਾਰਾਂ ਨੂੰ ਜਿੰਦਾਂ ਰੱਖਣ ਲਈ ਬਹੁਤ ਸਾਰੀਆਂ ਚਣੌਤੀਆਂ ਦਾ ਮੁਕਾਬਲਾ ਕਰ ਰਹੇ ਹਨ। "ਉਪਰੋਕਤ ਰੀਪੋਰਟ ਵਿੱਚ ਇਹ ਵੀ ਦੱਸਿਆ ਗਿਆ ਹੈ,ਕਿ ਕੰਮ ਦੇ ਸਥਾਨ ਤੇ ਕੋਈ ਸੁਰੱਖਿਆ ਨਾ ਹੋਣ ਕਰਕੇ ਸਿਹਤ ਮੁਲਾਜਮਾਂ ਦਾ ਅਤੇ ਸਿਹਤ ਸੇਵਾਵਾਂ ਦਾ ਮਾੜਾ ਹਾਲ, ਤਨਾਓ ਗ੍ਰਸਤ ਮਹੌਲ, ਕੰਮ ਕਰਨ ਦਾ ਲੰਬਾ ਸਮਾਂ, (ਬਿਨ੍ਹਾਂ ਓਵਰ ਟਾਈਮ ਤੋਂ) ਅਤੇ ਭਿਆਨਕ ਬੀਮਾਰੀਆਂ ਦੇ ਕਾਰਨ 28-ਲੱਖ ਕਾਮਿਆਂ ਦੀ ਹਰ ਸਾਲ ਮੌਤ ਹੋ ਜਾਂਦੀ ਹੈ। ਹਰ ਸਾਲ 37.4 ਕਰੋੜ ਲੋਕ ਨੌਕਰੀ ਨਾਲ ਜੁੜੀਆਂ ਕਈ ਸਮੱਸਿਆਵਾਂ ਕਾਰਨਾਂ ਕਰਕੇ ਜਾਂ ਤਾਂ ਬੀਮਾਰ ਹੋ ਜਾਂਦੇ ਹਨ, ਚਿੰਤਾਂ 'ਚ ਡੁੱਬੇ ਰਹਿੰਦੇ ਹਨ, ਜਾਂ ਫਿਰ ਮਾਨਸਿਕ ਪਰੇਸ਼ਾਨ ਰਹਿੰਦੇ ਹਨ। ਇਸ ਦਾ ਕਾਰਨ ਹੈ,'ਕਿ ਨੌਕਰੀ ਪੇਸ਼ਾ ਕਰਨ ਵਾਲੇ ਕਾਮਿਆਂ ਵਿੱਚ ਡਰ ਅਤੇ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦੇ ਰਹਿਣਾ ਤੇ ਨੌਕਰੀ ਦੇ ਚਲੇ ਜਾਣ ਦਾ ਖਤਰਾ ਵੀ ਸਿਰ ਤੇ ਮੰਡਰਾਉਂਦਾ ਰਹਿੰਦਾ ਹੈ, ਜਿਸ ਵਿੱਚ ਤੇਜ਼ੀ ਨਾਲ ਵਾਧਾ ਹੋ ਰਹਾ ਹੈ।"

1990-91 ਤੋਂ ਬਾਅਦ ਦੇਸ਼ ਵਿੱਚ ਸੰਸਾਰੀਕਰਨ, ਨਿੱਜੀਕਰਨ ਤੇ ਉਦਾਰੀਕਰਨ ਦੀਆਂ ਨੀਤੀਆਂ ਨੇ ਬਹੁ-ਕੌਮੀ ਰਾਸ਼ਟਰੀ ਕੰਪਨੀਆਂ ਨੇ ਮਜ਼ਦੂਰਾਂ ਦਾ ਸ਼ੋਸ਼ਣ ਕਰਕੇ ਆਪਣੀ ਆਮਦਨ ਵਿੱਚ ਦੁਗਣਾ ਤਿਗਣਾ ਵਾਧਾ ਕਰ ਲਿਆ ਹੈ। ਸਿਰਫ਼ ਵਾਧਾ ਹੀ ਨਹੀ ਕੀਤਾ ਹੈ, ਸਗੋਂ ਤੇ ਮਜ਼ਦੂਰਾਂ ਦੇ ਵਿੱਚ ਆਪਸੀ ਪਾੜਾ ਵੀ ਖੜਾ ਕਰ ਦਿੱਤਾ ਹੈ। ਮਜ਼ਦੂਰ ਏਕਤਾ ਤੋੜੀ ਗਈ ਹੈ। ਲਿੰਗ ਅਸਮਾਨਤਾ ਦਾ ਮਸਲਾ ਨਾਂ ਤਾ ਨਵਾਂ ਹੈ, ਸਗੋਂ ਤੇ ਹੈਰਾਨ ਕਰਨ ਵਾਲਾ ਵੀ ਹੈ। ਇਸਤਰੀ ਕਾਮਿਆਂ ਨਾਲ ਹਰ ਪੱਖੋਂ, ਅੱਜ! ਵਿਤਕਰਾ ਹੋ ਰਿਹਾ ਹੈ। ਹਿੰਸਕ-ਘਟਨਾਵਾਂ,ਘਰੇਲੂ ਹਿੰਸਾ, ਕੰਮ ਦੇ ਸਥਾਨ ਤੇ ਮਾੜਾ ਵਿਵਹਾਰ, ਘੱਟ ਉਜ਼ਰਤ ਤੇ ਛਾਂਟੀ ਦਾ ਸ਼ਿਕਾਰ ਸਭ ਤੋਂ ਪਹਿਲਾਂ ਇਸਤਰੀ ਵਰਗ ਹੀ ਹੁੰਦਾ ਹੈ। ਇੱਥੇ ਸਵਾਲ ਸਿਰਫ਼ ਮਜ਼ਦੂਰਾਂ ਦਾ ਹੀ ਨਹੀਂ ? ਇਨ੍ਹਾਂ ਮਜ਼ਦੂਰਾਂ ਵਿੱਚ ਇਸਤਰੀਆਂ ਦੀ ਗਿਣਤੀ ਦੀ ਬਰਾਬਰਤਾ ਦਾ ਹੈ। ਪੜ੍ਹੀ ਲਿਖੀ ਹੋਣ ਦੇ ਬਾਵਜੂਦ ਵੀ ਅੱਜ ! ਉਹ ਲਿੰਗ ਭੇਦ-ਭਾਵ ਦੀ ਸ਼ਿਕਾਰ ਹੋ ਰਹੀ ਹੈ । ਕੰਮ ਦੇ ਸਥਾਨ ਤੇ ਇਸਰਤੀਆਂ ਨੂੰ ਮਗਰੋਂ ਰੱਖਣਾ 'ਤੇ ਛਾਂਟੀਵੇਲੇ ਸਭ ਤੋਂ ਪਹਿਲਾਂ ਇਸਤਰੀਆਂ ਦੀ ਛਾਂਟੀ ਕੀਤੀ ਜਾਂਦੀ ਹੈ। 'ਆਈ,ਐਲ.ਓ.ਪੀ.' ਦੀ ਰੀਪੋਰਟ ਮੁਤਾਬਿਕ "70 ਦੇਸ਼ਾਂ ਦੀਆਂ 13,000 ਕੰਪਨੀਆਂ ਦੀ ਰਿ-ਪੋਰਟਿੰਗ ਮੁਤਾਬਿਕ ਹਰ 10 ਵਿਚੋਂ 6 ਕੰਪਨੀਆਂ ਨੇ ਮੰਨਿਆ ਹੈ, ਕਿ ਲਿੰਗਕ ਤੌਰ ਤੇ ਉਨ੍ਹਾਂ ਦੀਆ ਕੰਪਨੀਆਂ ਵਿੱਚ ਕੰਮ ਦੇ ਆਧਾਰ ਤੇ ਸੁਧਾਰ ਹੋਇਆ ਹੈ। ਉਨ੍ਹਾਂ ਦੀ ਸਿਰਜਣਾ, ਕੰਮ ਕਰਨ ਦਾ ਢੰਗ ਤਰੀਕਾ, ਕਿਸੇ ਨਾਲ ਵਿਵਹਾਰ ਕਰਨ ਦਾ ਤਰੀਕਾ ਚੰਗਾਂ ਹੋਣ ਕਰਕੇ ਕੰਮ ਵਧਿਆ ਹੈ। ਜਿਨ੍ਹਾਂ ਕੰਪਨੀਆਂ ਨੇ ਇਸਤਰੀਆਂ ਨੂੰ ਵੱਡੀਆਂ ਪਦਵੀਆਂ ਤੇ ਬਿਠਾਇਆ ਹੈ, ਉਨ੍ਹਾਂ ਵਿਚੋਂ ਤਿੰਨ-ਚੌਥਾਈ ਕੰਪਨੀਆਂ ਇਹੋ ਜਿਹੀਆਂ ਹਨ ਜਿਨ੍ਹਾਂ ਨੂੰ 5 ਤੋਂ 20-ਫੀ-ਸਦ ਤੱਕ ਵਾਧਾ ਹੋਇਆ ਹੈ। ਇਸਤਰੀਆਂ ਪੁਰਸ਼ਾਂ ਨਾਲੋਂ ਵੱਧ ਈਮਾਨਦਾਰੀ ਨਾਲ ਕੰਮ ਕਰਦੀਆਂ ਹਨ। ਪ੍ਰਤੂੰ ! ਅਫਸੋਸ ਹੈ, ਕਿ ਇਸਤਰੀ ਵੱਲੋਂ ਏਨੀ ਈਮਾਨਦਾਰੀ ਨਾਲ ਨੌਕਰੀ ਕਰਨ ਤੋਂ ਬਾਦ ਵੀ ਉਸ ਦੀ ਆਰਥਿਕ ਸਥਿਤੀ ਵਿੱਚ ਕੋਈ ਬਹੁਤਾ ਸੁਧਾਰ ਨਹੀਂ ਹੋਇਆ ਹੈ ! ਜੋ ਦੁਖਦਾਈ ਗੱਲ ਹੈ ?"

ਅੱਜ ! ਵੀ ਹਾਲਾਤ ਅਜਿਹੇ ਹਨ ਕਿ, ਇਸਤਰੀ ਨੂੰ ਕੰਮ ਦੇ ਸਥਾਨ ਤੇ, ਘਰ ਵਿੱਚ, ਰਸਤੇ ਵਿੱਚ ਜਾਂਦਿਆਂ-ਆਉਂਦਿਆਂ ਯੌਨ ਉਤਪੀੜਨ ਨੂੰ ਝਲਣਾ ਪੈਂਦਾ ਹੈ। ਪੁਰਸ਼ਾਂ ਦੇ ਮੁਕਾਬਲੇ ਕੰਮ ਦੇ ਸਥਾਨ ਤੇ ਤਨਖਾਹਾਂ ਦਾ ਭੇਦ-ਭਾਵ ਜਾਰੀ ਹੈ।ਕੰਮ ਦੇ ਸਥਾਨ ਤੇ ਇਸਤਰੀਆਂ ਲਈ ਅਲੱਗ ਵਾਸ਼ਰੂਮ, ਬੱਚਿਆਂ ਦੀ ਸਾਂਭ ਸੰਭਾਲ ਲਈ ਕਿੰਡਰ ਗਾਰਡਨ, ਯੌਨ ਉਤਪੀੜਨ ਵਿਰੁੱਧ ਅੱਜੇ ਤੱਕ ਸ਼ਿਕਾਇਤ ਕਰਨ ਦਾ ਸਾਹਸ ਵੀ ਨਹੀਂ ਹੋਇਆ ਹੈ।ਸ਼ਿਕਾਇਤ ਸਮੇਂ ਵੀ ਯੌਨ ਉਤਪੀੜਨ ਜਿਹੀਆਂ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 19-ਕੋਵਿਡ ਮਹਾਂਮਾਰੀ ਦੌਰਾਨ ਸਾਰੀ ਮਿਹਨਤਕਸ਼ ਮਜ਼ਦੂਰ ਜਮਾਤ ਸਮੇਤ ਇਸਤਰੀਆਂ ਦੀਆਂ ਤਨਖਾਹਾਂ ਦੀਆਂ ਕਟੌਤੀਆਂ ਬੰਦ ਕਰਨ ਤੇ ਕੰਮ ਦੇ ਸਥਾਨ ਤੇ ਛਾਂਟੀ ਕਰਨ ਦੀ ਸੁਰੱਖਿਆ ਛੱਤਰੀ ਦੇਣੀ ਚਾਹੀਦੀ ਹੈ। ਜੇਕਰ ਸਰਕਾਰ ਇਹ ਕਦਮ ਨਹੀਂ ਚੁੱਕਦੀ ਤਾਂ ਦੇਸ਼ ਦਾ ਅਰਥਚਾਰਾ ਹੋਰ ਡਗਮਗਾ ਜਾਵੇਗਾ।

ਆਓ ! ਮੌਜੂਦਾ ਸਮਾਜ ਵਿਚੋਂ ਲਿੰਗਕ ਅਸਮਾਨ-ਤਾਵਾਂ ਨੂੰ ਘਟਾਉਣ ਲਈ ਲੋਕਾਂ ਨੂੰ ਵਿੱਦਿਆ, ਹਰ ਇਕ ਨੂੰ ਰੁਜ਼ਗਾਰ ਲਾਜ਼ਮੀ ਦੇਣ ਦਾ ਹੱਕ, ਜਿਸ ਨੂੰ ਮੁਢਲੇ ਅਧਿਕਾਰਾਂ ਵਿੱਚ ਸ਼ਾਮਲ ਕਰਨ ਲਈ ਸੰਘਰਸ਼ ਕਰਨ ਲਈ ਇਕ ਲਹਿਰ ਚਲਾਈਏ। ਅੱਜ! ਕਿਰਤ ਸ਼ਕਤੀ ਨੂੰ ਜਿਹੜੀ ਸਮਾਜ ਦੇ ਵਿਕਾਸ ਵਿੱਚ ਪੂਰਨ ਰੂਪ ਵਿੱਚ ਯੋਗਦਾਨ ਪਾਉਂਦੀ ਹੈ, ਜਿਨ੍ਹਾ ਮਾਨ-ਸਨਮਾਨ ਮਿਲੇਗਾ ਤਾਂ ਉਹ ਆਪਣੇ ਹੱਕਾਂ ਦੀ ਰਾਖੀ ਲਈ ਸੰਘਰਸ਼ ਵੀ ਵਿਢੇਗੀ। ਹਰ ਵਿਅਕਤੀ ਜਦ ਰੁਜ਼ਗਾਰ ਰਾਹੀਂ ਸਿਰ ਖੁੱਦ ਹੋਵੇਗਾ ਤਾਂ ਉਨਾ ਹੀ ਉਹ ਚੁਣੌਤੀਆਂ ਦਾ ਡੱਟਕੇ ਮੁਕਾਬਲਾ ਕਰਨ ਦੇ ਸਮਰੱਥ ਹੋ ਜਾਵੇਗਾ। ਰੁਜ਼ਗਾਰ ਤੋਂ ਬਿਨ੍ਹਾਂ ਨਾ ਗਰੀਬੀ-ਗੁਰਬਤ ਤੋਂ ਛੁੱਟਕਾਰਾ ਮਿਲੇਗਾ ਤੇ ਨਾਂ ਹੀ ਦੇਸ਼ ਤਰੱਕੀ ਕਰ ਸਕੇਗਾ ? ਇਸ ਲਈ ਕਿਰਤੀਆਂ ਲਈ ਘੱਟੋ-ਘੱਟ 18000/- ਰੁਪਏ ਪ੍ਰਤੀ ਮਹੀਨਾਂ ਉਜੱਰਤ ਨੂੰ ਕਾਨੂੰਨੀ ਤੌਰ ਤੇ ਯਕੀਨੀ ਬਣਾਇਆ ਜਾਵੇ। ਗੁਪਤ ਪਰਚੀ ਰਾਂਹੀ ਟਰੇਡ-ਯੂਨੀਅਨਾਂ ਦਾ ਗਠਨ, ਸਮਾਜਿਕ ਸੁਰੱਖਿਆ ਦੀ ਗਰੰਟੀ,ਠੇਕਾ ਪ੍ਰਣਾਲੀ ਦਾ ਖਾਤਮਾ ਤੇ ਨਵੇਂ ਕਿਰਤੀ ਕੋਡ ਰੱਦ ਕੀਤੇ ਜਾਣ। ਕਰੋਨਾ ਮਹਾਂਮਾਰੀ ਨਾਲ ਨਜਿੱਠਣ ਲਈ ਲੋਕ-ਲਹਿਰ ਤੋਂ ਬਿਨ੍ਹਾਂ ਇਸ ਦਾ ਮੁਕਾਬਲਾ ਨਹੀਂ ਹੋ ਸਕੇਗਾ ? ਸਮੁੱਚੇ ਲੋਕਾਂ ਨੂੰ, ਖਾਸ ਤੌਰ ਤੇ ਗਰੀਬੀ ਦੀ ਰੇਖਾ ਤੋਂ ਥੱਲੇ ਰਹਿ ਰਹੇ ਲੋਕਾਂ ਨੂੰ ਬੁਨਿਆਦੀ ਸਿਹਤ ਸਹੂਲਤਾਂ ਅਤੇ ਇਲਾਜ ਦਾ ਮੁਫ਼ਤ ਪ੍ਰਬੰਧ ਤੇ ਕਿਰਤੀ ਜਮਾਤਨੂੰ ਸੁਚੇਤ ਕਰਨ ਨਾਲ ਹੀ ਜਿੱਥੇ ਕਰੋਨਾ ਦਾ ਮੁਕਾਬਲਾ ਵੀ ਹੋ ਸਕੇਗਾ, ਉੱਥੇ ਹੀ ਸਰਕਾਰਾਂ ਵੱਲ ਲਿਆਂਦੀਆਂ ਲੋਕ ਵਿਰੋਧੀ ਨੀਤੀਆਂ ਦੇ ਵਿਰੋਧ ਵਿੱਚ ਵੀ ਕਿਰਤੀ ਜਮਾਤ ਨੂੰ ਲਾਮਬੰਦ ਕਰਕੇ ਸੰਘਰਸ਼ਾਂ 'ਚ ਪਾਇਆ ਜਾ ਸਕੇਗਾ। ਸੰਘਰਸ਼ ਹੀ ਕਰੋਨਾ ਨੂੰ ਠੱਲ ਪਾਉਣ ਅਤੇ ਕਿਰਤੀ ਦੀ ਮੁਕਤੀ ਦਾ ਰਾਹ ਹੋਵੇਗਾ।

# 'ਅਵਲਿ ਅਲਾਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ'

**(ਸਫਾ 25 ਦੀ ਬਾਕੀ)**

ਪਿਤਰ ਪੂਜਾ ਦਾ ਵੀ ਉਹਨਾਂ ਨੇ ਰੱਜ ਕੇ ਵਿਰੋਧ ਕੀਤਾ ਹੈ। ਮਾਤਾ ਪਿਤਾ ਦੀ ਜਿਉਂਦੇ ਜੀਅ ਸੇਵਾ ਕਰਨੀ ਚਾਹੀਦੀ ਹੈ। ਮਰਿਆਂ ਉਤੇ ਸਰਾਧ ਕਰਾਉਣੇ, ਕਾਵਾਂ ਕੁੱਤਿਆਂ ਨੂੰ ਖਵਾਉਣ ਤੋਂ ਵੱਧ ਪੁੰਨਯ ਕਰਮ ਨਹੀਂ ਹੈ:

"ਜੀਵਤ ਪਿਤਰ ਨਾ ਮਾਨੈ ਕੋਊ ਮੂਏਂ ਸਿਰਾਧ ਕਰਾਹੀ।।
ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਉਆ ਕੂਕਰ ਖਾਹੀ।।"

ਉਹਨਾਂ ਦਿਨਾਂ ਵਿਚ ਦਿੱਲੀ ਦੇ ਤਖਤ ਤੇ ਸਿਕੰਦਰ ਲੋਧੀ ਦਾ ਰਾਜ ਸੀ। ਉਸਨੇ ਵੀ ਸਤਿਗੁਰੂ ਕਬੀਰ ਦਾ ਸਜੀ ਤੇ ਬੜੇ ਜ਼ੁਲਮ ਕੀਤੇ, ਜਿਹਨਾਂ ਨੂੰ ਉਹਨਾਂ ਨੇ ਆਪਣੇ ਆਤਮਕ ਬੱਲ ਨਾਲ ਸਹਾਰਿਆ ਤੇ ਆਪਣੇ ਮਾਨਵਵਾਦੀ ਮਿਸ਼ਨ ਤੋਂ ਉਹ ਟੱਸ ਤੋਂ ਮੱਸ ਨਾ ਹੋਏ। ਉਹਨਾਂ ਦੇ ਜੀਵਨ ਨਾਲ ਕਈ ਪ੍ਰਕਾਰ ਦੀਆਂ ਕਰਾਮਾਤਾਂ ਵੀ ਜੋੜੀਆਂ ਜਾਂਦੀਆਂ ਹਨ, ਜਿਹੜੀਆਂ ਵਿਗਿਆਨਕ ਤੇ ਯਥਾਰਥਵਾਦੀ ਨਜ਼ਰੀਏ ਤੋਂ ਮੰਨਣਯੋਗ ਨਹੀਂ ਹਨ। ਇਹ ਉਂਝ ਵੀ ਕਬੀਰ ਸਾਹਿਬ ਦੇ ਆਪਦੇ ਸਿਧਾਂਤਾਂ ਦੇ ਵਿਰੁੱਧ ਹਨ। ਉਹ ਤਾਂ ਇਕ ਕਰਮਯੋਗੀ ਸਨ ਜੋ ਇਨ੍ਹਾਂ ਰਿਧੀਆਂ-ਸਿੱਧੀਆਂ ਤੇ ਕਰਾਮਾਤਾਂ ਕਰਨ ਵਾਲਿਆਂ ਦਾ ਡੱਟ ਕੇ ਵਿਰੋਧ ਕਰਦੇ ਸਨ। ਸਤਿਗੁਰੂ ਕਬੀਰ ਦਾਸ ਜੀ ਦੀਆਂ ਸਾਖੀਆਂ ਵਿਚ ਸੱਚੇ ਗੁਰੂ ਦਾ ਗਿਆਨ ਮਿਲਦਾ ਹੈ। ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਕਬੀਰ ਸਾਹਿਬ ਦੀ ਕਵਿਤਾ ਦਾ ਸਰਵਉੱਚ ਮਹੱਤਵ ਧਾਰਮਿਕ, ਸਮਾਜਿਕ ਏਕਤਾ, ਸਮਾਜਿਕ ਬਰਾਬਰੀ, ਸਮਾਜਿਕ ਕੁਰੀਤੀਆਂ ਦਾ ਤਿਆਗ ਤੇ ਭਗਤੀ ਦਾ ਸੰਦੇਸ਼ ਦੇਣਾ ਹੈ।

ਸਤਿਗੁਰੂ ਕਬੀਰ ਦਾਸ ਜੀ ਦੀ ਮੌਤ ਦਾ ਰਹੱਸ ਵੀ ਜਨਮ ਦੀ ਤਰ੍ਹਾਂ ਰਹੱਸਮਈ ਹੈ। ਸਾਰਾ ਜੀਵਨ ਉਹ ਕਾਸ਼ੀ ਵਿਚ ਰਹਿਣ ਦੇ ਬਾਵਜੂਦ ਅੰਤ ਸਮਾਂ ਸੰਨ 1518 ਦੇ ਕਰੀਬ ਮਗਹਰ ਚਲੇ ਗਏ ਸਨ ਤੇ ਉਥੇ ਹੀ ਉਹਨਾਂ ਦੀ ਇਸੇ ਸਾਲ ਮੌਤ ਹੋ ਗਈ। ਇਸ ਮੌਤ ਦੇ ਸੰਨ ਬਾਰੇ ਵੀ ਕਈ ਵਿਦਵਾਨਾਂ ਦੇ ਆਪਣੇ ਮੱਤ ਅਲੱਗ ਅਲੱਗ ਰੱਖੇ ਹਨ ਪਰ ਬਹੁਮਤ ਉਹਨਾਂ ਦੀ ਮੌਤ ਦਾ ਸੰਨ 1518 ਈਸਵੀ ਹੀ ਮੰਨਦਾ ਹੈ।

ਮਗਹਰ ਚਲੇ ਜਾਣ ਪਿੱਛੇ ਵੀ ਉਹਨਾਂ ਦੀ ਇਕ ਸੋਚ ਕੰਮ ਕਰਦੀ ਸੀ। ਇਹ ਇਕ ਬਹੁਤ ਵੱਡਾ ਲੋਕਾਂ ਵਿਚ ਵਹਿਮ ਸੀ ਕਿ ਕਾਸ਼ੀ ਵਿਚ ਜਿਸ ਦੀ ਮੌਤ ਹੁੰਦੀ ਹੈ, ਉਹ ਸਿੱਧਾ ਸਵਰਗਾਂ ਵਿਚ ਜਾਂਦਾ ਹੈ, ਜਿਸ ਦੀ ਮੌਤ ਮਗਹਰ ਵਿਚ ਹੋਵੇ, ਉਹ ਸਿੱਧਾ ਨਰਕਾਂ ਵਿਚ ਜਾਂਦਾ ਹੈ। ਇਸ ਲੋਕਾਂ ਦੇ ਵਹਿਮ ਨੂੰ ਤੋੜਨ ਲਈ ਉਹ ਨਰਕਾਂ ਤੋਂ ਡਰੇ ਨਹੀਂ ਤੇ ਸਵਰਗਾਂ ਦੀ ਨਾ ਪ੍ਰਵਾਹ ਕਰਦਿਆਂ ਉਹਨਾਂ ਨੇ ਆਪਣਾ ਅੰਤਮ ਜੀਵਨ ਮਗਹਰ ਵਿਖੇ ਹੀ ਬਤੀਤ ਕੀਤਾ। ਇਸ ਤਰ੍ਹਾਂ ਕਰਕੇ ਉਹਨਾਂ ਨੇ ਲੋਕਾਂ ਦੇ ਸਵਰਗ ਤੇ ਨਰਕ ਦੇ ਵਹਿਮ ਨੂੰ ਤੋੜਿਆ ਜੋ ਕਿ ਉਹਨਾਂ ਦੀ ਇਕ ਵਿਗਿਆਨਕ ਸੋਚ ਦਾ ਪ੍ਰਤੀਕ ਹੈ। ਉਹਨਾਂ ਦੀ ਮੌਤ ਤੋਂ ਬਾਅਦ ਹਿੰਦੂ ਆਪਣੇ ਧਰਮ ਅਨੁਸਾਰ ਉਹਨਾਂ ਦਾ ਅੰਤਿਮ ਸੰ-ਸਕਾਰ ਕਰਨਾ ਚਾਹੁੰਦੇ ਸਨ ਅਤੇ ਮੁਸਲਮਾਨ ਆਪਣੇ ਧਰਮ ਅਨੁਸਾਰ ਕਰਨਾ ਚਾਹੁੰਦੇ ਸਨ। ਆਪਣੇ ਧਰਮ ਅਨੁਸਾਰ ਵਿਵਾਦ ਦੀ ਸਥਿਤੀ ਵਿਚ ਇਕ ਅਜੀਬ ਘਟਨਾ ਵਾਪਰੀ। ਉਹਨਾਂ ਦੇ ਮ੍ਰਿਤਕ ਸਰੀਰ ਤੋਂ ਜਦੋਂ ਚਾਦਰ ਹਟਾਈ ਗਈ ਤਾਂ ਦੇਖਿਆ ਕਿ ਮ੍ਰਿਤਕ ਸਰੀਰ ਦਾ ਥਾਂ ਕੁਝ ਫੁੱਲ ਪਏ ਸਨ, ਜਿਹਨਾਂ ਨੂੰ ਦੋਹਾਂ ਧਰਮਾਂ ਦੇ ਲੋਕਾਂ ਨੇ ਆਪਸ ਵਿਚ ਅੱਧੇ-ਅੱਧੇ ਵੰਡ ਲਿਆ।

ਸਤਿਗੁਰੂ ਕਬੀਰ ਦਾਸ ਜੀ ਦੇ ਮਹਾਨ ਵਿਅਕਤੀਤਵ ਤੇ ਅਹਿਮੀਅਤ ਨੂੰ ਜਾਇਸੀ ਨੇ ਆਪਣੀ ਰਚਨਾ ਵਿਚ ਬਹੁਤ ਹੀ ਸੁੰਦਰ ਤਰੀਕੇ ਨਾਲ ਤੇ ਸਤਿਕਾਰ ਨਾਲ ਬਿਆਨ ਕੀਤਾ ਹੈ:

"ਨਾ ਨਾਰਦ ਤਬ ਰੋਈ ਪੁਕਾਰਾ ਇਕ ਜੁਲਾਹੇ ਸੇ ਮੈਂ ਹਾਰਾ।
ਪ੍ਰੇਮ ਤਨਤੂ ਨਿਤ ਤਾਨਾ ਤਨਾਈ, ਜਪ ਤਪ ਸਾਧ ਸੈਕਰਾ ਭਰਾਈ।"

ਦੋਸਤੋ! ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੈ ਕਿ ਸਤਿਗੁਰੂ ਕਬੀਰ ਦਾਸ ਜੀ ਕੋਈ ਬਚਿੱਤਰ ਨਹੀਂ ਹਨ ਸਗੋਂ ਇਕ ਸਧਾਰਨ ਵਿਅਕਤੀ ਸਨ ਪ੍ਰੰਤੂ ਇਸ ਸਧਾਰਨਤਾ ਵਿਚ ਹੀ ਉਹ ਬਹੁਤ ਵਿਸ਼ੇਸ਼ ਵਿਅਕਤੀਤਵ ਦੇ ਮਾਲਕ ਹਨ। ਹਿੰਦੀ ਸਾਹਿਤ ਦੇ ਇਤਿਹਾਸ ਵਿਚ ਉਹਨਾਂ ਵਰਗਾ ਮਹਾਨ ਵਿਅਕਤੀਤਵ ਹੋਰ ਕੋਈ ਨਹੀਂ ਹੈ।

'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਬਾਣੀ ਨੇ ਵੀ ਉਹਨਾਂ ਨੂੰ ਅਮਰ ਬਣਾ ਦਿੱਤਾ ਹੈ ਕਿਉਂਕਿ ਉਹਨਾਂ ਦੀ ਬਾਣੀ 'ਸਰਬ ਸਾਂਝੀਵਾਲਤਾ' ਤੇ 'ਸਮਾਜਿਕ ਬਰਾਬਰੀ' ਦਾ ਮਾਨਵਤਾ ਨੂੰ ਸੰਦੇਸ਼ ਦਿੰਦੀ ਹੈ ਤੇ ਇਹੀ ਉਹਨਾਂ ਦੀ ਸੋਚ 'ਸੰਸਾਰਕ ਸਮਾਜ' ਸਿਰਜਣ ਵਿਚ ਸਹਾਈ ਹੁੰਦੀ ਹੈ।

# ਬਾਦਲ-ਬਸਪਾ ਗੱਠਜੋੜ ਨੇ ਹਿਲਾਈ ਪੰਜਾਬ ਭਾਜਪਾ



ਗੁਰਮੀਤ ਪਲਾਹੀ
91-98158-02070

ਪੰਜਾਬ ਜਾਂ ਪੰਜਾਬ ਨਾਲ ਸਬੰਧਤ ਸਿੱਖ ਚਿਹਰਿਆਂ ਨੂੰ 2022 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ, ਭਾਜਪਾ ਵਿੱਚ ਸ਼ਾਮਲ ਕਰਨਾ ਕੋਈ ਹੈਰਾਨੀ ਵਾਲੀ ਗੱਲ ਨਹੀਂ। ਇਸਦੀ ਉਡੀਕ ਤਾਂ ਕਾਫ਼ੀ ਸਮੇਂ ਤੋਂ ਸੀ। ਪਰ ਹੁਣ ਜਦੋਂ ਬਾਦਲ ਅਕਾਲੀ ਦਲ ਦਾ ਬਹੁਜਨ ਸਮਾਜ ਪਾਰਟੀ ਨਾਲ ਗੱਠਜੋੜ ਸਿਰੇ ਚੜ੍ਹ ਗਿਆ ਹੈ, ਤਾਂ ਭਾਜਪਾ ਵਲੋਂ ਪੰਜਾਬ ਵਿੱਚ ਵੰਡ-ਪਾਊ ਖੇਡ ਦਾ ਆਗਾਜ਼ ਹੋ ਗਿਆ ਹੈ।

ਪੰਜਾਬ 'ਚ ਸਿੱਖ ਚਿਹਰਿਆਂ ਨੂੰ ਅੱਗੇ ਲਿਆਉਣ, ਉਹਨਾ ਨੂੰ ਵਿਧਾਨ ਸਭਾ ਚੋਣਾਂ- 2022 'ਚ ਚੋਣ ਲੜਾਉਣ ਅਤੇ ਇਹ ਵਿਖਾਉਣ ਲਈ ਕਿ ਭਾਜਪਾ ਸੈਕੂਲਰ ਹੈ, ਸਾਰੇ ਧਰਮਾਂ ਦਾ ਸਤਿਕਾਰ ਕਰਦੀ ਹੈ, ਲਈ ਪਹਿਲਾਂ ਹੀ ਭਾਜਪਾ ਕੇਂਦਰੀ ਪੱਧਰ ਉਤੇ ਕੁਝ ਚਿਹਰੇ ਜਿਹਨਾ 'ਚ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਪੁਰੀ, ਸੂਬਾ ਪੱਧਰ ਤੇ ਹਰਜੀਤ ਸਿੰਘ ਗਰੇਵਾਲ, ਸਾਬਕਾ ਪੁਲਿਸ ਅਫ਼ਸਰ ਇਕਬਾਲ ਸਿੰਘ ਲਾਲਪੁਰਾ ਆਦਿ ਸ਼ਾਮਲ ਹਨ, ਦੀ ਨੇਤਾਗਿਰੀ ਨੂੰ ਚਮਕਾ ਰਹੀ ਹੈ ਅਤੇ ਇਕਬਾਲ ਸਿੰਘ ਲਾਲਪੁਰਾ ਦੀ ਪਹਿਲਕਦਮੀ ਉਤੇ ਹੀ ਪੰਜਾਬ ਦੀਆਂ ਛੇ ਸਖ਼ਸ਼ੀਅਤਾਂ, ਸਿੱਖ ਸੰਸਥਾ ਚੀਫ਼ ਖ਼ਾਲਸਾ ਦੀਵਾਲ ਦੀ ਐਜੂਕੇਸ਼ਨਲ ਕਮੇਟੀ ਦੇ ਆਨਰੇਰੀ ਸਕੱਤਰ ਅਤੇ ਗੁਰੂ ਕਾਂਸ਼ੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਜਸਵਿੰਦਰ ਸਿੰਘ ਢਿੱਲੋਂ, ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਹਰਜਿੰਦਰ ਸਿੰਘ ਕਾਹਲੋਂ ਅਤੇ ਸਾਬਕਾ ਫੈਡਰੇਸ਼ਨ ਆਗੂ ਕੁਲਦੀਪ ਸਿੰਘ ਕਾਹਲੋਂ, ਐਡਵੋਕੇਟ ਜਗਮੋਹਨ ਸਿੰਘ ਸੈਣੀ, ਜੋ ਕਿ ਕਿਸਾਨਾਂ ਦੇ ਬੁੱਧੀਜੀਵੀ ਫਰੰਟ (ਪਟਿਆਲਾ) ਦੇ ਪ੍ਰਧਾਨ ਹਨ, ਐਡਵੋਕੇਟ ਨਿਰਮਲ ਸਿੰਘ ਅਤੇ ਕਰਨਲ ਜੈਬੈਂਸ ਸਿੰਘ ਨੂੰ ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਅਤੇ ਭਾਜਪਾ ਜਨਲਰ ਸਕੱਤਰ ਦੁਸ਼ਿਅੰਤ ਕੁਮਾਰ ਗੌਤਮ ਪੰਜਬ, ਭਾਜਪਾ ਪ੍ਰਧਾਨ ਅਸ਼ਵਨੀ ਕੁਮਾਰ ਦੀ ਮੌਜੂਦਗੀ ਵਿੱਚ ਭਾਜਪਾ ਵਿੱਚ ਸ਼ਾਮਲ ਕੀਤਾ ਗਿਆ ਹੈ।

ਅਸਲ ਅਰਥਾਂ ਵਿੱਚ ਭਾਜਪਾ ਨੇ ਹੁਣ ਵਿਧਾਨ ਸਭਾ ਚੋਣਾਂ ਦੀ ਤਿਆਰੀ ਆਰੰਭ ਦਿੱਤੀ ਹੈ ਤੇ ਸਿੱਖ ਚਿਹਰਿਆਂ ਨੂੰ ਉਹਨਾ ਸੀਟਾਂ ਉਤੇ ਖੜ੍ਹੇ ਕਰਕੇ ਚੋਣ ਲੜਾਉਣ ਦਾ ਫ਼ੈਸਲਾ ਲੈਣਾ ਹੈ, ਜਿਥੇ ਉਹ ਬਾਦਲ ਅਕਾਲੀ ਦਲ ਦੀ ਭਾਈਵਾਲੀ ਨਾਲ ਚੋਣਾਂ ਲੜਿਆ ਕਰਦਾ ਸੀ ਅਤੇ ਜਿਥੇ ਬਾਦਲ ਅਕਾਲੀ ਦਲ ਦੇ ਸਿੱਖ ਚਿਹਰੇ ਚੋਣ ਮੈਦਾਨ 'ਚ ਉਤਾਰੇ ਜਾਂਦੇ ਸਨ।

ਪਾਰਟੀ ਵਲੋਂ ਹਾਲੇ ਤੱਕ ਤਾਂ 117 ਵਿਧਾਨ ਸਭਾ ਸੀਟਾਂ ਤੇ ਇਕੱਲੇ ਚੋਣ ਲੜਨ ਦਾ ਐਲਾਨ ਕੀਤਾ ਹੈ ਪਰ ਭਾਜਪਾ ਨੇਤਾਵਾਂ ਵਲੋਂ ਕਿਸੇ ਨਵੇਂ ਗੱਠਜੋੜ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸਾਲ 2017 'ਚ ਤਾਂ ਭਾਜਪਾ ਨੇ ਸ਼੍ਰੋਮਣੀ ਅਕਾਲੀ ਦਲ ਨਾਲ ਰਲਕੇ ਸੀਟਾਂ ਲੜੀਆਂ ਸਨ ਅਤੇ ਭਾਜਪਾ ਨੇ 23 ਉਮੀਦਵਾਰ ਖੜ੍ਹੇ ਕੀਤੇ ਸਨ। ਭਾਵੇਂ ਕਿ ਇਹਨਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ 15 ਅਤੇ ਭਾਜਪਾ 03 ਸੀਟਾਂ ਹੀ ਜਿੱਤ ਸਕੀ ਸੀ।

ਹੁਣ ਵਾਲਾ ਘਟਨਾਕ੍ਰਮ ਇੱਕ ਦਿਨ ਪਹਿਲਾਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਨੂੰ ਲੈਕੇ ਬਣਾਈ ਗਈ ਰਣਨੀਤੀ ਦਾ ਸਿੱਟਾ ਹੈ। ਇਹ ਰਣਨੀਤੀ ਉਸ ਉੱਚ ਪੱਧਰੀ ਰਣਨੀਤਕ ਮੀਟਿੰਗ 'ਚ ਤਿਆਰ ਕੀਤੀ ਗਈ ਹੈ, ਜਿਸ ਮੀਟਿੰਗ ਵਿੱਚ ਗ੍ਰਹਿ ਮੰਤਰੀ ਅਮਿਤ ਸ਼ਾਹ, ਭਾਜਪਾ ਪਾਰਟੀ ਪ੍ਰਧਾਨ ਜੇ.ਪੀ. ਨੱਢਾ ਅਤੇ ਸੂਬਾਈ ਆਗੂ ਸ਼ਾਮਲ ਸਨ। ਇਹ ਰਣਨੀਤੀ ਇਸ ਕਰਕੇ ਘੜੀ ਗਈ ਹੈ ਅਤੇ ਇਹ ਸਿੱਧ ਕਰਨ ਲਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ ਕਿ ਪੰਜਾਬ ਵਿੱਚ ਲੋਕ ਕਿਸਾਨ ਭਾਜਪਾ ਤੋਂ ਖਫ਼ਾ ਨਹੀਂ ਹਨ। ਦੂਜਾ ਇਹ ਕਿ ਭਾਜਪਾ ਪੰਜਾਬ ਵਿੱਚ ਸ਼ਾਂਤੀ ਅਤੇ ਵਿਕਾਸ ਚਾਹੁੰਦੀ ਹੈ ਅਤੇ ਉਹਨਾ ਲੋਕਾਂ ਨੂੰ ਪਾਰਟੀ ਨਾਲ ਜੋੜਨਾ ਚਾਹੁੰਦੀ ਹੈ, ਜਿਹਨਾ ਦਾ ਆਪਣਾ ਕੋਈ ਸਿਆਸੀ ਪਿਛੋਕੜ ਨਹੀਂ ਹੈ।

ਇਥੇ ਇਹ ਗੱਲ ਵਰਨਣਯੋਗ ਹੈ ਕਿ ਇਹ ਸਿੱਖ ਸਖ਼ਸ਼ੀਅਤਾਂ ਉਸ ਵੇਲੇ ਭਾਜਪਾ ਨਾਲ ਜੁੜੀਆਂ ਹਨ, ਜਦੋਂ ਕਾਲੇ ਖੇਤੀ ਕਾਨੂੰਨਾਂ ਕਾਰਨ ਪੰਜਾਬ ਵਿੱਚ ਭਾਜਪਾ ਅਤੇ ਪੰਜਾਬ ਦੇ ਭਾਜਪਾ ਨੇਤਾਵਾਂ ਪ੍ਰਤੀ ਵੱਡਾ ਰੋਸ ਹੈ। ਕਿਸਾਨ ਭਾਜਪਾ ਆਗੂਆਂ ਨੂੰ ਲੋਕਾਂ ਵਿੱਚ ਵਿਚਰਨ ਨਹੀਂ ਦੇ ਰਹੇ, ਉਹਨਾ ਦਾ ਸ਼ਰ੍ਹੇਆਮ ਵਿਰੋਧ ਕਰਦੇ ਹਨ। ਪੰਜਾਬ ਦੇ ਕੁਝ ਭਾਜਪਾ ਆਗੂ ਵੀ ਰਾਸ਼ਟਰੀ ਭਾਜਪਾ ਵਲੋਂ ਕਿਸਾਨਾਂ ਦੇ ਤਿੰਨੇ ਖੇਤੀ ਕਾਨੂੰਨਾਂ ਨੂੰ ਨਾ ਮੰਨੇ ਜਾਣ ਦਾ ਵਿਰੋਧ ਕਰਦੇ ਹਨ ਅਤੇ ਕੁਝ ਭਾਜਪਾ ਆਗੂ ਇਸ ਸਬੰਧ ਵਿੱਚ ਨਾ ਖ਼ੁਸ਼ੀ ਵੀ ਪ੍ਰਗਟ ਕਰ ਚੁੱਕੇ ਹਨ।

ਭਾਵੇਂ ਕਿ ਭਾਜਪਾ ਦੇ ਕੁਝ ਮੰਤਰੀ ਅਤੇ ਨੇਤਾ ਕਿਸਾਨ ਅੰਦੋਲਨ ਦਾ ਜ਼ਿਕਰ ਕਰਦਿਆਂ ਇਹ ਦੱਸਦੇ ਹਨ ਕਿ ਕਿਸਾਨ ਜੱਥੇਬੰਦੀਆਂ ਨੇ ਨਿੱਜੀ ਸਵਾਰਥਾਂ ਕਾਰਨ ਸਮਾਜ 'ਚ ਵੰਡੀਆਂ ਪਾਉਣ ਦਾ ਕੰਮ ਕੀਤਾ ਹੈ। ਪਰ ਕੁਝ ਸਮਾਂ ਪਹਿਲਾਂ ਪੰਜਾਬ ਦੇ ਹਿਤੈਸ਼ੀ ਨਾ ਹੋਕੇ ਆਪਣੇ ਹਿੱਤਾਂ ਦੀ ਪੂਰਤੀ ਲਈ "ਪੰਜਾਬ ਦਾ ਮੁੱਖਮੰਤਰੀ" ਜਾਤੀ ਅਧਾਰਿਤ ਕਿਸੇ 'ਦਲਿਤ ਨੇਤਾ' ਨੂੰ ਬਨਾਉਣ ਦੀ ਰਣਨੀਤੀ ਬਣਾਈ ਹੈ ਅਤੇ ਇਸ ਦਾ ਐਲਾਨ ਸ਼ਰ੍ਹੇਆਮ ਕੀਤਾ ਹੈ। ਜਿਹੜਾ ਕਿ ਇਹ ਗੱਲ ਦਰਸਾਉਂਦਾ ਹੈ ਕਿ ਕਿਸੇ ਵਿਸ਼ੇਸ਼ ਧਿਰ, ਵਿਸ਼ੇਸ਼ ਜਾਤ, ਵਿਸ਼ੇਸ਼ ਧਰਮ ਦੇ ਲੋਕਾਂ ਨੂੰ ਅੱਗੇ ਕਰਕੇ ਕੁਰਸੀ ਯੁੱਧ ਹਰ ਹੀਲੇ ਜਿੱਤਿਆ ਜਾਵੇ ਅਤੇ ਪੰਜਾਬ ਦੇ ਲੋਕਾਂ ਦੀਆਂ ਸਮੱਸਿਆਵਾਂ, ਉਹਨਾ ਦੇ ਵਿਸ਼ੇਸ਼ ਮੁੱਦਿਆਂ ਨੂੰ ਅੱਖੋਂ ਪਰੋਖੇ ਕਰਕੇ ਸਿਰਫ ਆਪਣੇ ਹਿੱਤ ਸਾਧੇ ਜਾਣ ਅਤੇ ਆਪਣਾ ਰਾਸ਼ਟਰੀ ਅਜੰਡਾ ਲਾਗੂ ਕੀਤਾ ਜਾਵੇ।

ਬਿਨ੍ਹਾ ਸ਼ੱਕ ਇਸ ਵੇਲੇ ਰਾਸ਼ਟਰੀ ਭਾਜਪਾ, ਪੂਰੇ ਦਬਾਅ ਵਿਚ ਹੈ। ਇੱਕ ਵੱਡਾ ਦਬਾਅ, ਕਿਸਾਨ ਅੰਦੋਲਨ ਦਾ ਹੈ, ਜਿਸ ਕਾਰਨ ਮੋਦੀ ਸਰਕਾਰ, ਭਾਜਪਾ ਦੀ ਦੇਸ਼-ਵਿਦੇਸ਼ 'ਚ ਵੱਡੀ ਬਦਨਾਮੀ ਹੋ ਰਹੀ ਹੈ। ਦੂਜਾ ਉਸ ਵਲੋਂ ਵੱਡੇ ਦਾਅਵਿਆਂ ਯਤਨਾਂ ਦੇ ਬਾਵਜੂਦ ਵੀ ਉਸਨੂੰ ਪੱਛਮ ਬੰਗਾਲ ਵਿਚ ਜਿੱਤ ਪ੍ਰਾਪਤ ਨਹੀਂ ਹੋ ਸਕੀ, ਜਿਸਨੂੰ ਉਹ ਹਰ ਹੀਲੇ ਜਿਤਣਾ ਚਾਹੁੰਦੀ ਸੀ। ਤੀਜਾ ਕਰੋਨਾ ਮਹਾਂਮਾਰੀ ਨੂੰ ਚੰਗੀ ਤਰ੍ਹਾਂ ਨਜਿੱਠਣ 'ਚ ਨਾਕਾਮਜਾਬੀ ਵੀ ਉਸਨੂੰ ਪ੍ਰੇਸ਼ਾਨ ਕਰ ਰਹੀ ਹੈ।

ਦੇਸ਼-ਵਿਦੇਸ਼ ਵਿੱਚ ਉਸਦੀਆਂ ਨੀਤੀਆਂ ਦੀ ਇਸ ਕਰਕੇ ਵੀ ਬਦਨਾਮੀ ਹੋ ਰਹੀ ਹੈ ਕਿ ਭਾਜਪਾ ਸਰਕਾਰ ਵਲੋਂ ਘੱਟ ਗਿਣਤੀਆਂ ਨਾਲ ਸਬੰਧਤ ਭਾਈਚਾਰੇ ਦੇ ਲੋਕਾਂ ਨੂੰ ਦਬਾਇਆ ਜਾ ਰਿਹਾ ਹੈ। ਪੱਤਰਕਾਰਾਂ, ਬੁਧੀਜੀਵੀਆਂ, ਵਿਦਿਆਰਥੀਆਂ ਅਤੇ ਆਪਣੇ ਹੱਕਾਂ-ਹਿੱਤਾਂ ਲਈ ਅੰਦੋਲਨ ਕਰਨ ਵਾਲੇ ਲੋਕਾਂ ਦੇ ਖਿਲਾਫ ਦੇਸ਼-ਧ੍ਰੋਹ, ਬਗਾਵਤ ਜਾਂ ਗੈਰ ਕਾਨੂੰਨੀ ਕਾਰਵਾਈਆਂ ਰੋਕਣ ਲਈ ਮੁਕੱਦਮੇ ਦਰਜ ਕੀਤੇ ਜਾ ਰਹੇ ਹਨ ਅਤੇ ਭਾਰਤੀ ਸੰਵਿਧਾਂਨ ਨੂੰ ਆਪਣੇ ਤਰੀਕੇ ਨਾਲ ਹੀ ਤਰੋੜ-ਮਰੋੜ ਕਾਨੂੰਨ ਬਣਾਏ ਅਤੇ ਲਾਗੂ ਕੀਤੇ ਜਾ ਰਹੇ ਹਨ।

ਪਰ ਇਹਨਾਂ ਸਾਰੀਆਂ ਬਦਨਾਮੀਆਂ ਤੋਂ ਵੱਧ ਬਦਨਾਮੀ ਕਿਸਾਨ ਅੰਦੋਲਨ ਕਾਰਨ ਹੈ ਅਤੇ ਉਹ ਵੀ ਪੰਜਾਬ ਤੋਂ ਉੱਠੇ ਕਿਸਾਨ ਅੰਦੋਲਨ ਕਾਰਨ, ਜਿਸ ਨੂੰ ਹਰ ਹੀਲੇ ਹਰ ਹਰਬਾ ਵਰਤਕੇ ਕੇਂਦਰ ਸਰਕਾਰ ਤਾਰ ਪੀਡੋ ਕਰਨ ਦੇ ਰਾਹ ਹੈ। ਬਹੁਤੇ ਯਤਨਾਂ ਕਾਰਨ ਵੀ ਕਿਸਾਨ ਅੰਦੋਲਨ 'ਚ ਨਾ ਫੁੱਟ ਪਾਈ ਜਾ ਸਕੀ ਹੈ, ਅਤੇ ਨਾ ਹੀ ਇਸ ਨੂੰ ਫੇਲ੍ਹ ਕੀਤਾ ਜਾ ਸਕਿਆ ਹੈ। ਪਰ ਭਾਜਪਾ ਸਰਕਾਰ ਹੁਣ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ 'ਚ ਜਿੱਤ ਪ੍ਰਾਪਤ ਕਰਕੇ ਜਾਂ ਫਿਰ ਚੰਗੀ ਕਾਰਗੁਜ਼ਾਰੀ ਕਰਕੇ ਇਹ ਦਰਸਾਉਣਾ ਚਾਹੁੰਦੀ ਕਿ ਉਸ ਵਲੋਂ ਬਣਾਏ ਗਏ ਕਾਨੂੰਨ ਕਿਸਾਨ ਹਿਤੈਸ਼ੀ ਹਨ, ਜਿਹਨਾ ਬਾਰੇ ਆਮ ਲੋਕਾਂ ਦੀ ਧਾਰਨਾ ਹੈ ਕਿ ਮੋਦੀ ਸਰਕਾਰ ਨੇ ਪੰਜਾਬ ਦੀ ਖੇਤੀ ਉੱਤੇ ਮੈਲੀ ਅੱਖ ਰੱਖੀ ਹੋਈ ਹੈ ਅਤੇ ਉਹ ਪੰਜਾਬ ਦੀ ਖੇਤੀ ਅਤੇ ਕਿਸਾਨੀ ਨੂੰ ਕਾਰਪੋਰੇਟ ਘਰਾਣਿਆਂ ਹੱਥ ਸੌਂਪ ਦੇਣਾ ਚਾਹੁੰਦੀ ਹੈ।

ਪੰਜਾਬ ਲਈ ਆਉਣ ਵਾਲਾ ਸਮਾਂ ਅਤਿ ਪਰਖ ਦੀ ਘੜੀ ਵਾਲਾ ਹੈ। ਭਾਜਪਾ ਸ਼ਤਰੰਜ਼ 'ਚੋਂ ਆਪਣੇ ਮੋਹਰੇ, ਪਿਆਦੇ ਉਸ ਰੰਗ ਦੇ ਕੱਢੇਗੀ, ਜਿਸ ਨਾਲ ਭਾਜਪਾ ਨੂੰ ਲਾਭ ਹੋਵੇ ਅਤੇ ਖਾਸ ਕਰਕੇ ਕਿਸਾਨ ਅੰਦੋਲਨ, ਜਿਹੜਾ ਉਸ ਦੇ ਸੰਘ ਦੀ ਹੱਡੀ ਬਣ ਰਿਹਾ ਹੈ, ਨੂੰ ਨੁਕਸਾਨ ਪਹੁੰਚਾਵੇ। ਇਹ ਵੀ ਸੰਭਵ ਹੈ ਕਿ ਉਹ ਕਿਸਾਨ ਜਥੇਬੰਦੀਆਂ ਨਾਲ ਆਖਰੀ ਸਮੇਂ ਸਮਝੌਤਾ ਕਰੇ, ਜਾਂ ਪੰਜਾਬ ਦੀ ਕਿਸੇ ਸਿਆਸੀ ਧਿਰ ਨਾਲ ਸਾਂਝ ਪਾ ਕੇ ਚੋਣ ਗੱਠਜੋੜ ਕਰੇ। ਉਂਜ ਸੰਭਵਤਾ ਭਾਜਪਾ ਦਾ ਪੰਜਾਬ ਅਜੰਡਾ ਪੰਜਾਬ ਵਿਚ ਦਲਿਤ ਭਾਈਚਾਰੇ ਨੂੰ ਆਪਣੇ ਹਿੱਤ ਵਿੱਚ ਕਰਨਾ ਹੋਏਗਾ, ਜਿਹਨਾ ਨੂੰ ਆਪਣੇ ਨਾਲ ਜੋੜ ਕੇ ਅਤੇ ਕਿਸਾਨਾਂ ਨਾਲੋਂ ਤੋੜ ਕੇ ਉਹ ਆਪਣਾ ਵੋਟ ਬੈਂਕ ਪੱਕਾ ਕਰਨ ਦੇ ਰਾਹ ਤਾਂ ਪਏਗੀ ਹੀ ਪਰ ਜਿਵੇਂ ਕਿ ਉਸ ਨੇ ਬੰਗਾਲ 'ਚ ਵੀ ਕੀਤਾ ਹੈ ਖਾਸ ਵਰਗ ਦੇ ਲੋਕਾਂ ਨੂੰ ਆਹੁਦਿਆਂ ਦਾ ਲਾਲਚ ਦੇ ਕੇ, ਸਾਮ, ਦਾਮ, ਦੰਗ ਦਾ ਫਾਰਮੂਲਾ ਅਪਨਾ ਕੇ, ਉਸ ਵਲੋਂ ਪੰਜਾਬ ਦੀ ਤਾਕਤ ਹਥਿਆਉਣ ਦਾ ਯਤਨ ਹੋਏਗਾ। ਕਾਂਗਰਸ ਤਾਂ ਪੰਜਾਬ 'ਚ ਇਕੱਲਿਆਂ ਚੋਣ ਲੜੇਗੀ, ਪਰ ਹੋ ਸਕਦਾ ਹੈ ਕਿ ਖੱਬੀਆਂ ਧਿਰਾਂ ਨਾਲ ਉਸਦੀ ਸਾਂਝ ਬਣ ਜਾਏ, ਚਰਚਾ ਖੱਬਿਆਂ ਦੀ ਬਾਦਲ-ਬਸਪਾ ਗੱਠਜੋੜ ਨਾਲ ਗੱਲਬਾਤ ਦੀ ਵੀ ਹੋ ਰਹੀ ਹੈ। ਆਮ ਆਦਮੀ ਪਾਰਟੀ ਇਕੱਲੇ ਚੋਣ ਲੜਨ ਦਾ ਐਲਾਨ ਕਰੀ ਜਾ ਰਹੀ ਹੈ, ਪਰ ਅੰਦਰੋਗਤੀ ਭਾਈਵਾਲ ਲੱਭ ਰਹੀ ਹੈ।ਹੋ ਸਕਦਾ ਹੈ ਉਸਦੀ ਸਾਂਝ ਸ਼੍ਰੋਮਣੀ ਅਕਾਲੀ ਦਲ (ਸ), ਜਿਸਦੇ ਨੇਤਾ ਸੁਖਦੇਵ ਸਿੰਘ ਢੀਂਡਸਾ ਹਨ, ਨਾਲ ਪੈ ਜਾਵੇ।

ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਨੇ ਤਾਂ ਟੀਮ ਬਣਾ ਹੀ ਲਈ ਹੈ। ਹਾਲੇ ਕਿਉਂਕਿ ਚੋਣਾਂ 'ਚ ਸਮਾਂ ਹੈ, ਸੋ ਸਮੀਕਰਨ ਬਦਲਦੇ ਰਹਿਣਗੇ, ਪਰ ਭਾਜਪਾ ਪੰਜਾਬ ਨੂੰ ਜਿੱਤਣ ਲਈ ਪੂਰਾ ਵਾਹ ਲਾਏਗੀ, ਜੋ ਇਸ ਗੱਲ ਤੋਂ ਪਤਾ ਲਗਦਾ ਹੈ ਕਿ ਉਸ ਵਲੋਂ ਪੰਜਾਬ ਦੇ ਉੱਚ ਪੱਧਰੀ ਬੁੱਧੀਜੀਵੀਆਂ, ਕਾਰਕੁਨਾਂ, ਸਮਾਜ ਸੇਵਕਾਂ, ਸਿੱਖ ਚਿਹਰਿਆਂ ਅਤੇ ਅਕਾਲੀ-ਬਸਪਾ ਦਾ ਤੋੜ ਲੱਭਣ ਲਈ ਦਲਿਤ ਲੋਕਾਂ ਦੇ ਵੱਖੋ-ਵੱਖਰੇ ਸੰਗਠਨਾਂ ਨਾਲ ਪਹੁੰਚ ਕਰਨਾ ਆਰੰਭਿਆ ਜਾ ਚੁੱਕਾ ਹੈ ਅਤੇ ਆਉਣ ਵਾਲੇ ਸਮੇਂ 'ਚ ਸੰਭਵਤਾ "ਚੋਣਾਂ 'ਚ ਦਾਅ ਲਾਉਣ ਵਾਲੇ" ਵੱਡੀ ਗਿਣਤੀ ਨੇਤਾ ਅਤੇ ਕਾਰਕੁਨ ਭਾਜਪਾ ਦੀ ਬਾਂਹ ਫੜ੍ਹ ਲੈਣ।


# ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਦਾ ਮੌਕਾਪ੍ਰਸਤ ਗਠਜੋੜ

ਉਜਾਗਰ ਸਿੰਘ

ਸ਼੍ਰੋਮਣੀ ਅਕਾਲੀ ਦਲ ਬਾਦਲ ਅਤੇ ਬਹੁਜਨ ਸਮਾਜ ਪਾਰਟੀ ਦਾ ਗਠਜੋੜ ਮੌਕਾਪ੍ਰਸਤੀ ਦਾ ਬਿਹਤਰੀਨ ਨਮੂਨਾ ਹੈ। ਇਹ ਗਠਜੋੜ ਦੋਹਾਂ ਪਾਰਟੀਆਂ ਦੀ ਮਜ਼ਬੂਰੀ ਦੀ ਮੂੰਹ ਬੋਲਦੀ ਤਸਵੀਰ ਵੀ ਪੇਸ਼ ਕਰਦਾ ਹੈ। ਸਿਆਸਤ ਮੌਕਾ ਪ੍ਰਸਤੀ ਦੀ ਖੇਡ ਹੀ ਬਣਕੇ ਰਹਿ ਗਈ ਹੈ। ਵਿਚਾਰਧਾਰਾ ਦੀ ਰਾਜਨੀਤੀ ਤਾਂ ਖੰਭ ਲਾ ਕੇ ਉਡ ਗਈ ਹੈ। ਵੈਸੇ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਨੇ 1996 ਦੀਆਂ ਲੋਕ ਸਭਾ ਚੋਣਾ ਸਮੇਂ ਵੀ ਗਠਜੋੜ ਕੀਤਾ ਸੀ, ਜਿਸਦੇ ਨਤੀਜੇ ਬਹੁਤ ਵਧੀਆ ਨਿਕਲੇ ਸਨ। ਅਕਾਲੀ ਦਲ 8 ਅਤੇ ਬਹੁਜਨ ਸਮਾਜ ਪਾਰਟੀ 3 ਲੋਕ ਸਭਾ ਦੀਆਂ ਸੀਟਾਂ ਜਿੱਤ ਗਏ ਸਨ। ਉਦੋਂ ਕਾਸ਼ੀ ਰਾਮ ਦੀ ਬਹੁਜਨ ਸਮਾਜ ਪਾਰਟੀ ਸੀ, ਇਸ ਸਮੇਂ ਬੀਬੀ ਮਾਇਆ ਵਤੀ ਦੀ ਬਹੁਜਨ ਸਮਾਜ ਪਾਰਟੀ ਹੈ। ਦੋਹਾਂ ਦੀ ਕਾਰਜ਼ਸ਼ੈਲੀ ਵਿਚ ਜ਼ਮੀਨ ਅਸਮਾਨ ਦਾ ਅੰਤਰ ਹੈ। ਬਹੁਜਨ ਸਮਾਜ ਪਾਰਟੀ ਸ਼ੁਰੂ ਹੀ ਕਾਸ਼ੀ ਰਾਮ ਨੇ ਪੰਜਾਬ ਵਿਚੋਂ ਕੀਤੀ ਸੀ। ਕਾਸ਼ੀ ਰਾਮ ਨੇ ਪਾਰਟੀ ਦਾ ਆਧਾਰ ਮਜ਼ਬੂਤ ਕੀਤਾ ਸੀ ਪ੍ਰੰਤੂ ਮਾਇਆ ਵਤੀ ਤੋਂ ਬਾਅਦ ਪੰਜਾਬ ਵਿਚ ਪਾਰਟੀ ਦਾ ਆਧਾਰ ਖ਼ਤਮ ਹੋਣ ਦੇ ਕਿਨਾਰੇ ਪਹੁੰਚ ਗਿਆ ਹੈ। ਇਸੇ ਤਰ੍ਹਾਂ ਅਕਾਲੀ ਦਲ ਵੀ ਉਦੋਂ ਇਕਮੁੱਠ ਸੀ ਪ੍ਰੰਤੂ ਹੁਣ ਖਖੜੀਆਂ ਖਖੜੀਆਂ ਹੋਇਆ ਪਿਆ ਹੈ। 1996 ਵਿਚ ਲੋਕ ਸਭਾ ਦੀਆਂ ਚੋਣਾ ਜਿੱਤਣ ਤੋਂ ਬਾਅਦ ਅਕਾਲੀ ਦਲ ਨੇ 1997 ਵਿਚ ਹਿੰਦੂ ਵਰਗ ਦੀਆਂ ਵੋਟਾਂ ਵਟੋਰਨ ਦੇ ਇਰਾਦੇ ਨਾਲ ਆਪਣੀ ਰਣਨੀਤੀ ਬਦਲਕੇ ਸ਼ਰੋਮਣੀ ਅਕਾਲੀ ਦਲ ਨੇ ਮੋਗਾ ਵਿਖੇ ਕਾਨਫ਼ਰੰਸ ਕਰਕੇ ਪੰਜਾਬੀ ਪਾਰਟੀ ਬਣਾ ਲਈ ਸੀ। ਉਸਤੋਂ ਬਾਅਦ ਅਕਾਲੀ ਦਲ ਨੇ ਬਹੁਜਨ ਸਮਾਜ ਪਾਰਟੀ ਨਾਲੋਂ ਨਾਤਾ ਤੋੜਕੇ 1997 ਦੀਆਂ ਵਿਧਾਨ ਸਭਾ ਚੋਣਾ ਵਿਚ ਭਾਰਤੀ ਜਨਤਾ ਪਾਰਟੀ ਨਾਲ ਸਮਝੌਤਾ ਕਰ ਲਿਆ ਸੀ। ਉਹ ਭਾਈਵਾਲ ਪਾਰਟੀ ਨਾਲ ਵਿਸ਼ਵਾਸ਼ਘਾਤ ਅਤੇ ਮੌਕਾਪ੍ਰਸਤੀ ਹੀ ਸੀ। ਇਹ ਗਠਜੋੜ ਦੋਹਾਂ ਪਾਰਟੀਆਂ ਲਈ ਸ਼ਾਇਦ ਸੀਟਾਂ ਜਿੱਤਣ ਲਈ ਤਾਂ ਲਾਭਦਾਇਕ ਨਹੀਂ ਹੋਣਾ ਪ੍ਰੰਤੂ ਵੋਟ ਦੀ ਪ੍ਰਤੀਸ਼ਤ ਵਧਾਉਣ ਵਿਚ ਸਹਾਈ ਜ਼ਰੂਰ ਹੋ ਸਕਦਾ ਹੈ। ਕਿਉਂਕਿ ਅਕਾਲੀ ਦਲ ਦੇ ਹੱਥੋਂ ਜ਼ਮੀਨ ਖਿਸਕ ਚੁੱਕੀ ਹੈ। ਜਿਵੇਂ ਕਹਾਵਤ ਹੈ ਕਿ ਡੁਬਦੇ ਨੂੰ ਤਿਣਕੇ ਦਾ ਸਹਾਰਾ ਹੁੰਦਾ ਹੈ। ਬਹੁਜਨ ਸਮਾਜ ਪਾਰਟੀ ਪਿਛਲੇ ਲੰਬੇ ਸਮੇਂ ਤੋਂ ਵਿਧਾਨ ਸਭਾ ਦਾ ਮੂੰਹ ਵੇਖਣ ਦੇ ਸਮਰੱਥ ਵੀ ਨਹੀਂ ਹੋਈ। ਉਨ੍ਹਾਂ ਦਾ ਆਪਣਾ ਆਧਾਰ ਵੀ ਖਿਸਕਿਆ ਹੋਇਆ ਹੈ। ਇਸ ਲਈ 2022 ਵਿਚ ਇਸ ਗਠਜੋੜ ਕਰਕੇ ਉਨ੍ਹਾਂ ਦਾ ਦਾਅ ਲਗ ਸਕਦਾ ਹੈ। ਅਕਾਲੀ ਦਲ ਨਾਲੋਂ 1997 ਵਿਚ ਗਠਜੋੜ ਟੁੱਟਣ ਤੋਂ ਬਾਅਦ ਬਹੁਜਨ ਸਮਾਜ ਪਾਰਟੀ ਨੇ ਸਿਮਰਨਜੀਤ ਸਿੰਘ ਮਾਨ ਵਾਲੇ ਅਕਾਲੀ ਦਲ ਨਾਲ ਸਮਝੌਤਾ ਕੀਤਾ ਸੀ, ਜਿਹੜਾ ਇਕ ਸਾਂਝਾ ਸਮਾਗਮ ਕਰਨ ਤੋਂ ਬਾਅਦ ਹੀ ਟੁੱਟ ਗਿਆ ਸੀ। ਪੰਜਾਬ ਵਿਚ ਇਕ ਵਾਰ 1985 ਵਿਚ ਅਕਾਲੀ ਦਲ ਦੀ ਇਕੱਲਿਆਂ ਸਰਕਾਰ ਬਣੀ ਸੀ, ਉਸਨੂੰ ਵੀ ਕਾਂਗਰਸ ਪਾਰਟੀ ਦੀ ਅਸਿਧੀ ਸਪੋਰਟ ਸੀ। ਇਸ ਤੋਂ ਬਾਅਦ ਅਤੇ ਪਹਿਲਾਂ ਕਾਂਗਰਸ ਪਾਰਟੀ ਤੋਂ ਬਿਨਾ ਕੋਈ ਵੀ ਪਾਰਟੀ ਆਪਣੇ ਬਲ ਬੂਤੇ 'ਤੇ ਪੰਜਾਬ ਵਿਚ ਸਰਕਾਰ ਨਹੀਂ ਬਣਾ ਸਕੀ ਅਤੇ ਨਾ ਹੀ ਅੱਗੇ ਨੂੰ ਬਣਨ ਦੀ ਉਮੀਦ ਹੈ। ਇਕ ਗੱਲ ਤਾਂ ਪੱਕੀ ਹੈ ਕਿ ਚੋਣਾ ਦੇ ਨਤੀਜੇ ਭਾਵੇਂ ਕੁਝ ਵੀ ਹੋਣ ਪ੍ਰੰਤੂ ਆਮ ਆਦਮੀ ਪਾਰਟੀ ਅਤੇ ਕਾਂਗਰਸ ਪਾਰਟੀ ਦੇ ਨੇਤਾਵਾਂ ਦੀ ਨੀਂਦ ਉਡ ਗਈ ਲਗਦੀ ਹੈ ਕਿਉਂਕਿ ਉਹ ਇਸ ਗਠਜੋੜ ਨੂੰ ਬੇਅਸੂਲਾ ਸਾਬਤ ਕਰਨ ਦੀ ਕੋਈ ਕਸਰ ਨਹੀਂ ਛੱਡ ਰਹੇ। ਜਿਹੜੀਆਂ 20 ਵਿਧਾਨ ਸਭਾ ਸੀਟਾਂ ਅਕਾਲੀ ਦਲ ਨੇ ਬਹੁਜਨ ਸਮਾਜ ਪਾਰਟੀ ਨੂੰ ਛੱਡੀਆਂ ਹਨ, ਉਨ੍ਹਾਂ ਵਿਚ ਅਕਾਲੀ ਦਲ ਦੇ ਟਿਕਟਾਂ ਲੈਣ ਦੇ ਚਾਹਵਾਨ ਪਿਛਲੇ 5 ਸਾਲਾਂ ਤੋਂ ਸਰਗਰਮ ਸਨ ਪ੍ਰੰਤੂ ਗਠਜੋੜ ਤੋਂ ਬਾਅਦ ਉਨ੍ਹਾਂ ਦੀਆਂ ਆਸਾਂ ਤੇ ਪਾਣੀ ਫਿਰ ਗਿਆ ਹੈ। ਇਹ ਵੀ ਪਤਾ ਲੱਗਾ ਹੈ ਕਿ ਉਨ੍ਹਾਂ ਵਿਚੋਂ ਕੁਝ ਨੇਤਾ ਸੁਖਦੇਵ ਸਿੰਘ ਢੀਂਡਸਾ ਦੇ ਸੰਪਰਕ ਵਿਚ ਹਨ। ਕਿਸੇ ਵਕਤ ਵੀ ਅਕਾਲੀ ਦਲ ਬਾਦਲ ਨੂੰ ਉਹ ਤਿਲਾਂਜਲੀ ਦੇ ਸਕਦੇ ਹਨ। ਬਹੁਜਨ ਸਮਾਜ ਪਾਰਟੀ ਵਿੱਚ ਹੀ ਬਗਾਬਤ ਹੁੰਦੀ ਲਗਦੀ ਹੈ। ਵੈਸੇ ਗਠਜੋੜ ਦੋਹਾਂ ਪਾਰਟੀਆਂ ਲਈ ਠੁਮਣੇ ਦਾ ਕੰਮ ਕਰੇਗਾ। 2012 ਦੀਆਂ ਵਿਧਾਨ ਸਭਾ ਦੀਆਂ ਚੋਣਾ ਵਿਚ ਜਦੋਂ ਅਕਾਲੀ ਦਲ ਇਕੱਠਾ ਸੀ ਤਾਂ ਉਨ੍ਹਾਂ ਨੇ 37 ਪ੍ਰਤੀਸ਼ਤ ਵੋਟਾਂ ਲਈਆਂ ਸਨ, ਜਦੋਂ ਕਿ 2017 ਵਿਚ ਇਹ ਪ੍ਰਤੀਸ਼ਤ ਘਟਕੇ 25 ਰਹਿ ਗਈ ਸੀ। 2019 ਦੀਆਂ ਲੋਕ ਸਭਾ ਚੋਣਾ ਵਿਚ ਅਕਾਲੀ ਦਲ ਦੀ ਵੋਟ ਪ੍ਰਤੀਸ਼ਤ ਵਧਕੇ 27 ਹੋ ਗਈ। ਇਸ ਤੋਂ ਲੱਗਦਾ ਹੈ ਕਿ 2022 ਵਿਚ ਇਹ ਜ਼ਰੂਰ ਵਧੇਗੀ ਕਿਉਂਕਿ ਬਹੁਜਨ ਸਮਾਜ ਪਾਰਟੀ ਦੀਆਂ ਵੋਟਾਂ ਪੈਣਗੀਆਂ। ਇਸੇ ਤਰ੍ਹਾਂ ਬਹੁਜਨ ਸਮਾਜ ਪਾਰਟੀ ਨੂੰ 2012 ਦੀਆਂ ਵਿਧਾਨ ਸਭਾ ਚੋਣਾ ਵਿਚ ਭਾਵੇਂ ਕੋਈ ਸੀਟ ਵੀ ਨਹੀਂ ਮਿਲੀ ਸੀ ਅਤੇ ਵੋਟ ਪ੍ਰਤੀਸ਼ਤ ਡੇਢ ਸੀ। ਪ੍ਰੰਤੂ 2017 ਦੀਆਂ ਵਿਧਾਨ ਸਭਾ ਚੋਣਾ ਇਹ ਪ੍ਰਤੀਸ਼ਤਤਾ ਵਧਕੇ 4 ਫ਼ੀ ਸਦੀ ਤੋਂ ਉਪਰ ਹੋ ਗਈ ਸੀ। 2019 ਦੀਆਂ ਲੋਕ ਸਭਾ ਚੋਣਾ ਵਿਚ ਉਨ੍ਹਾਂ ਦੀ ਪ੍ਰਤੀਸ਼ਤਾ ਘਟਕੇ ਸਾਢੇ ਤਿੰਨ ਰਹਿ ਗਈ। ਗਠਜੋੜ ਦੇ ਫ਼ੈਸਲੇ ਅਨੁਸਾਰ ਬਹੁਜਨ ਸਮਾਜ ਪਾਰਟੀ ਨੂੰ ਦੁਆਬੇ ਵਿਚੋਂ 8, ਮਾਲਵੇ 'ਚੋਂ 7 ਅਤੇ ਮਾਝੇ ਵਿਚੋਂ 5 ਸੀਟਾਂ ਲਈਆਂ ਹਨ। ਜੇਕਰ 2017 ਦੀ ਵਿਧਾਨ ਸਭਾ ਦੇ ਇਨ੍ਹਾਂ 20 ਹਲਕਿਆਂ ਵਿਚ ਬਹੁਜਨ ਸਮਾਜ ਪਾਰਟੀ ਨੂੰ ਪੋਲ ਹੋਈਆਂ ਵੋਟਾਂ ਵੇਖੀਆਂ ਜਾਣ ਤਾਂ ਨਿਰਾਸ਼ਾਜਨਕ ਸਥਿਤੀ ਹੈ। ਸਿਰਫ ਫਿਲੌਰ ਵਿਚ 16578 ਵੋਟਾਂ ਪਈਆਂ ਸਨ, ਬਾਕੀ 7 ਹਲਕਿਆਂ ਵਿਚੋਂ& 1000 ਤੋਂ ਵੀ ਘੱਟ ਵੋਟਾਂ ਪਈਆਂ ਸਨ। ਸਿਰਫ ਫਗਵਾੜਾ ਤੋਂ 6160 ਅਤੇ ਕਰਤਾਰਪੁਰ ਹਲਕੇ ਵਿਚ 5208 ਵੋਟਾ ਪਈਆਂ ਸਨ। 6 ਹਲਕਿਆਂ ਵਿਚ 5000 ਤੋਂ ਘੱਟ ਅਤੇ 4 ਹਲਕਿਆਂ ਵਿਚ 1500 ਤੋਂ ਵੀ ਘੱਟ ਵੋਟਾ ਪਈਆਂ ਸਨ। ਇਨ੍ਹਾਂ ਵਿਚੋਂ 10 ਹਲਕੇ ਸ਼ਹਿਰੀ ਹਨ ਜਿਥੋਂ ਬੀ ਜੇ ਪੀ ਚੋਣ ਲੜਦੀ ਰਹੀ ਹੈ। ਅਕਾਲੀ ਦਲ ਨੇ ਹਾਰਨ ਵਾਲੀਆਂ ਸੀਟਾਂ ਬਹੁਜਨ ਸਮਾਜ ਪਾਰਟੀ ਨੂੰ ਦੇ ਦਿੱਤੀਆਂ ਹਨ। ਇਹ ਫ਼ੈਸਲਾ ਵੀ ਮਾਇਆ ਵਤੀ ਨੇ ਕੀਤਾ ਹੈ। ਪੰਜਾਬ ਇਕਈ 'ਤੇ ਤਾਂ ਠੋਸਿਆ ਗਿਆ ਹੇ। ਬਹੁਜਨ ਸਮਾਜ ਪਾਰਟੀ ਦਾ ਇਹ ਗਠਜੋੜ ਇਸ ਕਰਕੇ ਸਿਧਾਂਤਕ ਨਹੀਂ ਕਿਹਾ ਜਾ ਸਕਦਾ ਕਿਉਂਕਿ ਉਨ੍ਹਾਂ ਦਿੱਲੀ ਵਿਚ ਭਾਰਤੀ ਜਨਤਾ ਪਾਰਟੀ ਅਤੇ ਮੱਧ ਪ੍ਰਦੇਸ਼ ਵਿਚ ਕਾਂਗਰਸ ਨਾਲ ਗਠਜੋੜ ਕੀਤਾ ਹੋਇਆ ਹੈ। ਅਕਾਲੀ ਦਲ ਦੀ ਵੋਟ ਪੈਣ ਕਰਕੇ ਬਹੁਜਨ ਸਮਾਜ ਪਾਰਟੀ ਦੀ ਪ੍ਰਤੀਸ਼ਤਤਾ ਵਧੇਗੀ। ਪੰਜਾਬ ਵਿਚ 33 ਫ਼ੀ ਸਦੀ ਦਲਿਤ ਭਾਈਚਾਰੇ ਦੀਆਂ ਵੋਟਾਂ ਹਨ ਪ੍ਰੰਤੂ ਕਦੀਂ ਵੀ ਸਾਰਾ ਭਾਈਚਾਰਾ ਇਕ ਪਾਸੇ ਨਹੀਂ ਭੁਗਤਿਆ। ਉਹ ਸਾਰੀਆਂ ਪਾਰਟੀਆਂ ਨਾਲ ਜੁੜੇ ਹੋਏ ਹਨ। ਆਮ ਤੌਰ ਤੇ ਅਕਾਲੀ ਦਲ ਰਾਖਵੀਆਂ ਸੀਟਾਂ ਜ਼ਿਆਦਾ ਜਿੱਤਦਾ ਹੈ ਪ੍ਰੰਤੂ ਬਹੁਜਨ ਸਮਾਜ ਪਾਰਟੀ ਨੂੰ 20 ਵਿਚੋਂ ਲਗਪਗ 10 ਰਾਖਵੇਂ ਹਲਕੇ ਦੇ ਦਿੱਤੇ ਹਨ। ਇਸ ਗਠਜੋੜ 'ਤੇ ਇਲਜ਼ਾਮ ਲਗਾਇਆ ਜਾ ਰਿਹਾ ਹੈ ਕਿ ਇਹ ਕਾਰਪੋਰੇਟ ਘਰਾਣੇ ਅਤੇ ਗ਼ਰੀਬ ਮਜ਼ਦੂਰ ਵਰਗ ਦਰਮਿਆਨ ਹੋਇਆ ਹੈ। ਜੋ ਬਾਬੂ ਕਾਸ਼ੀ ਰਾਮ ਦੇ ਸਿਧਾਂਤ ਦੇ ਵਿਰੁੱਧ ਹੈ। ਕਾਸ਼ੀ ਰਾਮ ਤਾਂ ਕਿੰਗ ਮੇਕਰ ਸਾਬਤ ਹੋਇਆ ਸੀ ਪ੍ਰੰਤੂ ਇਹ ਗਠਜੋੜ ਕਿੰਗ ਮੇਕਰ ਤਾਂ ਨਹੀਂ ਪ੍ਰੰਤੂ ਅਕਾਲੀ ਦਲ ਲਈ ਵਿਸਾਖੀਆਂ ਦਾ ਕੰਮ ਜ਼ਰੂਰ ਕਰੇਗਾ। ਸੁਖਬੀਰ ਸਿੰਘ ਬਾਦਲ ਨੇ ਜਿਹੜਾ ਸ਼ਗੂਫ਼ਾ ਦਲਿਤ ਉਪ ਮੁੱਖ ਮੰਤਰੀ ਬਣਾਉਣ ਦਾ ਛੱਡਿਆ ਹੈ, ਹੋ ਸਕਦਾ ਉਸਦਾ ਕੁਝ ਲਾਭ ਵੀ ਮਿਲ ਜਾਵੇ। ਬਾਬੂ ਕਾਸ਼ੀ ਰਾਮ ਫ਼ਾਊਂਡੇਸ਼ਨ ਅਤੇ ਕਾਸ਼ੀ ਰਾਮ ਦੀ ਭੈਣ ਸਵਰਨ ਕੌਰ ਨੇ ਵੀ ਇਸ ਗਠਜੋੜ ਦਾ ਵਿਰੋਧ ਕੀਤਾ ਹੈ। ਬਹੁਜਨ ਸਮਾਜ ਪਾਰਟੀ ਦਾ ਖਾਤਾ ਤਾਂ ਖੁਲ੍ਹ ਸਕਦਾ ਹੈ ਪ੍ਰੰਤੂ ਬਹੁਤਾ ਲਾਭ ਨਹੀਂ ਹੋਵੇਗਾ ਕਿਉਂਕਿ ਅਕਾਲੀ ਦਲ ਦੀ ਵੋਟ ਵੰਡੀ ਜਾਣੀ ਹੈ। ਬਹੁਜਨ ਪਾਰਟੀ ਦੀ ਵੋਟ ਵੰਡੀ ਨਹੀਂ ਜਾਂਦੀ ਕਿਉਂਕਿ ਉਨ੍ਹਾਂ ਦੇ ਵਰਕਰ ਪੱਕ ਹਨ। ਉਨ੍ਹਾਂ ਦੇ ਲੀਡਰ ਜ਼ਰੂਰ ਰੋੜੇ ਅਟਕਾਉਣਗੇ।



ਪੰਜਾਬ ਦੇ ਲੋਕ ਅਕਾਲੀ ਦਲ ਬਾਦਲ ਤੋਂ ਕਿਨਾਰਾ ਕਰਨ ਲੱਗ ਪਏ ਹਨ ਕਿਉਂਕਿ ਬੇਅਦਬੀ ਦੇ ਮਸਲੇ 'ਤੇ ਉਹ ਇਨਸਾਫ਼ ਨਹੀਂ ਦੇ ਸਕੇ। ਜਿਸ ਕਰਕੇ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦਾ ਨੇਤਾ ਵੀ ਨਹੀਂ ਬਣਾ ਸਕਿਆ। ਲੋਕ ਸਭਾ ਦੀਆਂ ਚੋਣਾਂ ਵਿਚ ਅਕਾਲੀ ਦਲ ਸਿਰਫ ਦੋ ਬਠਿੰਡਾ ਅਤੇ ਫੀਰੋਜਪੁਰ ਦੀਆਂ ਸੀਟਾਂ ਹੀ ਜਿੱਤ ਸਕਿਆ। ਅਕਾਲੀ ਦਲ ਲਗਾਤਾਰ ਗ਼ਲਤੀ ਤੇ ਗ਼ਲਤੀ ਕਰਦਾ ਗਿਆ। ਬੇਅਦਬੀ ਕੇਸ ਵਿਚ ਸੀ ਬੀ ਆਈ ਤੋਂ ਕਲੋਜਰ ਰਿਪੋਰਟ ਦਿਵਾ ਦਿੱਤੀ ਕਿਉਂਕਿ ਬੀਬਾ ਹਰਸਿਮਰਤ ਕੌਰ ਕੇਂਦਰ ਸਰਕਾਰ ਵਿਚ ਮੰਤਰੀ ਸਨ। ਇਥੇ ਹੀ ਬਸ ਨਹੀਂ ਨਸ਼ਾ ਤਸਕਰੀ ਦੇ ਕੇਸ ਵੀ ਕਿਸੇ ਤਣ ਪੱਤਣ ਨਹੀਂ ਲੱਗਣ ਦਿੱਤੇ। ਇਹ ਗਠਜੋੜ ਕਰਕੇ ਬਹੁਜਨ ਸਮਾਜ ਪਾਰਟੀ ਬੇਅਦਬੀ ਦੀਆਂ ਘਟਨਾਵਾਂ ਦਾ ਇਨਸਾਫ ਨਾ ਦਿਵਾਉਣ ਵਿਚ ਹਿੱਸੇਦਾਰ ਬਣ ਗਈ ਹੈ ਜਦੋਂ ਕਿ ਹੁਣ ਤੱਕ ਉਹ ਅਕਾਲੀ ਦਲ ਨੂੰ ਬੇਅਦਬੀ ਦੀਆਂ ਘਟਨਾਵਾਂ ਦਾ ਜ਼ਿੰਮੇਵਾਰ ਠਹਿਰਾ ਰਹੀ ਸੀ। ਅਕਾਲੀ ਦਲ ਨੂੰ ਇਹ ਗਠਜੋੜ ਮਜ਼ਬੂਰੀ ਵਸ ਇਸ ਕਰਕੇ ਕਰਨਾ ਪਿਆ ਕਿਉਂਕਿ ਉਨ੍ਹਾਂ ਦਾ ਨਹੁੰ ਮਾਸ ਦਾ ਰਿਸ਼ਤਾ ਭਾਰਤੀ ਜਨਤਾ ਪਾਰਟੀ ਨਾਲੋਂ ਟੁੱਟ ਗਿਆ ਹੈ, ਨਹੁੰ ਤੇ ਮਾਸ ਦੇ ਵੱਖਰੇ ਹੋਣ ਨਾਲ ਭਾਰਤੀ ਜਨਤਾ ਪਾਰਟੀ ਦੀ ਵੋਟ ਖਾਸ ਤੌਰ ਤੇ ਸ਼ਹਿਰੀ ਵੋਟ ਉਨ੍ਹਾਂ ਨੂੰ ਨਹੀਂ ਮਿਲੇਗੀ। ਖੇਤੀਬਾੜੀ ਆਰਡੀਨੈਂਸ ਜ਼ਾਰੀ ਕਰਨ ਸਮੇਂ ਇਨ੍ਹਾਂ ਆਰਡੀਨੈਂਸਾਂ ਦੀ ਪਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਅਤੇ ਬੀਬਾ ਹਰਸਿਮਰਤ ਕੌਰ ਬਾਦਲ ਵੱਲੋਂ ਹਰ ਸੰਭਵ ਸਪੋਰਟ ਕਰਨ ਕਰਕੇ ਦਿਹਾਤੀ ਕਿਸਾਨ ਵੋਟ ਜਿਸਨੂੰ ਅਕਾਲੀ ਦਲ ਦਾ ਆਧਾਰ ਕਿਹਾ ਜਾਂਦਾ ਸੀ, ਉਹ ਵੀ ਦੂਰ ਹੋ ਗਈ। ਭਾਵੇਂ ਅਕਾਲੀ ਦਲ ਨੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਅਤੇ ਗਠਜੋੜ ਨਾਲੋਂ ਨਾਤਾ ਤੋੜ ਲਿਆ ਹੈ ਪ੍ਰੰਤੂ ਪੰਜਾਬ ਦੇ ਕਿਸਾਨ ਅਕਾਲੀ ਦਲ ਨੂੰ ਮੂੰਹ ਨਹੀਂ ਲਾ ਰਹੇ। ਇਨ੍ਹਾਂ ਵੋਟਾਂ ਦੀ ਭਰਪਾਈ ਲਈ ਬਹੁਜਨ ਸਮਾਜ ਪਾਰਟੀ ਨਾਲ ਗਠਜੋੜ ਕੀਤਾ ਗਿਆ ਹੈ। ਦੂਜੇ ਸੁਖਦੇਵ ਸਿੰਘ ਢੀਂਡਸਾ ਅਤੇ ਬ੍ਰਹਮਪੁਰਾ ਵਾਲਾ ਅਕਾਲੀ ਦਲ ਵੀ ਉਨ੍ਹਾਂ ਦੀਆਂ ਜੜ੍ਹਾਂ ਵਿਚ ਤੇਲ ਦੇਵੇਗਾ। ਕੁਲ ਮਿਲਾਕੇ ਜੇ ਵੇਖਿਆ ਜਾਵੇ ਤਾਂ ਦੋਹਾਂ ਪਾਰਟੀਆਂ ਲਈ ਇਹ ਸਮਝੌਤਾ ਖਿਆਲੀ ਪਲਾਓ ਬਣਾਕੇ ਸੁੰਡ ਦੀ ਗੱਠੀ ਸਮਝਿਆ ਜਾ ਰਿਹਾ ਹੈ। ਦੋਵੇਂ ਪਾਰਟੀਆਂ ਸਰਕਾਰ ਬਣਾਉਣ ਦੇ ਸਪਨੇ ਲੈ ਰਹੀਆਂ ਹਨ। ਵੇਖਣ ਵਾਲੀ ਗੱਲ ਇਹ ਹੈ ਕਿ ਕੀ ਦੋਹਾਂ ਪਾਰਟੀਆਂ ਦੇ ਵੋਟਰ ਉਨ੍ਹਾਂ ਦੇ ਸਪਨੇ ਪੂਰੇ ਕਰਨ ਵਿਚ ਸਹਾਈ ਹੋਣਗੇ?




## ਪ੍ਰਿੰ.ਸਤਵੰਤ ਕੌਰ ਕਲੋਟੀ ਦੀ ਦੂਜੀ ਪੁਸਤਕ 'ਦਸ ਦਿਸ਼ਾਵਾਂ ਵਿਚੋਂ ਲੜੀਵਾਰ

# ਅਣਗੌਲੀਆਂ ਵਿਗਿਆਨਕ ਨਾਇਕਾਵਾਂ

## ਇਰਾਵਤੀ ਕਰਵੇ (Irawati Karve) (1905 ਤੋਂ 11 ਅਗਸਤ, 1970 ਤੱਕ)



ਪ੍ਰਿੰ. ਸਤਵੰਤ ਕੌਰ ਕਲੋਟੀ

**ਜਾਣ-ਪਹਿਚਾਣ:**

ਇਰਾਵਤੀ ਕਰਵੇ ਭਾਰਤ ਦੀ ਪਹਿਲੀ ਮਹਿਲਾ ਮਾਨਵ ਵਿਗਿਆਨੀ (ਐਂਥਰੋਪੋਲੋਜਿਸਟ) (Anthropologist) ਸੀ ਜਿਸ ਦਾ ਜਨਮ 1905 ਈ. ਵਿੱਚ ਹੋਇਆ। ਉਹ ਪੂਨਾ ਯੂਨੀਵਰਸਿਟੀ ਵਿੱਚ ਐਂਥਰੋਪੌਲੋਜੀ ਵਿਸ਼ਾ ਪੜ੍ਹਾਉਣ ਵਾਲੀ ਪਹਿਲੀ ਮਹਿਲਾ ਅਧਿਆਪਕਾ ਸੀ। ਉਹ ਉਸ ਸਮੇਂ ਭਾਰਤ ਦੀ ਪਹਿਲੀ ਮਹਿਲਾ ਮਾਨਵ ਵਿਗਿਆਨੀ (Anthropologist) ਬਣੀ ਜਦੋਂ ਮਾਨਵ ਵਿਗਿਆਨ (Anthropology) ਅਤੇ ਸਮਾਜ ਸਾਸ਼ਤਰ (Sociology) ਵਿਸ਼ੇ ਅਜੇ ਯੂਨੀਵਰਸਿਟੀਆਂ ਵਿੱਚ ਵਿਕਸਿਤ ਹੀ ਹੋ ਰਹੇ ਸਨ। ਉਹ ਪੂਨਾ ਯੂਨੀਵਰਸਿਟੀ ਵਿੱਚ ਐਂਥਰੋਪੌਲੋਜੀ ਡਿਪਾਰਟਮੈਂਟ ਦੀ ਸੰਸਥਾਪਕ ਸੀ। ਉਹ ਇੱਕ ਭਾਰਤੀ ਵਿੱਦਿਆ ਸ਼ਾਸਤਰੀ (Indologist), ਲੋਕ ਗੀਤਾਂ ਦੀ ਸੰਗ੍ਰਿਹਕਰਤਾ, ਨਾਰੀਵਾਦੀ ਕਵਿਤਾਵਾਂ ਦੀ ਅਨੁਵਾਦਕਾ ਅਤੇ ਉੱਚ ਕੋਟੀ ਦੀ ਲੇਖਿਕਾ ਵੀ ਸੀ। ਉਸ ਨੇ ਅਣਥੱਕ ਖੇਤਰੀ ਕਾਰਜ (Field Work) ਕੀਤਾ ਅਤੇ ਤੱਥ/ ਅੰਕੜੇ ਇਕੱਠੇ ਕਰਕੇ ਉਨ੍ਹਾਂ ਨੂੰ ਕਲਮਬੱਧ ਕੀਤਾ। ਉਸ ਨੇ ਕਈ ਕਿਤਾਬਾਂ ਲਿਖੀਆਂ। ਉਸਨੇ 'ਮਹਾਂਭਾਰਤ' ਨੂੰ ਸਮਝਣ ਦਾ ਲੋਕਾਂ ਦਾ ਨਜ਼ਰੀਆ ਬਦਲ ਦੇਣ ਵਾਲੀ ਪ੍ਰਸਿੱਧ ਪੁਸਤਕ ੨ਯੁਗਾਂਤੈ ਲਿਖੀ। 1967 ਈ. ਵਿੱਚ ਇਸ ਕਿਤਾਬ ਨੂੰ ਉਸ ਸਾਲ ਦੀ ਸਰਵੋਤਮ ਮਰਾਠੀ ਪੁਸਤਕ ਵਜੋਂ ਸਾਹਿਤ ਅਕਾਦਮੀ ਐਵਾਰਡ ਪ੍ਰਦਾਨ ਕੀਤਾ ਗਿਆ। ਉਸ ਨੇ ਵਿਗਿਆਨਕ ਤਕਨੀਕਾਂ ਦਾ ਇਸਤੇਮਾਲ ਕਰਦੇ ਹੋਏ ਜਾਤੀ, ਰਿਸ਼ਤਿਆਂ ਅਤੇ ਪਰਿਵਾਰ ਉੱਤੇ ਅਹਿਮ ਖੋਜ- ਕਾਰਜ ਕੀਤੇ।

ਉਸ ਨੇ ਬਰਲਿਨ ਯੂਨੀਵਰਸਿਟੀ, ਜਰਮਨੀ ਤੋਂ ਪੀਐਚ.ਡੀ. ਦੀ ਡਿਗਰੀ ਹਾਸਿਲ ਕੀਤੀ। ਉਹ ਐਸ.ਐਨ.ਡੀ.ਟੀ. ਵੁਮੈਨੈਜ਼ ਯੂਨੀਵਰਸਿਟੀ (S.N.D.T. Women's University) ਮੁੰਬਈ ਦੀ ਰਜਿਸਟਰਾਰ ਰਹੀ। ਉਹ ਡੈਕਨ ਕਾਲਜ, ਪੂਨਾ ਦੇ 'ਸੋਸ਼ਿਆਲੋਜੀ ਅਤੇ ਐਂਥਰੋਪੌਲੋਜੀ ਵਿਭਾਗ' ਦੀ ਕਈ ਸਾਲ ਮੁਖੀ ਰਹੀ। ਉਹ ਇੰਡੀਅਨ ਨੈਸ਼ਨਲ ਸਾਇੰਸ ਕਾਂਗਰਸ ਦੇ ਐਂਥਰੋਪੌਲੋਜੀ ਸੈਕਸ਼ਨ ਦੀ ਪ੍ਰੈਜ਼ੀਡੈਂਟ ਚੁਣੀ ਗਈ। 11 ਅਗਸਤ, 1970 ਨੂੰ 65 ਸਾਲ ਦੀ ਉਮਰ ਵਿੱਚ ਉਹ ਰੱਬ ਨੂੰ ਪਿਆਰੀ ਹੋ ਗਈ।



# ਭਾਰਤ ਦੀ ਪਹਿਲੀ ਮਹਿਲਾ ਮਾਨਵ ਵਿਗਿਆਨੀ- ਇਰਾਵਤੀ ਕਰਵੇ


ਇਰਾਵਤੀ ਕਰਵੇ ਦਾ ਜਨਮ 1905 ਈ. ਵਿੱਚ ਬਰਮਾ ਵਿੱਚ ਇੱਕ ਅਮੀਰ ਚਿਤਪਾਵਨ ਬ੍ਰਾਹਮਣ ਪਰਿਵਾਰ ਵਿੱਚ ਹੋਇਆ। ਉਸ ਦਾ ਨਾਂ ਬਰਮਾ ਵਿੱਚ ਵਹਿੰਦੀ ਨਦੀ 'ਇਰਾਵਦੀ' ਦੇ ਨਾਂ ਤੇ ਰੱਖਿਆ ਗਿਆ। ਉਸ ਦੇ ਪਿਤਾ ਸ਼੍ਰੀ ਗਣੇਸ਼ ਹਰੀ ਕਰਮਰਕਰ ਬਰਮਾ ਕੱਟਨ ਕੰਪਨੀ ਵਿੱਚ ਇੰਜੀਨੀਅਰ ਸਨ। ਇਰਾਵਤੀ ਦਾ ਪਾਲਣ ਪੋਸ਼ਣ ਪੂਨੇ ਵਿੱਚ ਹੋਇਆ।

ਸੱਤ ਸਾਲ ਦੀ ਉਮਰ ਵਿੱਚ ਉਸ ਨੂੰ ਪੂਨਾ ਸਥਿਤ ਹੁਜ਼ੂਰਪਾਗਾ ਬੋਰਡਿੰਗ ਸਕੂਲ (Huzur Paga Boarding School) ਵਿੱਚ ਭੇਜ ਦਿੱਤਾ ਗਿਆ। ਉੱਥੇ ਸ਼ਕੁੰਤਲਾ ਪਰਾਂਜਪੇ (Shakuntla Paranjpye) ਨਾਂ ਦੀ ਉਸ ਦੀ ਇੱਕ ਜਮਾਤਣ ਸੀ ਜੋ ਫਰਗੂਸਨ ਕਾਲਜ ਦੇ ਪ੍ਰਿੰਸੀਪਲ ਆਰ.ਪੀ. ਪਰਾਂਜਪੇ ਦੀ ਬੇਟੀ ਸੀ। ਸ਼ਕੁੰਤਲਾ ਦੀ ਮਾਂ ਨੇ ਜਦੋਂ ਇਰਾਵਤੀ ਨੂੰ ਪਹਿਲੀ ਵਾਰੀ ਸਕੂਲ ਵਿੱਚ ਦੇਖਿਆ ਤਾਂ ਉਹ ਪਹਿਲੀ ਨਜ਼ਰੇ ਹੀ ਉਸ ਨੂੰ ਭਾਅ ਗਈ। ਉਹ ਉਸ ਨੂੰ ਆਪਣੇ ਦੂਜੇ ਬੱਚੇ ਵਾਂਗ ਹੀ ਪਿਆਰ ਕਰਨ ਲੱਗ ਪਈ। ਉਸ ਨੇ ਇਰਾਵਤੀ ਨੂੰ ਆਪਣੇ ਘਰ ਵਿੱਚ ਹੀ ਠਹਿਰਾ ਲਿਆ। ਇਹ ਇਰਾਵਤੀ ਦੀ ਜ਼ਿੰਦਗੀ ਨੂੰ ਬਦਲ ਦੇਣ ਵਾਲਾ ਮੋੜ ਸੀ। ਨਵੇਂ ਘਰ ਵਿੱਚ ਉਸ ਨੂੰ ਪ੍ਰੇਰਣਾਦਾਇਕ ਅਤੇ ਬੌਧਿਕ ਮਾਹੌਲ ਮਿਲਿਆ। ਕਈ ਪ੍ਰਕਾਰ ਦੀਆਂ ਕਿਤਾਬਾਂ ਪੜ੍ਹਨ ਲਈ ਮਿਲੀਆਂ। ਕਈ ਤਰ੍ਹਾਂ ਦੇ ਲੋਕਾਂ ਨੂੰ ਮਿਲਣ ਦਾ ਮੌਕਾ ਮਿਲਿਆ ਜਿਨ੍ਹਾਂ ਵਿੱਚੋਂ ਇੱਕ ਜੱਜ ਬਾਲਕਰਾਮ ਸਨ, ਜਿਨ੍ਹਾਂ ਨੇ ਉਸ ਵਿੱਚ ਮਾਨਵ ਵਿਗਿਆਨ ਦੀ ਚੇਸ਼ਟਾ ਜਗਾਈ।

ਉਸ ਸਮੇਂ ਦੇ ਬਾਕੀ ਬੱਚਿਆਂ ਦੀ ਤਰ੍ਹਾਂ ਸੰਸਕ੍ਰਿਤ ਉਸ ਨੇ ਸਕੂਲ ਵਿੱਚ ਹੀ ਪੜ੍ਹੀ। 1922 ਈ. ਵਿੱਚ ਉਸ ਨੇ ਹੁਜ਼ੂਰਪਾਗਾ ਸਕੂਲ ਤੋਂ ਮੈਟ੍ਰਿਕ ਪਾਸ ਕੀਤੀ। 1926 ਈ. ਵਿੱਚ ਉਸ ਨੇ ਫਰਗੂਸਨ ਕਾਲਜ ਤੋਂ ਫਿਲਾਸਫ਼ੀ ਵਿੱਚ ਗ੍ਰੈਜੂਏਸ਼ਨ (Bachelor of Art, Honours) ਕੀਤੀ। ਤਦ ਉਸ ਨੂੰ ਬੰਬਈ ਯੂਨੀਵਰਸਿਟੀ ਵਿੱਚ ਸੋਸ਼ਿਆਲੋਜੀ ਵਿਭਾਗ ਦੇ ਮੁਖੀ ਡਾਕਟਰ ਜੀ. ਐਸ. ਘੁਰਏ (ਗੋਬਿੰਦ ਸਦਾਸ਼ਿਵ ਘੁਰਏ) ਦੇ ਅਧੀਨ ਕੰਮ ਕਰਨ ਲਈ 'ਦਕਸ਼ਿਨਾ ਫੈਲੋਸ਼ਿਪ' ਹਾਸਿਲ ਹੋਈ। ਡਾਕਟਰ ਘੁਰਏ ਦੀ ਅਗਵਾਈ ਵਿੱਚ ਐਮ.ਏ. ਕਰਦਿਆਂ ਉਸ ਨੇ ਦੋ ਰੀਸਰਚ ਪੇਪਰ: ਫੋਕਲੋਰ ਆਫ਼ ਪਰਸ਼ੂਰਾਮ ਅਤੇ 'ਦ ਚਿਤਪਾਵਨ ਬ੍ਰਾਹਮਣ' ਉਸ ਦੀ ਆਪਣੀ ਜਾਤੀ ਨਾਲ ਸਬੰਧਿਤ ਜਾਤੀ ਅਧਿਐਨ ਸੀ ਜੋ ਅੱਖਾਂ ਦੇ ਰੰਗ ਉੱਤੇ ਆਧਾਰਿਤ ਸੀ। ਇਹ ਸਰੀਰਕ ਮਾਨਵ ਵਿਗਿਆਨ ਨੂੰ ਭਾਰਤੀ ਵਿੱਦਿਆ ਸ਼ਾਸਤਰ ਦੀ ਜਾਤੀਆਂ ਦੇ ਮੂਲ ਸਬੰਧੀ ਚਰਚਾ ਨਾਲ ਜੋੜਨ ਦੀ ਇੱਕ ਬੇਮਿਸਾਲ ਉਦਾਹਰਣ ਸੀ। 1928 ਈ. ਵਿੱਚ ਉਸ ਨੇ ਮੁੰਬਈ ਯੂਨੀਵਰਸਿਟੀ ਤੋਂ ਐਮ.ਏ. (ਸੋਸ਼ਿਆਲੋਜੀ) ਦੀ ਡਿਗਰੀ ਹਾਸਿਲ ਕਰ ਲਈ। ਇਸੇ ਸਾਲ ਉਸ ਦੀ ਸ਼ਾਦੀ ਦਿਨਕਰ ਧੋਂਡੋ ਕਰਵੇ (Dinakar Dhondo Karve) ਨਾਲ ਹੋ ਗਈ। ਦਿਨਕਰ ਫਰਗੂਸਨ ਕਾਲਜ ਪੂਨੇ ਵਿਖੇ ਰਸਾਇਣ ਵਿਗਿਆਨ ਦਾ ਪ੍ਰੋਫ਼ੈਸਰ ਸੀ। ਬਾਅਦ ਵਿੱਚ ਉਹ ਇਸੇ ਕਾਲਜ ਦਾ ਪ੍ਰਿੰਸੀਪਲ ਬਣ ਗਿਆ। ਦਿਨਕਰ ਮਹਾਨ ਸਮਾਜ ਸੁਧਾਰਕ ਮਹਾਂਰਿਸ਼ੀ ਧੋਂਡੋ ਕੇਸ਼ਵ ਕਰਵੇ ਦਾ ਦੂਜਾ ਪੁੱਤਰ ਸੀ। ਮਹਾਂਰਿਸ਼ੀ ਧੋਂਡੋ ਕੇਸ਼ਵ ਕਰਵੇ ਮਹਿਲਾ ਸਿੱਖਿਆ ਅਤੇ ਵਿਧਵਾਵਾਂ ਦੇ ਪੁਨਰ-ਵਿਆਹ ਦਾ ਸਮਰਥਕ ਸੀ। ਉਸ ਨੇ ਖ਼ੁਦ ਗੋਡੂਬਾਈ ਨਾਂ ਦੀ ਇੱਕ ਵਿਧਵਾ ਨਾਲ ਵਿਆਹ ਕਰਵਾਇਆ ਸੀ ਜੋ ਸ਼ਾਰਦਾ ਸਦਨ ਵਿਖੇ ਪੰਡਿਤਾ ਰਮਾਬਾਈ ਦੀ ਪਹਿਲੀ ਵਿਦਿਆਰਥਣ ਸੀ। ਜਦੋਂ ਸ਼ਾਰਦਾ ਸਦਨ ਈਸਾਈ ਪਰਿਵਰਤਨ ਲਈ ਬਦਨਾਮ ਹੋ ਗਿਆ ਤਾਂ ਮਹਾਂਰਿਸ਼ੀ ਕਰਵੇ ਨੇ ਪੂਨੇ ਤੋਂ ਬਾਹਰ ਹਿੰਗਣੇ ਵਿਖੇ ਹਿੰਦੂ ਵਿਧਵਾ ਘਰ ਖੋਲ੍ਹ ਲਿਆ। ਬਾਅਦ ਵਿੱਚ ਉਸ ਨੇ ਮੁੰਬਈ ਵਿੱਚ ਵੁਮੈਨੈਜ਼ ਯੂਨੀਵਰਸਿਟੀ ਵੀ ਸਥਾਪਿਤ ਕੀਤੀ।

ਉਦਯੋਗਪਤੀ ਸਰ ਵਿਠਲਦਾਸ ਠਾਕਰਸੀ ਦੁਆਰਾ ਯੂਨੀਵਰਸਿਟੀ ਨੂੰ ਚੋਖਾ ਦਾਨ ਦਿੱਤੇ ਜਾਣ ਉਪਰੰਤ ਇਸ ਦਾ ਨਾਂ ਬਦਲਕੇ ਉਸ ਦੀ ਮਾਂ ਦੇ ਨਾਂ ਤੇ ਸ਼੍ਰੀਮਤੀ ਨਾਥੀਬਾਈ ਦਾਮੋਦਰ ਠਾਕਰਸੀ ਰੱਖ ਦਿੱਤਾ ਗਿਆ। ਮਹਾਂਰਿਸ਼ੀ ਕਰਵੇ ਦੇ ਵੱਡੇ ਪੁੱਤਰ ਰਘੂਨਾਥ ਨੇ ਜਨਮ ਦਰ ਤੇ ਕਾਬੂ ਪਾਉਣ ਸਬੰਧੀ ਮੁਹਿੰਮ ਚਲਾਉਣ ਵਾਸਤੇ ਵਿਲਸਨ ਕਾਲਜ ਮੁੰਬਈ ਤੋਂ ਮੈਥ ਲੈਕਚਰਾਰ ਦੀ ਨੌਕਰੀ ਛੱਡ ਦਿੱਤੀ ਸੀ। ਇੱਕ ਅਜਿਹੇ ਪ੍ਰਗਤੀਸ਼ੀਲ ਪਰਿਵਾਰ ਵਿੱਚ ਵਿਆਹ ਕਰਵਾਉਣਾ ਉਸ ਲਈ ਕੋਈ ਵਧੇਰੇ ਫ਼ਾਇਦੇਮੰਦ ਸਾਬਿਤ ਨਹੀਂ ਹੋਇਆ ਕਿਉਂਕਿ ਮਹਾਂਰਿਸ਼ੀ ਕਰਵੇ ਜਨਤਕ ਤੌਰ ਤੇ ਭਾਵੇਂ ਔਰਤਾਂ ਦੀ ਖੁੱਲ੍ਹ ਨੂੰ ਉਤਸ਼ਾਹ ਦਿੰਦਾ ਸੀ, ਪ੍ਰੰਤੂ ਇਹ ਖੁੱਲ੍ਹ ਉਸ ਦੇ ਆਪਣੇ ਪਰਿਵਾਰ ਦੀਆਂ ਔਰਤਾਂ ਤੱਕ ਬਰਾਬਰ ਨਹੀਂ ਪਹੁੰਚਦੀ ਸੀ। ਉਸ ਨੇ ਉਚੇਰੀ ਸਿੱਖਿਆ ਵਾਸਤੇ ਜਰਮਨੀ ਜਾਣ ਲਈ ਇਰਾਵਤੀ ਦੀਆਂ ਕੋਸ਼ਿਸ਼ਾਂ ਦਾ ਵਿਰੋਧ ਕੀਤਾ। ਇਸ ਵਿਰੋਧ ਦੀ ਝਲਕ ਇਰਾਵਤੀ ਦੁਆਰਾ ਮਹਾਂਰਿਸ਼ੀ ਕਰਵੇ ਉੱਤੇ ਲਿਖੇ ਨਿਬੰਧ 'ਗ੍ਰੈਂਡਫਾਦਰ' ਵਿੱਚੋਂ ਮਿਲਦੀ ਹੈ। ਉਹ ਲਿਖਦੀ ਹੈ:

"ਮੇਰੇ ਐਮ.ਏ. ਕਰਨ ਤੋਂ ਬਾਅਦ ਦੀਨੂ (ਮੇਰੇ ਪਤੀ) ਨੇ ਮੈਨੂੰ ਅਗਲੇਰੀ ਪੜ੍ਹਾਈ ਲਈ ਜਰਮਨੀ ਭੇਜਣ ਦਾ ਫੈਸਲਾ ਕੀਤਾ। ਉਸ ਨੇ 'ਗ੍ਰੈਂਡਫਾਦਰ' ਨੂੰ ਆਪਣੀ ਯੋਜਨਾ ਦੱਸੀ, ਪ੍ਰੰਤੂ ਗ੍ਰੈਂਡਫਾਦਰ ਨੇ ਮਨਜ਼ੂਰੀ ਨਹੀਂ ਦਿੱਤੀ। ਅਗਲੀ ਪੜ੍ਹਾਈ ਦਾ ਕੀ ਤੁੱਕ? ਇਸ ਤੇ ਬਹੁਤ ਖਰਚਾ ਆਉਣਾ, ਇਸ ਤੋਂ ਬਿਨ੍ਹਾਂ ਵੀ ਵੁਮੈਨੈਜ਼ ਯੂਨੀਵਰਸਿਟੀ ਵਿੱਚ ਨੌਕਰੀ ਮਿਲ ਸਕਦੀ ਹੈ। ਪ੍ਰੰਤੂ ਦੀਨੂ ਨੇ ਅਣਸੁਣਿਆ ਕਰ ਦਿੱਤਾ। ਉਸ ਨੂੰ ਲੋੜੀਂਦਾ ਖਰਚਾ ਪੂਰਾ ਹੋ ਜਾਣ ਬਾਰੇ ਵਿਸ਼ਵਾਸ ਸੀ। ਇਸ ਤੋਂ ਬਾਅਦ 'ਗ੍ਰੈਂਡਫਾਦਰ' ਪੂਨੇ ਚਲੇ ਗਏ ਅਤੇ ਅਸੀਂ ਆਪਣੀਆਂ ਤਿਆਰੀਆਂ ਵਿੱਚ ਲੱਗੇ ਰਹੇ। ਜਦੋਂ ਮੇਰੇ ਜਾਣ ਦਾ ਦਿਨ ਤੈਅ ਹੋ ਗਿਆ ਤਾਂ ਦੀਨੂ ਨੇ ਆਪਣੇ ਪਿਤਾ ਨੂੰ ਖ਼ਤ ਲਿਖ ਕੇ ਮੇਰੇ ਜਾਣ ਦੇ ਦਿਨ ਬਾਰੇ ਦੱਸਿਆ ਅਤੇ ਆਸ਼ੀਰਵਾਦ ਮੰਗਿਆ। 'ਗ੍ਰੈਂਡਫਾਦਰ' ਨੇ ਤੁਰੰਤ ਜਵਾਬ ਭੇਜਿਆ ਕਿ ਉਹ ਇਸ ਫੈਸਲੇ ਦੇ ਵਿਰੁੱਧ ਹੋਣ ਬਾਰੇ ਪਹਿਲਾਂ ਹੀ ਦੱਸ ਚੁੱਕੇ ਸਨ। ਨਾ ਕੋਈ ਆਸ਼ੀਰਵਾਦ -ਨਾ ਕੁੱਝ ਹੋਰ! ਇਸ ਤੋਂ ਬਾਅਦ ਲੰਬੇ ਅਰਸੇ ਤੱਕ ਮੈਨੂੰ ਇਸ ਗੱਲ ਦੀ ਕੜਵਾਹਟ ਰਹੀ ਕਿਉਂਕਿ ਉਹ ਕੁਝ ਹੋਰ ਔਰਤਾਂ ਨੂੰ ਵਿਦੇਸ਼ ਵਿੱਚ ਅਗਲੇਰੀ ਪੜ੍ਹਾਈ ਕਰਨ ਵਾਸਤੇ ਬੜੇ ਉਤਸ਼ਾਹ ਨਾਲ ਸਪਾਂਸਰ ਕਰ ਚੁੱਕੇ ਸਨ ਜੋ ਇੱਥੇ ਭਾਰਤ ਵਿੱਚ ਪੜ੍ਹਾਈ ਵਿੱਚ ਐਨੀਆਂ ਵਧੀਆ ਵੀ ਨਹੀਂ ਸਨ ..... ਮੈਂ ਕਿੰਨੀ ਖੁਸ਼ਕਿਸਮਤ ਹਾਂ ਕਿ ਮੈਂ ਅਜਿਹੇ ਵਿਅਕਤੀ ਦੀ ਨੂੰਹ ਹਾਂ ਅਤੇ ਹੋਰ ਵੀ ਜ਼ਿਆਦਾ ਖੁਸ਼ਕਿਸਮਤ ਇਸ ਲਈ ਹਾਂ ਕਿ ਮੈਂ ਉਸ ਦੀ ਪਤਨੀ ਨਹੀਂ ਹਾਂ"।



ਪ੍ਰੋ. ਇਰਾਵਤੀ ਕਰਵੇ ਦਾ ਸ਼ਨਾਖਤੀ ਕਾਰਡ (1956)

ਵਿਰੋਧ ਦੇ ਬਾਵਜੂਦ ਉਹ 'ਯੂਨੀਵਰਸਿਟੀ ਆਫ਼ ਬਰਲਿਨ' ਤੋਂ ਪੀਐੱਚ.ਡੀ. ਕਰਨ ਲਈ ਜਰਮਨੀ ਚਲੀ ਗਈ। ਉੱਥੇ ਉਸ ਨੇ ਕਾਇਸਰ ਵਿਲਹੈਮ ਇੰਸਟੀਚਿਊਟ ਫਾਰ ਐਂਥਰੋਪੌਲੋਜੀ (Kaiser Wilhelm Institute for Anthropology) ਤੋਂ ਪ੍ਰੋ. ਯੂਜੀਨ ਫ਼ਿਸ਼ਰ ਦੀ ਅਗਵਾਈ ਵਿੱਚ ਪੀਐੱਚ.ਡੀ. ਸ਼ੁਰੂ ਕੀਤੀ। ਉਸ ਦੇ ਥੀਸਿਸ ਦਾ ਵਿਸ਼ਾ ਸੀ, „The Normal Asymmetry of the Human Skull. ਉਸ ਨੇ ਵੱਖ-ਵੱਖ ਨਸਲੀ ਗਰੁੱਪਾਂ ਦੀਆਂ ਖੋਪਰੀਆਂ ਦਾ ਅਧਿਐਨ ਕੀਤਾ ਕਿ ਸਰੀਰ ਦੇ ਸੱਜੇ ਅਤੇ ਖੱਬੇ ਪਾਸੇ ਪਾਈਆਂ ਜਾਣ ਵਾਲੀਆਂ ਅਸਮਾਨਤਾਵਾਂ ਵਿੱਚ ਕੋਈ ਅੰਤਰ ਹੈ ਕਿ ਨਹੀਂ। ਇਹ ਸਰੀਰਕ/ ਜੈਵਿਕ ਮਾਨਵ ਵਿਗਿਆਨੀਆਂ ਲਈ ਇੱਕ ਮਹੱਤਵਪੂਰਣ ਸਵਾਲ ਸੀ ਕਿਉਂਕਿ ਨਸਲੀ ਭਿੰਨਤਾ ਬਾਰੇ ਉਨ੍ਹਾਂ ਦੀ ਰਾਏ ਸਰੀਰਕ ਮਾਪ ਉੱਤੇ ਨਿਰਭਰ ਸੀ। ਉਸ ਦੇ ਥੀਸਿਸ ਨੇ ਸਾਬਿਤ ਕਰ ਦਿੱਤਾ ਕਿ ਇਨ੍ਹਾਂ ਸੱਜੇ-ਖੱਬੇ ਪਾਸਿਆਂ ਵਿੱਚ ਅਸਮਾਨਤਾਵਾਂ ਵਿੱਚ ਕੋਈ ਨਸਲੀ ਭਿੰਨਤਾਵਾਂ ਨਹੀਂ ਸਨ। ਸਰੀਰਕ ਮਾਨਵ ਵਿਗਿਆਨ ਨੂੰ ਜੈਵਿਕ ਮਾਨਵ ਵਿਗਿਆਨ ਵੀ ਕਿਹਾ ਜਾਂਦਾ ਹੈ। ਇਹ ਮਨੁੱਖ ਦੀ ਉਤਪਤੀ, ਵਿਕਾਸ ਅਤੇ ਮਨੁੱਖਾਂ ਵਿੱਚ ਨਸਲੀ ਵਿਭਿੰਨਤਾ ਦੇ ਅਧਿਐਨ ਨਾਲ ਸਬੰਧਿਤ ਹੈ। ਇਸ ਵਿੱਚ ਰੀਸਰਚ ਲਈ ਵਿਗਿਆਨਕ ਤਕਨੀਕਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ। 1930 ਈ. ਵਿੱਚ ਬਰਲਿਨ ਯੂਨੀਵਰਸਿਟੀ ਤੋਂ ਉਸ ਨੇ ਪੀ-ਐੱਚ.ਡੀ. ਦੀ ਡਿਗਰੀ ਹਾਸਿਲ ਕੀਤੀ।

ਜਰਮਨੀ ਤੋਂ ਵਾਪਿਸ ਪਰਤ ਕੇ ਉਸ ਨੇ ਕੁਝ ਸਮਾਂ ਐਸ.ਐਨ.ਡੀ.ਟੀ. ਵੁਮੈਨੈਜ਼ ਯੂਨੀਵਰਸਿਟੀ, ਬੰਬਈ ਵਿੱਚ ਰਜਿਸਟਰਾਰ ਦੇ ਤੌਰ ਤੇ ਕੰਮ ਕੀਤਾ। ਉਸ ਦੀ ਅਸਲ ਰੁਚੀ ਪ੍ਰਬੰਧਕੀ ਖੇਤਰ ਵਿੱਚ ਨਹੀਂ ਸੀ, ਸਗੋਂ ਵਿਗਿਆਨਿਕ ਰੀਸਰਚ ਅਤੇ ਅਕਾਦਮਿਕ ਖੇਤਰ ਵਿੱਚ ਸੀ। 1939 ਈ. ਵਿੱਚ ਉਸ ਨੇ ਡੈਕਨ ਕਾਲਜ ਪੂਨੇ ਵਿੱਚ ਸੋਸ਼ਿਆਲੋਜੀ ਦੇ ਰੀਡਰ ਵਜੋਂ ਜੁਆਇਨ ਕਰ ਲਿਆ ਅਤੇ ਆਪਣੀ ਰਹਿੰਦੀ ਜ਼ਿੰਦਗੀ ਉੱਥੇ ਹੀ ਕੰਮ ਕੀਤਾ। ਕਾਫ਼ੀ ਸਮਾਂ ਉਹ ਕਾਲਜ ਵਿੱਚ ਇਕਲੌਤੀ ਸੋਸ਼ਿਆਲੋਜਿਸਟ ਰਹੀ। ਭਾਵ ਇਸ ਵਿਸ਼ੇ ਦੇ ਸਾਰੇ ਪੇਪਰ ਉਹ ਆਪ ਹੀ ਪੜ੍ਹਾਉਂਦੀ ਸੀ। ਲੇਖਿਕਾ ਪ੍ਰੋ. ਨੰਦਿਨੀ ਸੁੰਦਰ ਅਨੁਸਾਰ ਉਹ ਪੂਨਾ ਯੂਨੀਵਰਸਿਟੀ ਵਿੱਚ ਐਂਥਰੋਪੌਲੋਜੀ ਵਿਭਾਗ ਦੀ ਸੰਸਥਾਪਕ ਸੀ। ਉਸ ਨੇ ਕੁੱਝ ਸਮਾਂ ਇੱਥੇ ਵਿਭਾਗ ਦੇ ਮੁਖੀ ਵਜੋਂ ਕੰਮ ਕੀਤਾ। ਉਹ ਇੱਕ ਬਹੁਪੱਖੀ ਸ਼ਖ਼ਸੀਅਤ ਸੀ। ਇੱਕੋ ਸਮੇਂ ਉਹ ਇੱਕ ਮਿਹਨਤੀ ਪ੍ਰੋਫ਼ੈਸਰ, ਇੱਕ ਖੋਜਕਾਰ, ਇੱਕ ਲੇਖਿਕਾ, ਇੱਕ ਅਨੁਵਾਦਕਾ, ਲੋਕ ਗੀਤਾਂ ਦੀ ਸੰਗ੍ਰਿਹਕਰਤਾ ਅਤੇ ਇੱਕ ਵਧੀਆ ਪ੍ਰਵਕਤਾ ਸੀ। ਉਸ ਦਾ ਪੜ੍ਹਨ-ਲਿਖਣ, ਰੀਸਰਚ ਕਰਨ ਅਤੇ ਯਾਤਰਾਵਾਂ ਕਰਨ ਦਾ ਉਤਸ਼ਾਹ ਬੇਜੋੜ ਸੀ। ਉਹ ਗਿਆਨ ਵੰਡਣ ਵਾਲੀ ਇੱਕ ਬਹੁਤ ਸੂਝਵਾਨ ਔਰਤ ਸੀ।

1947 ਈ. ਵਿੱਚ ਉਹ ਇੰਡੀਅਨ ਨੈਸ਼ਨਲ ਸਾਇੰਸ ਕਾਂਗਰਸ ਦੇ ਐਂਥਰੋਪੌਲੋਜੀ ਸੈਕਸ਼ਨ ਦੀ ਪ੍ਰੈਜ਼ੀਡੈਂਟ ਚੁਣੀ ਗਈ। ਉਸ ਦੇ ਕੰਮ ਨੇ ਵਿਦੇਸ਼ਾਂ ਵਿੱਚ ਵੀ ਭਾਰਤ ਦੀ ਪਹਿਚਾਣ ਬਣਾਈ। ਲੰਡਨ ਯੂਨੀਵਰਸਿਟੀ ਵਿੱਚ ਸਕੂਲ ਆਫ਼ ਓਰੀਐਂਟਲ ਐਂਡ ਅਫ਼ਰੀਕਨ ਸਟੱਡੀਜ਼ ਵਲੋਂ ਪੇਸ਼ਕਸ਼ ਆਉਣ ਤੇ ਉਸ ਨੇ 1951-52 ਦੌਰਾਨ ਉੱਥੇ ਇੱਕ ਸਾਲ ਵਿਜ਼ਿਟਿੰਗ ਲੈਕਚਰਾਰ ਵਜੋਂ ਸੇਵਾਵਾਂ ਦਿੱਤੀਆਂ।

ਕਰਵੇ ਦੇ ਕੰਮਾਂ ਵਿੱਚ ਉਸ ਦੇ ਐਮ.ਏ. ਦੇ ਸੁਪਰਵਾਈਜ਼ਰ ਡਾ. ਜੀ. ਐਸ. ਘੁਰਏ ਦਾ ਪ੍ਰਭਾਵ ਝਲਕਦਾ ਹੈ। ਭਾਰਤੀ ਸਮਾਜ ਦੇ ਅਧਾਰ ਵਜੋਂ ਪਰਿਵਾਰ, ਖ਼ੂਨ ਦੇ ਰਿਸ਼ਤੇ, ਜਾਤੀ ਅਤੇ ਧਰਮ ਦੇ ਮਹੱਤਵ ਬਾਰੇ ਦੋਵਾਂ ਦਾ ਵਿਸ਼ਵਾਸ ਇੱਕੋ-ਜਿਹਾ ਸੀ। ਇਰਾਵਤੀ ਦੇ ਕੰਮ ਉੱਤੇ ਮੁੱਖ ਤੌਰ ਤੇ ਚਾਰ ਗੱਲਾਂ ਦਾ ਪ੍ਰਭਾਵ ਸੀ: (1). ਭਾਰਤੀ ਸਿੱਖਿਆ ਸ਼ਾਸਤਰ ਦੀ ਪਰੰਪਰਾ ਜਿਸ ਵਿੱਚ ਡਾ. ਜੀ.ਐਸ. ਘੁਰਏ ਅਤੇ ਇਰਾਵਤੀ ਦੋਵੇਂ ਬੱਝੇ ਹੋਏ ਸਨ। (2). ਮਾਨਵ ਜਾਤੀ ਵਿਗਿਆਨ ਦੀ ਪਰੰਪਰਾ ਜੋ ਭਾਰਤ ਵਿੱਚ ਜਾਤਾਂ ਅਤੇ ਕਬੀਲਿਆਂ ਦੇ ਸਰਵੇ ਦੌਰਾਨ ਉੱਭਰ ਕੇ ਸਾਹਮਣੇ ਆਈ। (3). ਜਰਮਨੀ ਦੀ ਸਰੀਰਕ ਮਾਨਵ ਵਿਗਿਆਨ ਦੀ ਪਰੰਪਰਾ ਜੋ ਲੋਕਾਂ ਵਿੱਚ ਵੱਖ-ਵੱਖ ਗਰੁੱਪਾਂ ਦੀ ਹੋਂਦ ਨੂੰ ਅਨੁਵੰਸ਼ਿਕੀ ਅਧਾਰ ਦੇਣ ਦੀ ਕੋਸ਼ਿਸ਼ ਕਰਦੀ ਸੀ। (4) ਖੇਤਰੀ ਕਾਰਜ ਵਾਸਤੇ ਉਸ ਦੀ ਆਪਣੀ ਜਿਗਿਆਸਾ ਅਤੇ ਜਨੂੰਨ ਜਿਸਨੇ ਉਸ ਨੂੰ ਸਮਾਜਿਕ ਆਰਥਿਕ ਸਰਵੇਖਣ ਅਤੇ ਐਚ.ਡੀ. ਸੰਕਾਲੀਆ (ਹੱਸਮੁਖ ਧੀਰਜਲਾਲ ਸੰਕਾਲੀਆ) ਨਾਲ ਪੁਰਾਤੱਤਵ ਛਾਣ-ਬੀਣ ਵਰਗੇ ਨਵੇਂ ਖੇਤਰ ਵਿੱਚ ਰੀਸਰਚ ਕਰਨ ਲਈ ਤੋਰਿਆ। ਐਚ.ਡੀ. ਸੰਕਾਲੀਆ ਉਸ ਦਾ ਕੁਲੀਗ ਸੀ ਜੋ ਇੱਕ ਉੱਘਾ ਪੁਰਾਤੱਤਵ ਵਿਗਿਆਨੀ ਸੀ।

ਇਰਾਵਤੀ ਦੀ ਦੇਣ ਦਾ ਵੱਡਾ ਹਿੱਸਾ ਸਮਾਜਿਕ ਆਰਥਿਕ ਸਰਵੇਖਣਾਂ ਦੇ ਰੂਪ ਵਿੱਚ ਹੈ। ਜਾਤਾਂ ਅਤੇ ਕਬੀਲਿਆਂ ਦੇ ਸਰਵੇਖਣਾਂ ਵਿੱਚ ਉਸ ਦੀ ਬਹੁਤ ਰੁਚੀ ਸੀ। ਕਰਵੇ ਦਾ ਪਹਿਲਾ ਅਜਿਹਾ ਸਰਵੇਖਣ ਪੱਛਮੀ ਖੰਡੇਸ਼ ਦੇ ਭੀਲਾਂ ਉੱਤੇ ਸੀ। ਉਸ ਨੇ ਔਰਤਾਂ ਦੇ ਹਾਲਾਤ, ਸ਼ਹਿਰੀਕਰਣ, ਹਫ਼ਤਾਵਾਰੀ ਮਾਰਕਿਟਾਂ, ਡੈਮ ਦੁਆਰਾ ਸਥਾਨੰਤ੍ਰਿਤ ਹੋਏ ਲੋਕਾਂ ਦੇ ਸਰਵੇਖਣ ਕੀਤੇ। ਕਰਵੇ ਦੇ ਖੇਤਰੀ ਅਧਿਐਨ ਦੀ ਵਿਧੀ ਬਾਰੇ ਜਾਣਕਾਰੀ ਉਸ ਦੀ ਕਿਤਾਬ 'ਕਿਨਸ਼ਿਪ ਆਰਗੇਨਾਈਜੇਸ਼ਨ ਇਨ ਇੰਡੀਆ' ਦੇ ਪਹਿਲੇ ਅਧਿਆਇ ਵਿੱਚੋਂ ਮਿਲਦੀ ਹੈ ਜਿੱਥੇ ਉਹ ਲਿਖਦੀ ਹੈ ਕਿ ਮਿਣਤੀਆਂ ਲੈਣ ਲਈ, ਖ਼ੂਨ ਦੇ ਨਮੂਨੇ ਇਕੱਠੇ ਕਰਨ ਲਈ, ਰਿਸ਼ਤਿਆਂ ਦੀਆਂ ਪਰੰਪਰਾਵਾਂ ਅਤੇ ਸ਼ਬਦਾਵਲੀ ਬਾਰੇ ਜਾਣਕਾਰੀ ਇਕੱਤਰ ਕਰਨ ਲਈ ਉਹ ਜਗ੍ਹਾ-ਜਗ੍ਹਾ ਘੁੰਮਦੀ ਸੀ। ਉਹ ਆਪਣੇ ਦੋਸਤਾਂ, ਵਿਦਿਆਰਥੀਆਂ ਅਤੇ ਸਰਕਾਰੀ ਅਧਿਕਾਰੀਆਂ ਦੇ ਜ਼ਰੀਏ ਲੋਕਾਂ ਨਾਲ ਸੰਪਰਕ ਬਣਾਉਂਦੀ। ਜਿਸ ਜਗ੍ਹਾ ਤੇ ਉਸ ਦੀ ਕੋਈ ਵਾਕਫ਼ੀਅਤ ਹੁੰਦੀ, ਉੱਥੇ ਉਹ ਆਪਣਾ ਪਹਿਲਾ ਪੜਾਅ ਬਣਾ ਲੈਂਦੀ। ਫਿਰ ਉਹ ਇਸ ਵਾਕਫ਼ ਦੇ ਜ਼ਰੀਏ ਉਸ ਦੇ ਅਗਾਂਹ ਦੋਸਤਾਂ ਅਤੇ ਵਾਕਫ਼ਕਾਰਾਂ ਨਾਲ ਰਾਬਤਾ ਜੋੜਦੀ ਜੋ ਉਸ ਨੂੰ ਆਪਣੇ ਘਰਾਂ ਅਤੇ ਪਿੰਡਾਂ ਨੂੰ ਲਿਜਾਂਦੇ। ਇਸ ਤਰ੍ਹਾਂ ਉਹ ਥਾਂ-ਥਾਂ ਘੁੰਮਦੀ, ਬਗੈਰ ਇਹ ਜਾਣੇ ਕਿ ਉਸ ਦਾ ਅਗਲਾ ਕਦਮ ਕਿੱਥੇ ਹੋਵੇਗਾ ਅਤੇ ਉਸ ਦਾ ਅਗਲਾ ਖਾਣਾ ਕਿੱਥੋਂ ਆਉਣ ਵਾਲਾ ਹੈ।

ਰਿਸ਼ਤਿਆਂ ਅਤੇ ਪਰਿਵਾਰ ਉੱਤੇ ਕੀਤੇ ਗਏ ਉਸ ਦੇ ਮੁਢਲੇ ਕਾਰਜ ਨੇ ਭਵਿੱਖ ਵਿੱਚ ਕਈ ਹੋਰ ਖੇਤਰਾਂ ਵਿੱਚ ਰੀਸਰਚ ਲਈ ਨੀਂਹ ਦਾ ਕੰਮ ਕੀਤਾ। ਉਸਦੀਆਂ ਜ਼ਿਆਦਾਤਰ ਛੁੱਟੀਆਂ ਯਾਤਰਾਵਾਂ ਵਿੱਚ ਹੀ ਲੰਘਦੀਆਂ ਸਨ ਜਦ ਕਿ ਉਸ ਦੇ ਬੱਚੇ ਘਰ ਰਹਿ ਕੇ ਹੀ ਉਸ ਦੁਆਰਾ ਲਿਆਂਦੇ ਜਾਣ ਵਾਲੇ ਨਵੇਂ ਅਚੰਭਿਆਂ ਨੂੰ ਦੇਖਣ ਅਤੇ ਉਸ ਦੀਆਂ ਤਾਜ਼ਾ-ਤਰੀਨ ਕਹਾਣੀਆਂ ਸੁਣਨ ਲਈ ਇੰਤਜ਼ਾਰ ਕਰਦੇ। ਕਦੀ-ਕਦੀ ਯਾਤਰਾਵਾਂ ਵਿੱਚ ਉਹ ਵੀ ਸਾਥ ਦੇ ਦਿੰਦੇ ਸਨ। ਉਹ ਕਠਿਨ ਤੋਂ

**(ਬਾਕੀ ਅਗਲੇ ਸਫੇ 'ਤੇ)**

# ਭਾਰਤ ਦੀ ਪਹਿਲੀ ਮਹਿਲਾ ਮਾਨਵ ਵਿਗਿਆਨੀ- ਇਰਾਵਤੀ ਕਰਵੇ

(ਸਫਾ 28 ਦੀ ਬਾਕੀ)

ਕਠਿਨ ਕੰਮ ਨੂੰ ਹੱਥ ਪਾਉਣ ਦੀ ਹਿੰਮਤ ਰੱਖਦੀ ਸੀ। ਐਚ.ਡੀ.ਸੰਕਾਲੀਆ ਉਨ੍ਹਾਂ ਦੇ ਸਾਂਝੇ ਖੋਜ ਅਭਿਆਨਾਂ ਦੇ ਸਬੰਧ ਵਿਚ ਲਿਖਦਾ ਹੈ ਕਿ ਕਿਵੇਂ ਉਹ ਪੱਥਰ ਯੁੱਗ ਦੇ ਔਜ਼ਾਰ ਖੋਜਣ ਲਈ ਪੂਨੇ ਵਿਚ ਮੁਲਾ-ਮੁੱਠਾ ਦਰਿਆ ਵਿਚ ਘੰਟਿਆਂ ਬੱਧੀ ਚੜ੍ਹਦੇ-ਉੱਤਰਦੇ ਰਹੇ ਅਤੇ ਕਿਵੇਂ ਇੱਕ ਖੋਜ ਅਭਿਆਨ ਦੌਰਾਨ ਕੋਈ ਕਮਰਾ ਨਾ ਮਿਲਣ ਕਰਕੇ ਉਨ੍ਹਾਂ ਨੂੰ ਟਰੱਕ ਵਿੱਚ ਹੀ ਸੌਣਾ ਪਿਆ। ਉਸ ਸਮੇਂ ਇੱਕ ਔਰਤ ਦਾ ਖੇਤਰੀ ਕਾਰਜ ਕਰਨਾ ਆਮ ਗੱਲ ਨਹੀਂ ਸੀ, ਅਤੇ ਇੱਕ ਜਗ੍ਹਾ ਦੇ ਮੁਖੀਏ ਨੇ ਤਾਂ ਉਨ੍ਹਾਂ ਨੂੰ ਕਿਸੇ ਸਿਨੇਮਾ ਜਾਂ ਸਰਕਸ ਕੰਪਨੀ ਵਾਲੇ ਸਮਝ ਕੇ ਦੂਰ ਹੀ ਭਜਾ ਦਿੱਤਾ ਸੀ।

ਇੱਕ ਜਗ੍ਹਾ ਸੰਕਾਲੀਆ ਜ਼ਿਕਰ ਕਰਦਾ ਹੈ-ਡਾ. ਇਰਾਵਤੀ ਮੇਰੇ ਕੰਮ ਵਿੱਚ ਕਾਫ਼ੀ ਦਿਲਚਸਪੀ ਲੈਂਦੀ ਸੀ। ਉਹ ਅਕਸਰ ਮੇਰੇ ਕਮਰੇ ਵਿੱਚ ਆ ਜਾਂਦੀ ਸੀ ਅਤੇ ਟਰੇਆਂ ਵਿੱਚ ਪਈਆਂ ਰਲੀਆਂ ਮਿਲੀਆਂ ਹੱਡੀਆਂ ਨੂੰ ਦੇਖਦੀ ਰਹਿੰਦੀ ਸੀ। 1943 ਵਿੱਚ ਇੱਕ ਵਾਰੀ ਇਨ੍ਹਾਂ ਰਲੀਆਂ-ਮਿਲੀਆਂ ਹੱਡੀਆਂ ਜੋ ਮੈਂ ਸਾਰੀਆਂ ਜਾਨਵਰਾਂ ਦੀਆਂ ਹੀ ਸਮਝਦਾ ਸਾਂ, ਦਾ ਸਰਸਰੀ ਮੁਆਇਨਾ ਕਰਦਿਆਂ, ਇਰਾਵਤੀ ਨੇ ਉਨ੍ਹਾਂ ਵਿੱਚੋਂ ਇੱਕ ਹੱਡੀ ਦਾ ਟੁਕੜਾ ਉਠਾਇਆ ਅਤੇ ਉਤੇਜਿਤ ਹੁੰਦਿਆਂ ਬੋਲੀ, "ਇਹ ਟੁਕੜਾ ਮਨੁੱਖੀ ਖੋਪਰੀ ਦਾ ਹੋਵੇਗਾ। ਇਹ ਪੱਥਰ ਯੁੱਗ ਦਾ ਮਨੁੱਖ ਲੱਭਣ ਦਾ ਸੰਯੋਗ ਹੈ।"

ਪਹਿਲਾ ਮਨੁੱਖੀ ਪਿੰਜਰ 28 ਫਰਵਰੀ, 1944 ਨੂੰ ਲੱਭਿਆ। ਇਸ ਮੌਕੇ ਜਸ਼ਨ ਵਜੋਂ ਇਰਾਵਤੀ ਨੇ ਸੰਕਾਲੀਆ ਨੂੰ ਨਿੰਬੂ ਦੇ ਜੂਸ ਦਾ ਇੱਕ ਗਿਲਾਸ ਪੇਸ਼ ਕੀਤਾ। ਉਸ ਨੇ ਅੰਗਰੇਜ਼ੀ ਅਤੇ ਮਰਾਠੀ ਦੋਵਾਂ ਭਾਸ਼ਾਵਾਂ ਵਿੱਚ ਸੋਸ਼ਿਆਲੋਜੀ ਅਤੇ ਐਂਥਰੋਪੌਲੋਜੀ ਨਾਲ ਸਬੰਧਿਤ ਵਿਸ਼ਿਆਂ ਉੱਤੇ ਲਿਖਿਆ। ਉਸ ਨੇ ਅੰਗਰੇਜ਼ੀ ਵਿੱਚ ਕੁੱਲ 102 ਆਰਟੀਕਲ ਅਤੇ ਕਿਤਾਬਾਂ ਲਿਖੀਆਂ। 8 ਕਿਤਾਬਾਂ ਉਸ ਨੇ ਮਰਾਠੀ ਵਿੱਚ ਲਿਖੀਆਂ। ਕੇਵਲ ਇਹ ਰੇਂਜ ਹੀ ਹੈਰਾਨੀਜਨਕ ਨਹੀਂ, ਬਲਕਿ ਉਸ ਦੇ ਸਮਕਾਲੀਆਂ ਵਿੱਚ ਬੇਮਿਸਾਲ ਵੀ ਹੈ। ਉਸ ਨੇ ਸਰੀਰਕ ਮਾਨਵ ਵਿਗਿਆਨ, ਪੁਰਾਤੱਤਵ ਵਿਗਿਆਨ (ਗੁਫੀ ਅਤੇ ਖੋਦੇ ਗਏ ਪੱਥਰ ਯੁੱਗ ਪਿੰਜਰਾਂ ਉੱਤੇ ਕਾਰਜ ਕੀਤਾ। ਉਸ ਨੇ ਰਿਸ਼ਤਿਆਂ, ਜਾਤਾਂ, ਲੋਕ-ਗੀਤਾਂ, ਮਹਾਂਕਾਵਾਂ ਆਦਿ ਉੱਤੇ ਦਸਤਾਵੇਜ਼ ਲਿਖੇ। ਉਸ ਨੇ ਇੱਕ ਸੋਸ਼ਿਆਲੋਜਿਸਟ ਦੇ ਗਿਆਨ ਅਤੇ ਲੇਖਕ ਦੀ ਨਜ਼ਰ ਤੋਂ ਲਿਖਿਆ। ਉਸ ਦੁਆਰਾ ਲਿਖੀਆਂ ਗਈਆਂ ਪ੍ਰਸਿੱਧ ਪੁਸਤਕਾਂ ਹਨ:


1. Kinship Organization in India
2. Hindu Society: An Interpretation
3. Yuganta (ਯੁਗਾਂਤ): The end of an Epoch
4. The Bhils of Western Khandesh
5. Group Relations in Village Community
6. Pripurti (ਪਰਿਪੂਰਤੀ)
7. Bhovara (ਭੋਵਰਾ)
8. Maharashtra: Land and People ਅਤੇ ਕਈ ਹੋਰ

'Kinship Organization in India' ਕਰਵੇ ਦੀ ਪਹਿਲੀ ਮੁੱਖ ਕਿਤਾਬ ਸੀ।

ਇਸ ਵਾਸਤੇ ਉਸ ਨੇ ਗੁਜਰਾਤ, ਕਰਨਾਟਕ, ਉੜੀਸਾ, ਕੇਰਲ, ਤਾਮਿਲਨਾਡੂ ਅਤੇ ਉੱਤਰ ਪ੍ਰਦੇਸ਼ ਤੋਂ ਅੰਕੜੇ ਇਕੱਠੇ ਕੀਤੇ। ਇਹ ਉਸ ਦੁਆਰਾ ਭਾਰਤ ਦੀਆਂ ਸਮਾਜਿਕ ਸੰਸਥਾਵਾਂ ਦਾ ਕੀਤਾ ਗਿਆ ਅਧਿਐਨ ਸੀ ਜੋ ਭਾਰਤੀ ਸਮਾਜਿਕ ਢਾਂਚੇ ਨੂੰ ਸਮਝਣ ਲਈ ਪੁੱਟਿਆ ਗਿਆ ਇੱਕ ਕਦਮ ਸੀ।

ਇਰਾਵਤੀ ਦੇ ਪਿਤਾ ਨੇ ਉਸ ਨੂੰ ਭੰਡਾਰਕਾਰ ਓਰੀਐਂਟਲ ਰੀਸਰਚ ਇੰਸਟੀਚਿਊਟ ਦੁਆਰਾ ਪ੍ਰਕਾਸ਼ਿਤ ਸੰਸਕ੍ਰਿਤ ਵਿੱਚ ਲਿਖੀ ਗਈ 'ਮਹਾਂਭਾਰਤ' ਦੇ 18 ਵਾਲਿਊਮ ਤੋਹਫ਼ੇ ਵਿੱਚ ਦਿੱਤੇ। ਇਹ ਤੋਹਫ਼ਾ ਉਸ ਨੂੰ ਬਹੁਤ ਪਸੰਦ ਆਇਆ। ਫਿਰ ਉਸ ਨੇ ਮਹਾਂਭਾਰਤ ਉੱਤੇ ਅਧਾਰਿਤ ਪੁਸਤਕ 'ਯੁਗਾਂਤ' ਲਿਖੀ ਜਿਸ ਨੇ ਲੋਕਾਂ ਦਾ 'ਮਹਾਂਭਾਰਤ' ਨੂੰ ਸਮਝਣ ਦਾ ਨਜ਼ਰੀਆ ਹੀ ਬਦਲ ਦਿੱਤਾ। ਇਸ ਪੁਸਤਕ ਨੂੰ 1967 ਈ. ਵਿੱਚ ਮਰਾਠੀ ਭਾਸ਼ਾ ਵਿੱਚ ਲਿਖੀ ਗਈ ਸਰਵੋਤਮ ਪੁਸਤਕ ਐਲਾਨਿਆ ਗਿਆ ਅਤੇ 'ਸਾਹਿਤ ਅਕਾਦਮੀ ਐਵਾਰਡ' ਨਾਲ ਨਵਾਜਿਆ ਗਿਆ। ਬਾਅਦ ਵਿੱਚ ਇਰਾਵਤੀ ਦੁਆਰਾ ਇਸ ਪੁਸਤਕ ਦਾ ਅੰਗਰੇਜ਼ੀ ਅਨੁਵਾਦ ਵੀ ਕੀਤਾ ਗਿਆ। ਮਹਾਂਭਾਰਤ ਦੇ ਪਾਤਰਾਂ ਬਾਰੇ ਉਸ ਦੇ ਨਾਰੀਵਾਦੀ ਅਤੇ ਸੂਖਮ ਮਾਨਵਵਾਦੀ ਅਧਿਐਨ ਨੇ ਕਈ ਮਹਾਂਭਾਰਤ ਪ੍ਰੇਮੀਆਂ ਦੀਆਂ ਭਾਵਨਾਵਾਂ ਨੂੰ ਠੇਸ ਵੀ ਪਹੁੰਚਾਈ। ਕਈ ਲੋਕਾਂ ਨੇ ਇਸ ਕਿਤਾਬ ਨੂੰ ਐਵਾਰਡ ਦਿੱਤੇ ਜਾਣ ਤੇ ਨਾਰਾਜ਼ਗੀ ਵੀ ਜ਼ਾਹਿਰ ਕੀਤੀ, ਜੋ ਇਸ ਮਹਾਂਕਾਵਿ ਦੇ ਉਹ ਦੈਵੀ ਪਾਤਰਾਂ ਜੋ ਯੁੱਗਾਂ ਤੋਂ ਭਾਰਤੀ ਲੋਕਾਂ ਦੀ ਸ਼ਰਧਾ ਦੇ ਪਾਤਰ ਰਹੇ ਹਨ, ਨੂੰ ਅਲੋਚਨਾਤਮਕ ਦ੍ਰਿਸ਼ਟੀ ਤੋਂ ਦੇਖਦੀ ਸੀ ਜਿਸ ਨੂੰ ਸਮਾਜ ਪ੍ਰਵਾਨ ਨਹੀਂ ਸੀ ਕਰਦਾ। ਉਸ ਨੇ ਇੱਕ ਨਾਰੀ ਦੇ ਨਜ਼ਰੀਏ ਤੋਂ ਗਹਿਰੀ ਸੰਵੇਦਨਸ਼ੀਲਤਾ ਨਾਲ ਲਿਖਿਆ ਸੀ ਜਿਵੇਂ ਮਹਾਂਭਾਰਤ ਵਿੱਚ ਕੁੰਤੀ ਅਤੇ ਦਰੋਪਦੀ ਕੀ ਮਹਿਸੂਸ ਕਰਦੀਆਂ ਹੋਣਗੀਆਂ। ਕਿਤਾਬ 'Group Relations in Village Community' ਲਿਖਣ ਲਈ ਉਸ ਨੇ ਪੂਨੇ ਦੇ ਗਿਰਦ ਚਾਰ ਪਿੰਡਾਂ ਵਿੱਚ ਜਾਤੀ ਸਬੰਧਾਂ ਦਾ ਅਧਿਐਨ ਕੀਤਾ ਜਿਸ ਵਿੱਚ 75 ਪੰਨੇ ਸਾਰਣੀਆਂ ਦੇ ਵਿਸ਼ਲੇਸ਼ਣ ਦੇ ਅਤੇ 400 ਪੰਨੇ ਸਾਰਣੀਆਂ ਦੇ ਹੀ ਸਨ। ਸਿੱਟਾ ਹਿਲਾ ਦੇਣ ਵਾਲਾ ਸੀ ਕਿ ਸਮਾਜਿਕ ਸਬੰਧਾਂ ਉੱਤੇ ਜਾਤੀ ਦੀ ਮਜ਼ਬੂਤ ਪਕੜ ਸੀ। ਉਸਦੀ ਕਿਤਾਬ 'Hindu Society: An Interpretation' ਵਿੱਚ ਉਸ ਦੁਆਰਾ ਜਾਤਾਂ ਉੱਤੇ ਕੀਤੇ ਗਏ ਕਾਰਜ ਨੂੰ ਇਕੱਠਾ ਕੀਤਾ ਗਿਆ ਹੈ। ਕਿਤਾਬਾਂ ਤੋਂ ਇਲਾਵਾ ਉਸ ਦੇ ਬਹੁਤ ਸਾਰੇ ਰੀਸਰਚ ਪੇਪਰ ਵੀ ਜਰਨਲਾਂ ਵਿੱਚ ਛਪੇ।

ਇਰਾਵਤੀ ਦੁਆਰਾ ਕੋਇਨਾ ਡੈਮ ਬਣਨ ਨਾਲ ਸਥਾਨੰਤ੍ਰਿਤ ਹੋਏ ਲੋਕਾਂ ਦਾ ਸਰਵੇ ਕਰਨਾ ਆਪਣੀ ਹੀ ਕਿਸਮ ਦੇ ਅਧਿਐਨ ਦਾ ਇੱਕ ਨਮੂਨਾ ਸੀ। ਕੋਇਨਾ ਵੈਲੀ ਦੇ ਲੋਕਾਂ ਦਾ ਮੁੜ-ਵਸੇਵਾ ਇੱਕ ਯੋਜਨਾਬੱਧ ਪ੍ਰਕਿਰਿਆ ਸੀ ਜਦਕਿ ਇਸ ਤੋਂ ਪਹਿਲਾਂ ਸਥਾਨਅੰਤਰਣ ਮੌਕੇ ਲੋਕਾਂ ਨੂੰ ਪੂਰਨ ਤੌਰ ਤੇ ਆਪਣੇ-ਆਪ ਉੱਤੇ ਹੀ ਛੱਡ ਦਿੱਤਾ ਜਾਂਦਾ ਸੀ। ਇਸ ਦੇ ਬਾਵਜੂਦ ਜਿਨ੍ਹਾਂ ਲੋਕਾਂ ਦੀਆਂ ਜ਼ਮੀਨਾਂ ਡੈਮ ਵਿੱਚ ਡੁੱਬ ਗਈਆਂ, ਉਨ੍ਹਾਂ ਨੂੰ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ । ਘਰ ਬਣਾਉਣ ਲਈ ਜ਼ਮੀਨ ਬਦਲੇ ਜ਼ਮੀਨ ਨਹੀਂ ਦਿੱਤੀ ਗਈ, ਕੇਵਲ ਨਕਦ ਮੁਆਵਜ਼ਾ ਦੇ ਦਿੱਤਾ ਗਿਆ। ਬਜਾਇ ਇਸ ਦੇ ਕਿ ਘਰ-ਉਸਾਰੀ ਦੀ ਪ੍ਰਕਿਰਿਆ ਵਿੱਚ ਕੋਈ ਮਦਦ ਕੀਤੀ ਜਾਂਦੀ, ਉਨ੍ਹਾਂ ਨੂੰ ਆਪਣੇ-ਆਪ ਜ਼ਮੀਨਾਂ ਲੱਭ ਲੈਣ ਦੀ ਉਮੀਦ ਤੇ ਦੂਰ-ਦੁਰਾਡੇ ਸਥਾਨਾਂ ਤੇ ਭੇਜ ਦਿੱਤਾ ਗਿਆ।



ਇਰਾਵਤੀ ਕਰਵੇ ਦੁਆਰਾ ਲਿਖੀ ਪੁਸਤਕ 'ਯੁਗਾਂਤ' ਜਿਸ ਨੂੰ 1967 ਈ. ਦੀ ਸਰਵੋਤਮ ਮਰਾਠੀ ਪੁਸਤਕ ਵਜੋਂ ਸਾਹਿਤ ਅਕਾਦਮੀ ਐਵਾਰਡ ਹਾਸਲ ਹੋਇਆ।

ਦਿਨਕਰ ਆਪਣੀ ਪਤਨੀ ਦੀਆਂ ਅਸਾਧਾਰਣ ਬੌਧਿਕ ਯੋਗਤਾਵਾਂ ਨੂੰ ਭਲੀ-ਭਾਂਤ ਪਹਿਚਾਣਦਾ ਸੀ। ਉਸ ਨੇ ਉਹਦੇ ਮੋਢੇ ਨਾਲ ਮੋਢਾ ਜੋੜ ਕੇ ਸਾਥ ਨਿਭਾਇਆ। ਘਰ ਦੀਆਂ ਜ਼ਿੰਮੇਵਾਰੀਆਂ ਉਸ ਨੇ ਆਪਣੇ ਸਿਰ ਲੈ ਲਈਆਂ ਸਨ ਤਾਂ ਜੋ ਇਰਾਵਤੀ ਆਪਣਾ ਖੋਜ ਕਾਰਜ ਕਰਦੀ ਰਹੇ। ਉਸ ਦੇ ਸਕੂਟਰ ਵਿੱਚ ਤੇਲ ਅਤੇ ਪਰਸ ਵਿੱਚ ਪੈਸੇ ਨਾ ਮੁੱਕਣ ਦੇਣੇ, ਉਹਦੀ ਜ਼ਿੰਮੇਵਾਰੀ ਸੀ। ਇਰਾਵਤੀ ਪੂਨੇ ਵਿੱਚ ਦੁਪਹੀਆ ਵਾਹਨ (ਸਕੂਟਰ) ਚਲਾਉਣ ਵਾਲੀ ਪਹਿਲੀ ਔਰਤ ਸੀ। ਉਹ ਹਿੰਦੂ ਰਿਵਾਇਤ ਦੇ ਉਲਟ, ਨਾ ਆਪਣੀ ਮਾਂਗ ਵਿੱਚ ਸਿੰਧੂਰ ਭਰਦੀ ਸੀ ਅਤੇ ਨਾ ਹੀ ਮੰਗਲਸੂਤਰ ਪਹਿਨਦੀ ਸੀ।

ਜ਼ਾਹਿਰ ਹੈ ਕਿ ਦਿਨਕਰ ਆਪਣੇ ਪਿਤਾ ਵਾਂਗ ਨਹੀਂ ਸੀ। ਉਸ ਦੀਆਂ ਧੀਆਂ ਅਨੁਸਾਰ ਉਹ ਇੱਕ ਮਦਦਗਾਰ ਪਤੀ ਸੀ ਜਿਸ ਨੇ ਆਪਣੀ ਪਤਨੀ ਦੀ ਅਸਾਧਾਰਣ ਕਾਬਲੀਅਤ ਨੂੰ ਪਹਿਚਾਣਿਆ ਅਤੇ ਉਸ ਨੂੰ ਪ੍ਰਫੁੱਲਿਤ ਕਰਨ ਲਈ, ਉਹ ਵੱਧ ਤੋਂ ਵੱਧ ਕੀਤਾ ਜੋ ਵੀ ਉਹ ਕਰ ਸਕਦਾ ਸੀ। ਜਿਵੇਂ ਖ਼ੁਦ ਜਰਮਨੀ ਤੋਂ ਆਰਗੈਨਿਕ ਕੈਮਿਸਟਰੀ ਵਿੱਚ ਪੀਐੱਚ.ਡੀ. ਕਰਨ ਉਪਰੰਤ ਉਸ ਨੇ ਆਪਣੀ ਪਤਨੀ ਨੂੰ ਵੀ ਉੱਥੇ ਭੇਜਿਆ। ਉਸ ਨੇ ਗੁਜਰਾਤੀ ਕਾਂਗਰਸੀ ਜੀਵਰਾਜ ਮਹਿਤਾ ਕੋਲੋਂ ਪੈਸੇ ਉਧਾਰ ਲਏ ਅਤੇ ਨਵੰਬਰ, 1928 ਵਿੱਚ 23 ਸਾਲਾ ਇਰਾਵਤੀ ਨੂੰ ਇਕੱਲਿਆਂ ਹੀ ਜਰਮਨੀ ਭੇਜ ਦਿੱਤਾ।

ਇਰਾਵਤੀ ਅਤੇ ਦਿਨਕਰ ਦੇ ਪਤੀ-ਪਤਨੀ ਦੇ ਰਿਸ਼ਤੇ ਵਿੱਚ ਬਹੁਤ ਕੁਝ ਰਿਵਾਇਤਾਂ ਦੇ ਉਲਟ ਸੀ। ਜਿਵੇਂ ਉਦੋਂ ਇੱਕ ਪਤਨੀ ਪਤੀ ਦਾ ਨਾਂ ਨਹੀਂ ਲੈਂਦੀ ਸੀ ਅਤੇ ਉਸ ਨੂੰ ਬਹੁਵਚਨ ਵਿੱਚ ਸੰਬੋਧਨ ਕਰਦੀ ਸੀ ਪ੍ਰੰਤੂ ਇਰਾਵਤੀ ਅਤੇ ਦਿਨਕਰ, ਇੱਕ ਦੂਜੇ ਨੂੰ 'ਈਰੂ' ਅਤੇ 'ਦੀਨੂ' ਆਖ ਕੇ ਬੁਲਾਉਂਦੇ ਸਨ। ਹੋਰ ਤਾਂ ਹੋਰ ਉਨ੍ਹਾਂ ਦੇ ਬੱਚੇ ਵੀ ਉਨ੍ਹਾਂ ਨੂੰ ਇਨ੍ਹਾਂ ਨਾਵਾਂ ਨਾਲ ਹੀ ਬੁਲਾਉਂਦੇ ਸਨ। ਇਸ ਗੱਲ ਉੱਤੇ ਬੱਚਿਆਂ ਦੇ ਦੋਸਤ ਵੀ ਹੈਰਾਨ ਹੁੰਦੇ ਸਨ।

ਕਰਵੇ ਨੇ ਡੈਕਨ ਕਾਲਜ ਪੂਨਾ ਦੇ 'ਸੋਸ਼ਿਆਲੋਜੀ ਅਤੇ ਐਂਥਰੋਪੌਲੋਜੀ ਵਿਭਾਗ' ਦੇ ਮੁਖੀ ਵਜੋਂ ਕਈ ਸਾਲ ਕੰਮ ਕੀਤਾ। ਆਪਣੀ ਰਿਟਾਇਰਮੈਂਟ ਤੱਕ ਉਹ ਉੱਥੇ ਹੀ ਰਹੀ। 11 ਅਗਸਤ, 1970 ਨੂੰ 65 ਸਾਲ ਦੀ ਉਮਰ ਵਿੱਚ ਇਹ ਅਣਥੱਕ ਭਾਰਤੀ ਮਾਨਵ ਵਿਗਿਆਨੀ ਹਮੇਸ਼ਾ ਲਈ ਦੁਨੀਆਂ ਤੋਂ ਰੁਖ਼ਸਤ ਹੋ ਗਈ।

ਦਿਨਕਰ ਅਤੇ ਇਰਾਵਤੀ ਦਾ ਪੁੱਤਰ ਡਾ. ਆਨੰਦ ਕਰਵੇ ਜੋ ਜਰਮਨੀ ਤੋਂ ਪੀਐਚ.ਡੀ. ਬੌਟਨੀ (ਨਰਵ ਹੈ, ਬੌਟਨੀ, ਖੇਤੀਬਾੜੀ ਅਤੇ ਨਵਿਆਉਣਯੋਗ ਊਰਜਾ ਸ੍ਰੋਤਾਂ ਉੱਤੇ ਕਾਫ਼ੀ ਰੀਸਰਚ ਕਰ ਚੁੱਕਾ ਹੈ। ਉਹ ਪੂਨਾ ਵਿਖੇ 'ਆਰਤੀ' ਨਾਂ ਦੀ ਇੱਕ ਐਨ.ਜੀ.ਓ. ਚਲਾ ਰਿਹਾ ਹੈ। ਡਾ. ਆਨੰਦ ਦੀ ਪੁੱਤਰੀ ਪ੍ਰਿਆਦਰਸ਼ਨੀ ਕਰਵੇ ਪੂਨਾ ਯੂਨੀਵਰਸਿਟੀ ਤੋਂ ਫ਼ਿਜ਼ਿਕਸ ਦੀ ਪੀਐੱਚ.ਡੀ. ਹੈ। ਉਹ ਜੈਵ-ਪੁੰਜ ਤੋਂ ਊਰਜਾ ਤਕਨੀਕਾਂ ਵਿਕਸਿਤ ਕਰਨ ਤੇ ਪੇਂਡੂ ਖੇਤਰਾਂ ਵਿੱਚ ਉਨ੍ਹਾਂ ਦਾ ਪ੍ਰਸਾਰ ਕਰਨ ਵਿੱਚ ਜੁਟੀ ਹੋਈ ਹੈ। ਦਿਨਕਰ ਅਤੇ ਇਰਾਵਤੀ ਦੀ ਸਭ ਤੋਂ ਛੋਟੀ ਧੀ ਗੌਰੀ ਦੇਸ਼ਪਾਂਡੇ ਨਿੱਕੀ ਮਰਾਠੀ ਕਹਾਣੀ ਅਤੇ ਕਵਿਤਾਵਾਂ ਦੀ ਨਾਮਵਰ ਲੇਖਿਕਾ ਸੀ ਜਿਸ ਦੀ 1 ਮਾਰਚ, 2003 ਨੂੰ ਮੌਤ ਹੋ ਚੁੱਕੀ ਹੈ। ਉਨ੍ਹਾਂ ਦੀ ਸਭ ਤੋਂ ਵੱਡੀ ਧੀ ਜੈ ਨਿੰਬਕਾਰ ਨਾਵਲ ਅਤੇ ਨਿੱਕੀ ਕਹਾਣੀ ਦੀ ਲੇਖਿਕਾ ਹੈ।

**ਹਵਾਲੇ:**

1. Nandini Sunder, 'In the Cause of Anthropology: The Life and Work of Irawati Karve', Anthropology in East: The founders of Indian Sociology and Anthropology, 2007, Page 360-416.
2. Jai Nimbkar and Varsha Kelkar – Mane, 'Not so quiet has flown the Iravati', Lilavati's Daughters – The Women Scientists of India; January, 2014 Edition.
3. Arvind Gupta, 'Irawati Karve', Bright Sparks: Inspiring Indian Scientists from the Past, A publication of Indian National Science Academy (bs22ikarve.pdf) pages: 90-93
4. Puja Mondal, 'Biography of Irawati Karve and Her Contribution towards Sociology'. www.yourarticlelibrary.com.
5. Varun Sudhakaran, 'Irawati Karve Biography and Works', Sociology Group – A School of Social Sciences, November 14, 2017. www.sociologygroup.com.

## ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਸੈਕਰਾਮੈਂਟੋ ਦੀ ਅਹਿਮ ਮੀਟਿੰਗ ਐਤਵਾਰ ਜੂਨ 27 ਨੂੰ




ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (ਰਜਿ.) ਸੈਕਰਾਮੈਂਟੋ ਨਾਲ ਜੁੜੇ ਸਾਰੇ ਸਾਹਿਤਕਾਰ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਸੈਕਰਾਮੈਂਟੋ ਦੀ ਬਹੁਤ ਅਹਿਮ ਮੀਟਿੰਗ ਆ ਰਹੇ ਐਤਵਾਰ ਜੂਨ 27, 2021 ਦੁਪਹਿਰ ਇੱਕ ਵਜੇ, ਕਬਾਬ ਕਾੱਰਨਰ ਵੈੱਸਟ ਸੈਕਰਾਮੈਂਟੋ ਵਿਖੇ ਹੋ ਰਹੀ ਹੈ ਜਿਸ ਵਿੱਚ ਆ ਰਹੇ ਦੋ ਸਾਲਾਂ 2021 ਤੋਂ 2023 ਤੱਕ ਲਈ ਸਭਾ ਦੇ ਕਾਰਜਕਾਰੀ ਮੈਂਬਰਾਂ ਦੀ ਚੋਣ ਕੀਤੀ ਜਾਵੇਗੀ!

ਇਸ ਲਈ ਸਭਾ ਨਾਲ ਜੁੜੇ ਸਾਰੇ ਮੈਂਬਰਾਂ ਨੂੰ ਬੇਨਤੀ ਹੈ ਕਿ ਸਾਰੇ ਜਰੂਰ ਹੀ ਇਸ ਅਹਿਮ ਮੀਟਿੰਗ ਵਿੱਚ ਆਪਣੀ ਹਾਜਰੀ ਲਗਾਉ।

ਕਿਸੇ ਵੀ ਜਾਣਕਾਰੀ ਲਈ ਆਪ ਮੇਰੇ ਨਾਲ ਸੰਪਰਕ ਕਰ ਸਕਦੇ ਹੋ 9163700636 ਮਨਰੀਤ ਕੌਰ ਸੈਕਰਾਮੈਂਟੋ।

## ਮਿਲਖਾ ਸਿੰਘ ਜੀ ਨੂੰ ਸਮਰਪਿਤ

ਭਾਰਤ ਮਾਂ ਦਾ ਨਾਂ ਜਿਸਨੇ, ਚਮਕਾਇਆ ਜੀ।
ਸਾਡੇ ਲਈ ਉਦਾਹਰਣ ਬਣਕੇ, ਆਇਆ ਜੀ।
ਜਿੱਤਣ ਲਈ ਹਮੇਸ਼ਾ ਜੋ, ਹਿੱਕ ਤਾਣ ਕੇ ਖੜ੍ਹਿਆ।
ਹੋਣ ਇਰਾਦੇ ਉੱਚੇ, ਜਿਸਨੇ ਵੀ ਉੱਡਣਾ ਸਿੱਖ ਪੜ੍ਹਿਆ।

ਨਿੱਕੀ ਉਮਰੇ ਲੱਗ ਗਈ ਚੇਟਕ, ਨਾਂ ਚਮਕਾਵਣ ਦੀ।
ਭਾਰਤ ਮਾਂ ਦੀ ਝੋਲ਼ੀ, ਸੋਨੇ ਦਾ ਤਗਮਾ ਪਾਵਣ ਦੀ।
ਲੈ ਕੇ ਰੱਬ ਦਾ ਨਾਂ ਫਿਰ, ਜਾ ਉਹ ਵਿੱਚ ਮੈਦਾਨੇ ਵੜਿਆ।
ਹੋਣ ਇਰਾਦੇ ਉੱਚੇ, ਜਿਸਨੇ ਵੀ ਉੱਡਣਾ ਸਿੱਖ ਪੜ੍ਹਿਆ।

ਜਦ ਵੀ ਦੌੜੇ ਮਿਲਖਾ, ਗੱਲਾਂ ਕਰੇ ਹਵਾਵਾਂ ਨਾਲ਼।
ਹਿੰਮਤ ਅਤੇ ਦਲੇਰੀ ਦਾ, ਰੱਖੇ ਪਰਛਾਵਾਂ ਨਾਲ਼।
ਕੁੱਟ-ਕੁੱਟ ਕੇ ਸੀ ਜਜ਼ਬਾ, ਉਹਦੇ ਵਿੱਚ ਮੜ੍ਹਿਆ।
ਹੋਣ ਇਰਾਦੇ ਉੱਚੇ, ਜਿਸਨੇ ਵੀ ਉੱਡਣਾ ਸਿੱਖ ਪੜ੍ਹਿਆ।

ਜੇ ਜ਼ਿੰਦਗੀ ਵਿੱਚ ਚਾਹਤ ਹੈ, ਕੁਝ ਕਰਨੇ ਦੀ।
ਮਿਲਖਾ ਸਿੰਘ ਦੇ ਵਾਂਗ, ਹਾਲਾਤਾਂ ਨਾਲ਼ ਲੜਨੇ ਦੀ।
ਜਿੱਤਦਾ ਫਿਰ ਉਹੀ ਜਿਸਨੂੰ ਰੰਗ, ਹਿੰਮਤ ਦਾ ਚੜ੍ਹਿਆ।
ਹੋਣ ਇਰਾਦੇ ਉੱਚੇ, ਜਿਸਨੇ ਵੀ ਉੱਡਣਾ ਸਿੱਖ ਪੜ੍ਹਿਆ।


ਮਿਲਖਾ ਸਿੰਘ 'ਤੇ ਦੁਨੀਆਂ ਨੂੰ, ਮਾਣ ਰਹੇਗਾ।
ਦਿਲ ਵਿੱਚ ਵੱਸਕੇ ਦੇਸ਼ ਸਾਡੇ ਦੀ, ਸ਼ਾਨ ਰਹੇਗਾ।
ਉੱਡਣਾ ਸਿੱਖ ਗਿਆ ਵਿੱਚ, ਸੁਨਹਿਰੀ ਅੱਖਰ ਜੜਿਆ।
ਹੋਣ ਇਰਾਦੇ ਉੱਚੇ, ਜਿਸਨੇ ਵੀ ਉੱਡਣਾ ਸਿੱਖ ਪੜ੍ਹਿਆ।

ਪਾਕਿ ਦੇ ਰਾਸ਼ਟਰਪਤੀ ਨੂੰ, ਮਿਲਖਾ ਸਿੰਘ ਜਦ ਭਾਇਆ।
ਮਿਲਖਾ ਸਿੰਘ ਤੋਂ ਉਸਨੇ ਫਿਰ, ਉੱਡਣਾ ਸਿੱਖ ਬਣਾਇਆ।
'ਗੁਰਵਿੰਦਰਾ' ਅੱਜ ਇੱਕ ਯੁੱਗ ਦਾ ਹੈ ਅੰਤ ਹੋ ਖੜ੍ਹਿਆ।
ਹੋਣ ਇਰਾਦੇ ਉੱਚੇ, ਜਿਸਨੇ ਵੀ ਉੱਡਣਾ ਸਿੱਖ ਪੜ੍ਹਿਆ।



ਗੁਰਵਿੰਦਰ ਸਿੰਘ 'ਉੱਪਲ'
98411-45000

# ਕਲਮੀ ਰਮਜ਼ਾਂ-3 (ਸਾਂਝੀਆਂ ਲਿਖਤਾਂ)




## ਵਿਸ਼ੇਸ਼ ਲੇਖ

# ਸੁੰਗੜਦਾ-ਬੰਗਾਲ


ਜੰਗਪਾਲ ਸਿੰਘ

ਸਮੇਂ ਦੇ ਨਾਲ-ਨਾਲ ਬੰਗਾਲ ਦੇ ਸੂਬੇ ਦਾ ਆਕਾਰ ਬਦਲਦਾ ਰਿਹਾ ਹੈ। ਕਈ ਵੱਡੇ-ਵੱਡੇ ਸੂਬਿਆਂ ਨੂੰ ਜਨਮ ਦੇਣ ਵਾਲਾ ਬੰਗਾਲ, ਅੱਜ ਇਸਦਾ ਸ਼ੁਮਾਰ ਦੇਸ਼ ਦੇ ਦਰਮਿਆਨੇ ਸੂਬਿਆਂ ਵਿੱਚ ਹੈ। ਆਓ ਇਸਦੇ ਅਤੀਤ ਅਤੇ ਵਰਤਮਾਨ 'ਤੇ ਝਾਤੀ ਮਾਰੀਏ । ਮਈ 1757 ਵਿੱਚ ਪਲਾਸੀ ਦੀ ਜੰਗ ਜਿੱਤਣ ਮਗਰੋਂ ਅੰਗਰੇਜਾਂ ਨੇ ਹੌਲ਼ੀ ਹੌਲ਼ੀ ਪੰਜਾਬ ਨੂੰ ਛੱਡ ਕੇ ਸਾਰਾ ਭਾਰਤ ਆਪਣੇ ਕਬਜ਼ੇ ਹੇਠ ਕਰ ਲਿਆ। ਈਸਟ ਇੰਡੀਆ ਕੰਪਨੀ ਵੱਲੋਂ ਸ਼ੁਰੂ-ਸ਼ੁਰੂ ਵਿੱਚ ਸਾਰਾ ਦੇਸ਼ ਕੇਵਲ ਤਿੰਨ ਸੂਬਿਆਂ ਵਿੱਚ ਵੰਡਿਆ ਹੋਇਆ ਸੀ, ਇਹ ਤਿੰਨ ਸੂਬੇ ਸਨ-ਬੰਗਾਲ, ਬੰਬਈ ਅਤੇ ਮਦਰਾਸ। ਤਿੰਨੇ ਸੂਬੇ ਆਕਾਰ ਵਿੱਚ ਬਹੁਤ ਵੱਡੇ ਸਨ ਤੇ ਇਹਨਾਂ ਨੂੰ ਪ੍ਰੈਜ਼ੀਡੈਂਸੀ ਕਿਹਾ ਜਾਂਦਾ ਸੀ। ਹਰੇਕ ਸੂਬੇ ਦਾ ਮੁਖੀ ਗਵਰਨਰ ਹੁੰਦਾ ਸੀ। ਉਹ ਲੰਡਨ ਸਥਿਤ ਕੰਪਨੀ ਦੇ ਮੁੱਖ ਦਫਤਰ ਵੱਲੋਂ ਨਿਯੁਕਤ ਕੀਤਾ ਜਾਂਦਾ ਸੀ। 1833 ਤੱਕ ਬੰਗਾਲ ਦਾ ਗਵਰਨਰ ਸਮੁੱਚੇ ਦੇਸ਼ ਦਾ ਗਵਰਨਰ-ਜਨਰਲ ਵੀ ਹੁੰਦਾ ਸੀ। ਬੰਗਾਲ ਦੇ ਸੂਬੇ ਦੀਆਂ ਹੱਦਾਂ ਪੂਰਬ ਵੱਲ ਬਰ੍ਹਮਾ ਨਾਲ ਲਗਦੀਆਂ ਸਨ ਜਦ ਕਿ ਪੱਛਮ ਵੱਲ ਇਹ ਸੂਬਾ ਸਤਲੁਜ ਦਰਿਆ ਤੱਕ ਫੈਲਿਆ ਹੋਇਆ ਸੀ। ਉਸ ਸਮੇਂ ਸਿੱਖ ਰਾਜ ਸਤਲੁਜ ਤੋਂ ਪੱਛਮ ਵੱਲ ਫੈਲਿਆ ਹੋਇਆ ਸੀ। ਮੌਜੂਦਾ ਪੰਜਾਬ ਦਾ ਸਤਲੁਜ ਤੋਂ ਪੂਰਬ ਵਾਲਾ ਭਾਗ (ਫ਼ਿਰੋਜ਼ਪੁਰ ਅਤੇ ਲੁਧਿਆਣਾ ਆਦਿ) ਬੰਗਾਲ ਦੇ ਸੂਬੇ ਅਧੀਨ ਸੀ।

ਸਭ ਤੋਂ ਪਹਿਲਾਂ 1835 ਵਿੱਚ ਇਸ ਸੂਬੇ ਨੂੰ ਛਾਂਗਿਆ ਗਿਆ। ਇਸਦੇ ਪੱਛਮ ਵਿੱਚ ਨਾਰਥ-ਵੈਸਟਪ੍ਰੋਵਿੰਸ ਨਾਂ ਦਾ ਸੂਬਾ ਹੋਂਦ ਵਿੱਚ ਆਇਆ, ਜਿਸਦੀ ਰਾਜਧਾਨੀ ਆਗਰਾ ਸੀ। ਇੱਥੇ ਇਹ ਦੱਸਣਾ ਲਾਜ਼ਮੀ ਬਣਦਾ ਹੈ ਕਿ ਇਸ ਨਵੇਂ ਹੋਂਦ ਵਿੱਚ ਆਏ ਨਾਰਥ-ਵੈਸਟਪ੍ਰੋਵਿੰਸ ਜਿਸਨੂੰ ਕਿ ਆਮ ਲੋਕ ਆਗਰੇ ਦਾ ਸੂਬਾ ਕਿਹਾ ਕਰਦੇ ਸਨ, ਦੀਆਂ ਅੱਠ ਡਿਵੀਜ਼ਨਾਂ (ਆਗਰਾ, ਦਿੱਲੀ, ਮੇਰਠ, ਬਰੇਲੀ, ਕਾਨਪੁਰ, ਅਲਾਹਾਬਾਦ, ਜੱਬਲਪੁਰ ਅਤੇ ਬੁੰਦੇਲਖੰਡ) ਸਨ ਤੇ ਹਰੇਕ ਡਿਵੀਜ਼ਨ ਅੱਗੇ ਕਈ-ਕਈ ਜ਼ਿਲ੍ਹਿਆਂ ਵਿੱਚ ਵੰਡੀ ਹੋਈ ਸੀ।

ਇਸ ਤੋਂ ਗਿਆਰ੍ਹਾਂ ਸਾਲਾਂ ਬਾਅਦ ਅੰਗਰੇਜ਼ਾਂ ਤੇ ਸਿੱਖਾਂ ਵਿਚਕਾਰ ਪਹਿਲੀ ਜੰਗ ਹੋਈ। ਇਸ ਜੰਗ ਵਿੱਚ ਸਿੱਖਾਂ ਦੀ ਹਾਰ ਮਗਰੋਂ ਸਤਲੁਜ ਅਤੇ ਬਿਆਸ ਵਿਚਕਾਰਲਾ ਇਲਾਕਾ (ਬਿਸਤ-ਦੋਆਬ) ਬੰਗਾਲ ਸੂਬੇ ਅਧੀਨ ਆ ਗਿਆ। ਇੰਜ ਇਸ ਸੂਬੇ ਦੇ ਆਕਾਰ ਵਿੱਚ ਥੋੜ੍ਹਾ ਵਾਧਾ ਹੋ ਗਿਆ। ਫਿਰ 1849 ਵਿੱਚ ਪੰਜਾਬ ਮੁਕੰਮਲ ਤੌਰ 'ਤੇ ਕੰਪਨੀ ਅਧੀਨ ਆ ਗਿਆ। ਬੰਗਾਲ ਸੂਬੇ ਦਾ ਪੱਛਮੀ ਭਾਗ (ਦਰਿਆ ਬਿਆਸ ਤੋਂ ਅੰਬਾਲਾ ਤੱਕ) ਪੰਜਾਬ 'ਚ ਰਲ਼ਾ ਦਿੱਤਾ ਗਿਆ। ਇੰਜ ਬੰਗਾਲ ਦੇ ਸੂਬੇ ਦਾ ਆਕਾਰ ਮੁੜ ਛੋਟਾ ਹੋ ਗਿਆ।

1874 ਵਿੱਚ ਮੁੜ ਇਸ ਸੂਬੇ ਦੀ ਛੰਗਾਈ ਹੋਈ। ਇਸਦੇ ਨੌਂ ਪੂਰਬੀ ਜ਼ਿਲ੍ਹੇ ਵੱਖ ਕਰਕੇ ਨਾਰਥ ਈਸਟ ਫ਼ਰੰਟੀਅਰ ਨਾਂ ਦੀ ਟੈਰੇਟਰੀ ਹੋਂਦ ਵਿੱਚ ਆਈ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਟੈਰੇਟਰੀ ਦਾ ਮੁਖੀ ਚੀਫ਼ ਕਮਿਸ਼ਨਰ ਹੁੰਦਾ ਸੀ; ਜਿਸਦੀ ਨਿਯੁਕਤੀ ਗਵਰਨਰ-ਜਨਰਲ ਵੱਲੋਂ ਕੀਤੀ ਜਾਂਦੀ ਸੀ ਜਦ ਕਿ ਬੰਗਾਲ, ਬੰਬਈ ਤੇ ਮਦਰਾਸ ਪ੍ਰੈਜ਼ੀਡੈਂਸੀ ਨੂੰ ਛੱਡ ਕੇ, ਬਾਕੀ ਹੋਂਦ ਵਿੱਚ ਆਏ ਸੂਬੇ ਪ੍ਰੋਵਿੰਸ ਕਹਾਉਂਦੇ ਸਨ। ਪ੍ਰੋਵਿੰਸ ਦਾ ਮੁਖੀ ਲੈਫਟੀਨੈਂਟ-ਗਵਰਨਰ ਹੁੰਦਾ ਸੀ, ਜਿਸਦੀ ਨਿਯੁਕਤੀ ਗਵਰਨਰ-ਜਨਰਲ ਕਰਦਾ ਸੀ। 1921 ਵਿੱਚ ਲੈਫਟੀਨੈਂਟ-ਗਵਰਨਰ ਦਾ ਅਹੁਦਾ ਸਮਾਪਤ ਕਰ ਦਿੱਤਾ ਗਿਆ ਤੇ ਹਰੇਕ ਪ੍ਰੋਵਿੰਸ ਦਾ ਮੁਖੀ ਗਵਰਨਰ ਥਾਪਿਆ ਜਾਣ ਲੱਗਾ।

ਇਸ ਤੋਂ ਅੱਠ ਸਾਲ ਬਾਅਦ 1892 ਵਿੱਚ ਬੰਗਾਲ ਦੇ ਦੋ ਪਹਾੜੀ ਜ਼ਿਲ੍ਹੇ (ਚਿਟਾਗਾਓਂ ਤੇ ਚਿਟਾਗਾਓਂਟ੍ਰੈਕਸ) ਬੰਗਾਲ ਤੋਂ ਵੱਖ ਕਰਕੇ ਨਾਰਥ ਈਸਟ ਫਰੰਟੀਅਰ ਨਾਲ ਰਲਾ ਦਿੱਤੇ ਗਏ। ਸੂਬੇ ਦਾ ਆਕਾਰ ਮੁੜ ਛੋਟਾ ਹੋ ਗਿਆ। ਫਿਰ 1905 ਵਿੱਚ ਲਾਰਡ ਕਰਜ਼ਨ ਦੇ ਸਮੇਂ ਬੰਗਾਲ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਗਿਆ। ਇੱਕ ਪੂਰਬੀ ਬੰਗਾਲ ਜਿਸ ਵਿੱਚ ਮੌਜੂਦਾ ਬੰਗਲਾ ਦੇਸ਼ ਅਤੇ ਨਾਰਥ ਈਸਟ ਫਰੰਟੀਅਰ (ਯਾਨਿ ਕਿ ਆਸਾਮ) ਸ਼ਾਮਲ ਸੀ ਤੇ ਦੂਸਰਾ ਪੱਛਮੀ-ਬੰਗਾਲ (ਜਿਸ ਵਿੱਚ ਮੌਜੂਦਾ ਬਿਹਾਰ, ਝਾਰਖੰਡ ਤੇ ਉੜੀਸਾ ਵੀ ਸ਼ਾਮਲ ਸੀ)। ਜਿੱਥੇ ਵੰਡ ਤੋਂ ਪਹਿਲਾਂ ਸਮੁੱਚਾ ਬੰਗਾਲ ਹਿੰਦੂ ਬਹੁ-ਗਿਣਤੀ ਵਾਲਾ ਸੂਬਾ ਸੀ, ਹੁਣ ਨਵਾਂ-ਨਵਾਂ ਹੋਂਦ ਵਿੱਚ ਆਇਆ ਪੂਰਬੀ ਬੰਗਾਲ ਮੁਸਲਿਮ ਬਹੁਗਿਣਤੀ ਵਾਲਾ ਸੂਬਾ ਬਣ ਗਿਆ। ਅਣ-ਵੰਡੇ ਬੰਗਾਲ ਵਿੱਚ ਹਿੰਦੂਆਂ ਦੀ ਚੌਧਰ ਸੀ। ਪੜ੍ਹੇ-ਲਿਖੇ ਬੰਗਾਲੀ ਜਿਨ੍ਹਾ 'ਚੋਂ" ਬਹੁਗਿਣਤੀ ਹਿੰਦੂ ਸਨ ਤੇ ਇਹਨਾਂ ਨੂੰ ਭੱਦਰ-ਲੋਕ ਕਿਹਾ ਜਾਂਦਾ ਸੀ, ਲਈ ਸਮੁੱਚੇ ਬੰਗਾਲ ਦਾ ਮੈਦਾਨ ਖਾਲੀ ਸੀ ਪਰ ਹੁਣ ਇਹ ਭੱਦਰ ਲੋਕ ਆਪਣੇ-ਆਪ ਨੂੰ ਬੰਗਾਲ ਦੇ ਇੱਕ ਹਿੱਸੇ 'ਚ ਸਿਮਟਿਆ ਮਹਿਸੂਸ ਕਰਨ ਲੱਗੇ।

ਨਤੀਜਾ ਇਹ ਹੋਇਆ ਕਿ ਇਸ ਵੰਡ ਦਾ ਵੱਡੇ ਪੱਧਰ 'ਤੇ ਵਿਰੋਧ ਹੋਣ ਲੱਗਾ। ਕਾਂਗਰਸ ਵੀ ਇਸ ਵੰਡ ਦੇ ਵਿਰੋਧ ਵਿੱਚ ਨਿੱਤਰ ਆਈ। ਦਸੰਬਰ 1911 ਵਿੱਚ ਬਰਤਾਨਵੀ ਸਮਰਾਟ ਜਾਰਜ ਪੰਚਮ ਦਾ ਦਿੱਲੀ ਵਿਖੇ ਦਰਬਾਰ ਲੱਗਾ। ਇਸ ਦਰਬਾਰ ਵਿੱਚ ਸਮਰਾਟ ਵੱਲੋਂ ਬੰਗਾਲ ਦੀ ਵੰਡ ਖ਼ਤਮ ਕਰਨ ਦਾ ਐਲਾਨ ਕੀਤਾ ਗਿਆ। ਜਿੱਥੇ ਪੂਰਬੀ ਤੇ ਪੱਛਮੀ ਬੰਗਾਲ ਇੱਕ ਕਰ ਦਿੱਤੇ ਗਏ, ਉੱਥੇ ਤਿੰਨ ਨਵੇਂ ਸੂਬੇ ਬੰਗਾਲ ਨਾਲੋਂ ਤੋੜ ਕੇ ਵੱਖ ਕਰ ਦਿੱਤੇ ਗਏ। ਇਹ ਸੂਬੇ ਸਨ ਆਸਾਮ, ਬਿਹਾਰ ਅਤੇ ਉੜੀਸਾ। ਬੰਗਾਲ ਦਾ ਆਕਾਰ ਵੰਡ ਤੋਂ ਪਹਿਲਾਂ ਦੇ ਅੱਧੇ ਆਕਾਰ ਤੋਂ ਵੀ ਛੋਟਾ ਹੋ ਗਿਆ। ਜਿੱਥੇ ਪਹਿਲਾਂ ਸਮੁੱਚਾ ਬੰਗਾਲ ਹਿੰਦੂ ਬਹੁਗਿਣਤੀ ਵਾਲਾ ਸੂਬਾ ਸੀ, ਹੁਣ ਉਪਰੋਕਤ ਤਿੰਨੇ ਸੂਬੇ ਵੱਖ ਹੋਣ ਕਾਰਨ ਇਹ ਮੁਸਲਿਮ ਬਹੁਗਿਣਤੀ ਵਾਲਾ ਸੂਬਾ ਬਣ ਗਿਆ।

ਇੱਥੇ ਹੀ ਬੱਸ ਨਹੀਂ, ਜਾਰਜ ਪੰਚਮ ਨੇ ਆਪਣੇ ਦਰਬਾਰ ਵਿੱਚ ਦੇਸ਼ ਦੀ ਰਾਜਧਾਨੀ ਕਲਕੱਤਾ ਤੋਂ ਤਬਦੀਲ ਕਰਕੇ ਦਿੱਲੀ ਲੈ ਆਉਣ ਦਾ ਵੀ ਐਲਾਨ ਕਰ ਦਿੱਤਾ। ਬੰਗਾਲ ਵਾਸਤੇ ਇਹ ਬਹੁਤ ਵੱਡਾ ਝਟਕਾ ਸੀ। ਜਿੱਥੇ ਸਾਰੇ ਦੇਸ਼ ਦੀ ਹਕੂਮਤ ਕਲਕੱਤੇ ਤੋਂ ਚਲਦੀ ਸੀ, ਹੁਣ ਇਹ ਸਿਰਫ਼ ਇੱਕ ਸੂਬੇ ਦੀ ਰਾਜਧਾਨੀ ਹੀ ਰਹਿ ਗਿਆ ਸੀ ਤੇ ਉਹ ਵੀ ਇੱਕ ਛੋਟੇ ਆਕਾਰ ਦੇ ਸੂਬੇ ਦੀ। ਇੱਥੇ ਇਹ ਚੇਤੇ ਕਰਵਾਇਆ ਜਾਂਦਾ ਹੈ ਕਿ ਉੱਕ1ਵੀਂ ਸਦੀ ਵਿੱਚ ਕਲਕੱਤਾ ਲੰਡਨ ਤੋਂ ਬਾਅਦ ਅੰਗਰੇਜ਼ੀ ਸਾਮਰਾਜ ਦਾ ਸਭ ਤੋਂ ਵੱਧ ਆਬਾਦੀ ਵਾਲਾ ਸ਼ਹਿਰ ਸੀ। ਇਸ ਸ਼ਹਿਰ ਨੂੰ ਅਨੇਕਾਂ ਸੰਸਥਾਵਾਂ ਦੇ ਪਹਿਲਾਂ-ਪਹਿਲ ਇੱਥੇ ਸਥਾਪਤ ਹੋਣ ਦਾ ਮਾਣ ਹਾਸਲ ਹੈ। ਮਿਸਾਲ ਵਜੋਂ ਦੇਸ਼ ਦਾ ਸਭ ਤੋਂ ਪੁਰਾਣਾ ਕਾਲਜ, (ਪ੍ਰੈਜ਼ੀਡੈਂਸੀ ਕਾਲਜ) ਜੋ ਅੱਜ ਵੀ ਚੱਲ ਰਿਹਾ ਹੈ, ਇੱਥੇ ਹੀ ਸਥਾਪਤ ਹੋਇਆ ਸੀ। ਸਭ ਤੋਂ ਪਹਿਲੀ ਯੂਨੀਵਰਸਿਟੀ (ਕਲਕੱਤਾ ਯੂਨੀਵਰਸਿਟੀ) ਪਹਿਲਾਂ ਇੱਥੇ ਹੀ ਸਥਾਪਤ ਹੋਈ। ਸਭ ਤੋਂ ਪਹਿਲਾ ਡਾਕਘਰ ਤੇ ਹੋਰ ਕਈ ਕੁਝ। ਜਿੱਥੇ ਦਿੱਲੀ ਪਹਿਲਾਂ ਇੱਕ ਡਿਵੀਜ਼ਨਲ ਹੈਡ-ਕੁਆਟਰ ਹੀ ਸੀ, ਹੁਣ 1912 ਤੋਂ ਦੇਸ਼ ਦੀ ਰਾਜਧਾਨੀ ਬਣਨ ਜਾ ਰਿਹਾ ਸੀ।

ਫਿਰ 1947 ਵਿੱਚ ਦੇਸ਼ ਦੀ ਆਜ਼ਾਦੀ ਦੇ ਨਾਲ-ਨਾਲ ਦੇਸ਼ ਦਾ ਬਟਵਾਰਾ ਵੀ ਹੋ ਗਿਆ। ਬਟਵਾਰੇ ਦੇ ਨਾਲ ਹੀ ਦੇਸ਼ ਦੇ ਦੋ ਸੂਬਿਆਂ ਦੀ ਵੀ ਵੰਡ ਹੋ ਗਈ। ਮੁਹੰਮਦ ਅਲੀ ਜਿੰਨਾਹ ਪੰਜਾਬ ਅਤੇ ਬੰਗਾਲ ਨੂੰ ਮੁਸਲਿਮ ਬਹੁਗਿਣਤੀ ਸੂਬੇ ਹੋਣ ਕਾਰਨ ਪਾਕਿਸਤਾਨ ਵਿੱਚ ਸ਼ਾਮਲ ਕਰਨ 'ਤੇ ਜ਼ੋਰ ਦੇ ਰਿਹਾ ਸੀ, ਜਦ ਕਿ ਕਾਂਗਰਸ ਇਹਨਾਂ ਦੋਹਾਂ ਸੂਬਿਆਂ ਦੀ ਮੁਸਲਿਮ ਬਹੁਗਿਣਤੀ ਅਤੇ ਹਿੰਦੂ-ਸਿੱਖ ਬਹੁਗਿਣਤੀ ਦੇ ਆਧਾਰ 'ਤੇ ਵੰਡ ਦੀ ਮੰਗ ਕਰ ਰਹੀ ਸੀ। ਜਿੱਥੇ ਅਣ-ਵੰਡੇ ਪੰਜਾਬ ਦੇ ਪੱਛਮੀ ਜ਼ਿਲ੍ਹੇ ਮੁਸਲਿਮ ਬਹੁਗਿਣਤੀ ਵਾਲੇ ਸਨ, 'ਬੰਗਾਲ ਦੇ ਪੂਰਬੀ ਜ਼ਿਲ੍ਹੇ ਮੁਸਲਿਮ ਬਹੁ-ਆਬਾਦੀ ਵਾਲੇ ਸਨ। ਆਖ਼ਰ ਇਹਨਾਂ ਦੋਹਾਂ ਸੂਬਿਆਂ ਨੂੰ ਧਰਮ ਦੇ ਆਧਾਰ 'ਤੇ ਵੰਡਣ ਦਾ ਫ਼ੈਸਲਾ ਲੈ ਲਿਆ ਗਿਆ।

ਇਸੇ ਦੌਰਾਨ ਬੰਗਾਲ ਦੇ ਤਤਕਾਲੀਨ ਪਰੀਮੀਅਰ (ਮੁੱਖ-ਮੰਤਰੀ) ਸ਼ਾਹਿਦ ਹੁਸੈਨ ਸੁਹਰਾਵਰਦੀ ਨੇ ਇਹ ਮੰਗ ਰੱਖੀ ਕਿ ਬੰਗਾਲ ਭਾਰਤ ਜਾਂ ਪਾਕਿਸਤਾਨ ਕਿਸੇ ਪਾਸੇ ਵੀ ਨਹੀਂ ਜਾਣਾ ਚਾਹੁੰਦਾ। ਸੋ ਬੰਗਾਲ ਦੀ ਵੰਡ ਨਾ ਕੀਤੀ ਜਾਵੇ ਸਗੋਂ ਸਮੁੱਚੇ ਬੰਗਾਲ ਨੂੰ ਇੱਕ ਵੱਖਰੇ ਦੇਸ਼ ਦੇ ਤੌਰ 'ਤੇ ਆਜ਼ਾਦ ਕਰ ਦਿੱਤਾ ਜਾਵੇ। ਸੁਹਰਾਵਰਦੀ ਦੀ ਇਸ ਤਜਵੀਜ਼ ਨਾਲ ਸੁਭਾਸ਼ ਚੰਦਰ ਬੋਸ ਦਾ ਭਰਾ ਸਰਤ ਚੰਦਰ ਬੋਸ ਵੀ ਸਹਿਮਤ ਸੀ। ਜਦ ਲਾਰਡ ਮਾਊਂਟਬੈਟਨ ਨੇ ਸੁਹਰਾਵਰਦੀ ਦੀ ਇਸ ਤਜਵੀਜ਼ ਬਾਰੇ ਮੁਹੰਮਦ ਅਲੀ ਜਿੰਨਾਹ ਨਾਲ ਵਿਚਾਰ-ਵਟਾਂਦਰਾ ਕੀਤਾ ਤਾਂ ਜਿੰਨਾਹ ਦਾ ਜਵਾਬ ਸੀ, ਜੇਕਰ ਸਮੁੱਚਾ ਬੰਗਾਲ ਆਪਣੇ-ਆਪ ਨੂੰ ਆਜ਼ਾਦ ਰੱਖਣਾ ਚਾਹੁੰਦਾ ਹੈ ਤਾਂ ਮੁਸਲਿਮ ਲੀਗ ਨੂੰ ਕੀ ਇਤਰਾਜ਼ ਹੋ ਸਕਦਾ ਹੈ।

ਜਿੰਨਾਹ ਦੀ ਇਸ ਸੋਚ ਪਿੱਛੇ ਧਾਰਨਾ ਇਹ ਜਾਪਦੀ ਹੈ ਕਿ ਭਵਿੱਖ ਵਿੱਚ ਬੰਗਾਲ ਮੁਸਲਿਮ ਬਹੁ-ਆਬਾਦੀ ਵਾਲਾ ਦੇਸ਼ ਹੋਣ ਕਾਰਨ ਭਾਰਤ ਦੀ ਨਿਸਬਤ ਪਾਕਿਸਤਾਨ ਦੇ ਜ਼ਿਆਦਾ ਨਜ਼ਦੀਕ ਹੋਵੇਗਾ। ਵੈਸੇ ਵੀ ਜਿੰਨਾਹ ਦੀ ਕੋਸ਼ਿਸ਼ ਭਾਰਤ ਨੂੰ ਵੱਧ ਤੋਂ ਵੱਧ ਕਮਜ਼ੋਰ ਕਰਨ ਦੀ ਸੀ। ਜਿੱਥੇ ਬੰਗਾਲ ਦੀ ਵੰਡ ਨਾਲ ਅੱਧਾ ਬੰਗਾਲ ਭਾਰਤ ਹੱਥੋਂ ਖੁੱਸਣਾ ਸੀ, ਸੁਹਰਾਵਰਦੀ ਦੀ ਇਸ ਤਜਵੀਜ਼ ਦੇ ਪ੍ਰਵਾਨ ਚੜ੍ਹਨ ਨਾਲ ਸਮੁੱਚਾ ਬੰਗਾਲ ਭਾਰਤ ਹੱਥੋਂ ਖਿਸਕਣ ਜਾ ਰਿਹਾ ਸੀ। ਪਰ ਕਾਂਗਰਸ ਇਸ ਦੇ ਉਤੇ ਹੀ ਵਿਰੋਧ ਵਿੱਚ ਖੜ੍ਹੀ ਸੀ। ਸੋ ਮਾਊਂਟਬੈਟਨ ਨੇ ਸੁਹਰਾਵਰਦੀ ਦੀ ਇਹ ਤਜਵੀਜ਼ ਇਹ ਕਹਿ ਕੇ ਰੱਦ ਕਰ ਦਿੱਤੀ ਕਿ ਇਸ ਤਰ੍ਹਾਂ ਵਜੂਦ ਵਿੱਚ ਆਇਆ ਦੇਸ਼ ਟਿਕਾਊ ਨਹੀਂ ਹੋਵੇਗਾ।

ਆਖ਼ਰ ਪੰਜਾਬ ਦੇ ਨਾਲ-ਨਾਲ ਬੰਗਾਲ ਵੀ ਦੋ ਹਿੱਸਿਆਂ ਵਿੱਚ ਵੰਡਿਆ ਗਿਆ। ਪੱਛਮੀ-ਬੰਗਾਲ ਭਾਰਤ ਦੇ ਹਿੱਸੇ ਆਇਆ ਤੇ ਪੂਰਬੀ-ਬੰਗਾਲ ਪਾਕਿਸਤਾਨ ਦੇ ਹਿੱਸੇ। ਪੱਛਮੀ-ਬੰਗਾਲ ਦੇ ਹਿੱਸੇ ਅਣਵੰਡੇ ਬੰਗਾਲ ਦੇ ਚੌਦ੍ਹਾਂ ਜ਼ਿਲ੍ਹੇ ਆਏ। ਇਹ ਜ਼ਿਲ੍ਹੇ ਸਨ ਕਲਕੱਤਾ, ਚੌਵੀਪਰਗਨਾ, ਹਾਵੜਾ, ਮਿਦਨਾਪੁਰ, ਹੁਗਲੀ, ਬਾਂਕੁਰਾ, ਬਰਦਵਾਨ, ਨਾਦੀਆ, ਮੁਰਸ਼ਿਦਾਬਾਦ, ਬੀਰਭੂਮ, ਮਾਲਦਾ, ਦੀਨਾਜਪੁਰ, ਦਾਰਜੀਲਿੰਗ ਅਤੇ ਜਲਪਾਈਗੁੜੀ।

ਵੰਡ ਸਮੇਂ ਹਿੰਦੂ ਬਹੁ-ਆਬਾਦੀ ਵਾਲਾ ਖੁਲਨਾ ਜ਼ਿਲ੍ਹਾ ਪੂਰਬੀ ਬੰਗਾਲ ਦੇ ਹਿੱਸੇ ਆਇਆ, ਜਦ ਕਿ ਮੁਸਲਿਮ ਬਹੁਗਿਣਤੀ ਵਾਲਾ ਮੁਰਸ਼ਿਦਾਬਾਦ ਜ਼ਿਲ੍ਹਾ ਪੱਛਮੀ ਬੰਗਾਲ ਦੇ ਹਿੱਸੇ ਆਇਆ। ਉਪਰੋਕਤ 14 ਜ਼ਿਲ੍ਹਿਆਂ ਤੋਂ ਇਲਾਵਾ ਕੂਚ-ਬਿਹਾਰ ਦੀ ਰਿਆਸਤ ਵੀ 1948 ਵਿੱਚ ਪੱਛਮੀ ਬੰਗਾਲ ਵਿੱਚ ਸ਼ਾਮਲ ਕਰ ਦਿੱਤੀ ਗਈ।

ਪੱਛਮੀ ਬੰਗਾਲ ਦੇ ਹਿੱਸੇ ਆਏ 14 ਜ਼ਿਲ੍ਹਿਆਂ 'ਚੋਂ 12 ਜ਼ਿਲ੍ਹਿਆਂ ਵਿੱਚ ਇਕਸਾਰਤਾ ਸੀ, ਜਦ ਕਿ ਦੋ ਜ਼ਿਲ੍ਹਿਆਂ ਦਾਰਜੀਲਿੰਗ ਅਤੇ ਜਲਪਾਈਗੁੜੀ ਜਾਣ ਲਈ ਪੂਰਬੀ ਬੰਗਾਲ ਯਾਨਿ ਪੂਰਬੀ ਪਾਕਿਸਤਾਨ ਜਾਂ ਫਿਰ ਬਿਹਾਰ ਦੇ ਰਸਤੇ ਜਾਣਾ ਪੈਂਦਾ ਸੀ। ਕਿਉਂਕਿ ਭਾਰਤ ਅਤੇ ਪਾਕਿਸਤਾਨ ਦੇ ਸਬੰਧ ਛੇਤੀ ਹੀ ਤਣਾਅ ਵਾਲੇ ਹੋ ਗਏ ਸਨ, ਸੋ ਇਹਨਾਂ ਦੋ ਜ਼ਿਲ੍ਹਿਆਂ 'ਚ ਸਿਰਫ਼ ਬਿਹਾਰ ਦੇ ਰਸਤੇ ਹੀ ਜਾਇਆ ਜਾਂਦਾ ਰਿਹਾ। ਇਹ ਚਲਨ 1956 ਤੱਕ ਜਾਰੀ ਰਿਹਾ। 1956 ਵਿੱਚ ਰਾਜਾਂ ਦੇ ਪੁਨਰ-ਗਠਨ ਸਮੇਂ ਬਿਹਾਰ ਦਾ ਕੁਝ ਇਲਾਕਾ ਪੱਛਮੀ ਬੰਗਾਲ ਨੂੰ ਦੇ ਦਿੱਤਾ ਗਿਆ ਤੇ ਇੰਜ ਸਮੁੱਚੇ ਸੂਬੇ ਵਿੱਚ ਇਕਸਾਰਤਾ ਬਣ ਗਈ।

ਅੱਸੀਵਿਆਂ ਦੇ ਆਰੰਭ ਵਿੱਚ ਬੰਗਾਲ 'ਤੇ ਮੁੜ ਖ਼ਤਰੇ ਦੇ ਬੱਦਲ ਮੰਡਰਾਉਣ ਲੱਗੇ। ਕਿੱਸਾ ਇਹ ਸੀ ਕਿ ਸੂਬੇ ਦੇ ਦਾਰਜਿਲਿੰਗ ਅਤੇ ਜਲਪਾਈਗੁੜੀ ਖੇਤਰ ਵਿੱਚ ਚੋਖੀ ਗਿਣਤੀ ਵਿੱਚ ਨੇਪਾਲੀ ਮੂਲ ਦੇ ਗੋਰਖੇ ਆਬਾਦ ਹਨ, ਇਹ ਲੋਕ ਵੀਹਵੀਂ ਸਦੀ ਦੇ ਸ਼ੁਰੂ ਤੋਂ ਹੀ ਬੰਗਾਲ ਤੋਂ ਵੱਖ ਹੋਣ ਦੀ ਮੰਗ ਕਰਦੇ ਆ ਰਹੇ ਸਨ ਪਰ 1980 ਵਿੱਚ ਸੁਭਾਸ਼ ਘੀਸਿੰਗ ਨਾਮੀ ਗੋਰਖੇ ਦੀ ਅਗਵਾਈ ਹੇਠ ਵੱਖਰੇ ਰਾਜ ਦੀ ਮੰਗ ਨੂੰ ਲੈ ਕੇ ਅੰਦੋਲਨ ਵਿੱਢਿਆ ਗਿਆ। ਉਦੋਂ ਸੂਬੇ 'ਚ ਜਯੋਤੀ ਬਾਸੂ ਦੀ ਅਗਵਾਈ ਹੇਠ ਖੱਬੇ ਫਰੰਟ ਦੀ ਸਰਕਾਰ ਸੀ ਜਦ ਕਿ ਕੇਂਦਰ 'ਚ ਮੁੜ ਕਾਂਗਰਸ ਸੱਤਾ 'ਤੇ ਕਾਬਜ਼ ਹੋ ਚੁੱਕੀ ਸੀ। ਅਕਸਰ ਕਾਂਗਰਸ ਉੱਕਦ ਇਸ ਗੋਰਖਾ ਲੈਂਡ ਲਹਿਰ ਨੂੰ ਸ਼ਹਿ ਦੇਣ ਦੇ ਇਲਜ਼ਾਮ ਵੀ ਲਗਦੇ ਰਹੇ ਹਨ। ਅੰਦੋਲਨ ਦੇ ਚਲਦਿਆਂ ਤਕਰੀਬਨ 1200 ਲੋਕ ਮਾਰੇ ਗਏ।

ਆਖਰ ਕਈ ਸਾਲਾਂ ਦੀ ਘੈਂਸ-ਘੈਂਸ ਮਗਰੋਂ 1988 ਵਿੱਚ 'ਦਾਰਜੀਲਿੰਗ ਗੋਰਖਾ ਹਿੱਲ-ਕੌਂਸਲ' ਦੇ ਗਠਨ ਨਾਲ ਇਹ ਅੰਦੋਲਨ ਖ਼ਤਮ ਹੋਇਆ ਤੇ ਸੂਬਾ ਵੰਡੇ ਜਾਣ ਤੋਂ ਬਚ ਗਿਆ। ਅੱਜ ਬੰਗਾਲ (ਜਿਸਦਾ ਸਰਕਾਰੀ ਨਾਮ ਪੱਛਮੀ ਬੰਗਾਲ) ਹੈ, 88752 ਵਰਗ ਕਿਲੋਮੀਟਰ ਦੇ ਰਕਬੇ 'ਤੇ ਸਿਮਟ ਗਿਆ ਹੈ। ਲਗਭਗ ਇੱਕ ਦਰਜਨ ਸੂਬਿਆਂ ਨੂੰ ਜਨਮ ਦੇਣ ਵਾਲਾ ਇਹ ਸੂਬਾ ਰਕਬੇ ਦੇ ਹਿਸਾਬ ਦੇਸ਼ ਦੇ ਸੂਬਿਆਂ 'ਚੋਂ ਤੇਰ੍ਹਵੇਂ ਸਥਾਨ 'ਤੇ ਆਉਂਦਾ ਹੈ। ਜੇਕਰ ਇਸਦੀ ਰਾਜਧਾਨੀ ਕਲਕੱਤੇ ਦੀ ਗੱਲ ਕਰੀਏ ਤਾਂ ਵੱਡਾ ਉੱਜੜਿਆ ਪਿੰਡ ਹੀ ਲਗਦਾ ਹੈ।

# ਚੰਨੋ ਸਕੂਲ ਦੇ

ਚੰਨੋ ਸਕੂਲ ਦੇ,
ਝੰਡੇ ਰਹਿਣ ਝੂਲਦੇ।

ਲਾਕ ਡਾਊਨ ਵੇਲੇ ਇਹਦੀ ਕਲਪ ਦਿੱਤੀ ਕਾਇਆ ਏ।
ਖ਼ਸਤਾ ਸੀ ਹਾਲ ਮਸਾਂ ਲੀਹ ਤੇ ਚੜ੍ਹਾਇਆ ਏ।
ਕੱਢਤੇ ਘੜ੍ਹਿੱਲ ਇਹਦੀ ਹਿੱਲੀ ਹੋਈ ਚੂਲ਼ ਦੇ।
ਚੰਨੋ ਸਕੂਲ ਦੇ,
ਝੰਡੇ ਰਹਿਣ ਝੂਲਦੇ।

ਅੰਦਰ ਤੇ ਬਾਹਰ ਗਰੀਨ ਪਾਰਕ ਬਣਾਇਆ ਏ।
ਵਰਾਂਡਿਆਂ 'ਚ ਸੋਹਣਾ ਬਾਲਾ ਵਰਕ ਕਰਾਇਆ ਏ।
ਜੇਠ ਹਾੜ੍ਹ ਦੇ ਮਹੀਨੇ ਰਹੇ 'ਘਈ' ਜਾਨ ਹੂਲਦੇ।
ਚੰਨੋ ਸਕੂਲ ਦੇ,
ਝੰਡੇ ਰਹਿਣ ਝੂਲਦੇ।

ਸਮਾਟ ਨੇ ਕਲਾਸਾਂ ਨਾਲੇ ਬੱਚੇ ਵੀ ਸਮਾਟ ਨੇ।
ਵਿਸ਼ਾ ਹੋਵੇ ਕੋਈ ਪਹਿਲੀ ਕਿੱਕ ਤੇ ਸਟਾਟ ਨੇ।
ਮੀਡੀਆ ਚ ਲੋਕ ਇਸ ਗੱਲ ਨੂੰ ਕਬੂਲਦੇ।
ਚੰਨੋ ਸਕੂਲ ਦੇ,
ਝੰਡੇ ਰਹਿਣ ਝੂਲਦੇ।

ਪ੍ਰਾਈਵੇਟ ਛੱਡ ਬੱਚੇ ਦਾਖਲਾ ਉਡੀਕਦੇ।
ਭਾਸ਼ਣ ਨੇ ਸੁਣੇ ਜਦੋਂ ਰਾਣੀ,ਨਵਨੀਤ ਦੇ।
ਵਿਆਜ ਪਿਆਰਾ ਹੁੰਦਾ ਕਹਿੰਦੇ ਨਾਲੋਂ ਸਦਾ ਮੂਲ ਦੇ।
ਚੰਨੋ ਸਕੂਲ ਦੇ,
ਝੰਡੇ ਰਹਿਣ ਝੂਲਦੇ।

ਖ਼ੈਰ ਕਰੇ ਰੱਬ ਸਾਰੇ ਸਟਾਫ ਦੀ ਕਮਾਈ ਨੂੰ।
ਨਜ਼ਰਾਂ ਨਾ ਲੱਗ ਜਾਣ ਏਸ ਦੀ ਚੜ੍ਹਾਈ ਨੂੰ।
ਡੇਹਲੇਵਾਲੀਆ ਬੱਸ ਕਰ ਬਹੁਤੀ ਵੀ ਨਾ ਤੂਲ ਦੇ।
ਚੰਨੋ ਸਕੂਲ ਦੇ,
ਝੰਡੇ ਰਹਿਣ ਝੂਲਦੇ।

**– ਜਗਵਿੰਦਰ ਸਿੰਘ ਡੇਹਲੇਵਾਲ਼**
**91-81461-42100**



# 'ਰਮਤਾ ਜੋਗੀ' ਸੂਫੀ ਕਲਾਮ ਨਾਲ ਦਸਤਕ ਦੇ ਰਿਹਾ ਹੈ ਗਾਇਕ ਗੁਰਮੇਜ ਸਹੋਤਾ





**ਸ਼ਾਮ ਚੁਰਾਸੀ, (ਕੁਲਦੀਪ ਚੁੰਬਰ)-** ਦੇਸ਼ ਦੀਆਂ ਹੱਦਾਂ ਸਰਹੱਦਾਂ ਤੇ ਪਹਿਰਾ ਦੇਣ ਦੀ ਸੇਵਾ ਤੋਂ ਸੇਵਾਮੁਕਤ ਹੋਣ ਉਪਰੰਤ ਪ੍ਰਸਿੱਧ ਗਾਇਕ ਗੁਰਮੇਜ ਸਹੋਤਾ ਜਿੱਥੇ ਸਮੇਂ ਸਮੇਂ ਪੰਜਾਬੀ ਕਲਚਰ ਮਾਂ ਬੋਲੀ ਨਾਲ ਸਬੰਧਤ ਗੀਤ ਸਰੋਤਿਆਂ ਦੀ ਝੋਲੀ ਪਾਉਂਦਾ ਆਇਆ ਹੈ ਉੱਥੇ ਹੀ ਹੁਣ ਉਸ ਵਲੋਂ ਇਕ ਬਹੁਤ ਹੀ ਸ਼ਾਨਦਾਰ ਸੂਫੀ ਕਲਾਮ "ਰਮਤਾ ਜੋਗੀ" ਦੇ ਟਾਈਟਲ ਹੇਠ ਸਰੋਤਿਆਂ ਦੇ ਸਨਮੁਖ ਪੇਸ਼ ਕੀਤਾ ਗਿਆ ਹੈ ।

ਇਸ ਟਰੈਕ ਦੀ ਹਾਲ ਹੀ ਵਿਚ ਵੀਡੀਓ ਸ਼ੂਟਿੰਗ ਨਿ-ਵੇਕਲੇ ਅੰਦਾਜ਼ ਵਿਚ ਵ੍ਹਾਈਟ ਨੋਟ ਮਿਊਜ਼ਕ ਕੰਪਨੀ ਦੇ ਬੈਨਰ ਹੇਠ ਵੱਖ ਵੱਖ ਲੋਕੇਸ਼ਨਾਂ ਤੇ ਕੀਤੀ ਗਈ। 'ਰਮਤਾ ਜੋਗੀ' ਆਪਣੇ ਆਪ ਵਿਚ ਇਕ ਸੰਪੂਰਨ ਸੂਫੀ ਕਲਾਮ ਹੈ। ਜਿਸ ਨੂੰ ਗਾਇਕ ਗੁਰਮੇਜ ਸਹੋਤਾ ਨੇ ਆਪਣੀ ਸੁਰੀਲੀ ਆਵਾਜ਼ ਦੇ ਕੇ ਸੰਗੀਤ ਦੀ ਬਕਾਇਦਗੀ ਤੇ ਪਾਕੀਜ਼ਗੀ ਨਾਲ ਨਿਭਾਇਆ ਹੈ।

ਇਸ ਟਰੈਕ ਦੀ ਜਾਣਕਾਰੀ ਦਿੰਦਿਆਂ ਗਾਇਕ ਗੁਰਮੇਜ ਸਹੋਤਾ ਨੇ ਕੁਲਦੀਪ ਚੁੰਬਰ ਨੂੰ ਦੱਸਿਆ ਕਿ ਇਸ ਨੂੰ ਜਿੰਦਾ ਨਾਗੋਕੇ ਨੇ ਕਲਮਬੱਧ ਕੀਤਾ ਹੈ ਜਦਕਿ ਇਸ ਦਾ ਸੰਗੀਤ ਵ੍ਹਾਈਟ ਨੋਟ ਮਿਊਜ਼ਿਕ ਕੰਪਨੀ ਵਲੋਂ ਦਿੱਤਾ ਗਿਆ ਹੈ। ਇਸ ਟਰੈਕ ਦਾ ਵੀਡੀਓ ਦਲਵੀਰ ਭਾਰੋਵਾਲ ਨੇ ਫਿਲਮਾਇਆ ਹੈ । ਟਰੈਕ ਲਈ ਬਿੱਕਰ ਤਿੰਮੋਵਾਲ ਅਤੇ ਭਿੰਦਾ ਤਿੰਮੋਵਾਲ ਸਮੇਤ ਕਈ ਹੋਰ ਸਹਿਯੋਗੀਆਂ ਦਾ ਗਾਇਕ ਗੁਰਮੇਜ ਸਹੋਤਾ ਵਲੋਂ ਧੰਨਵਾਦ ਕੀਤਾ ਗਿਆ ਹੈ। ਗਾਇਕ ਸਹੋਤਾ ਦੀ ਇਸ ਪੇਸ਼ਕਸ਼ 'ਰਮਤਾ ਜੋਗੀ' ਨੂੰ ਸਾਰੇ ਹੀ ਸੂਫ਼ੀ ਦਰਬਾਰਾਂ ਨਾਲ ਪਿਆਰ ਕਰਨ ਵਾਲੀਆਂ ਸੰਗਤਾਂ ਅਥਾਹ ਮੁਹੱਬਤ ਤੇ ਪਿਆਰ ਦੇ ਕੇ ਨਿਵਾਜਣਗੀਆਂ। ਇਹੀ ਆਸ ਉਸ ਵਲੋਂ ਕੀਤੀ ਗਈ ਹੈ । ਆਮੀਨ!




# ਨਹੀਂ ਹੱਕ

"ਨਿਰਧਨ ਕਰਤਾਰਪੁਰੀ"

ਨਹੀਂ ਹੱਕ ਜਿਥੇ ਚਮਨ ਵਿਚ ਫੁੱਲਾਂ ਨੂੰ ਮੁਸਕਰਾਉਣ ਦਾ,
ਮਰ ਜਾਵੇ ਉਹ ਸ਼ਰਮ ਵਿਚ, ਮਾਲੀ ਗੁ਼ਲਸਤਾਨ ਦਾ
ਚਰਚਾ ਹੈ ਸਾਰੇ ਜੱਗ ਤੇ ,ਮੇਰੇ ਦੇਸ਼ ਮਹਾਨ ਦਾ
ਹੜਤਾਲ, ਮੁਜ਼ਾਹਰੇ, ਰੋਜ਼ ਭੜਕਾਊ&; ਨਾਅਰੇ ਲਾਉਣ ਦਾ
ਕੋਈ ਹੱਲ ਕੱਢੋ ਦੋਸਤੋ , ਇਸ ਦੇਸ਼ ਨੂੰ ਬਚਾਉਣ ਦਾ
ਗੁਲਾਮ ਮਿਹਨਤਕਸ਼ ਹੈ, ਮੇਰੇ ਦੇਸ਼ ਮਹਾਨ ਦਾ ।
ਆਜ਼ਾਦ ਹੋਇਆ ਦੇਸ਼ ਨੂੰ ,ਤਹਤ੍ਰਵਾ ਇਹ ਸਾਲ ਹੈ
ਹਾਲੇ ਵੀ ਨੌਕਰ ਮਾਲਕਾਂ ਚ, ਵਿਤਕਰਾ ਵਿਸ਼ਾਲ ਹੈ
ਰਖਣਾ ਦਬਾ ਕੇ ਮਾੜਿਆਂ ਨੂੰ ,ਤਗੜਿਆਂ ਦੀ ਚਾਲ ਹੈ
ਦਿਨ ਰਾਤ ਮਿਹਨਤ ਕਰਨ ਤੇ, ਮਜ਼ਦੂਰ ਦਾ ਇਹ ਹਾਲ ਹੈ
ਕਾਮਾ ਹੈ ਭੁੱਖਾ ਮਰ ਰਿਹਾ , ਵਿਹਲੜ ਹੈ ਮੌਜਾ ਮਾਣਦਾ
ਗੁਲਾਮ ਮਿਹਨਤਕਸ਼ ਹੈ ,ਮੇਰੇ ਦੇਸ਼ ਮਹਾਨ ਦਾ ।
ਸੋਚਿਆ ਸੀ ਹੋਰ, ਤੇ ਕੁਝ ਹੋਰ ਬਣਦਾ ਜਾ ਰਿਹਾ
ਬਾੜ ਖ਼ਾ ਗਈ ਖੇਤ ,ਰਾਖਾ ਚੋਰ ਬਣਦਾ ਜਾ ਰਿਹਾ
ਇਨਸਾਫ਼ ਤੇ ਕਾਨੂੰਨ, ਰਿਸ਼ਵਤਖੋਰ ਬਣਦਾ ਜਾ ਰਿਹਾ
ਨਿੱਘਾ ਸੁਆਗਤ ਹੋ ਰਿਹਾ ਹੈ, ਮੰਤਰੀਆਂ ਦੇ ਆਉਣ ਦਾ
ਗੁਲਾਮ ਮਿਹਨਤ-ਕਸ਼ ਹੈ,ਮੇਰੇ ਦੇਸ਼ ਮਹਾਨ ਦਾ ।
ਬੇਬਸੀ ਦੀ ਲਾਸ਼ ਤੇ , ਕਲਪਨਾ ਦੇ ਵੈਣ ਹੈ
ਬੇਰੋਜਗਾਰੀ ਦੋਸਤੋ , ਲਹੂ ਪੀਣੀ ਡੈਣ ਹੈ
ਰੋਜ਼ਗਾਰ ਦਫਤਰ ਵਾਲਿਆਂ , ਅਫਸਰਾਂ ਦਾ ਕਹਿਣ ਹੈ
ਮੁੱਖ ਸਕੱਤਰ ਵੱਲੋਂ ਪੱਕਾ, ਨੌਕਰੀਆਂ ਤੇ ਬੈਨ ਹੈ
ਪੈ ਗਿਆ ਹੈ ਭੁੱਸ ਮਿੱਠਾ , ਸਭ ਨੂੰ ਵੱਢੀ ਖਾਣ ਦਾ
ਗੁਲਾਮ ਮਿਹਨਤ ਕਸ਼ ਹੈ ਮੇਰੇ ਦੇਸ਼ ਦਾ।
ਜਿਸ ਦੇ ਪਸੀਨੇ ਨਾਲ, ਟੂਬਾਂ ਤੇ ਲਾਟੂ ਜਲ ਰਹੇ
ਮੋਟਰਾਂ ਤੇ ਰੇਲ ਮਿੱਲਾਂ, ਕਾਰਖ਼ਾਨੇ ਚੱਲ ਰਹੇ
ਸਦਕੇ ਜਿਨ੍ਹਾਂ ਦੇ ਸਿਦਕ ਤੇ , ਵਜ਼ੀਰਾਂ ਦੇ ਟੱਬਰ ਪਲ ਰਹੇ&;
ਦੇਸ਼ ਅਤੇ ਕੌਮ ਲਈ , ਜੋ ਸਿਰ ਤੇ ਮੁਸੀਬਤ ਝੱਲ ਰਹੇ
ਨਿਰਧਨ ਪੈਰੋਕਾਰ ਹੈ, ਉਹਨਾਂ ਦੇ ਐਲਾਨ ਦਾ
ਗੁਲਾਮ ਮਿਹਨਤਕਸ਼ ਹੈ, ਮੇਰੇ ਦੇਸ਼ ਮਹਾਨ ਦਾ ।

# ਉਹ ਧਰਤੀ ਭੁਲਾ ਆਏ

ਆਜ਼ਾਦ ਜਲੰਧਰੀ



ਅਸੀਂ ਜੰਮੇ ਪਲੇ ਜਿੱਥੇ ਸੀ ਉਹ ਧਰਤੀ ਭੁਲਾ ਆਏ
ਮੁਹੱਬਤ ਪਿਆਰ ਵਤਨਾਂ ਦਾ ਤੇ ਸਭ ਸਾਂਝਾਂ ਮੁਕਾ ਆਏ
ਬੱਸ ਐਨਾ ਰਹਿ ਗਿਆ ਸਾਡਾ ਵਤਨ ਦੇ ਨਾਲ ਹੁਣ ਰਿਸ਼ਤਾ
ਵਰ੍ਹੀਂ ਸਾਲੀਂ ਕਿਤੇ ਬੱਚਿਆਂ ਨੂੰ ਪਿੰਡ ਆਪਣਾ ਦਿਖਾ ਆਏ
ਮਹੱਲਾਂ ਜਹੇ ਨੇ ਘਰ ਸਾਡੇ ਜੋ ਲੋਕਾਂ ਨੇ ਸਮ੍ਹਾਲੇ ਨੇ
ਘਰਾਂ ਦੇ ਦੁਸ਼ਮਣਾਂ ਨੂੰ ਘਰਾਂ ਦੀ ਰਾਖੀ ਬਿਠਾ ਆਏ
ਜਿਨ੍ਹਾਂ ਵਿਚ ਮਿਹਨਤਾਂ ਕਰਕੇ ਬਜ਼ੁਰਗਾਂ ਪਾਲਿਆ ਸਾਨੂੰ
ਅਸੀਂ ਉਹ ਭੰਗ ਦੇ ਭਾੜੇ ਨਿਸ਼ਾਨੀ ਵੀ ਲੁਟਾ ਆਏ
ਬੱਸ ਐਨੀ ਰਹਿ ਗਈ ਸਾਡੀ ਵਤਨ ਵਿਚ ਹੁਣ ਜ਼ਿਮੀਂਦਾਰੀ
ਕਿਰਾਏ ਲਈ ਰਹਿਣ ਰੱਖੀਆਂ ਜ਼ਮੀਨਾਂ ਹਾਂ ਛੁਡਾ ਆਏ
ਜੇ ਡਾਲਰ ਨੇ ਤਾਂ ਜ਼ਰਬਾਂ ਨੇ ਰੁਪਈਐ ਨੇ ਤਾਂ ਤਕਸੀਮਾਂ
ਕਦੇ ਰੋਕੜ ਵਧਾ ਆਏ ਕਦੇ ਰੋਕੜ ਘਟਾ ਆਏ
ਵਤਨ ਦੇ ਦੋਸਤਾਂ ਨਾਲ ਰਹਿ ਗਈ ਹੁਣ ਦੋਸਤੀ ਐਨੀ
ਕਦੇ ਚਾਹ ਪੀ ਲਈ ਬਹਿ ਕੇ ਯਾ ਦੋ ਫੋਟੋ ਖਿਚਾ ਆਏ
ਖਿਆਲਾਂ ਵਿਚ ਵੀ ਹੁਣ ਸਾਡੇ ਹਨ੍ਹੇਰਾ ਈ ਹਨ੍ਹੇਰਾ ਏ
ਅਸੀਂ ਵਤਨਾਂ ਦੀਆਂ ਯਾਦਾਂ ਦੇ ਸਭ ਦੀਵੇ ਬੁਝਾ ਆਏ
ਕਦੀ ਪਰਤੇ ਵੀ ਜੇ 'ਆਜ਼ਾਦ' ਵਤਨੀਂ ਬਹਿਣਗੇ ਕਿੱਥੇ
ਜੋ ਰੁੱਖ ਮਮਤਾ ਦੀਆਂ ਛਾਵਾਂ ਦੇ ਨੇ ਹੱਥੀਂ ਜਲਾ ਆਏ।
ਨਹੀਂ ਹੱਕ ਜਿਥੇ ਚਮਨ ਵਿਚ ਫੁੱਲਾਂ ਨੂੰ ਮੁਸਕਰਾਉਣ ਦਾ,
ਮਰ ਜਾਵੇ ਉਹ ਸ਼ਰਮ ਵਿਚ, ਮਾਲੀ ਗੁ਼ਲਸਤਾਨ ਦਾ
ਚਰਚਾ ਹੈ ਸਾਰੇ ਜੱਗ ਤੇ, ਮੇਰੇ ਦੇਸ਼ ਮਹਾਨ ਦਾ
ਹੜਤਾਲ, ਮੁਜ਼ਾਹਰੇ, ਰੋਜ਼ ਭੜਕਾਊ ਨਾਅਰੇ ਲਾਉਣ ਦਾ
ਕੋਈ ਹੱਲ ਕੱਢੋ ਦੋਸਤੋ, ਇਸ ਦੇਸ਼ ਨੂੰ ਬਚਾਉਣ ਦਾ
ਗੁਲਾਮ ਮਿਹਨਤਕਸ਼ ਹੈ, ਮੇਰੇ ਦੇਸ਼ ਮਹਾਨ ਦਾ ।
ਆਜ਼ਾਦ ਹੋਇਆ ਦੇਸ਼ ਨੂੰ, ਤਹਤ੍ਰਵਾ ਇਹ ਸਾਲ ਹੈ।

# ਪੰਜਾਬੀ ਬੋਲੀ

ਤੂੰ ਕੌਣ ਐਂ ਮਾਈ? ਮੈਂ ਪੰਜਾਬੀ ਬੋਲੀ
ਮਲਿਕਾ -ਏ-ਹੁਸਨ ਪੰਜਾਬ ਦੀ ਜਾਈ।

ਚਲਦਾ ਸੀ ਸਿੱਕਾ ਧਰਤ ਤੇ ਪਰ ਹੁਣ ਅਧਮੋਈ,
ਆਪਣਿਆਂ ਨੇ ਰੋਲ ਤਾ, ਭਵਿੱਖ ਦਿਸੇ ਨਾ ਬਾਈ।

47 ਵਿੱਚ ਅਧਰੰਗ ਨੇ ਅੱਧਾ ਪਾਸਾ ਖੋਇਆ,
ਇਹ ਪੰਜਾਬ ਤੇ ਉਹ ਪੰਜਾਬ ਭੁੱਬਾਂ ਮਾਰ ਸੀ ਰੋਇਆ।

ਨਾਲੇ ਰੋਇਆ ਹਾਸ਼ਮ, ਕਾਦਰ, ਬੁਲ੍ਹੇ ਸ਼ਾਹ,ਫਰੀਦ,
ਗ਼ਲ ਲੱਗ ਬਾਬੇ, ਪੀਰ ਦੇ, ਰੋਏ ਸਨ ਮੁਰੀਦ

ਹੁਣ ਲੱਗੀ ਮੈਨੂੰ ਲਾਗ ਜਿਉਂ, ਜਿਵੇਂ ਹੋਇਆ ਕਰੋਨਾ,
ਖਾ ਗਈ ਚੀਨੀ, ਫਰੈਂਚ ਤੇ ਜਰਮਨੀ, ਅੱਖਰ ਮੇਰਾ ਸੋਨਾ


ਵਿਦੇਸ਼ੀ ਮੰਡੀ ਵੇਚਤਾ, ਕਹਿ ਕੇ ਅਣਜਾਣੀ,
ਦੱਸ ਕੀਹਦੇ ਬੂਹੇ ਬੈਠ ਜਾਏ? ਪੰਜਾਬੀ ਮਰਜਾਣੀ

35 ਅੱਖਰ ਛੱਡ ਕੇ ਪਿੱਛੇ ਲੱਗੇ 26
ਘਾਟੇ ਦਾ ਸੌਦਾ ਹਾਕਮਾਂ, ਕਿੱਥੇ 35 ਕਿੱਥੇ 26

-ਹਰਜਿੰਦਰ ਸਿੰਘ

91-78892-90550

# ਨੰਨ੍ਹੀ ਪਰੀ



ਸਾਰੇ ਚਿਹਰਿਆਂ ਨੂੰ ਓਪਰਾ ਹੈ ਝਾਕਦੀ,
ਕੌਣ ਕੌਣ ਮੇਰਾ ਏ ਪਛਾਣੇ ਜਾਪਦੀ,
ਲੱਗੇ ਹਾਲੇ ਥੋੜ੍ਹੀ ਘਬਰਾਈ ਪਰੀ ਜੀ,
ਸਾਡੇ ਘਰੇ ਆਈ ਅੱਜ ਨੰਨੀ ਪਰੀ&; ਜੀ।

ਮਾਸੀਆਂ ਖੁਸ਼ੀ ਦੇ ਵਿੱਚ ਹੋਈਆਂ ਖੀਵਿਆਂ,
ਧੀ ਆਈ ਵਿਹੜੇ ਰੌਸ਼ਨੀਆਂ ਦੀਵਿਆਂ।
ਖੂਬ ਨਾਲ ਰੌਣਕਾਂ ਲਿਆਈ ਪਰੀ ਜੀ,
ਸਾਡੇ ਘਰੇ ਆਈ ਅੱਜ ਨੰਨੀ ਪਰੀ ਜੀ।

ਨਾਮ ਅਸੀਂ ਰੱਖਿਆ ਇਬਾਦਤ ਕੌਰ ਹੈ,
ਉਹਦੇ ਆਉਣ ਨਾਲ ਬਣੀ ਪਈ ਟੌਹਰ ਹੈ,
ਮਾਸੀ ਮਾਸੀ ਕਹਿਣ ਸਾਰੇ ਨੰਨ੍ਹੀ ਪਰੀ ਦੀ,
ਸਾਡੇ ਘਰੇ ਆਈ ਅੱਜ ਨੰਨੀ ਪਰੀ ਜੀ।

ਬੱਚਿਆਂ ਦੇ ਨਾਲ ਦੁਨੀਆਂ ਇਹ ਫੱਬਦੀ,
ਧੀਆਂ ਪੁੱਤ ਇੱਕੋ ਜਿਹੇ ਦੇਣ ਰੱਬ ਦੀ,
ਰਾਜਨ ਨੇ ਕੀਤੀ ਪੂਰੀ ਗੱਲ ਖਰੀ ਜੀ,
ਸਾਡੇ ਘਰੇ ਆਈ ਅੱਜ ਨੰਨੀ ਪਰੀ ਜੀ।



- ਰਾਜਨਦੀਪ ਕੌਰ ਮਾਨ
91-62393-26166



# ਯੂਨੈਸਕੋ (UNESCO) ਅਤੇ ਭਾਰਤ ਵਿੱਚ ਮੌਜੂਦ ਵਿਸ਼ਵ ਧਰੋਹਰ



ਵਿਨੋਦ ਕੁਮਾਰ ਖੰਨਾ
(6239600623)

ਸੰਯੁਕਤ ਰਾਸ਼ਟਰ ਸਿੱਖਿਅਕ, ਵਿਗਿਆਨਕ, ਅਤੇ ਸੰਸਕ੍ਰਿਤਕ ਸੰਗਠਨ ਸੰਯੁਕਤ ਰਾਸ਼ਟਰ ਦੀ ਇੱਕ ਵਿਸ਼ੇਸ਼ ਏਜੰਸੀ ਹੈ। ਇਸ ਦਾ ਕੰਮ ਸਿੱਖਿਆ, ਵਿਗਿਆਨ ਅਤੇ ਸੰਸਕ੍ਰਿਤੀ ਦੇ ਖੇਤਰ ਵਿੱਚ ਅੰਤਰਰਾਸ਼ਟਰੀ ਸਹਿਯੋਗ ਰਾਹੀਂ ਸ਼ਾਂਤੀ ਸਥਾਪਿਤ ਕਰਨ ਲਈ ਯਤਨ ਕਰਨਾ ਹੈ। ਯੂਨੈਸਕੋ ਦਾ ਮੁੱਖ ਦਫ਼ਤਰ ਪੈਰਿਸ ਵਿੱਚ ਹੈ ਅਤੇ ਸੰਸਾਰ ਵਿੱਚ ਇਸਦੇ 50 ਤੋਂ ਵੱਧ ਖੇਤਰੀ ਦਫ਼ਤਰ ਹਨ ।

193 ਦੇਸ਼ ਇਸਦੇ ਮੈਂਬਰ ਹਨ। ਸਾਲ 1942 ਵਿੱਚ ਦੂਜੇ ਵਿਸ਼ਵ ਯੁੱਧ ਦੌਰਾਨ ਧੁਰੀ ਰਾਸ਼ਟਰਾਂ ਦਾ ਸਾਹਮਣਾ ਕਰ ਰਹੇ ਯੂਰਪੀ ਦੇਸ਼ਾਂ ਨੇ ਯੂਨਾਇਟੇਡ ਕਿੰਗਡਮ ਵਿੱਚ ਕਾਨਫਰੰਸ ਆਫ ਅਲਾਈਡ ਮਿਨਿਸਟਰਸ ਆਫ ਐਜੂਕੇਸ਼ਨ ਛਓਓ ਦਾ ਆਯ-ਜਨ ਕੀਤਾ ਸੀ। ਦੇ ਪ੍ਰਸਤਾਵ ਦੇ ਆਧਾਰ ਤੇ ਇੱਕ ਸਿੱਖਿਅਕ ਅਤੇ ਸੰਸਕ੍ਰਿਤਕ ਸੰਗਠਨ ਦੀ ਸਥਾਪਨਾ ਦੇ ਲਈ ਨਵੰਬਰ 1945 ਵਿੱਚ ਲੰਡਨ ਵਿੱਚ ਸੰਯੁਕਤ ਰਾਸ਼ਟਰ ਸੰਮੇਲਨ ਬੁਲਾਇਆ ਗਿਆ ਸੀ । ਸੰਮੇਲਨ ਦੇ ਅੰਤ ਵਿੱਚ 16 ਨਵੰਬਰ 1945 ਨੂੰ ਯੂਨੈਸਕੋ ਦੀ ਸਥਾਪਨਾ ਕੀਤੀ ਗਈ ਸੀ। ਯੂਨੈਸਕੋ ਦੇ ਜਨਰਲ ਕਾਨਫਰੰਸ ਦਾ ਪਹਿਲਾ ਸਤਰ ਸਾਲ 1946 ਵਿੱਚ ਨਵੰਬਰ-ਦਸੰਬਰ ਦੇ ਦੌਰਾਨ ਪੈਰਿਸ ਵਿੱਚ ਆਯੋਜਿਤ ਕੀਤਾ ਗਿਆ ਸੀ।


ਯੂਨੈਸਕੋ ਦੇ ਬਹੁਤ ਸਾਰੇ ਕੰਮਾਂ ਵਿੱਚੋਂ ਇੱਕ ਕੰਮ ਅੰਤਰ ਰਾਸ਼ਟਰੀ ਮਹੱਤਵ ਦੀ ਸੰਸਕ੍ਰਿਤਕ ਧ੍ਰੋਹਰਾਂ ਦੀ ਰੱਖਿਆ ਕਰਨਾ ਹੈ। ਇਸ ਉਦੇਸ਼ ਲਈ ਯੂਨੈਸਕੋ ਦੇ ਕਾਨੂੰਨ ਅਤੇ ਸੰਧੀਆਂ ਹਨ, ਜੋ ਵੱਖ-ਵੱਖ ਦੇਸ਼ਾਂ ਵਿੱਚ ਸੰਸਕ੍ਰਿਤਕ ਮਹੱਤਵ ਵਾਲੇ ਸਥਾਨ ਨੂੰ ਅੰਤਰਰਾਸ਼ਟਰੀ ਪੱਧਰ ਦਾ ਘੋਸ਼ਿਤ ਕਰਕੇ ਉਸਦੀ ਰੱਖਿਆ ਲਈ ਨਿਯਮ ਨਿਰਧਾਰਿਤ ਕਰਦੇ ਹਨ।

ਸੰਸਾਰ ਦੇ 167 ਦੇਸ਼ਾਂ ਵਿੱਚ ਵਿਸ਼ਵ ਵਿਰਾਸਤ ਸਥਾਨਾਂ ਦੀ ਗਿਣਤੀ 1121 ਹੈ । ਭਾਰਤ ਵਿੱਚ ਹੁਣ ਤੱਕ 38 ਵਿਸ਼ਵ ਵਿਰਾਸਤ ਸਥਾਨ ਹਨ, ਜਿਸ ਵਿੱਚ 30 ਸੰਸਕ੍ਰਿਤਕ, 7 ਕੁਦਰਤੀ ਅਤੇ 1 ਮਿਸ਼ਰਿਤ ਸਥਾਨ ਹੈ। ਭਾਰਤ ਵਿੱਚ ਯੂਨੈਸਕੋ ਦੇ ਵਿਸ਼ਵ ਧਰੋਹਰ ਸਥਾਨਾਂ ਦੀ ਸੂਚੀ ਇਸ ਪ੍ਰਕਾਰ ਹੈ -

ਸੰਸਕ੍ਰਿਤਕ ਸਥਾਨ (30) -

ਸਭ ਤੋਂ ਪਹਿਲਾਂ ਭਾਰਤ ਵਿੱਚ ਸਾਲ 1983 ਵਿੱਚ ਚਾਰ ਸਥਾਨਾਂ ਨੂੰ ਵਿਸ਼ਵ ਧਰੋਹਰ ਵਜੋਂ ਸ਼ਾਮਿਲ ਕੀਤਾ ਗਿਆ। ਇਹਨਾਂ ਵਿੱਚ-





1. ਅਜੰਤਾ ਦੀਆਂ ਗੁਫ਼ਾਵਾਂ (ਮਹਾਰਾਸ਼ਟਰ) ਆਉਂਦੀਆਂ ਹਨ। ਇਹਨਾਂ ਗੁਫ਼ਾਵਾਂ ਦਾ ਸੰਬੰਧ ਬੁੱਧ ਧਰਮ ਨਾਲ ਹੈ। ਲਗਭਗ 29 ਚੱਟਾਨਾਂ ਨੂੰ ਕੱਟ ਕੇ ਬਣਾਇਆ ਗਿਆ ਬੋਧ ਸਮਾਰਕ ਵਿਸ਼ੇਸ਼ ਵਰਨਣਯੋਗ ਹੈ ।
2. ਅਲੋਰਾ ਦੀਆਂ ਗੁਫ਼ਾਵਾਂ (ਮਹਾਰਾਸ਼ਟਰ) ਵੀ 1983 ਵਿੱਚ ਵਿਸ਼ਵ ਧਰੋਹਰ ਸੂਚੀ ਵਿੱਚ ਸ਼ਾਮਿਲ ਕੀਤੀਆਂ ਗਈਆਂ। ਇਹਨਾਂ ਦਾ ਨਿਰਮਾਣ ਰਾਸ਼ਟਰਕੂਟ ਵੰਸ਼ ਦੇ ਸ਼ਾਸ਼ਕਾਂ ਦੁਆਰਾ ਕਰਵਾਇਆ ਗਿਆ। ਏਥੇ ਲਗਭਗ 34 ਗੁਫ਼ਾਵਾਂ ਹਨ । ਇਹਨਾਂ ਵਿੱਚ ਹਿੰਦੂ, ਬੋਧ ਅਤੇ ਜੈਨ ਮੰਦਿਰ ਬਣੇ ਹੋਏ ਹਨ ।
3. ਤਾਜ ਮਹਿਲ (ਉੱਤਰ ਪ੍ਰਦੇਸ਼) ਮੁਮਤਾਜ ਦੀ ਯਾਦ ਵਿੱਚ ਸ਼ਾਹਜਹਾਂ ਦੁਆਰਾ ਬਣਾਇਆ ਗਿਆ। ਚਿੱਟੇ ਸੰਗਮਰਮਰ ਦੀ ਬਣੀ ਇਹ ਇਮਾਰਤ ਦੇਖਣਯੋਗ ਹੈ।
4. ਆਗਰੇ ਦਾ ਕਿਲ੍ਹਾ (ਉੱਤਰ ਪ੍ਰਦੇਸ਼) - ਭਾਰਤ ਦਾ ਸਭ ਤੋਂ ਮਹੱਤਵਪੂਰਨ ਕਿਲ੍ਹਾ ਹੈ। ਮੁਗ਼ਲ ਸਮਰਾਟ ਬਾਬਰ , ਹਮਾਯੂੰ, ਅਕਬਰ , ਜਹਾਂਗੀਰ, ਸ਼ਾਹਜਹਾਂ ਅਤੇ ਔਰੰਗਜੇਬ ਏਥੇ ਰਿਹਾ ਕਰਦੇ ਸਨ
5. ਸੂਰਜ ਮੰਦਿਰ ਜਾਂ ਸੂਰਯ ਮੰਦਿਰ, ਕੋਨਾਰਕ(ਉੜੀਸਾ) ਸੂਰਜਦੇਵ ਨੂੰ ਸਮਰਪਿਤ ਸੀ, ਜਿਸਨੂੰ ਸਥਾਨਕ ਲੋਕ ਬਿਰੰਚੀ-ਨਾਰਾਇਣ ਕਿਹਾ ਕਰਦੇ ਸਨ। ਇਸਨੂੰ 1984 ਵਿੱਚ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ।
6. ਮਹਾਂਬਲੀਪੁਰਮ ਸਮਾਰਕਾਂ ਦਾ ਸਮੂਹ(ਪੰਚ ਰੱਥ, ਸ਼ੋਰ ਮੰਦਿਰ, ਅਰਜੁਨਸ ਪੇਨੇਨਸ ਜਾਂ ਗੰਗਾਵਤਰਨ ਗੁਫ਼ਾ ਮੰਦਿਰ ਆਦਿ (ਤਮਿਲਨਾਡੂ) ਵੀ ਵਿਸ਼ਵ ਧਰੋਹਰ ਵਿੱਚ ਸ਼ਾਮਿਲ ਹੈ, ਜਿਸਨੂੰ ਸਾਲ 1984 ਵਿੱਚ ਸੂਚੀ ਵਿੱਚ ਸ਼ਾਮਿਲ ਕੀਤਾ।
7. ਗੋਆ ਦੇ ਗਿਰਿਜਾਘਰ ਅਤੇ ਕਾਨਵੈਂਟ ਨੂੰ ਸਾਲ 1986 ਵਿੱਚ ਵਿਸ਼ਵ ਧਰੋਹਰ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ।
8. ਖਜੂਰਹੋ-ਸਮਾਰਕਾਂ ਦਾ ਸਮੂਹ (ਹਿੰਦੂ ਅਤੇ ਜੈਨ ਸਮੂਹ ਦੇ ਮੰਦਿਰ ਜਿਸ ਵਿੱਚ ਸ਼ਾਮਿਲ ਹਨ, ਕੰਦਰੀਆ ਮਹਾਂਦੇਵ ਮੰਦਿਰ, ਵਿਸ਼ਵਨਾਥ ਮੰਦਿਰ, ਲਛਮਣ ਮੰਦਿਰ, ਚੌਂਹਠ ਯੋਗੀਨੀ ਮੰਦਿਰ ਹਿੰਦੂ ਸਮੂਹ ਦੇ ਮੰਦਿਰ ਹਨ ਅਤੇ ਪਾਰਸ਼ਵਨਾਥ , ਆਦਿਨਾਥ ਅਤੇ ਸ਼ਾਂਤੀਨਾਥ ਆਦਿ ਜੈਨ ਸਮੂਹ ਦੇ ਮੰਦਿਰ ਹਨ । ਇਹ ਮੱਧ ਪ੍ਰਦੇਸ਼ ਵਿੱਚ ਆਉਂਦੇ ਹਨ । ਇਸਨੂੰ 1986 ਵਿੱਚ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ ।
9. ਫ਼ਤਹਿਪੁਰ ਸਿਕਰੀ , ਜੋ ਕਿ ਉੱਤਰ ਪ੍ਰਦੇਸ਼ ਵਿੱਚ ਆਉਂਦਾ ਹੈ, ਨੂੰ ਵੀ ਸਾਲ 1986 ਵਿੱਚ ਵਿਸ਼ਵ ਧਰੋਹਰ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ।
10. ਹੰਪੀ ਦੇ ਸਮਾਰਕਾਂ ਦੇ ਸਮੂਹ (ਵਿਰੁਪਾਕਸ਼ ਮੰਦਿਰ, ਲੱਛਮੀ ਨਰਸਿਮਹਾ ਮੰਦਿਰ, ਹੇਮਕੁੰਟ ਸਮੂਹ ਦੇ ਮੰਦਿਰ ਅਚਯੂਤਆਰੀਆ ਮੰਦਿਰ, ਵਿਠਲ ਮੰਦਿਰ, ਹਜਾਰਾ ਰਾਮ, ਲੋਟਸ (ਕਮਲ) ਮਹਿਲ ਆਦਿ ਨੂੰ ਸਾਲ 1986 ਵਿੱਚ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ । ਇਹ ਸਥਾਨ ਕਰਨਾਟਕ ਵਿੱਚ ਹਨ ।
11. ਸਾਲ 1987 ਵਿੱਚ ਐਲੀਫੈਂਟਾ ਦੀ ਗੁਫ਼ਾਵਾਂ ਨੂੰ ਵਿਸ਼ਵ ਧਰੋਹਰ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ। ਇਹ ਸਥਾਨ ਮਹਾਂਰਾਸ਼ਟਰ ਵਿੱਚ ਹੈ।
12. ਸਾਲ 1987 ਵਿੱਚ ਹੀ ਪੱਟਟਦਕਲ ਸਮਾਰਕਾਂ ਦੇ ਸਮੂਹ (9 ਹਿੰਦੂ, 1 ਜੈਨ ਮੰਦਿਰ ਜਿਸ ਵਿੱਚ ਵਿਰੁਪਾਕਸ਼ ਮੰਦਿਰ ਅਤੇ ਪਾਪਨਾਥ ਮੰਦਿਰ ਆਦਿ ਸ਼ਾਮਿਲ ਹਨ), ਨੂੰ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ। ਇਹ ਸਥਾਨ ਕਰਨਾਟਕ ਵਿੱਚ ਹੈ ।
13. ਇਸੇ ਤਰ੍ਹਾਂ ਸਾਲ 1987 ਵਿੱਚ ਹੀ ਵਿਰਧ ਚੋਲ ਮੰਦਿਰਾਂ ਦੇ ਸਮੂਹ (ਬ੍ਰਿਹਦੇਸ਼ਵਰ ਮੰਦਿਰ, ਤੰਜਾਵੂਰ ਇਰਾਵਤੇਸ਼ਵਰ ਮੰਦਿਰ, ਦਾਰਾਸੂਰਮ) ਨੂੰ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ। ਇਹ ਸਥਾਨ ਤਮਿਲਨਾਡੂ ਵਿੱਚ ਹੈ ।
14. ਬੋਧ ਸਮਾਰਕ, ਸਾਂਚੀ ਮੱਧ ਪ੍ਰਦੇਸ਼ (ਮਹਾਨ ਸਤੂਪ, ਅਸ਼ੋਕ ਸਤੰਭ, ਸ਼ੁੰਗ ਸਤੰਭ, ਸਾਤਵਾਹਨ ਕਾਲ ਦੇ ਸ਼੍ਰੀ ਸਤਕਰਨੀ ਸ਼ਿਲਾਲੇਖ) ਅਤੇ ਕਈ ਹੋਰ ਸਤੰਭਾਂ ਨੂੰ ਸਾਲ 1989 ਵਿੱਚ ਯੂਨੈਸਕੋ ਦੁਆਰਾ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ ਸੀ।
15. ਇਸ ਲੜੀ ਵਿੱਚ 1993 ਨੂੰ ਹਮਾਯੂੰ ਦੇ ਮਕਬਰੇ (ਦਿੱਲੀ) ਨੂੰ ਵਿਸ਼ਵ ਧਰੋਹਰ ਦੀ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ।
16. 1993 ਵਿੱਚ ਹੀ ਕੁਤਬਮੀਨਾਰ ਅਤੇ ਇਸ ਦੇ ਨਾਲ ਜੁੜੇ ਹੋਰ ਸਮਾਰਕਾਂ (ਦਿੱਲੀ) ਨੂੰ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ।
17. ਸਾਲ 1999 ਵਿੱਚ ਦਾਰਜਲਿੰਗ ਹਿਮਾਲਿਆ ਰੇਲ ਮਾਰਗ (ਪੱਛਮੀ ਬੰਗਾਲ) ਜੋ ਕਿ ਮਾਉਂਟੇਨ ਰੇਲਵੇਜ਼ ਆਫ ਇੰਡੀਆ ਦੇ ਅੰਤਰਗਤ ਆਉਂਦਾ ਹੈ , ਨੂੰ ਯੂਨੈਸਕੋ ਨੇ ਸੂਚੀ ਵਿੱਚ ਸ਼ਾਮਿਲ ਕੀਤਾ ਹੈ।
18. ਬੋਧਗਯਾ (ਬਿਹਾਰ) ਦੇ ਮਹਾਂਬੋਧ ਮੰਦਿਰ ਪਰਿਸਰ ਨੂੰ ਸਾਲ 2002 ਵਿੱਚ ਇਸ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ।
19. ਸਾਲ 2003 ਵਿੱਚ ਭੀਮਬੇਟਕਾ ਦੇ ਰੋਕ ਸ਼ੈਲਟਰ (ਮੱਧ ਪ੍ਰਦੇਸ਼) ਨੂੰ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ।
20. ਸਾਲ 2004 ਵਿੱਚ ਛਤਰਪਤੀ ਸ਼ਿਵਾਜੀ ਟਰਮਿਨਸ ਜਾਂ ਵਿਕਟੋਰੀਆ ਟਰਮਿਨਸ, ਮੁੰਬਈ (ਮਹਾਂਰਾਸ਼ਟਰ) ਨੂੰ ਸੂਚੀ ਵਿੱਚ ਥਾਂ ਦਿੱਤੀ ਗਈ।
21. ਸਾਲ 2004 ਵਿੱਚ ਹੀ ਚੰਪਾਨੇਰ-ਪਾਵਾਗੜ ਪੁਰਤਤਵਿਕ ਪਾਰਕ (ਗੁਜਰਾਤ) ਨੂੰ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ।

2005 ਵਿੱਚ ਨੀਲਗਿਰੀ ਮਾਉਂਟੇਨ ਰੇਲਵੇ ਜੋ ਕਿ ਮਾਊਂਟੇਨ ਰੇਲਵੇਜ਼ ਆਫ ਇੰਡੀਆ ਦੇ ਅੰਤਰਗ, ਨੂੰ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ।

22. ਸਾਲ 2007 ਵਿੱਚ ਲਾਲ ਕਿਲ੍ਹਾ ਪਰਿਸਰ (ਦਿੱਲੀ) ਨੂੰ ਸੂਚੀ ਵਿੱਚ ਥਾਂ ਮਿਲੀ।

* 2008 ਵਿੱਚ ਕਾਲਕਾ-ਸ਼ਿਮਲਾ ਰੇਲ ਮਾਰਗ (ਹਿਮਾਚਲ ਪ੍ਰਦੇਸ਼) ਨੂੰ ਵੀ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ ।

23. ਸਾਲ 2010 ਵਿੱਚ ਜੰਤਰ-ਮੰਤਰ , ਜੈਪੁਰ (ਰਾਜਸਥਾਨ) ਨੂੰ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ ।
24. ਸਾਲ 2013 ਵਿੱਚ ਰਾਜਸਥਾਨ ਦੇ ਛੇ ਪਹਾੜੀ ਦੁਰਗ - ਚਿਤੌੜਗੜ੍ਹ , ਰਣਥੰਭੋਰ ਜੈਸਲਮੇਰ, ਕੁੰਭਲਗੜ ਅੰਬਰ, ਗਾਗਰੋਨ ਨੂੰ ਸੂਚੀ ਵਿੱਚ ਥਾਂ ਦਿੱਤੀ ਗਈ।
25. ਰਾਣੀ ਦੀ ਵਾਵ (ਰਾਣੀ ਦੀ ਬਾਵੜੀ) ਗੁਜਰਾਤ , ਨੂੰ ਸਾਲ 2014 ਵਿੱਚ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ।
26. ਲੀ ਕੋਰਬਜਿਏ ਦੇ ਵਾਸਤੂਸ਼ਿਲਪ (ਰਾਜਧਾਨੀ ਪਰਿਸਰ, ਚੰਡੀਗੜ੍ਹ) ਅਤੇ
27. ਨਾਲੰਦਾ ਮਹਾਵਿਹਾਰ ਦੇ ਪੁਰਤਾਤਵਿਕ ਸਥਲ (ਨਾਲੰਦਾ ਵਿਸ਼ਵ ਵਿਦਿਆਲਿਆ, ਬਿਹਾਰ) ਨੂੰ ਸਾਲ 2016 ਵਿੱਚ ਸੂਚੀ ਵਿੱਚ ਸ਼ਾਮਿਲ ਕੀਤਾ।
28. ਇਤਿਹਾਸਕ ਸ਼ਹਿਰ, ਅਹਿਮਦਾਬਾਦ ਨੂੰ 2017ਵਿੱਚ ਸੂਚੀ ਸ਼ਾਮਿਲ ਕੀਤਾ ਗਿਆ।
29. ਮੁੰਬਈ ਦੇ ਵਿਕਟੋਰੀਆ ਗੋਥਿਕ ਅਤੇ ਆਰਟ ਡੇਕੋ ਇੰਨਸੇਂਬਲ ਨੂੰ 2018 ਵਿੱਚ ਸੂਚੀ ਵਿੱਚ ਥਾਂ ਦਿੱਤੀ ਗਈ।
30. ਜੈਪੁਰ ਰਾਜਸਥਾਨ ਨੂੰ 2019 ਵਿੱਚ ਯੂਨੈਸਕੋ ਨੇ ਆਪਣੀ ਸੂਚੀ ਵਿੱਚ ਸ਼ਾਮਿਲ ਕੀਤਾ।

**ਯੂਨੈਸਕੋ ਦੀ ਵਿਸ਼ਵ ਧਰੋਹਰ ਦੀ ਸੂਚੀ ਵਿੱਚ ਸ਼ਾਮਿਲ ਸੱਤ ਕੁਦਰਤੀ ਸਥਾਨ ਹਨ -**

1. ਮਾਨਸ ਰਾਸ਼ਟਰੀ ਪਾਰਕ (ਆਸਾਮ-1985)
2. ਕਾਜ਼ੀਰੰਗਾ ਰਾਸ਼ਟਰੀ ਪਾਰਕ (ਆਸਾਮ-1985)
3. ਕੇਵਲਾਦੇਵ ਰਾਸ਼ਟਰੀ ਪਾਰਕ (ਰਾਜਸਥਾਨ-1985)
4. ਸੁੰਦਰਵਨ ਰਾਸ਼ਟਰੀ ਪਾਰਕ (ਪੱਛਮੀ ਬੰਗਾਲ-1987)
5. ਨੰਦਾ ਦੇਵੀ ਰਾਸ਼ਟਰੀ ਪਾਰਕ (1988) ਅਤੇ ਫੁੱਲਾਂ ਦੀ ਘਾਟੀ (2005), ਉੱਤਰਾਖੰਡ
6. ਪੱਛਮੀ ਘਾਟ, 2012
7. ਮਹਾਨ ਹਿਮਾਲਿਆ ਰਾਸ਼ਟਰੀ ਪਾਰਕ (ਹਿਮਾਲਿਆ ਪ੍ਰਦੇਸ਼), 2014

ਕੰਚਨਜੰਗਾ ਰਾਸ਼ਟਰੀਪਾਰਕ (ਸਿੱਕਮ) ਭਾਰਤ ਦਾ ਇੱਕ ਮਾਤਰ ਮਿਸ਼ਰਿਤ ਸ਼੍ਰੇਣੀ ਦਾ ਸਥਾਨ ਨੂੰ, ਜਿਸ ਨੂੰ ਯੂਨੈਸਕੋ ਦੀ ਵਿਸ਼ਵ ਧਰੋਹਰ ਸੂਚੀ ਨੂੰ ਸਾਲ 2016 ਵਿੱਚ ਸ਼ਾਮਿਲ ਕੀਤਾ ਗਿਆ ਹੈ।

ਭਾਰਤ ਦੇ ਇਹਨਾਂ ਸਥਾਨਾਂ ਵਿੱਚੋਂ ਕਈ ਸਥਾਨ ਇਸ ਤਰ੍ਹਾਂ ਦੇ ਹੋਣਗੇ, ਜਿਹਨਾਂ ਨੂੰ ਤੁਸੀਂ ਦੇਖਿਆ ਹੋਵੇਗਾ। ਉਮੀਦ ਕਰਦਾ ਹਾਂ, ਆਪਣੀ ਆਉਣ ਵਾਲੀ ਕਿਸੇ ਯਾਤਰਾ ਲਈ ਤੁਸੀਂ ਉੱਪਰ ਦਿੱਤੀ ਸੂਚੀ ਵਿੱਚੋਂ ਕੋਈ ਸਥਾਨ ਜਰੂਰੀ ਦੇਖਣਾ ਪਸੰਦ ਕਰੋਗੇ।




# ਤਰਕਸ਼ੀਲ ਵਿਚਾਰਾਂ ਦੇ ਧਾਰਨੀ ਸ਼੍ਰ. ਬਚਿੱਤਰ ਸਿੰਘ



ਮੇਜਰ ਸਿੰਘ ਨਾਭਾ
91-94635-53962

ਪ੍ਰਗਤੀਸ਼ੀਲ ,ਅਗਾਂਹਵਧੂ,ਤਰਕਸ਼ੀਲ ਵਿਚਾਰਾਂ ਦੇ ਧਾਰਨੀ ਸ਼੍ਰ. ਬਚਿੱਤਰ ਸਿੰਘ ਨੇ ਉਚੇਰੀ ਪੜ੍ਹਾਈ ਰਿਪੁਦਮਨ ਕਾਲਜ ਨਾਭਾ ਤੋਂ ਕਰਨ ਸਮੇਂ ਹੀ ਸਮਾਜ ਅੰਦਰਲੇ ਗੰਧਲੇ ਤਾਣੇ-ਬਾਣੇ ਨੂੰ ਸਮਝਦੇ ਹੋਏ ਆਪਣੇ ਅੰਦਰ ਕਾਮਰੇਡੀ ਵਿਚਾਰਾਂ ਨੂੰ ਪਨਪ ਲਿਆ ਸੀ।ਇਨ੍ਹਾਂ ਦਿਨਾਂ 'ਚ ਉਹ ਇਨਕਲਾਬੀ ਨਾਟਕਾਂ ਨੂੰ ਕਰਵਾਉਣ,ਤਰਕਸ਼ੀਲ ਲਹਿਰ ,ਸਟੂਡੈਂਟ ਯੂਨੀਅਨਾਂ ਵਿੱਚ ਸਰਗਰਮ ਰਹੇ।ਉਨ੍ਹਾਂ ਦਾ ਜਨਮ ਇੱਕ ਕਿਰਤੀ ਪਰਿਵਾਰ ਵਿੱਚ ਸ਼੍ਰ. ਜੋਰਾ ਸਿੰਘ ਦੇ ਘਰ ਮਾਤਾ ਸ਼੍ਰੀਮਤੀ ਜੰਗੀਰ ਕੌਰ ਦੀ ਕੁੱਖੋਂ 4 ਅਪ੍ਰੈਲ 1963 ਨੂੰ ਪਿੰਡ ਭੜੀ ਮਾਨਸਾ (ਸੰਗਰੂਰ) ਵਿਖੇ ਹੋਇਆ।ਮੁੱਢਲੀ ਸਿੱਖਿਆ ਪਿੰਡ ਦੇ ਸਕੂਲ ਤੋਂ ਕਰਨ ਉਪਰੰਤ ਮੈਟ੍ਰਿਕ ਸ.ਹ.ਸ. ਮੀਮਸਾ ਤੋਂ 1980 'ਚ ਕਰ ਲਈ।ਇਸ ਉਪਰੰਤ ਉਨ੍ਹਾਂ ਨੇ ਉਚੇਰੀ ਪੜ੍ਹਾਈ ਰਿਪੁਦਮਨ ਕਾਲਜ ਨਾਭਾ ਤੋਂ ਸ਼ੁਰੂ ਕਰ ਲਈ ,ਇਸ ਦੌਰਾਨ ਉਨ੍ਹਾਂ ਦੇ ਪਿਤਾ ਦੀ ਜੂਨ 1982 'ਚ ਮੌਤ ਹੋ ਜਾਣ ਕਾਰਨ ਉਨ੍ਹਾਂ ਨੇ ਆਪਣੇ ਅੱਠ ਭਰਾਵਾਂ ਅਤੇ ਦੋ ਭੈਣਾਂ ਦੇ ਵੱਡੇ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਮਾਤਾ ਜੀ ਸਿਰ ਆਉਣ ਤੇ ਉਨ੍ਹਾਂ ਦਾ ਸਹਾਰਾ ਬਣਨ ਲਈ ਬਚਿੱਤਰ ਸਿੰਘ ਨੇ ਪੜ੍ਹਾਈ ਦੇ ਨਾਲੋ ਨਾਲ ਰੁਜ਼ਗਾਰ ਲਈ ਯਤਨ ਸ਼ੁਰੂ ਕਰ ਦਿੱਤੇ, ਇਸ ਦੌਰਾਨ ਹੀ ਉਨ੍ਹਾਂ ਦੀ ਕਲੈਰੀਕਲ ਪੋਸਟ ਲਈ ਨਿਯੁਕਤੀ ਹੋ ਗਈ।





ਉਹ ਸਿੰਚਾਈ ਵਿਭਾਗ ਵਿੱਚ ਬਤੌਰ ਕਲਰਕ ਨਿਯੁਕਤੀ ਹੋਣ ਤੇ 27 ਅਕਤੂਬਰ 1983 ਨੂੰ ਰੋਪੜ ਵਿਖੇ ਮਹਿਕਮੇ ਵਿੱਚ ਹਾਜ਼ਰ ਹੋਏ।ਉਹ 1 ਜਨਵਰੀ 1991 ਨੂੰ ਸੀਨੀਅਰ ਸਹਾਇਕ ਪੱਦ-ਉੱਨਤ ਹੋ ਗਏ।ਬਤੌਰ ਸੁਪਰਡੈਂਟ ਗਰੇਡ-2 ਤਰੱਕੀ 2 ਨਵੰਬਰ 2011 ਨੂੰ ਹੋਣ ਤੇ ਉਨ੍ਹਾਂ ਵੱਖ-ਵੱਖ ਥਾਵਾਂ ਸੰਗਰੂਰ,ਪਠਾਨਕੋਟ,ਹੁਸ਼ਿਆਰਪੁਰ , ਬਠਿੰਡਾ ਅਤੇ ਪਟਿਆਲਾ ਵਿਖੇ ਅਲਗ-ਅਲਗ ਦਫਤਰਾਂ 'ਚ ਸੇਵਾ ਨਿਭਾਈ।ਉਹ ਪਟਿਆਲਾ ਸਰਕਲ ਵਿੱਚ ਬਤੌਰ ਰੈਵੀਨਿਊ ਸੁਪਰਡੈਂਟ 19 ਅਕਤੂਬਰ 2012 ਨੂੰ ਹਾਜ਼ਰ ਹੋਏ।ਉਹ 1 ਜੂਨ 2016 ਤੋਂ ਬਤੌਰ ਸਰਕਲ ਸੁਪਰਡੈਂਟ ਪਟਿਆਲਾ ਵਿਖੇ ਤੈਨਾਤ ਹੋ ਕੇ 30 ਅਪ੍ਰੈਲ 2021 ਨੂੰ ਸੇਵਾ ਮੁਕਤੀ ਹੋਣ ਤੱਕ ਇਥੇ ਹੀ ਸੇਵਾ ਨਿਭਾਉਂਦੇ ਰਹੇ।ਸਕਰਾਤਮਿਕ ਅਤੇ ਉਸਾਰੂ ਸੋਚ ਦੇ ਧਾਰਨੀ ਸ਼੍ਰ. ਬਚਿੱਤਰ ਸਿੰਘ ਨੇ ਆਪਣੇ ਅਧੀਨ ਕਰਮਚਾਰੀਆਂ ਨੂੰ ਆਪਣੇ ਅਹੁੱਦੇ ਕਰਕੇ ਅਧੀਨਗੀ ਦਾ ਅਹਿਸਾਸ ਕਦੇ ਨਹੀਂ ਕਰਵਾਇਆ।ਜੇਕਰ ਦਫਤਰ ਵਿੱਚ ਅਣਜਾਨੇ ਵਿੱਚ ਕਿਸੇ ਕਰਮਚਾਰੀ ਤੋਂ ਕੋਈ ਗਲਤੀ ਹੋ ਜਾਂਦੀ ਜਾਂ ਕਿਸੇ ਪੱਤਰ ਦਾ ਸਮੇਂ ਸਿਰ ਕਿਸੇ ਕਾਰਨ ਨਿਪਟਾਰਾ ਨਾ ਹੁੰਦਾ ਤਾਂ ਉਨ੍ਹਾਂ ਹਾਲਾਤਾਂ ਵਿੱਚ ਉਨ੍ਹਾਂ ਨੇ ਆਪਣੀ ਸਹਿਨਸ਼ੀਲਤਾ ਨੂੰ ਬਰਕਰਾਰ ਰੱਖਦੇ ਹੋਏ ਬੜੇ ਸਲੀਕੇ ਨਾਲ ਸਟਾਫ ਨੂੰ ਸਮਝਾਉਂਦਿਆਂ ਨਿਬੇੜਾ ਕਰਨ ਨੂੰ ਹੀ ਤਰਜੀਹ ਦਿੱਤੀ ਹੈ।ਉਹ ਆਪ ਖੁਦ ਕੰਮ ਕਰਨ ਨੂੰ ਤਰਜੀਹ ਦਿੰਦੇ ਰਹੇ।ਆਪਣੇ ਦਫਤਰ ਦੇ ਸਟਾਫ ਲਈ ਕੁਝ ਨਾ ਕੁਝ ਨਵਾਂ ਸਿੱਖਣ ਲਈ ਉਹ ਪ੍ਰੇਰਨਾ ਸ੍ਰੋਤ ਬਣੇ ਰਹੇ।ਉਹ ਆਪਣੀ ਵਧੀਆ ਕਾਰਜਗੁਜਾਰੀ ਅਤੇ ਤਜਰਬੇ ਕਾਰਨ ਫਾਈਲਾਂ ਦਾ ਨਿਪਟਾਰਾ ਸਰਕਾਰ ਦੀਆਂ ਹਦਾਇਤਾਂ / ਰੂਲਾਂ ਅਨੁਸਾਰ ਹਮੇਸ਼ਾ ਪਹਿਲ ਦੇਣ ਕਾਰਨ ਉਨ੍ਹਾਂ ਦੀ ਨਿਗਰਾਨ ਇੰਜੀਨੀਅਰਾਂ ਅਤੇ ਉੱਚ ਅਧਿਕਾਰੀਆਂ ਵਲੋਂ ਸਰਾਹਨਾ ਕੀਤੀ ਜਾਂਦੀ ਰਹੀ ਹੈ।

ਸੰਘਰਸ਼ੀ ਸੋਚ ਹੋਣ ਕਾਰਨ ਮਹਿਕਮੇ ਵਿੱਚ ਆਉਣ ਤੇ ਮੁਲਾਜ਼ਮਾਂ ਦੇ ਹੱਕਾਂ ਲਈ ਆਵਾਜ਼ ਉਠਾਉਣ ਲਈ ਮੁਲਾਜ਼ਮ ਜਥੇਬੰਦੀਆਂ ਨਾਲ ਜੁੜ ਕੇ ਮੋਹਰੀ ਰੋਲ ਅਦਾ ਕਰਦੇ ਰਹੇ।ਉਨ੍ਹਾਂ ਕਲੈਰੀਕਲ ਯੂਨੀਅਨ ਦੇ ਵੱਖ-ਵੱਖ ਆਹੁੱਦਿਆਂ ਤੇ ਕੰਮ ਕੀਤਾ।ਹੁਣ ਉਹ ਪੰਜਾਬ ਇਰੀਗੇਸ਼ਨ ਕਲੈਰੀਕਲ ਯੂਨੀਅਨ ਦੇ ਸੂਬਾ ਸਕੱਤਰ ਅਤੇ ਪੰਜਾਬ ਸਟੇਟ ਮਿਨੀਸਟਿਰੀਅਲ ਸਰਵਿਸ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਹਨ।ਵਾਤਾਵਰਣ ਪ੍ਰਤੀ ਉਨ੍ਹਾਂ ਦੀ ਜਾਗਰੂਕ ਸੋਚ ਸਦਕਾ ਉਹ ਦਫਤਰ ਦੇ ਕੰਪਲੈਕਸ ਵਿੱਚ ਖਾਲੀ ਥਾਵਾਂ 'ਤੇ ਪੌਦੇ ਲਗਵਾਉਣ ਲਈ ਵੀ ਉਪਰਾਲਾ ਕਰਦੇ ਰਹੇ।ਉਹ ਗਰੀਬਾਂ ਅਤੇ ਲੋੜਵੰਦਾਂ ਦੀ ਪਹਿਲ ਦੇ ਅਧਾਰ ਤੇ ਹਰ ਸੰਭਵ ਮਦਦ ਕਰਨ ਲਈ ਤੱਤਪਰ ਰਹਿੰਦੇ ਹਨ। ਸੇਵਾ-ਮੁਕਤੀ ਉਪਰੰਤ ਵੀ ਮੁਲਾਜ਼ਮ ਜਥੇਬੰਦੀਆਂ ਲਈ ਪੂਰਾ ਸਹਿਯੋਗ ਦੇ ਰਹੇ ਹਨ, ਹਰੇਕ ਸੱਦੇ ਉੱਪਰ ਹਰ ਥਾਂ ਹਾਜ਼ਰ ਹੁੰਦੇ ਹਨ,ਇਸੇ ਲਈ ਜਥੇਬੰਦੀ ਦੇ ਮੂਹਰਲੇ ਨੇਤਾਵਾਂ ਨਾਲ ਉਨ੍ਹਾਂ ਦਾ ਪੂਰਾ ਤਾਲ ਮੇਲ ਅਤੇ ਸਹਿਯੋਗ ਰਹਿੰਦਾ ਹੈ।

ਸਮਾਜਿਕ ਜ਼ਿੰਮੇਵਾਰੀਆਂ ਦਾ ਸਫਰ ਸ਼ੁਰੂ ਕਰਦੇ ਹੋਏ ਉਨ੍ਹਾਂ ਨੇ ਰੋਹਣੋ ਖੁਰਦ ਦੇ ਸਵ: ਸ਼੍ਰ. ਸਰਵਨ ਸਿੰਘ ਦੀ ਬੇਟੀ ਚਰਨਜੀਤ ਕੌਰ ਜੇ.ਬੀ.ਟੀ. ਅਧਿਆਪਕਾ ਨਾਲ ਸਾਦਾ ਵਿਆਹ ਸਿਰਫ ਸੱਤ ਬਰਾਤੀਆਂ ਨਾਲ , ਬਿਨ੍ਹਾਂ ਕਿਸੇ ਦਹੇਜ ਤੋਂ ਕਰਵਾ ਕੇ ਵੱਖਰੀ ਪਿਰਤ ਪਾਈ ।ਇਨ੍ਹਾਂ ਦੀ ਛੋਟੀ ਜਿਹੀ ਪਰਿਵਾਰਿਕ ਫੁਲਵਾੜੀ ਵਿੱਚ ਦੋ ਫੁੱਲ ਖਿੜੇ। ਬੇਟੀ ਡਾ. ਤਨੂਪ੍ਰੀਤ ਕੌਰ ਪੀ.ਐਚ.ਡੀ., (ਮੈਥ) ਬਤੌਰ ਅਸਿਸਟੈਂਟ ਪ੍ਰੋਫੈਸਰ ਕਾਲਜ ਵਿੱਚ ਸੇਵਾ ਨਿਭਾ ਰਹੀ ਹੈ।ਬੇਟਾ ਵਿਕਰਮਜੀਤ ਸਿੰਘ (ਬੀ.ਟੈਕ.) ਅਤੇ ਨੂੰਹ ਬੰਦਨਾ ਸੇਤੀਆ (ਐਮ.ਟੈੱਕ.) ਕਨੇਡਾ ਵਿੱਚ ਪੂਰੀ ਤਰ੍ਹਾਂ ਸੈਟਲ ਹਨ।ਦਾਮਾਦ ਗਗਨਦੀਪ ਸਿੰਘ ( ਐਮ.ਟੈੱਕ.) ਬਤੌਰ ਡਿਵੈਲਪਮੈਂਟ ਅਫਸਰ (ਐਲ.ਆਈ.ਸੀ.) ਤੈਨਾਤ ਹਨ।ਦੋਹਤੀ ਨੰਨ੍ਹੀ ਪਰੀ ਗੁਰਸੀਰਤ ਦੋਹਾਂ ਪਰਿਵਾਰਾਂ ਦੀ ਰੌਣਕ ਹੈ।ਮਾਤਾ ਜੀ ਨੇ ਵੱਡੇ ਪਰਿਵਾਰ ਦੀਆਂ ਜ਼ਿਮੇਵਾਰੀਆਂ ਨੂੰ ਬਾਖੂਬੀ ਸਫਲਤਾ ਪੂਰਵਕ ਆਪ ਅਤੇ ਆਪਣੇ ਬੱਚਿਆਂ ਕੋਲੋਂ ਨਿਭਾਇਆ।ਸਾਰੇ ਭਰਾਵਾਂ ਦਾ ਪਿਆਰ ਮਾਤਾ ਜੀ ਨਾਲ ਸੀ ਪਰ ਅਖੀਰਲਾ ਬਹੁਤਾ ਸਮਾਂ ਉਨ੍ਹਾਂ ਸ਼੍ਰ. ਬੱਚਿਤਰ ਸਿੰਘ ਦੇ ਪਰਿਵਾਰ ਨਾਲ ਬਿਤਾਇਆ ਜਿਸ ਕਰਕੇ ਇਸ ਪਰਿਵਾਰ ਵਿੱਚ ਹਮੇਸ਼ਾ ਰੌਣਕਾਂ ਹੀ ਰਹਿੰਦੀਆਂ ਕਿਉਂ ਕਿ ਕੋਈ ਨਾ ਕੋਈ ਮਾਤਾ ਜੀ ਨੂੰ ਮਿਲਣ ਆਇਆ ਹੀ ਰਹਿੰਦਾ।ਸਾਰੇ ਭਰਾਵਾਂ ਦਾ ਆਪਸੀ ਥਪਾਕ ਅਤੇ ਇੱਕ ਦੂਜੇ ਲਈ ਮਦਦਗਾਰ ਹੋਣਾ ਅੱਜ ਦੇ ਜ਼ਮਾਨੇ ਵਿੱਚ ਸੱਚ ਮੁੱਚ ਅਚੰਭੇ ਵਾਲੀ ਗੱਲ ਹੈ ਜੋ ਸ਼੍ਰ. ਬਚਿੱਤਰ ਸਿੰਘ ਵਲੋਂ ਕਰਵਾਏ ਕਿਸੇ ਵੀ ਫੰਕਸ਼ਨ ਵਿੱਚ ਦੇਖਣ ਨੂੰ ਮਿਲਦੀ ਰਹੀ ਹੈ।ਇਹ ਸਾਰਾ ਕੁਝ ਉਨ੍ਹਾਂ ਦੇ ਮਾਤਾ ਪਿਤਾ ਵਲੋਂ ਦਿੱਤੇ ਚੰਗੇ ਸੰਸ਼ਕਾਰਾਂ ਦੀ ਦੇਣ ਹੀ ਹੈ ਜਿਸ ਵਿੱਚ ਮਾਤਾ ਜੀ ਦਾ ਰੋਲ ਬੜਾ ਅਹਿਮ ਹੈ ਕਿਉਂ ਕਿ ਉਨ੍ਹਾਂ ਨੇ ਪਿਤਾ ਜੀ ਦੀ ਮੌਤ ਤੋਂ ਬਾਅਦ ਐਨੇ ਵੱਡੇ ਪਰਿਵਾਰ ਦੇ ਆਪਸੀ ਪਿਆਰ ਨੂੰ ਆਪਣੇ ਆਖਰੀ ਸਮੇਂ ਤੱਕ ਮਾਲਾ ਦੀ ਤਰ੍ਹਾਂ ਪਰੋਅ ਕੇ ਰੱਖਿਆ। ਸ਼੍ਰ. ਬਚਿੱਤਰ ਸਿੰਘ ਦੀ ਸੁਪੱਤਨੀ ਸ਼੍ਰੀਮਤੀ ਚਰਨਜੀਤ ਕੌਰ ਨਿੱਘੇ ਸੁਭਾਅ ਦੇ ਹੋਣ ਕਾਰਨ ਕਦੇ ਮੱਥੇ ਵਟ ਨਹੀਂ ਪਾਉਂਦੇ ,ਉਹ ਬੜੇ ਮਿਹਨਤੀ ਅਤੇ ਭਲੀ ਭਾਂਤ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਸਮਝਦੇ ਹਨ।ਸਿੱਖਿਆ ਵਿਭਾਗ ਵਿੱਚ ਵੀ ਉਨ੍ਹਾਂ ਦੀਆਂ ਨਿਭਾਈਆਂ ਸੇਵਾਵਾਂ ਸਰਾਹਣਾ ਯੋਗ ਰਹੀਆਂ। ਪ੍ਰਮਾਤਮਾ ਕਰੇ ਇਹ ਪਰਿਵਾਰ ਹਮੇਸ਼ਾ ਚੜ੍ਹਦੀਕਲਾ 'ਚ ਰਹੇ ਅਤੇ ਸਮਾਜ ਦੀ ਇਸੇ ਤਰ੍ਹਾਂ ਸੇਵਾ ਕਰਦਾ ਰਹੇ।


## 26 ਜੂਨ, 2021 ਅੰਤਰਰਾਸ਼ਟਰੀ ਦਿਵਸ ਸਬੰਧੀ ਵਿਸ਼ੇਸ਼

# ਸਾਲ 2021 ਦਾ ਵਿਸ਼ਾ ਹੈ- ਨਸ਼ਿਆਂ ਤੇ ਤੱਥ ਸਾਂਝੇ ਕਰੋ, ਜਿੰਦਗੀਆਂ ਬਚਾਓ



ਕੁਲਦੀਪ ਚੰਦ
91-9417563054

ਅੱਜ 26 ਜੂਨ ਨੂੰ ਵਿਸ਼ਵ ਭਰ ਵਿੱਚ ਨਸ਼ਾਖੋਰੀ ਅਤੇ ਨਸ਼ਿਆਂ ਦੀ ਨਜਾਇਜ਼ ਸਮਗਲਿੰਗ ਵਿਰੁੱਧ ਅੰਤਰਰਾਸ਼ਟਰੀ ਦਿਵਸ ਮਨਾਇਆ ਜਾ ਰਿਹਾ ਹੈ ਅਤੇ ਇਸ ਲਈ ਇਸ ਵਾਰ ਦਾ ਮੁੱਖ ਵਿਸ਼ਾ ਨਸ਼ਿਆਂ ਤੇ ਤੱਥ ਸਾਂਝੇ ਕਰੋ, ਜਿੰਦਗੀਆਂ ਬਚਾਓ ਹੈ। ਜੇਕਰ ਇਸ ਦਿਵਸ ਦਾ ਇਤਿਹਾਸ ਵੇਖੀਏ ਤਾਂ ਵਿਸ਼ਵ ਵਿੱਚ ਨਸ਼ਿਆਂ ਦੀ ਵਧਦੀ ਵਰਤੋਂ ਅਤੇ ਸਮਾਜ ਤੇ ਪੈ ਰਹੇ ਕੁਪ੍ਰਭਾਵਾਂ ਨੂੰ ਵੇਖਦਿਆਂ ਸੰਯੁਕਤ ਰਾਸ਼ਟਰ ਸੰਗਠਨ ਵਲੋਂ ਇਸ ਸਬੰਧੀ ਮਿਤੀ 7 ਦਸੰਬਰ, 1987 ਨੂੰ ਮੀਟਿੰਗ ਕੀਤੀ ਗਈ ਅਤੇ ਹਰ ਸਾਲ 26 ਜੂਨ ਦਾ ਦਿਹਾੜਾ ਵਿਸ਼ਵ ਭਰ ਵਿੱਚ ਨਸ਼ਾਖੋਰੀ ਅਤੇ ਨਸ਼ਿਆਂ ਦੀ ਨਜਾਇਜ਼ ਸਮਗਲਿੰਗ ਵਿਰੁੱਧ ਅੰਤਰਰਾਸ਼ਟਰੀ ਦਿਵਸ ਦੇ ਤੋਰ ਤੇ ਮਨਾਉਣ ਦਾ ਫੈਸਲਾ ਕੀਤਾ ਗਿਆ। ਵਿਸ਼ਵ ਦੇ ਹੋਰ ਕਈ ਦੇਸ਼ਾਂ ਵਾਂਗ ਹੀ ਭਾਰਤ ਵਿੱਚ ਵੀ ਹਰ ਸਾਲ ਇਸ ਦਿਨ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਵਿਸ਼ੇਸ਼ ਸਮਾਗਮ ਕੀਤੇ ਜਾਂਦੇ ਹਨ ਜਿਨ੍ਹਾਂ ਵਿੱਚ ਨਸ਼ਿਆਂ ਦੀ ਵੱਧ ਰਹੀ ਵਰਤੋਂ ਤੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ। ਨਸ਼ਿਆਂ ਦੀ ਸਮੱਸਿਆ ਅਤਿ ਗੰਭੀਰ ਸਮੱਸਿਆ ਹੈ ਅਤੇ ਨਸ਼ੇ ਹੀ ਬਹੁਤੇ ਅਪਰਾਧਾਂ ਦੀ ਜੜ੍ਹ ਹਨ। ਦੁਨੀਆਂ ਦਾ ਹਰ ਦੇਸ਼ ਨਸ਼ਿਆਂ ਤੋਂ ਪ੍ਰਭਾਵਿਤ ਹੈ ਅਤੇ ਨਜਾਇਜ਼ ਨਸ਼ਿਆਂ ਦੀ ਵਰਤੋਂ ਜੋਕਿ ਪ੍ਰਮੁੱਖ ਤੋਰ ਤੇ ਨੌਜਵਾਨਾਂ ਵਿੱਚ ਕੇਂਦਰਿਤ ਹੈ ਵਿਕਸਿਤ ਅਤੇ ਵਿਕਾਸ਼ੀਲ ਦੋਵਾਂ ਤਰਾਂ ਦੇ ਮੁਲਕਾਂ ਦੀ ਆਰਥਿਕਤਾ ਲਈ ਸਮੱਸਿਆ ਬਣ ਗਈ ਹੈ। ਵਿਸ਼ਵ ਵਿੱਚ ਹਰ ਸਾਲ ਲੱਗਭੱਗ 500 ਅਰਬ ਡਾਲਰਜ਼ ਦਾ ਗੈਰ ਕਨੂੰਨੀ ਨਸ਼ਿਆਂ ਦਾ ਵਪਾਰ ਹੁੰਦਾ ਹੈ ਜੋਕਿ ਪੈਟਰੋਲੀਅਮ ਅਤੇ ਹਥਿਆਰਾਂ ਦੇ ਵਪਾਰ ਤੋਂ ਬਾਦ ਤੀਜੇ ਨੰਬਰ ਤੇ ਆਂਦਾ ਹੈ। ਵਿਸ਼ਵ ਨਸ਼ਾ ਰਿਪੋਰਟ 2020 ਅਨੁਸਾਰ ਦੁਨੀਆਂ ਵਿੱਚ ਲੱਗਭੱਗ 269 ਮਿਲੀਅਨ ਵਿਅੱਕਤੀ ਖਤਰਨਾਕ ਅਤੇ ਮਾਰੂ ਨਸ਼ਿਆਂ ਦੇ ਆਦੀ ਹਨ ਜੋਕਿ 2009 ਨਾਲੋਂ 30 ਫਿਸਦੀ ਵਧੇ ਹਨ ਅਤੇ 35 ਮਿਲੀਅਨ ਵਿਅੱਕਤੀ ਨਸ਼ਿਆਂ ਦੇ ਕੁਪ੍ਰਭਾਵ ਤੋਂ ਪੀੜ੍ਹਿਤ ਹਨ ਜਿਨ੍ਹਾਂ ਨੂੰ ਇਲਾਜ ਦੀ ਜਰੂਰਤ ਹੈ। ਇਸ ਰਿਪੋਰਟ ਅਨੁਸਾਰ ਪਿਛਲੇ ਸਾਲ ਆਈ ਮਹਾਂਮਾਰੀ ਕੋਰੋਨਾ ਦਾ ਵੀ ਨਸ਼ਿਆਂ ਤੇ ਅਸਰ ਪਿਆ ਹੈ ਅਤੇ ਇਸ ਦੌਰਾਨ ਨਸ਼ਿਆਂ ਦੀ ਸ਼ੁੱਧਤਾ ਅਤੇ ਵਧੀਆਂ ਕੀਮਤਾਂ ਵੀ ਸ਼ੰਕਾਮਈ ਹਨ। ਕੋਰੋਨਾ ਕਾਰਨ ਵਧੀ ਬੇਰੋਜਗਾਰੀ, ਮਾਨਸਿਕ ਪ੍ਰੇਸ਼ਾਨੀਆਂ ਕਾਰਨ ਵੀ ਲੋਕ ਨਸ਼ਿਆਂ ਦੇ ਆਦੀ ਹੋ ਰਹੇ ਹਨ। ਨਸ਼ਿਆਂ ਨੂੰ ਮੁੱਖ ਤੋਰ ਤੇ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ ਸਰਕਾਰ ਵਲੋਂ ਮੰਨਜੂਰਸ਼ੁਦਾ ਨਸ਼ੇ ਜਿਨ੍ਹਾਂ ਤੇ ਕੋਈ ਰੋਕ ਨਹੀਂ ਹੈ ਅਤੇ ਸਰਕਾਰ ਵਲੋਂ ਪਾਬੰਦੀਸ਼ੁਦਾ ਨਸ਼ੇ। ਆਮ ਤੋਰ ਤੇ ਸਰਕਾਰ ਵਲੋਂ ਪਾਬੰਦੀਸ਼ੁਦਾ ਨਸ਼ਿਆਂ ਨੂੰ ਹੀ ਨਸ਼ੇ ਸਮਝਿਆ ਜਾਂਦਾ ਹੈ। ਹੈਰਾਨੀ ਦੀ ਗੱਲ ਹੈ ਕੁੱਝ ਸੂਬਿਆਂ ਵਿੱਚ ਪਾਬੰਦੀਸ਼ੁਦਾ ਅਤੇ ਗੈਰ ਕਨੂੰਨੀ ਨਸ਼ੇ ਦੂਜੇ ਰਾਜਾਂ ਵਿੱਚ ਮੰਨਜੂਰਸ਼ੁਦਾ ਹਨ ਜਿਵੇਂ ਕਿ ਗੁਜਰਾਤ ਸਮੇਤ ਕੁੱਝ ਰਾਜਾਂ ਵਿੱਚ ਬੇਸ਼ੱਕ ਸ਼ਰਾਬ ਤੇ ਪਾਬੰਦੀ ਹੈ ਪਰ ਦੂਜੇ ਕਈ ਰਾਜਾਂ ਦੀ ਆਮਦਨ ਦਾ ਵੱਡਾ ਸਾਧਨ ਹੀ ਸ਼ਰਾਬ ਦੀ ਵਿਕਰੀ ਬਣਿਆ ਹੋਇਆ ਹੈ। ਇਸੇ ਤਰਾਂ ਕਈ ਰਾਜਾਂ ਵਿੱਚ ਅਫੀਮ ਤੇ ਪਾਬੰਦੀ ਹੈ ਪਰ ਕਈ ਦੂਜੇ ਰਾਜਾਂ ਵਿੱਚ ਇਸਦੀ ਖੇਤੀ ਅਤੇ ਵਿਕਰੀ ਹੁੰਦੀ ਹੈ। ਭੰਗ, ਅਫੀਮ, ਸ਼ਰਾਬ, ਡੋਡੇ, ਭੁੱਕੀ ਆਦਿ ਨਸ਼ਿਆਂ ਦੇ ਨਾਲ-ਨਾਲ ਅੱਜ ਕੱਲ ਨਸ਼ਿਆਂ ਦੇ ਆਧੁਨਿਕ ਕਈ ਨਵੇਂ ਰੂਪ ਸਾਹਮਣੇ ਆ ਰਹੇ ਹਨ ਜਿਵੇਂ ਕਿ ਬਰਾਊਨ ਸ਼ੂਗਰ, ਕੱਚੀ ਅਫੀਮ, ਚਰਸ, ਮਾਰਫੀਨ ਦੇ ਟੀਕੇ, ਕੈਪਸੂਲ, ਗੋਲੀਆਂ, ਸਮੈਕ, ਹੈਰੋਇਨ ਆਦਿ। ਕਈ ਨਸ਼ੇੜੀ ਖਾਂਸੀ ਦੀ ਦਵਾਈ, ਆਇਓਡੈਕਸ ਆਦਿ ਦਾ ਵੀ ਨਸ਼ਾ ਕਰਦੇ ਹਨ। ਚੋਣਾਂ ਦੌਰਾਨ ਤਾਂ ਨਸ਼ਿਆਂ ਦੀ ਵਰਤੋਂ ਕਈ ਗੁਣਾ ਵੱਧ ਜਾਂਦੀ ਹੈ। ਜਿਹੜੇ ਨੇਤਾ ਅਕਸਰ ਨਸ਼ਿਆ ਵਿਰੁੱਧ ਭਾਸ਼ਣ ਦਿੰਦੇ ਹਨ ਉਹੀ ਨੇਤਾ ਚੋਣਾਂ ਵਿੱਚ ਨਸ਼ਿਆਂ ਨੂੰ ਵੰਡਦੇ ਹਨ। ਚੋਣਾਂ ਸਮੇਂ ਵਿਕਣ ਵਾਲੀ ਜ਼ਹਿਰੀਲੀ ਸ਼ਰਾਬ ਅਤੇ ਹੋਰ ਮਿਲਾਵਟੀ ਨਸ਼ਿਆਂ ਨਾਲ ਕਈ ਵਾਰ ਆਮ ਲੋਕ ਮਾਰੇ ਜਾਂਦੇ ਹਨ। ਸਮਾਜ ਵਿੱਚ ਨਸ਼ਿਆਂ ਦੇ ਦਿਨ ਪ੍ਰਤੀ ਦਿਨ ਵਧਣ ਦੇ ਕਈ ਕਾਰਨ ਹਨ ਜਿਨ੍ਹਾਂ ਵਿੱਚ ਸਰਕਾਰ ਦੀਆਂ ਢਿੱਲਮੱਠ ਦੀਆਂ ਨੀਤੀਆਂ, ਕਨੂੰਨ ਵਿੱਚ ਲਚਕ-ਲਿਪਣ, ਨਸ਼ਿਆਂ ਦੇ ਸੋਦਾਗਰਾਂ ਦੀ ਸਰਕਾਰੇ ਦਰਬਾਰੇ ਪਹੁੰਚ, ਲੋਕਾਂ ਵਿੱਚ ਵਧ ਰਿਹਾ ਤਣਾਅ ਆਦਿ ਸ਼ਾਮਲ ਹਨ। ਦੇਸ਼ ਵਿੱਚ ਲਾਗੂ ਹੋ ਰਹੀਆਂ ਸਮਾਜਿਕ-ਆਰਥਿਕ ਵਿਕਾਸ ਦੇ ਨਾਂ ਤੇ ਨਵੀਆਂ ਸਕੀਮਾਂ ਦਾ ਅਸਰ ਕੁਝ ਥਾਂਵਾਂ ਤੱਕ ਹੀ ਸੀਮਿਤ ਰਹਿ ਜਾਣ ਕਰਕੇ, ਪੜ੍ਹਿਆ ਲਿਖਿਆ ਅਤੇ ਅਨਪੜ੍ਹ ਖਾਸ ਕਰਕੇ ਪੇਂਡੂ ਨੌਜਵਾਨ ਆਪਣੀਆਂ ਆਸਾਂ ਦੀ ਪੂਰਤੀ ਨਾ ਹੋ ਸਕਣ ਕਾਰਨ ਨਸ਼ਿਆਂ ਦੀ ਲਪੇਟ ਵਿੱਚ ਆ ਚੁੱਕਿਆ ਹੈ। ਨੌਜਵਾਨ ਵਰਗ ਰੁਜ਼ਗਾਰ ਦੇ ਵਸੀਲਿਆਂ ਦੀ ਅਣਹੋਂਦ ਕਾਰਨ ਵਿਹਲ ਤੋਂ ਅੱਕਿਆ ਅਤੇ ਭਵਿੱਖ ਪ੍ਰਤੀ ਨਿਰਾਸ਼ ਹੋਕੇ ਨਸ਼ਿਆਂ ਦੇ ਜਾਲ ਵਿੱਚ ਫਸ ਰਿਹਾ ਹੈ। ਸਾਡੇ ਸਮਾਜ ਵਿੱਚ ਬੱਚੇ ਦੇ ਜਨਮ ਤੋਂ ਲੈ ਕੇ ਮੰਗਣੀ, ਵਿਆਹ, ਨੌਕਰੀ, ਰਿਟਾਇਰਮੈਂਟ ਆਦਿ ਕੋਈ ਵੀ ਰਸਮ ਨਸ਼ੇ ਬਿਨਾਂ ਪੂਰੀ ਨਹੀਂ ਹੁੰਦੀ। ਅੱਜ ਸ਼ਾਇਦ ਹੀ ਕੋਈ ਸ਼ਹਿਰ, ਪਿੰਡ, ਗਲੀ, ਮੁਹੱਲਾ ਅਜਿਹਾ ਬਚਿਆ ਹੋਵੇ ਜਿੱਥੇ ਨਸ਼ਿਆਂ ਦੀ ਭਰਮਾਰ ਨਾ ਹੋਵੇ। ਨੌਜਵਾਨ ਪੀੜ੍ਹੀ ਲਈ ਨਸ਼ਾ ਇੱਕ ਫੈਸ਼ਨ ਬਣ ਗਿਆ ਹੈ। ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਵਿੱਚ ਨਸ਼ਿਆਂ ਦੀ ਵਰਤੋਂ ਹੋਰ ਵੀ ਖ਼ਤਰਨਾਕ ਰੂਪ ਧਾਰਨ ਕਰਦੀ ਜਾ ਰਹੀ ਹੈ। ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਵਿੱਚ ਮੈਡੀਕਲ ਸਟੋਰਾਂ ਤੋਂ ਮਿਲਣ ਵਾਲੇ ਨਸ਼ਿਆਂ ਦੀ ਵਰਤੋਂ ਦਾ ਰੁਝਾਨ ਜ਼ਿਆਦਾ ਹੈ। ਨੌਜਵਾਨ ਮੁੰਡਿਆਂ ਤੋਂ ਇਲਾਵਾ ਨੌਜਵਾਨ ਕੁੜੀਆਂ ਵੀ ਨਸ਼ੇ ਦੇ ਦਲਦਲ ਵਿੱਚ ਫਸਦੀਆਂ ਜਾ ਰਹੀਆਂ ਹਨ। ਭਾਰਤ ਸਰਕਾਰ ਦੇ ਸਮਾਜਿਕ ਨਿਆਂ ਮੰਤਰਾਲਿਆ ਵਲੋਂ ਜਾਰੀ ਰਿਪੋਰਟ ਅਨੁਸਾਰ ਦੇਸ਼ ਵਿੱਚ ਲੱਗਭੱਗ 16 ਕਰੋੜ੍ਹ ਵਿਅਕਤੀ ਸ਼ਰਾਬ ਦੀ ਵਰਤੋਂ ਕਰਦੇ ਹਨ, 3.1 ਕਰੋੜ੍ਹ ਵਿਅਕਤੀ ਭੰਗ ਦੇ ਉਤਪਾਦਾਂ ਦੀ ਵਰਤੋਂ ਕਰਦੇ ਹਨ, 1.18 ਕਰੋੜ੍ਹ ਵਿਅਕਤੀ ਨਾਨ ਮੈਡੀਕਲ ਨਸ਼ਿਆਂ ਦੀ ਵਰਤੋਂ ਕਰਦੇ ਹਨ, 8.5 ਲੱਖ ਵਿਅਕਤੀ ਟੀਕਿਆਂ ਦੁਆਰਾ ਨਸ਼ਿਆਂ ਦੀ ਵਰਤੋਂ ਕਰਦੇ ਹਨ, 2.26 ਕਰੋੜ੍ਹ ਵਿਅਕਤੀ ਅਫੀਮ, ਹੈਰੋਇਨ, ਸਮੈਕ, ਬਰਾਉਨ ਸ਼ੂਗਰ ਆਦਿ ਨਸ਼ਿਆਂ ਦੀ ਵਰਤੋਂ ਕਰਦੇ ਹਨ, 5.7 ਕਰੋੜ੍ਹ ਵਿਅਕਤੀ ਖਤਰਨਾਕ ਸ਼ਰਾਬ ਕਾਰਨ ਪ੍ਰਭਾਵਿਤ ਹਨ ਅਤੇ ਮੱਦਦ ਦੀ ਜਰੂਰਤ ਹੈ, 25 ਲੱਖ ਵਿਅਕਤੀ ਭੰਗ ਦੇ ਨਸ਼ੇ ਦੇ ਇਲਾਜ ਲਈ ਅਤੇ 77 ਲੱਖ ਵਿਅਕਤੀ ਅਫੀਮ ਦੇ ਨਸ਼ੇ ਦੇ ਇਲਾਜ ਲਈ ਮੱਦਦ ਮਹਿਸੂਸ ਕਰਦੇ ਹਨ। ਅਫਗਾਨਿਸਤਾਨ, ਪਾਕਿਸਤਾਨ ਨਾਲ ਲੱਗਦੇ ਪੰਜਾਬ ਰਾਜ ਨੂੰ ਬੇਸ਼ੱਕ ਪੰਜ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਹੈ ਪਰ ਹੁਣ ਪੰਜਾਬ ਵਿੱਚ ਨਸ਼ਿਆ ਦਾ ਛੇਵਾਂ ਦਰਿਆ ਵਗ ਰਿਹਾ ਹੈ। ਆਮ ਮਨੁੱਖ ਤਾਂ ਦੂਰ, ਕਈ ਵੱਡੇ-ਵੱਡੇ ਸਮਾਜਿਕ, ਧਾਰਮਿਕ, ਰਾਜਨੀਤਿਕ ਆਗੂ ਨਸ਼ਿਆਂ ਵਿੱਚ ਡੁੱਬੇ ਪਏ ਹਨ। ਇੰਸਟੀਚਿਊਟ ਫਾਰ ਡਿਵੈਲਪਮੈਂਟ ਐਂਡ ਕਮਿਊਨੀਕੇਸ਼ਨਜ਼, ਚੰਡੀਗੜ੍ਹ ਦੀ ਇੱਕ ਰਿਪੋਰਟ ਅਨੁਸਾਰ ਪੰਜਾਬ ਦੇ ਸਰਹੱਦੀ ਜਿਲ੍ਹਿਆਂ ਵਿੱਚ ਨਸ਼ਿਆਂ ਦੀ ਵਰਤੋਂ ਕਰਨ ਵਾਲਿਆਂ ਵਿੱਚ ਲੱਗਭੱਗ 35 ਫਿਸਦੀ 15 ਤੋਂ 25 ਸਾਲ ਦੇ ਨੌਜਵਾਨ ਸਾਮਿਲ ਹਨ। ਇੱਕ ਗੈਰ ਸਰਕਾਰੀ ਸੰਗਠਨ ਵਲੋਂ ਸਿਹਤ ਵਿਭਾਗ ਪੰਜਾਬ ਅਤੇ ਸਮਾਜਿਕ ਨਿਆਏ ਮੰਤਰਾਲਿਆ ਲਈ ਨਸ਼ਿਆਂ ਦੀ ਵਰਤੋਂ ਸਬੰਧੀ ਪੰਜਾਬ ਦੇ ਲੱਗਭੱਗ 10 ਜਿਲਿਆਂ ਬਠਿੰਡਾ, ਫਿਰੋਜਪੁਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਮੋਗਾ, ਪਟਿਆਲਾ, ਸੰਗਰੂਰ, ਤਰਨਤਾਰਨ ਆਦਿ ਵਿੱਚ ਸਰਵੇਖਣ ਕੀਤਾ ਗਿਆ ਜਿਸ ਵਿੱਚ ਹੈਰਾਨ ਅਤੇ ਪ੍ਰੇਸ਼ਾਨ ਕਰਨ ਵਾਲੇ ਅੰਕੜੇ ਸਾਹਮਣੇ ਆਏ ਹਨ। ਸਮਾਜਿਕ ਸੁਰਖਿਆ ਵਿਭਾਗ ਪੰਜਾਬ ਵਲੋਂ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਦਿਤੇ ਗਏ ਐਫੀਡੈਵਿਟ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਵਿੱਚ 16 ਫਿਸਦੀ ਲੋਕ ਗੰਭੀਰ ਨਸ਼ਿਆਂ ਦੇ ਆਦੀ ਹਨ। ਪੰਜਾਬ ਰਾਜ ਏਡਜ਼ ਕੰਟਰੋਲ ਸੋਸਾਇਟੀ ਵਲੋਂ ਐਚ ਆਈ ਵੀ/ਏਡਜ਼ ਕੰਟਰੋਲ ਲਈ ਚਲਾਏ ਜਾ ਰਹੇ ਜਾਗਰੂਕਤਾ ਪ੍ਰੋਗਰਾਮ ਵਿੱਚ ਇਹ ਗੱਲ ਸਪਸ਼ਟ ਹੋ ਗਈ ਹੈ ਕਿ ਬਾਕੀ ਨਸ਼ਿਆਂ ਦੇ ਨਾਲ ਨਾਲ ਪੰਜਾਬ ਵਿੱਚ ਟੀਕਿਆਂ ਦੁਆਰਾ ਨਸ਼ਾ ਕਰਨ ਦੇ ਰੁਝਾਨ ਵਿੱਚ ਵੀ ਵਾਧਾ ਹੋਇਆ ਹੈ ਜੋਕਿ ਐਚ ਆਈ ਵੀ/ਏਡਜ਼ ਫੈਲਣ ਦਾ ਵੱਡਾ ਕਾਰਨ ਬਣਿਆ ਹੋਇਆ ਹੈ। ਕੋਵਿਡ-19 ਸਬੰਧੀ ਹੋਈ ਤਾਲਾਬੰਦੀ ਦੌਰਾਨ ਸ਼ਰਾਬ ਸਮੇਤ ਹੋਰ ਨਸ਼ਿਆਂ ਦੀ ਹੋਈ ਗੈਰ ਕਨੂੰਨੀ ਵਿਕਰੀ ਅਤੇ ਸਰਕਾਰੀ ਨਸ਼ਾ ਛਡਾਉ ਕੇਂਦਰਾਂ ਅੱਗੇ ਲੱਗੀਆਂ ਲੰਬੀਆਂ ਲਾਇਨਾਂ ਪੰਜਾਬ ਵਿੱਚ ਨਸ਼ਿਆਂ ਦੀ ਗੰਭੀਰ ਸਮੱਸਿਆ ਸਬੰਧੀ ਪੋਲ ਖੋਲਦੀਆਂ ਹਨ। ਪਿਛਲੇ ਕੁੱਝ ਦਹਾਕਿਆਂ ਦੌਰਾਨ ਪੰਜਾਬ ਵਿੱਚ ਸ਼ਰਾਬ ਦੇ ਪਿਆਕੜਾਂ ਦੀ ਗਿਣਤੀ ਵਿੱਚ ਹੀ ਅਥਾਹ ਵਾਧਾ ਹੋਇਆ ਹੈ। ਪੰਜਾਬ ਵਿੱਚ ਔਸਤਨ ਹਰ ਪੰਜਾਬੀ ਇੱਕ ਸਾਲ ਵਿੱਚ 12 ਬੋਤਲਾਂ ਸ਼ਰਾਬ ਦੀਆਂ ਪੀਂਦਾ ਹੈ। ਪੰਜਾਬ ਵਿੱਚ ਜਹਿਰੀਲੀ ਸ਼ਰਾਬ ਅਤੇ ਮਿਲਾਵਟੀ ਨਸ਼ਿਆਂ ਕਾਰਨ ਹੋ ਰਹੀਆਂ ਮੌਤਾਂ ਸਰਕਾਰ ਦੇ ਦਾਅਵਿਆਂ ਦੀ ਪੋਲ ਖੋਲਦੀਆਂ ਹਨ। ਪੁਲਿਸ ਵਲੋਂ ਆਏ ਦਿਨ ਨਸ਼ਿਆਂ ਸਬੰਧੀ ਦਰਜ਼ ਕੀਤੇ ਜਾਂਦੇ ਮਾਮਲੇ ਆਟੇ ਵਿੱਚ ਲੂਣ ਦੇ ਬਰਾਬਰ ਹੀ ਹਨ ਪਰ ਇਹ ਮਾਮਲੇ ਇਹ ਸਾਬਤ ਕਰਦੇ ਹਨ ਕਿ ਪੰਜਾਬ ਵਿੱਚ ਨਸ਼ਿਆਂ ਦੀ ਹੋ ਰਹੀ ਸਪਲਾਈ ਤੇ ਵਰਤੋਂ ਖਤਰਨਾਕ ਪੱਧਰ ਤੇ ਪਹੁੰਚ ਚੁੱਕੀ ਹੈ। ਨਸ਼ਿਆਂ ਦੇ ਗੈਰ ਕਨੂੰਨੀ ਵਪਾਰ ਵਿੱਚ ਸ਼ਾਮਲ ਕੁੱਝ ਪੁਲਿਸ ਅਧਿਕਾਰੀਆਂ ਦੇ ਨਾਮ ਸਾਹਮਣੇ ਆਣ ਤੋਂ ਸਪੱਸ਼ਟ ਹੁੰਦਾ ਹੈ ਕਿ ਇਸ ਕੰਮ ਵਿੱਚ ਕਈ ਉੱਚ ਅਧਿਕਾਰੀ ਵੀ ਜੁੜ੍ਹੇ ਹੋਏ ਹਨ। ਭਾਰਤ ਸਰਕਾਰ ਵਲੋਂ ਦੇਸ਼ ਦੇ 272 ਜਿਲ੍ਹਿਆਂ ਵਿੱਸਾ ਮੁੱਕਤ ਭਾਰਤ ਅਭਿਆਨ ਸ਼ੁਰੂ ਕੀਤਾ ਗਿਆ ਹੈ ਅਤੇ ਵੱਖ ਵੱਖ ਰਾਜਾਂ ਵਿੱਚ 15 ਅਗੱਸਤ 2020 ਨੂੰ ਇਹ ਅਭਿਆਨ ਸ਼ੁਰੂ ਕੀਤਾ ਗਿਆ ਹੈ। ਬੇਸ਼ੱਕ ਸਰਕਾਰ ਵਲੋਂ ਇਸ ਸਮੱਸਿਆ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਪਰੰਤੂ ਨਸ਼ਿਆਂ ਦੇ ਕਾਰੋਬਾਰ ਵਿੱਚ ਕੋਈ ਖਾਸ ਕਮੀ ਨਜ਼ਰ ਨਹੀਂ ਆ ਰਹੀ ਹੈ।




ਸਰਕਾਰ ਵਲੋਂ ਇਸ ਸਬੰਧੀ ਕੀਤੀ ਜਾ ਰਹੀ ਸੱਖਤੀ ਅਤੇ ਕਾਨੂੰਨੀ ਕਾਰਵਾਈ ਦਾ ਵੀ ਜਿਆਦਾ ਅਸਰ ਵੇਖਣ ਨੂੰ ਨਹੀਂ ਮਿਲ ਰਿਹਾ ਹੈ ਕਿਉਂਕਿ ਕਈ ਵਿਅਕਤੀ ਰਾਜਨੀਤੀਵਾਨਾਂ ਅਤੇ ਅਧਿਕਾਰੀਆਂ ਦੀ ਮਿਲੀਭੁੱਗਤ ਨਾਲ ਬਿਨਾਂ ਕਿਸੇ ਡਰ ਦੇ ਅਪਣਾ ਧੰਦਾ ਕਰ ਰਹੇ ਹਨ। ਜੇਕਰ ਸਰਕਾਰ ਅਤੇ ਬੁੱਧੀਜੀਵੀ ਵਰਗ ਨੇ ਅਜੇ ਵੀ ਇਸ ਸਮੱਸਿਆ ਵੱਲ ਧਿਆਨ ਨਾਂ ਦਿਤਾ ਤਾਂ ਆਣ ਵਾਲਾ ਸਮਾਂ ਹੋਰ ਵੀ ਭਿਆਨਕ ਹੋਵੇਗਾ। ਜਰੂਰਤ ਹੈ ਕਿ ਸਰਕਾਰ ਦੇ ਨਾਲ ਨਾਲ ਧਾਰਮਿਕ, ਸਮਾਜਿਕ, ਰਾਜਨੀਤਿਕ ਆਗੂ ਵੀ ਇਸ ਸਮੱਸਿਆ ਤੋਂ ਲੋਕਾਂ ਨੂੰ ਬਚਾਉਣ ਲਈ ਖੁੱਲਕੇ ਅੱਗੇ ਆਣ ਤੇ ਇਸ ਤਰਾਂ ਦੇ ਧੰਦੇ ਵਿੱਚ ਲੱਗੇ ਵਿਅਕਤੀਆਂ ਜੋਕਿ ਅਕਸਰ ਉਪਰ ਤੱਕ ਪਹੁੰਚ ਰੱਖਦੇ ਹਨ ਦਾ ਖੁੱਲਕੇ ਵਿਰੋਧ ਕੀਤਾ ਜਾਵੇ ਤਾਂ ਜੋ ਦੇਸ਼ ਅਤੇ ਸਮਾਜ ਨੂੰ ਨਸ਼ਾ ਮੁੱਕਤ ਬਣਾਇਆ ਜਾਵੇ ਅਤੇ ਇਸ ਦਿਨ ਨੂੰ ਮਨਾਉਣ ਦਾ ਅਸਲੀ ਮੰਤਬ ਪੂਰਾ ਹੋਵੇਗਾ।

# 'ਸੁਪਨੇ ਸੌਣ ਨਾ ਦਿੰਦੇ' ਨਵੀਨ ਵਿਸ਼ੇ ਅਤੇ ਕਲਾ ਦਾ ਸੁਮੇਲ

ਗ਼ਜ਼ਲ ਦਾ ਇਤਿਹਾਸ, ਜਨਮ, ਵਿਕਾਸ, ਅਤੇ ਗ਼ਜ਼ਲ ਪੰਜਾਬੀ ਵਿੱਚ ਕਿਵੇਂ ਪ੍ਰਚਲਿਤ ਹੋਈ। ਇਹ ਤਾਂ ਤੁਸੀਂ ਸਾਰੇ ਜਾਣਦੇ ਹੋ। ਪੰਜਾਬੀ ਗ਼ਜ਼ਲ ਨੂੰ ਪਰੰਪਰਾਗਤ ਵਿਸ਼ਿਆਂ ਤੋਂ ਜਦੀਦ ਵਿਸਿਆਂ ਵੱਲ ਦਾ ਸਫਰ ਤਹਿ ਕਰਨ ਨੂੰ ਕਈ ਦਹਾਕੇ ਲੱਗੇ ਹਨ। ਇਸ਼ਕ, ਮੁਹੱਬਤ, ਜੁਦਾਈ, ਤਨਹਾਈ, ਰਿੰਦ, ਸਾਕੀ, ਗਿਲੇ, ਸ਼ਿਕਵੇ, ਨਿਹੋਰੇ ਆਦਿ ਵਿਸ਼ਿਆਂ ਦਾ ਜੀਵਨ ਨਾਲ ਗਹਿਰਾ ਸੰਬੰਧ ਹੈ। ਇਨ੍ਹਾਂ ਵਿਸ਼ਿਆਂ ਤੋਂ ਅੱਗੇ ਵੱਲ ਤੁਰਨਾ ਸਿਅਰਾਂ ਵਿੱਚ ਨਵੀਨਤਾ ਲਿਆਉਣਾ, ਖਿਆਲਾਂ ਨੂੰ ਸਮਾਜਿਕ, ਆਰਥਿਕ, ਰਾਜਨੀਤਕ ਸਰੋਕਾਰਾਂ ਨਾਲ ਜੋੜ ਕੇ ਖ਼ੂਬਸੂਰਤ ਸ਼ਿਅਰ ਕਹਿਣਾ ਅਜੋਕੀ ਗ਼ਜ਼ਲ ਦਾ ਹਾਸਲ ਹੈ।


ਦਵਿੰਦਰ ਗੌਤਮ ਦੀ ' ਸੁਪਨੇ ਸੌਣ ਨਾ ਦਿੰਦੇ 'ਪੁਸਤਕ ਦਾ ਨਾਮ ਪੜ੍ਹਕੇ ਹੀ ਇਹ ਕਿਤਾਬ ਪੜ੍ਹਨ ਦਾ ਮਨ ਬਣ ਬਣ ਜਾਂਦਾ ਹੈ। ਇਹ ਸੁਪਨੇ ਸੁੱਤੇ ਹੋਏ ਆਏ ਸੁਪਨੇ ਨਹੀਂ ਹਨ ? ਦਵਿੰਦਰ ਗੌਤਮ ਉਨ੍ਹਾਂ ਸੁਪਨਿਆਂ ਦੀ ਗੱਲ ਕਰਦਾ ਜਿਹੜੇ ਜਾਗਦਿਆਂ ਲਏ ਜਾਂਦੇ ਹਨ। ਉਹ ਟੀਚੇ ਉਹ ਉਦੇਸ਼, ਜਿਨ੍ਹਾਂ ਦੀ ਪੂਰਤੀ ਵਾਸਤੇ ਯਤਨ ਕਰਨੇ ਪੈਂਦੇ ਹਨ। ਉਹ ਸੁਪਨੇ ਸੱਚ ਮੁੱਚ ਸੌਣ ਕਿੱਥੇ ਦਿੰਦੇ ਹਨ। ਕੋਈ ਇਸ ਗੱਲ ਤੋਂ ਮੁਨਕਰ ਹੋਈ ਜਾਵੇ ਤਾਂ ਹੋਈ ਜਾਵੇ ਪਰ ਹੈ ਇਹ ਸੱਚ। ਅਪਣੇ ਆਪ ਨੂੰ ਜਗੀਰਦਾਰ ਸਮਝਣ ਵਾਲੇ ਲੋਕਾਂ ਨੂੰ ਵੀ ਵਿਦੇਸ਼ਾਂ ਦੀ ਜੀਵਨ ਸ਼ੈਲੀ ਪ੍ਰਭਾਵਤ ਕਰਦੀ ਹੈ। ਗਰੀਬ ਪਰਿਵਾਰਾਂ ਵਾਸਤੇ ਪਰਵਾਸੀ ਜੀਵਨ ਕਿਸੇ ਸਵਰਗ ਤੋਂ ਘੱਟ ਨਹੀਂ ਹੈ ਦਵਿੰਦਰ ਗੌਤਮ ਨੂੰ ਪਰਵਾਸ ਦਾ ਅਨੁਭਵ ਕਈ ਸ਼ਿਅਰ ਕਹਿਣ ਵਾਸਤੇ ਉਤੇਜਿਤ ਕਰਦਾ ਹੈ। ਉਸ ਨੇ ਕਈ ਸ਼ਿਅਰ ਪਰਵਾਸੀ ਜੀਵਨ ਨੂੰ ਲੈ ਕੇ ਕਹੇ ਹਨ।

ਸਿਪਾਹੀ ਹਾਂ ਮੈਂ ਕਿੱਥੋਂ ਦਾ ਤੇ ਮੇਰਾ ਕੌਣ ਹੈ ਦੁਸ਼ਮਣ ,
ਸਮੁੰਦਰ ਪਾਰ ਲੜਨੇ ਨੂੰ ਮੈਂ ਕਿਹੜੀ ਜੰਗ ਆਇਆ ਹਾਂ ।

ਜੇ ਅਪਣੇ ਪੁਰਖਿਆਂ ਦੇ ਦੇਸ਼ ਵਿੱਚੋਂ ਚੋਗ ਨਾ ਲੱਭੇ ,
ਪਰਿੰਦੇ ਖੋਲ ਹੀ ਲੈਂਦੇ ਉਦੋਂ ਪਰਵਾਸ ਦੇ ਬੂਹੇ ।

ਕਹਿਣੀ ਅਤੇ ਕਰਨੀ ਵਿੱਚ ਬਹੁਤ ਫਰਕ ਹੁੰਦਾ ਹੈ, ਤੁਸੀਂ ਜਿੰਨੇ ਮਰਜ਼ੀ ਗਰੰਥ ਪੜੀ ਜਾਵੋ ਪਰ ਕੋਈ ਫ਼ਾਇਦਾ ਨਹੀਂ ਹੈ ਜੇਕਰ ਤੁਸੀਂ ਕਿਸੇ ਚੰਗੀ ਗੱਲ ਉਤੇ ਅਮਲ ਨਾ ਕੀਤਾ। ਅਮਲ ਕਰਨ ਨਾਲ ਜੀਵਨ ਵਿੱਚ ਤਬਦੀਲੀਆਂ ਦਾ ਆਰੰਭ ਹੁੰਦਾ ਹੈ। ਗੌਤਮ ਨੇ ਇਸ ਸਚਾਈ ਨੂੰ ਸੱਚ ਸਾਬਤ ਕਰਨ ਵਾਸਤੇ ਕਿੰਨੇ ਖ਼ੂਬਸੂਰਤ ਸ਼ਿਅਰ ਕਹੇ ਹਨ ।

ਜਿੰਨਾ ਮਰਜ਼ੀ ਗਹਿਰਾ ਹੋਵੇ ਮੰਥਨ ਕਰਨਾ ਪੈਂਦਾ ਹੈ ,
ਕੀ ਫ਼ਾਇਦਾ ਜੇ ਅਮਲ ਨਾ ਕੀਤਾ ਪੜ੍ਹ ਕੇ ਵਰਕਾ ਫੋਲ ਲਿਆ।
ਸਦਾ ਚਿੰਤਾ ਦੇ ਵਿੱਚ ਰਹਿਨੈ ਕਦੇ ਚਿੰਤਨ ਦੇ ਵਿੱਚ ਵੀ ਆ ,
ਜੋ ਹੋਰਾਂ ਨੂੰ ਪਿਆ ਕਹਿਨੈ ਕਦੇ ਖ਼ੁਦ ਨੂੰ ਵੀ ਤਾਂ ਸਮਝਾ ।




ਗੌਤਮ ਬੁੱਧ ਨੇ ਕਿਹਾ ਸੀ , ਜੋ ਲੋਕ ਚੀਜ਼ਾਂ ਨੂੰ ਖਿਅਲਾਂ ਨੂੰ ਤਰਕ ਦੀ ਕਸਵੱਟੀ ਉੱਪਰ ਨਹੀਂ ਪਰਖਦੇ ਉਹ ਅੰਧਵਿਸ਼ਵਾਸ ਵਿੱਚ ਜਿਊਂਦੇ ਹਨ। ਉਹ ਅਗਿਆਨੀ ਹੁੰਦੇ ਹਨ। ਇਕ ਸ਼ਾਇਰ ਤੋਂ ਇਹ ਆਸ ਨਹੀਂ ਰੱਖੀ ਜਾ ਸਕਦੀ ਕਿ ਉਹ ਲਕੀਰ ਦਾ ਫਕੀਰ ਬਣਿਆਂ ਰਹੇ। ਸ਼ਾਇਰੀ ਵਿੱਚ ਤਾਂ ਲੋਕਾਂ ਨੂੰ ਜਾਗਰੁਕ ਕਰਨ ਦੀ ਚਿਣਗ ਹੋਣੀ ਚਾਹੀਦੀ ਹੈ। ਦਵਿੰਦਰ ਗੌਤਮ ਬਹੁਤ ਅਗਾਂਹ ਵਧੂ ਖਿਆਲਾਂ ਦਾ ਧਾਰਣੀ ਹੈ। ਉਹ ਸਮਾਜ ਵਿੱਚ ਨਿੱਗਰ ਤਬਦੀਲੀਆਂ ਦੇ ਹੱਕ ਵਿੱਚ ਹੈ। ਇਹ ਗੁਣ ਉਸ ਦੀ ਸ਼ਾਇਰੀ ਦੇ ਖਿਆਲਾਂ ਵਿੱਚ, ਸ਼ਿਅਰਾਂ ਦੇ ਵਿਸ਼ਿਆਂ ਵਿੱਚ ਆਪ ਮੁਹਾਰੇ ਹੀ ਸ਼ਾਮਲ ਹੈ। ਤਰਕ ਦੀ ਕਸੌਟੀ ਉੱਤੇ ਖਰੇ ਉਤਰਦੇ ਉਸਦੇ ਸ਼ਿਅਰ ਹਾਜ਼ਰ ਹਨ।

ਅਜੇ ਤੁਰਨਾ ਨਹੀਂ ਸਿੱਖੇ ਉਹ ਚੱਲਦੇ ਚਾਲ ਭੇਡਾਂ ਦੀ ,
ਉਨ੍ਹਾਂ ਨੇ ਸਿਰ ਨਹੀਂ ਵਰਤੇ ਤੇ ਕੱਢਣ ਦੋਸ਼ ਕਿਸਮਤ ਦਾ।
ਬੜੀ ਰੌਣਕ ਬੜੀ ਮਾਇਆ ਤੇਰੇ ਦਰਬਾਰ ਦੇ ਉੱਤੇ ,
ਕਮਾਉਂਦੀ ਪਾਪ ਜੋ ਦੁਨੀਆ ਤੇਰਾ ਹਿੱਸਾ ਚੜਾਉਦੀ ਹੈ।

ਸ਼ਾਇਰ ਦੀ ਸੋਚ ਅਗਰ ਵਿਗਿਆਨਿਕ ਹੈ, ਤਾਂ ਉਹ ਵਿਚਾਰਵਾਨ ਹੋ ਜਾਂਦਾ ਹੈ। ਫਿਰ ਉਸਦੇ ਸਵਾਲ ਅਤੇ ਸਵਾਲਾਂ ਦੇ ਉੱਤਰ ਵੀ ਦਾਰਸ਼ਨਿਕਾਂ ਵਰਗੇ ਹੋ ਜਾਂਦੇ ਹਨ ਇਹ ਪਲ ਸਭ ਕੋਲ ਆਉਂਦੇ ਹਨ ਪਰ ਵਿਰਲੇ ਹੀ ਇਨ੍ਹਾਂ ਨੂੰ ਕਲਮਬੱਧ ਕਰਨ ਦੇ ਸਮਰੱਥ ਹੁੰਦੇ ਹਨ ਅਜੇਹੇ ਸ਼ਿਅਰ ਕਹਿਣਾ ਹੀ ਗੌਤਮ ਦਾ ਵਿਸ਼ੇਸ਼ ਗੁਣ ਹੈ

ਜਦੋਂ ਘਿਰਿਆ ਦਿਵਾਰਾਂ ਵਿੱਚ ਉਦੋਂ ਹੀ ਸਮਝਿਆਂ 'ਗੌਤਮ', ਕਿ ਘਰ ਕੁਝ ਹੋਰ ਹੁੰਦਾ ਹੈ ਇਮਾਰਤ ਹੋਰ ਹੁੰਦੀ ਹੈ ।
ਕਿਸੇ ਨੂੰ ਰੋਂਦਿਆਂ ਦੇਖਾਂ ਤਾਂ ਅਕਸਰ ਡੋਲ ਜਾਂਦਾ ਹਾਂ ,
ਮੇਰੀ ਸੰਵੇਦਨਾ ਹੋਈ ਨਾ ਪੱਥਰ ਦੇ ਖੁਦਾ ਵਰਗੀ ।
ਬੜੀ ਹੀ ਸਾਫਗੋਈ ਨਾਲ ਸੂਲੀ ਚਾੜ ਦਿੰਦੇ ਹਾਂ ,
ਜਦੋਂ ਪੈਦਾ ਕਦੇ ਮਨ ਵਿੱਚ ਕੋਈ ਮਨਸੂਰ ਹੁੰਦਾ ਹੈ ।

ਸ਼ਿਅਰਾਂ ਵਿੱਚ ਸੱਚ ਦਾ ਬਿਆਨ ਇਸ ਤਰਾਂ ਕਰਨਾ ਕਿ ਪਾਠਕ ਅਸ਼ ਅਸ਼ ਕਰ ਉੱਠਣ। ਸਿਅਰ ਇਸ ਤਰਾਂ ਵੀ ਕਿਹਾ ਜਾ ਸਕਦਾ ਹੈ ? ਇਹ ਸ਼ਾਇਰ ਦੀ ਕਾਬਲੀਅਤ ਉੱਤੇ ਨਿਰਭਰ ਕਰਦਾ ਹੈ। ਵਰਿਆਂ ਦੀ ਘਾਲਣਾ ਤੋਂ ਬਾਅਦ ਹੀ ਅਜੇਹੇ ਸ਼ਿਅਰ ਕਹੇ ਜਾਂਦੇ ਹਨ।


ਕਮਲ ਦੇਵ ਪਾਲ

ਕਰੀਂ ਤੂ ਮਾਫ਼ ਹਾਲੇ ਤੀਕ ਮੈਂ ਕਾਬਲ ਨਹੀਂ ਹੋਇਆ ,
ਨਾ ਮੈਥੋਂ ਦਿਲ ਤੇਰਾ ਟੁੱਟਣਾ ਨਾ ਟੁੱਟਣੇ ਅੰਬਰੋਂ ਤਾਰੇ ।

ਖ਼ੁਦਾ ਤੌਫ਼ੀਕ ਹੁਣ ਬਖ਼ਸ਼ੇ ਸਿਆਸਤ ਨੂੰ ਤੇ ਲੋਕਾਂ ਨੂੰ ,
ਨਾ ਪੁੱਟੋ ਨੀਂਹ ਗੁਆਂਢੀ ਦੀ ਕਿ ਘਰ ਅਪਣਾ ਵੀ ਢੰਹਿਦਾ ਹੈ ।

ਦਵਿੰਦਰ ਗੌਤਮ ਇਕ ਸੰਵੇਦਨ ਸ਼ੀਲ ਸ਼ਾਇਰ ਹੈ। ਆਲੇ ਦੁਆਲੇ ਵਾਪਰਦੇ ਭਿਆਨਕ ਹਾਦਸੇ ਉਸਦੀ ਸੋਚ ਨੂੰ ਪ੍ਰਭਾਵਤ ਕਰਦੇ ਹਨ। ਭਾਰਤੀ ਸਮਾਜ ਵਿੱਚ ਆਏ ਨਿਘਾਰ ਦੀ ਇਕ ਤਸਵੀਰ ਪੇਸ਼ ਹੈ।

ਗਿਰੇ ਇਖ਼ਲਾਕ ਦਾ ਮੰਜਰ ਭਿਆਨਕ ਹੋ ਗਿਆ ਏਨਾ,
ਕਿ ਬੱਚੀਆਂ ਨੂੰ ਘਰਾਂ ਵਿੱਚ ਵੀ ਹਿਫ਼ਾਜ਼ਤ ਦੀ ਜ਼ਰੂਰਤ ਹੈ।

ਪੰਜਾਬੀ ਗ਼ਜ਼ਲ ਵਿੱਚ ਦਵਿੰਦਰ ਗੌਤਮ ਦੇ ਗ਼ਜ਼ਲ ਸੰਗ੍ਰਹਿ "ਸੁਪਨੇ ਸੌਣ ਨਾ ਦਿੰਦੇ " ਦਾ ਮੈਂ ਸੁਆਗਤ ਕਰਦਾ ਹਾਂ। ਇਸ ਕਿਤਾਬ ਦੀਆਂ ਗ਼ਜ਼ਲਾਂ ਪੜ੍ਹਦਿਆਂ ਮੈਨੂੰ ਇਸ ਤਰਾਂ ਬਿਲਕੁਲ ਨਹੀਂ ਲਗਿਆ ਕਿ ਇਹ ਦਵਿੰਦਰ ਗੌਤਮ ਦਾ ਪਲੇਠਾ ਗ਼ਜ਼ਲ ਸੰਗ੍ਰਹਿ ਹੈ। ਬਹੁਤ ਹੀ ਅਨੁਭਵ , ਸੰਵੇਦਨਾ , ਨਵੀਨਤਾ ਅਤੇ ਕਟਾਖਸ਼ ਹਨ ਗੌਤਮ ਦੇ ਸਿਅਰਾਂ ਵਿੱਚ। ਸਾਡੇ ਸਮਿਆਂ ਦਾ ਇਕ ਚੇਤਨ ਸ਼ਾਇਰ ਜੋ ਦਿਮਾਗ ਅਤੇ ਅੱਖਾਂ ਖੋਲ੍ਹ ਕੇ ਰੱਖਦਾ ਹੈ। ਅਜੇਹਾ ਸ਼ਾਇਰ ਜਦੋਂ ਵੀ ਅਸ਼ਿਆਰ ਕਹੇਗਾ ਤਾਂ ਸੱਚ ਮੁੱਚ, ਸੱਚ ਕੌੜਾ ਲੱਗੇਗਾ। ਤੇ ਮੈਂ ਇਸ ਸੱਚ ਦੇ ਪਾਂਧੀ - ਦਵਿੰਦਰ ਗੌਤਮ ਨੂੰ ਅਸ਼ੀਰਵਾਦ ਤਾਂ ਦੇ ਹੀ ਸਕਦਾ ਹਾਂ ਦੋ ਸ਼ਿਅਰਾਂ ਦੇ ਨਾਲ ।

ਅਰਦਾਸ ਕਰਾਉਣ ਲਈ ਬਾਬੇ ਦੀ ਹਜੂਰੀ ਵਿਚ ,
ਇਕ ਸਿੱਖ ਨੇ ਭਾਈ ਨੂੰ ਕੁਝ ਨਕਦ ਫੜਾ ਦਿੱਤਾ।
ਦਸਵੰਧ ਜਿਹਾ ਕੱਢਕੇ ਗੋਲਕ 'ਚ ਉਹ ਪਾ ਆਇਆ,
ਸ਼ਰਧਾ ਨੇ ਜੋ ਕੀਤਾ ਸੀ ਇਕਰਾਰ ਨਿਭਾ ਦਿੱਤਾ।

# ਬਾਈਡੇਨ ਪ੍ਰਸ਼ਾਸਨ ਕੋਵਿਡ -19 ਐਂਟੀ ਵਾਇਰਲ ਗੋਲੀਆਂ ਲਈ ਕਰੇਗਾ 32 ਬਿਲੀਅਨ ਡਾਲਰ ਦਾ ਨਿਵੇਸ਼

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ), 18 ਜੂਨ 2021-** ਬਾਈਡੇਨ ਪ੍ਰਸ਼ਾਸਨ ਨੇ ਕੋਵਿਡ -19 ਅਤੇ ਭਵਿੱਖ ਵਿੱਚ ਵਾਇਰਸ ਦੇ ਖਤਰਿਆਂ ਦਾ ਇਲਾਜ ਕਰਨ ਲਈ ਦੇਸ਼ ਵਿੱਚ ਦਵਾਈਆਂ ਦੀ ਸਪਲਾਈ ਵਧਾਉਣ ਲਈ ਵੀਰਵਾਰ ਨੂੰ 3.2 ਬਿਲੀਅਨ ਡਾਲਰ ਦੀ ਯੋਜਨਾ ਦਾ ਐਲਾਨ ਕੀਤਾ ਹੈ। ਹੈਲਥ ਅਤੇ ਹਿਊਮਨ ਸਰਵਿਸ ਵਿਭਾਗ ਅਨੁਸਾਰ ਇਹ ਯੋਜਨਾ, ਜਿਸ ਨੂੰ 'ਐਂਟੀ ਵਾਇਰਲ ਪ੍ਰੋਗਰਾਮ ਫਾਰ ਪੈਨਡੇਮਿਕ (ਮਹਾਂਮਾਰੀ) ਦਾ ਨਾਮ ਦਿੱਤਾ ਹੈ , ਕਲੀਨਿਕਲ ਅਜ਼ਮਾਇਸ਼ਾਂ ਅਤੇ ਕੋਵਿਡ -19 ਲਈ ਇਲਾਜ ਦੇ ਉਤਪਾਦਨ ਨੂੰ ਉਤਸ਼ਾਹਤ ਕਰੇਗੀ। ਇਸ ਟੀਚੇ ਨਾਲ ਕੁੱਝ ਐਂਟੀ ਵਾਇਰਲਜ਼ ਲਈ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ (ਐੱਫ ਡੀ ਏ) ਤੋਂ ਅਧਿਕਾਰ ਪ੍ਰਾਪਤ ਕੀਤੇ ਜਾਣਗੇ ਅਤੇ ਉਨ੍ਹਾਂ ਨੂੰ ਇੱਕ ਸਾਲ ਦੇ ਅੰਦਰ ਜਨਤਕ ਤੌਰ 'ਤੇ ਉਪਲੱਬਧ ਕਰਵਾਇਆ ਜਾਵੇਗਾ। ਵਿਭਾਗ ਨੇ ਕਿਹਾ ਕਿ ਅਸਰਦਾਰ ਐਂਟੀ ਵਾਇਰਲ ਦਵਾਈਆਂ ਘਰ ਵਿੱਚ ਹੀ ਲਈਆਂ ਜਾ ਸਕਦੀਆਂ ਹਨ, ਇਸ ਨਾਲ ਹਸਪਤਾਲਾਂ ਵਿੱਚ ਦਾਖਲ ਹੋਣ ਤੋਂ ਬਚਾਅ ਹੁੰਦਾ ਹੈ ਅਤੇ




ਘੱਟ ਮੌਤਾਂ ਹੋ ਸਕਦੀਆਂ ਹਨ। ਇਸ ਵਿੱਚ ਮਹਾਂਮਾਰੀ ਦੀਆਂ ਸੰਭਾਵਨਾਵਾਂ ਵਾਲੇ ਹੋਰ ਵਾਇਰਸਾਂ ਬਾਰੇ ਵੀ ਖੋਜ ਸ਼ਾਮਲ ਹੋਵੇਗੀ, ਅਤੇ ਇਸਨੂੰ ਅਮੈਰੀਕਨ ਰਿਸਕਿਉ ਪਲਾਨ ਤਹਿਤ ਫੰਡ ਦਿੱਤਾ ਜਾਵੇਗਾ। ਡਾ. ਐਂਥਨੀ ਫੌਸੀ, ਅਨੁਸਾਰ ਵੀ ਐਂਟੀ ਵਾਇਰਲ ਗੋਲੀਆਂ ਜੋ ਗੰਭੀਰ ਕੋਵਿਡ -19 ਬਿਮਾਰੀ ਅਤੇ ਮੌਤ ਨੂੰ ਰੋਕਦੀਆਂ ਹਨ, ਜੋ ਬਿਮਾਰੀ ਦੇ ਸ਼ੁਰੂ ਵਿੱਚ ਘਰ ਵਿੱਚ ਲਈਆਂ ਜਾ ਸਕਦੀਆਂ ਹਨ। ਉਹਨਾਂ ਕਿਹਾ ਕਿ ਟੀਕੇ ਕੋਵਿਡ -19 ਨਾਲ ਲੜਨ ਦੀ ਰਣਨੀਤੀ ਦਾ ਕੇਂਦਰ ਹਨ, ਪਰ ਐਂਟੀ ਵਾਇਰਲ ਦਵਾਈਆਂ ਵੀ ਮਹੱਤਵਪੂਰਨ ਹਨ। ਇਸ ਯੋਜਨਾ ਦੁਆਰਾ ਰਿਸਰਚ ਅਤੇ ਲੈਬਾਰਟਰੀ ਸੁਪੋਰਟ ਲਈ 300 ਮਿਲੀਅਨ ਡਾਲਰ, ਪਰੀ ਕਲੀਨੀਕਲ ਅਤੇ ਕਲੀਨੀਕਲ ਮੁਲਾਂਕਣ ਲਈ ਤਕਰੀਬਨ 1 ਬਿਲੀਅਨ ਡਾਲਰ, ਡਵੈਲਪਮੈਂਟ ਅਤੇ ਨਿਰਮਾਣ ਲਈ ਲੱਗਭਗ 700 ਮਿਲੀਅਨ ਡਾਲਰ ਅਤੇ ਐਂਟੀ ਵਾਇਰਲ ਡਰੱਗਜ਼ ਦੀ ਸਿਰਜਣਾ ਵਿੱਚ ਤੇਜ਼ੀ ਲਿਆਉਣ ਲਈ ਮਹਾਂਮਾਰੀ ਦੇ ਐਂਟੀਵਾਇਰਲ ਡਰੱਗ ਡਿਸਕਵਰੀ ਸੈਂਟਰ ਕਹੇ ਜਾਣ ਵਾਲੇ ਸਮੂਹਾਂ ਨੂੰ ਬਣਾਉਣ ਲਈ 1 ਬਿਲੀਅਨ ਡਾਲਰ ਦਿੱਤੇ ਜਾਣਗੇ।

# ਪੁਰਾਣੇ ਤਵਿਆਂ ਦੁਆਰਾ ਜਾਗਦੇ ਰਹੋ ਦਾ ਹੋਕਾ ਦੇ ਰਹੇ ਭਤੀਜਾ-ਚਾਚਾ : ਅਵਤਾਰ ਸਿੰਘ ਟੰਡਨ-ਬਲਜੀਤ ਸਿੰਘ ਟੰਡਨ

ਗੁਰਬਾਣੀ ਫ਼ੁਰਮਾਉਂਦੀ ਹੈ ਕਿ ਦੁਨੀਆਂ ਵਿਚ ਜਿੰਨੇ ਅੱਤਿਆਚਾਰ, ਜ਼ੁਲਮ ਅਤੇ ਪਾਪ ਚੱਲ ਰਹੇ ਹਨ, ਧਰਤੀ ਉਨਾਂ ਜ਼ੁਲਮਾਂ, ਪਾਪਾਂ ਅਤੇ ਅੱਤਿਆਚਾਰਾਂ ਦੇ ਭਾਰ ਥੱਲੇ ਦੱਬੀ ਹੁਣ ਤੱਕ ਗਰਕ ਗਈ ਹੁੰਦੀ, ਜੇਕਰ ਦਾਨ-ਪੁੰਨ ਕਰਨ ਵਾਲੀਆਂ ਅਤੇ ਰੱਬ ਦਾ ਨਾਂਉ ਲੈਣ ਵਾਲੀਆਂ ਧਰਮੀ ਰੂਹਾਂ ਦੁਨੀਆਂ ਵਿਚ ਨਾ ਹੁੰਦੀਆਂ। ਬਿਲਕੁਲ ਇਹੀ ਗੱਲ ਢੁੱਕਦੀ ਹੈ ਸਾਡੇ ਵੱਡਮੁੱਲੇ ਸਾਹਿਤਕ ਅਤੇ ਸੱਭਿਆਚਾਰਕ ਵਿਰਸੇ ਉਤੇ। ਨਵੀਆਂ ਉਠ ਰਹੀਆਂ ਕੱਚ-ਘਰੜ ਕਲਮਾਂ, ਅਵਾਜ਼ਾਂ ਤੇ ਸੁਰਾਂ ਪੰਜਾਬੀ ਮਾਂ-ਬੋਲੀ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਦੀ ਬਜਾਇ ਜਿੰਨਾ ਨਸ਼ਿਆਂ, ਅਸ਼ਲੀਲਤਾ ਅਤੇ ਹਥਿਆਰਾਂ ਨੂੰ ਪ੍ਰਮੋਟ ਕਰਨ ਤੇ ਤੁਲੀਆਂ ਹੋਈਆਂ ਹਨ, ਹੁਣ ਤੱਕ ਸਾਡੇ ਸਾਹਿਤ ਤੇ ਸੱਭਿਆਚਾਰ ਦਾ ਉਕਾ ਹੀ ਭੱਠਾ ਬਹਿ ਗਿਆ ਹੁੰਦਾ ਜੇਕਰ ਤਵਿਆਂ ਦੇ ਗੀਤਾਂ ਦੇ ਰੂਪ ਵਿਚ ਸੱਭਿਆਚਾਰਕ ਖ਼ਜ਼ਾਨਾ ਸੰਭਾਲੀ ਬੈਠੇ ਕਲਾ ਦੇ ਪੁਜਾਰੀ ਨਾ ਹੁੰਦੇ। ਹੁਣ ਤੱਕ ਸਾਰਾ ਉਥਲ-ਪੁਥਲ ਹੋ ਗਿਆ ਹੁੰਦਾ ਜੇਕਰ ਆਪਣੇ ਤਵਿਆਂ ਦੇ ਪੁਰਾਣੇ ਗੀਤਾਂ ਨੂੰ ਸੋਸ਼ਲ-ਮੀਡੀਆ ਉਤੇ ਪਾ ਪਾ ਕੇ ਕੁਰਾਹੇ ਪੈ ਰਹੇ ਲੋਕਾਂ ਨੂੰ ਜਗਾਉਣ ਦਾ ਹੋਕਾ ਦੇਣ ਦਾ ਕਾਰਜ ਉਹ ਨਾ ਕਰ ਰਹੇ ਹੁੰਦੇ। ਜਾਗਦੇ ਰਹੋ ਦਾ ਹੋਕਾ ਦੇਣ ਵਾਲੇ ਸੱਭਿਆਚਾਰ ਦੇ ਅਸਲੀ ਵਾਰਸਾਂ ਵਿਚੋਂ ਸਾਹਮਣੇ ਆਈ ਹੈ, ਅਵਤਾਰ ਸਿੰਘ ਟੰਡਨ ਤੇ ਬਲਜੀਤ ਸਿੰਘ ਟੰਡਨ ਭਤੀਜੇ ਤੇ ਚਾਚੇ ਦੀ ਇਕ ਜੋੜੀ।



ਚੰਡੀਗੜ ਨੇੜੇ ਹਰਿਆਣਾ ਦੇ ਜਿਲਾ ਪੰਚਕੂਲਾ ਵਿਚ ਪੈਂਦੇ ਪਿੰਡ ਮਾਣਕਿਆਂ ਦੇ ਵਸਨੀਕ ਅਵਤਾਰ ਸਿੰਘ ਟੰਡਨ ਤੇ ਬਲਜੀਤ ਸਿੰਘ ਟੰਡਨ ਦੱਸਦੇ ਹਨ ਕਿ ਉਹ ਇਕ ਦੂਜੇ ਬਿਨਾ ਅਧੂਰੇ ਹਨ। ਇਨਾਂ 'ਚੋਂ ਬਲਜੀਤ ਸਿੰਘ ਟੰਡਨ ਚਾਚਾ ਹੈ ਜਦਕਿ ਟੱਬਰ ਵਿੱਚੋਂ ਉਸਤੋਂ ਪੰਜ ਛੇ ਸਾਲ ਵੱਡਾ ਉਸਦਾ ਭਤੀਜਾ ਹੈ, ਅਵਤਾਰ ਸਿੰਘ ਟੰਡਨ। 'ਟੰਡਨ ਫੈਮਲੀ' 'ਚੋਂ ਉਠੇ ਵਿਰਸੇ ਦੇ ਇਹ ਪੁਜਾਰੀ ਦੱਸਦੇ ਹਨ ਕਿ ਉਨਾਂ ਦਾ ਸ਼ੌਂਕ ਦੋਨਾਂ ਦਾ ਇੱਕੋ-ਇੱਕ ਹੀ ਹੈ, ਗੀਤਾਂ ਦੇ ਪੁਰਾਣੇ-ਤੋਂ-ਪੁਰਾਣੇ ਤਵਿਆਂ, ਰੀਲਾਂ, ਟੇਪਾਂ ਤੇ ਮਸ਼ੀਨਾਂ ਨੂੰ ਸੰਭਾਲਣਾ। ਜਿਹੜਾ ਵੀ ਪੁਰਾਣਾ ਗੀਤ ਉਨਾਂ ਕੋਲ ਨਹੀ ਹੁੰਦਾ ਅਤੇ ਜਿੱਥੋਂ ਵੀ ਉਸ ਗੀਤ ਦੀ ਉਨਾਂ ਨੂੰ ਦੱਸ ਪੈਂਦੀ ਹੈ, ਉਹ ਹਰ ਹੀਲੇ ਉਸਨੂੰ ਹਾਸਲ ਕਰਦਿਆਂ ਵਿਰਸੇ ਦੇ ਇਸ ਖ਼ਜ਼ਾਨੇ ਵਿਚ ਸ਼ਾਮਲ ਕਰ ਕੇ ਆਪਣੀ ਰੂਹ ਨੂੰ ਸਕੂਨ ਦਿੰਦੇ ਹਨ। ਭਤੀਜੇ ਅਵਤਾਰ ਸਿੰਘ ਟੰਡਨ ਨੇ ਮੁਲਾਕਾਤ ਦੌਰਾਨ ਕਿਹਾ, "ਨਿੱਕੇ ਹੁੰਦੇ ਅਸੀਂ ਮਿੱਟੀ ਦਾ ਲਾਊਡ-ਸਪੀਕਰ ਬਣਾਕੇ ਖੇਡਦੇ ਰਹਿੰਦੇ ਸੀ। ਕੁਝ ਦੇਰ ਬਾਅਦ ਸਾਡੇ ਘਰ ਵਿੱਚ ਚਾਚੇ ਨੇ ਲਾਊਡ-ਸਪੀਕਰ ਖਰੀਦ ਲਿਆ। ਅਸੀਂ ਫੇਰ ਦੋਵੇ ਜਣੇ ਸੱਚਮੁੱਚ ਦੇ ਲਾਊਡ-ਸਪੀਕਰ ਨੂੰ ਵਿਆਹਾਂ, ਮੰਗਣਿਆਂ ਅਤੇ ਹੋਰ ਪ੍ਰੋਗਰਾਮਾਂ ਵਿੱਚ ਲਿਜਾ ਕੇ ਲਗਾਉਣ ਲੱਗ ਪਏ। ਇਹ ਕਾਰਜ ਅੱਜ ਵੀ ਜਾਰੀ ਹੈ।" ਇਸ ਸ਼ੌਂਕ ਵਿੱਚ ਸੁਰਿੰਦਰ ਸਿੰਘ ਗਿੱਲ, ਕੁਲਵੀਰ ਗਰੇਵਾਲ, ਸਰਵਣ ਜੌਹਲ, ਦਰਸ਼ਨ ਸਿੰਘ ਸੇਮੀ, ਮਹਿੰਦਰ ਸਿੰਘ ਪਾਤੜਾਂ ਵਾਲੇ, ਸੁਖਜੀਤ ਝਾਰ, ਜਗਨਾ ਉਗੋਕੇ, ਦਰਸ਼ਨ ਸਿੰਘ ਨੂਰ, ਗੁਰਪ੍ਰੀਤ ਸਿੰਘ ਝਾੜੀ ਵਾਲਾ, ਸੁੱਖਦੇਵ ਸਿੰਘ ਢਿੱਲੋਂ ਇੰਗਲੈਂਡ, ਜਗਮੀਤ ਸਿੰਘ ਚੌਹਾਨ, ਚਮਕਾਰਾ ਬਰਦਰਜ਼ ਅਤੇ ਬਹੁਤ ਸਾਰੇ ਗਾਇਕ, ਗੀਤਕਾਰ ਤੇ ਯਾਰ- ਮਿੱਤਰ ਉਨਾਂ ਨੂੰ ਬਹੁਤ ਹੌਂਸਲਾ ਦਿੰਦੇ ਰਹਿੰਦੇ ਹਨ। ਇਸ ਜੋੜੀ ਦਾ ਕਹਿਣ ਹੈ, "ਨਵੇ ਗੀਤਕਾਰਾਂ ਤੇ ਕਲਾਕਾਰਾਂ ਵਿਚ



ਬਹੁਤ ਘੱਟ ਗੀਤਕਾਰ ਤੇ ਕਲਾਕਾਰ ਹਨ ਜਿਹੜੇ ਵਧੀਆ ਲਿਖਦੇ ਤੇ ਵਧੀਆ ਗਾ ਰਹੇ ਹਨ, ਵਰਨਾ ਜਿਆਦਾ-ਤਰ ਤਾਂ ਨਵੀਂ ਪੀੜੀ ਨੂੰ ਕੁਰਾਹੇ ਹੀ ਤੋਰ ਰਹੇ ਹਨ। ਇਸੇ ਕਰਕੇ ਅਸੀ ਕੁਰਾਹੇ ਪਏ ਹੋਏ ਗੀਤਕਾਰਾਂ ਅਤੇ ਗਾਇਕਾਂ ਨੂੰ ਲੀਹ ਉਤੇ ਪਰਤਾਉਣ ਲਈ ਪੁਰਾਣੇ ਗੀਤਾਂ ਨੂੰ ਯੂ-ਟਿਊਬ ਅਤੇ ਹੋਰ ਸੋਸ਼ਲ-ਮੀਡੀਆ ਉਤੇ ਵੀ ਪਾਉਂਦੇ ਰਹੀਦਾ ਹੈ। ਸਾਡੀ ਕੋਈ ਸੁਣੇ ਨਾ ਸੁਣੇ, ਪਰ ਹੋਕਾ ਦਿੰਦੇ ਰਹਿਣ ਦੀ ਅਸੀਂ ਆਪਣੀ ਡਿਊਟੀ ਪੂਰੀ ਇਮਾਨਦਾਰੀ ਤੇ ਵਫ਼ਾਦਾਰੀ ਨਾਲ ਵਜਾਈ ਜਾ ਰਹੇ ਹਾਂ।" ਅਵਤਾਰ ਦੱਸਦਾ ਹੈ ਕਿ ਅੱਜ ਦਿਨ ਉਨਾਂ ਕੋਲ ਛੋਟੇ -ਵੱਡੇ ਛੇ ਸੌ ਤੋਂ ਵੱਧ ਤਵੇ, ਪੰਜ ਸੌ ਵੱਧ ਟੇਪਾਂ ਦੀਆਂ ਰੀਲਾਂ, ਛੇ ਸੌ ਤੋਂ ਵੱਧ ਹਿੰਦੀ-ਪੰਜਾਬੀ ਫਿਲਮਾਂ ਦੀਆਂ ਅਤੇ ਪੰਜਾਬੀ ਪੁਰਾਣੇ ਗੀਤਾਂ ਦੀਆਂ ਸੀਡੀਆਂ ਹਨ। ਤਵਿਆਂ ਬਾਰੇ ਉਨਾਂ ਦੋਵਾਂ ਨੂੰ ਹਰ ਪੱਖ ਤੋਂ ਬਹੁਤ ਜਾਣਕਾਰੀ ਹੈ। ਇਸ ਵਕਤ ਉਨਾਂ ਦੇ ਇਸ ਖ਼ਜਾਨੇ ਵਿਚ ਲਾਲ ਚੰਦ ਯਮਲਾ ਜੱਟ, ਆਸਾ ਸਿੰਘ ਮਸਤਾਨਾ, ਕਰਮਜੀਤ ਧੂਰੀ, ਨਾਇਬ ਕੋਟੀਆ ਘੁਮਿਆਰ, ਫਕੀਰ ਮੁਹੰਮਦ, ਦਿਲਵਾਰਾ ਸਿੰਘ ਮਾਂਗਟ, ਪਾਲ ਪਟੇਲ, ਰਾਜਿੰਦਰ ਸਿੰਘ ਰਾਜ, ਰਣਜੀਤ ਸਿੰਘ ਸਿੱਧੂਆਂ, ਬਲਵੰਤ ਸਿੰਘ ਰਾਮੂਵਾਲੀਆ, ਨਰਿੰਦਰ ਬੀਬਾ, ਅਮਰ ਸਿੰਘ ਸੌਂਕੀਂ, ਪਾਲ ਸਿੰਘ ਪੰਛੀ, ਬਿੱਕਰ ਸਿੰਘ ਪਰਦੇਸੀ, ਨਸੀਬ ਸਿੰਘ ਨਸੀਬ, ਗੁਰਮੇਲ ਸਿੰਘ ਪੰਛੀ ਤੇ ਹੋਰ ਵੀ ਬਹੁਤ ਸਾਰੇ ਪੁਰਾਣੇ ਗਾਇਕਾਂ ਦੇ ਨਾਲ-ਨਾਲ ਇਨਾਂ ਤੋਂ ਬਾਅਦ ਵਾਲੇ ਕਲਾਕਾਰਾਂ ਦੇ ਤਵੇ ਵੀ ਹਨ। ਅਜਿਹਾ ਲਾ-ਜੁਵਾਬ ਸ਼ੌਂਕ ਪਾਲ਼ ਰਹੀ 'ਟੰਡਨ ਫੈਮਲੀ' ਦੀ ਭਤੀਜਾ-ਚਾਚਾ ਜੋੜੀ ਦੀ ਸੋਚ ਨੂੰ ਕੋਟਿ-ਕੋਟਿ ਪ੍ਰਣਾਮ। ਰੱਬ ਕਰੇ ! ਲੀਹੋਂ ਭਟਕੇ ਗੀਤਕਾਰਾਂ ਤੇ ਗਾਇਕ-ਕਲਾਕਾਰਾਂ ਨੂੰ ਲੀਹੇ ਚਾੜਨ ਲਈ ਉਹ ਪੁਰਾਣੇ ਸੱਭਿਆਚਾਰਕ ਸਰਮਾਏ ਦੁਆਰਾ ਇਵੇਂ ਹੀ ਸੁਹਿਰਦਤਾ ਤੇ ਵਫ਼ਾਦਾਰੀ ਨਾਲ ਹੋਕਾ ਦਿੰਦੇ ਰਹਿਣ ਦੀ ਆਪਣੀ ਡਿਊਟੀ ਨਿਭਾਉਂਦੇ ਕਲਾ ਦੇ ਪਾਰਖੂਆਂ ਪਾਸੋਂ ਕੋਹ-ਕੋਹ ਲੰਬੀਆਂ ਅਸੀਸਾਂ ਖੱਟਦਾ ਰਹਿਣ ! ਵੱਡਮੁੱਲੇ ਪੰਜਾਬੀ ਸੱਭਿਆਚਾਰਕ ਵਿਰਸੇ ਨੂੰ ਜਿਊਂਦਾ-ਜਾਗਦਾ ਰੱਖਣ ਵਾਲੀ ਐਸੀ ਜੋੜੀ ਉਤੇ ਜਿੰਨਾ ਮਾਣ ਕੀਤਾ ਜਾਵੇ, ਥੋੜਾ ਹੈ।


ਪ੍ਰੀਤਮ ਲੁਧਿਆਣਵੀ
9876428641

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service


Car Care You Can Trust

ਸੋਹੰ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Pittsburg Gurughar's 36th Anniversary



Satguru Ravidass Ji




**Begampura sahar ko naao!! Dukh andohu nahi tihi thaao!!**

Sri Guru Ravidass Temple Pittsburg's 36th anniversary will be celebrated on June 27, 2021. Akhand Path will start on Friday 6/25/2021 at 10:00 AM and conclude with Bhog ceremony on Sunday 6/27/2021. Path and langar sewa will be hosted by and Sangat and Sewadars. We are very fortunate to have **Sant Anoop Singh ji "Una Wale"** perform Gurbani Shabad Kirtan on this occasion. Gurugarh Ragi Jatha of Giani Ompal Singh ji & Giani Gurnam Singh ji will also do the Shabad Kirtan.

Bhai Dhanwant Singh Malhi and family will be doing the **Nishaan Sahib Sewa on June 26, 2021, Saturday, at 11:00 AM.**

Gurughar activities were limited for over a year because of COVID-19.

This will be the first celebration after the restrictions are lifted. We will be following Contra Costa County's COVID-19 health guidelines.

Entire Sangat is requested to attend the function and get Guru Sahib's blessings.



Sant Anoop Singh ji "Una Wale"



Jagtar Bhatia (Chairman)



Shinderpal Narabut (President)



Dharampal Chonkaria (Gen. Secretary)



Vinod Kumar Jakhu (Treasurer)

## ADVISORY COMMITTEE



Balvir Chand Mal



Jagdev Ram



O.P. Balley



Dr. Harmesh Kumar,



Jaila Jaggi



Salinder Bhatia

## LEGAL COMMITTEE



Ajai Paul Ram



Shashi Paul



Sri Guru Ravidass Sabha Committee Members & more

**The New Committee appreciates the services of the previous committee and the selection panel and is looking forward to continued support. Guidance and cooperation of the entire Sangat who is the backbone of our Gurughar. Thank you.**

### Sangat De Sewadar

| Chairman | President | General Secretary | Treasurer |
|---|---|---|---|
| Jagtar Bhatia | Shinder Paul Narabut | Dharam Pal Chonkria | Vinod Kumar Jakhu |